## Reo-Bankowned Properties

From San Jose to Sacramento
JASSI GILL Broker/Owner
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969


Jassi Gill
CA DRE# 00966763

## Hardeep S.Rai

ਇਮੀਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੇਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

## Kuldip Singh Dhariwal

Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192


ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Fourteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 39, September 28th, 2013 20451 N Plum Grove Rd., Palatine, IL 60074 Ph:847-359-0746, Fax:847-705-9388


# ਮਨਮੋਹਨ ਦੀ ਗੇੜੀ 'ਤੇ ਪਰਮਾਣੂ ਪ੍ਰਛਾਵਾਂ

## ਪਰਮਾਣੂ ਦੇਣਦਾਰੀ ਕਾਨੂੰਨ ਬਾਰੇ ਵਿਵਾਦ ਛਿੜਿਆ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਪਰਮਾਣੂ ਦੇਣਦਾਰੀ ਕਾਨੂੰਨ ਨੂੰ ਲੈ ਕੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਅਮਰੀਕਾ ਫੇਰੀ ਬਾਰੇ ਕਈ ਤਰ੍ਹਾਂ ਦੇ ਸ਼ੰਕੇ ਖੜ੍ਹੇ ਹੋ ਗਏ ਹਨ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਦੀ ਫੇਰੀ ਦੌਰਾਨ ਅਜਿਹਾ ਸਮਝੌਤਾ ਸਹੀਬੰਦ ਕੀਤਾ ਜਾ ਰਿਹਾ ਹੈ ਜੋ ਕਾਨੂੰਨ ਨਾਲ ਮੇਲ ਨਹੀਂ ਖਾਂਦਾ। ਉਧਰ ਯੂ.ਪੀ.ਏ. ਸਰਕਾਰ ਭਾਰਤੀ ਪਰਮਾਣੂ ਊਰਜਾ ਨਿਗਮ ਲਿਮਟਿਡ (ਐਨ.ਪੀ.ਸੀ.ਆਈ.ਐਲ.) ਤੇ ਅਮਰੀਕੀ ਅਪਰੇਟਰ ਵੈਸਟਿੰਗ ਹਾਊਸ ਇਲੈਕਟ੍ਰਿਕ ਕੰਪਨੀ ਵਿਚਾਲੇ ਸਮਝੌਤਾ ਸਹੀਬੰਦ ਕਰ ਕੇ ਇਸ ਦਾ ਆਉਂਦੀਆਂ ਲੋਕ ਸਭਾ ਚੋਣਾਂ ਵਿਚ ਲਾਹਾ ਲੈਣ ਦੇ ਰੌਂਅ ਵਿਚ ਹੈ। ਇਸੇ ਕੜੀ ਤਹਿਤ ਡਾ. ਮਨਮੋਹਨ ਸਿੰਘ ਅਮਰੀਕਾ ਦਾ ਦੌਰਾ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਨੇ ਅਮਰੀਕਾ ਨਾਲ ਪਰਮਾਣੂ ਸਮਝੌਤੇ ਨੂੰ ਆਪਣੀ ਵੱਡੀ ਪ੍ਰਾਪਤੀ ਵਜੋਂ ਪ੍ਰਚਾਰਿਆ ਸੀ ਪਰ ਇਹ ਕਰਾਰ ਅਜੇ ਵੀ ਸਿਰੇ ਨਹੀਂ ਲੱਗਾ। ਹੁਣ ਜਦੋਂ ਲੋਕ ਸਭਾ ਚੋਣਾਂ ਵਿਚ ਸਿਰਫ ਛੇ ਮਹੀਨੇ ਰਹਿ




ਗਏ ਹਨ ਤਾਂ ਡਾ. ਮਨਮੋਹਨ ਸਿੰਘ ਇਸ ਮਾਮਲੇ ਨੂੰ ਕਿਸੇ ਤਣ-ਪੱਤਣ ਲਾਉਣ ਲਈ ਕਾਹਲੇ ਜਾਪ ਰਹੇ ਹਨ। ਯਾਦ ਰਹੇ ਕਿ ਅਮਰੀਕਾ ਪਰਮਾਣੂ ਹਾਦਸਿਆਂ ਬਾਰੇ ਸਿਵਲ ਦੇਣਦਾਰੀ ਕਾਨੂੰਨ ਨੂੰ ਭਾਰਤ ਨੂੰ ਪਰਮਾਣੂ ਰਿਐਕਟਰ ਵੇਚਣ ਦੇ ਰਾਹ ਵਿਚ ਅੜਿੱਕਾ ਮੰਨਦਾ ਹੈ। ਇਸ ਕਾਨੂੰਨ ਤਹਿਤ ਕੋਈ ਪਰਮਾਣੂ ਹਾਦਸਾ ਵਾਪਰਨ 'ਤੇ ਐਨ.ਪੀ.ਸੀ.ਆਈ.ਐਲ. ਰਿਐਕਟਰ ਵੇਚਣ ਵਾਲੀ ਕੰਪਨੀ ਤੋਂ ਅੰਸ਼ਕ ਮੁਆਵਜ਼ਾ ਮੰਗ ਸਕਦੀ ਹੈ। ਉਂਜ ਐਟਮੀ ਊਰਜਾ ਵਿਭਾਗ ਦੀ ਸਮਝ ਮੁਤਾਬਕ ਅਟਾਰਨੀ ਜਨਰਲ ਜੀ.ਈ. ਵਾਹਨਵਟੀ ਨੇ ਇਹ ਆਖਿਆ ਸੀ ਕਿ ਇਹ ਗੱਲ ਪਰਮਾਣੂ ਪਲਾਂਟ ਅਪਰੇਟਰ 'ਤੇ ਨਿਰਭਰ ਕਰਦੀ ਹੈ ਕਿ ਪਰਮਾਣੂ ਹਾਦਸੇ ਦੀ ਸੂਰਤ ਵਿਚ ਸਪਲਾਇਰ ਦੀ ਦੇਣਦਾਰੀ ਬਾਰੇ ਕਾਨੂੰਨ ਦੀ ਧਾਰਾ 17 ਲਾਗੂ ਕੀਤੀ ਜਾਵੇ ਜਾਂ ਨਾ। ਇਹ ਰਾਏ ਨਵੀਂ ਦਿੱਲੀ ਲਈ ਸਮਝੌਤਾ ਕਰਨ ਵਿਚ ਮਦਦਗਾਰ ਸਾਬਤ ਹੋ ਸਕਦੀ ਹੈ। ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਦਾ ਕਹਿਣਾ ਹੈ ਕਿ ਭਾਰਤ ਨੂੰ ਊਰਜਾ ਦੀ ਲੋੜ ਹੈ ਜੋ ਉਹ ਆਪਣੀਆਂ ਸ਼ਰਤਾਂ 'ਤੇ ਹਾਸਲ ਕਰੇਗਾ। ਉਨ੍ਹਾਂ ਕਿਹਾ ਕਿ ਦੋ ਧਿਰਾਂ ਦੇ ਆਪੋ-ਆਪਣੇ ਵਿਚਾਰ ਹੋ ਸਕਦੇ ਹਨ ਪਰ ਜਦੋਂ ਵਿਚਾਰ-ਚਰਚਾ ਹੁੰਦੀ ਹੈ ਤਾਂ ਦੋਵੇਂ ਧਿਰਾਂ ਲਈ ਲਾਹੇਵੰਦ ਹਾਲਤ ਲੱਭੀ ਜਾਂਦੀ ਹੈ। ਸਰਕਾਰ ਇਸ ਮੁੱਦੇ 'ਤੇ ਪਾਰਲੀਮੈਂਟ ਵੱਲੋਂ ਦਿੱਤੇ ਫਤਵੇ ਮੁਤਾਬਕ ਚੱਲਣ ਲਈ ਪਾਬੰਦ ਹੈ। ਸਰਕਾਰ ਦੇਸ਼ ਦੇ ਕਾਨੂੰਨ ਮੁਤਾਬਕ ਕੰਮ ਕਰੇਗੀ ਤੇ ਅਜਿਹਾ ਕੋਈ ਫੈਸਲਾ ਨਹੀਂ ਕਰੇਗੀ ਜੋ ਦੇਸ਼ ਦੇ ਹਿੱਤਾਂ ਦੇ ਖ਼ਿਲਾਫ਼ ਜਾਂਦਾ ਹੋਵੇ। ਉਨ੍ਹਾਂ ਕਿਹਾ ਕਿ ਭਾਰਤ-ਅਮਰੀਕਾ ਪਰਮਾਣੂ ਕਰਾਰ ਸਹੀਬੰਦ ਹੋ ਗਿਆ ਹੈ ਪਰ ਇਸ ਦਾ ਇਹ ਮਤਲਬ ਨਹੀਂ ਹੈ ਕਿ ਤਜਾਰਤੀ ਕਰਾਰ ਵੀ ਸਹੀਬੰਦ ਕੀਤਾ ਜਾਵੇ। ਅਮਰੀਕਾ ਨੇ ਭਾਰਤ ਲਈ ਬਹੁਤ ਕੁਝ ਕੀਤਾ ਹੈ ਤੇ ਦੇਸ਼ ਨੂੰ ਵੀ ਮੋੜਵੇਂ ਰੂਪ


*(ਬਾਕੀ ਸਫਾ 6 'ਤੇ)*


# ਪ੍ਰੋਫੈਸਰ 'ਤੇ ਹਮਲੇ ਨੇ ਸਿੱਖਾਂ ਦਾ ਫਿਕਰ ਵਧਾਇਆ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਕੋਲੰਬੀਆ ਯੂਨੀਵਰਸਿਟੀ ਦੇ ਸਿੱਖ ਪ੍ਰੋਫੈਸਰ ਉਤੇ 30 ਜਣਿਆਂ ਦੇ ਹਜੂਮ ਵੱਲੋਂ ਹਮਲਾ ਬੋਲ ਕੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰਨ ਦੇ ਮਾਮਲੇ ਨੇ



ਦੇਸ਼-ਵਿਦੇਸ਼ ਵਿਚ ਰਹਿੰਦੇ ਸਿੱਖਾਂ ਨੂੰ ਇਕ ਵਾਰ ਫਿਰ ਫਿਕਰ ਵਿਚ ਪਾ ਦਿੱਤਾ ਹੈ। ਇਹ ਸਪਸ਼ਟ ਤੌਰ 'ਤੇ ਨਸਲੀ ਹਮਲਾ ਸੀ; ਹਮਾਲਵਰ ਉਸ ਨੂੰ 'ਉਸਾਮਾ' ਤੇ 'ਅਤਿਵਾਦੀ' ਕਹਿ ਰਹੇ ਸਨ। ਇਹ ਹਮਲਾ ਉਦੋਂ ਕੀਤਾ ਗਿਆ ਜਦੋਂ ਸਕੂਲ ਆਫ ਇੰਟਰਨੈਸ਼ਨਲ ਐਂਡ ਪਬਲਿਕ ਅਫੇਅਰਜ਼ ਦੇ ਪ੍ਰੋਫੈਸਰ ਪ੍ਰਭਜੋਤ ਸਿੰਘ ਨਿਊ ਯਾਰਕ ਵਿਚ 110 ਸਟਰੀਟ ਅਤੇ ਲਿਨੌਕਸ ਐਵਨਿਊ ਉਤੇ ਪੈਦਲ ਜਾ ਰਹੇ ਸਨ।

ਜ਼ਿਕਰਯੋਗ ਹੈ ਕਿ ਵਿਦੇਸ਼ਾਂ ਵਿਚ ਵਸੇ ਸਿੱਖ ਅਜੇ ਵੀ ਆਪਣੀ ਸ਼ਨਾਖ਼ਤ ਬਾਰੇ ਪੈਦਾ ਹੋਈ ਗਲਤਫਹਿਮੀ ਨੂੰ ਦੂਰ ਕਰਨ ਵਿਚ ਕਾਮਯਾਬ ਨਹੀਂ ਹੋ ਸਕੇ। ਇਹੀ ਕਾਰਨ ਹੈ ਕਿ ਉਨ੍ਹਾਂ ਨੂੰ ਉਸਾਮਾ ਬਿਨ-ਲਾਦਿਨ ਦੇ ਸਾਥੀ ਸਮਝਦੇ ਹੋਏ ਵਿਦੇਸ਼ੀ ਲੋਕਾਂ ਦੀ ਨਫਰਤ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਪਿਛਲੇ ਵਰ੍ਹੇ ਅਮਰੀਕਾ ਦੇ ਓਕ ਕਰੀਕ ਸਥਿਤ ਗੁਰਦੁਆਰੇ ਵਿਚ ਵਾਪਰੀ ਘਟਨਾ ਨੇ ਇਸ ਮਾਮਲੇ ਨੂੰ ਜ਼ੋਰ-ਸ਼ੋਰ ਨਾਲ ਉਭਾਰਿਆ ਸੀ ਪਰ ਕੁਝ ਸਮੇਂ ਦੀ ਸਰਗਰਮੀ ਤੋਂ ਬਾਅਦ ਇਸ ਪਾਸਿਉਂ ਸਭ ਦਾ ਧਿਆਨ ਹਟ ਗਿਆ। ਤਾਜ਼ਾ ਹਮਲੇ ਦੇ ਸ਼ਿਕਾਰ 31 ਸਾਲਾ ਪ੍ਰੋਫੈਸਰ ਨੇ ਨਿਊ ਯਾਰਕ ਡੇਲੀ ਨਿਊਜ਼


*(ਬਾਕੀ ਸਫਾ 6 'ਤੇ)*


# ਨਵਜੋਤ ਸਿੰਘ ਸਿੱਧੂ ਦੀ ਸਰਗਰਮੀ ਬਣੀ ਸਿਰਦਰਦੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਗੱਠਜੋੜ ਵਿਚਾਲੇ ਚੱਲ ਰਹੀ ਕਸ਼ਮਕਸ਼ ਇਕ ਵਾਰ ਫਿਰ ਖੁੱਲ੍ਹ ਕੇ ਸਾਹਮਣੇ ਆ ਗਈ ਹੈ। ਅੰਮ੍ਰਿਤਸਰ ਤੋਂ ਭਾਜਪਾ ਸੰਸਦ ਮੈਂਬਰ ਨਵੋਜਤ ਸਿੰਘ ਸਿੱਧੂ ਵੱਲੋਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਤੇ ਉਨ੍ਹਾਂ ਦੇ ਰਿਸ਼ਤੇਦਾਰ ਬਿਕਰਮ ਸਿੰਘ ਮਜੀਠੀਆ ਨੂੰ ਸਿੱਧਾ ਨਿਸ਼ਾਨਾ ਬਣਾਉਣ ਤੋਂ ਬਾਅਦ ਇਹ ਮਾਮਲਾ ਭਾਜਪਾ ਹਾਈ ਕਮਾਨ ਤੱਕ ਪੁੱਜ ਗਿਆ। ਭਾਜਪਾ ਦੇ ਕੌਮੀ ਪ੍ਰਧਾਨ ਰਾਜਨਾਥ ਸਿੰਘ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ਼ਾਂਤਾ ਕੁਮਾਰ ਨੇ ਬੇਸ਼ੱਕ ਇਸ ਮਾਮਲੇ ਨੂੰ ਨਿਬੇੜਨ ਲਈ ਸੂਬੇ ਦਾ ਦੌਰਾ ਕਰ ਕੇ ਭਾਜਪਾ ਤੇ ਅਕਾਲੀ ਦਲ ਦੇ ਸੀਨੀਅਰ ਆਗੂਆਂ ਨਾਲ ਮੀਟਿੰਗਾਂ ਕੀਤੀਆਂ ਪਰ ਆਉਂਦੀਆਂ ਲੋਕ ਸਭਾ ਚੋਣਾਂ



ਵਿਚ ਇਸ ਕਲੇਸ਼ ਦਾ ਅਸਰ ਜ਼ਰੂਰ ਨਜ਼ਰ ਆਵੇਗਾ।

ਉਧਰ ਇਸ ਖਿੱਚੋਤਾਣ ਨੇ ਭਾਜਪਾ ਅੰਦਰ ਵੀ ਖਾਨਾਜੰਗ ਛੇੜ ਦਿੱਤੀ ਹੈ। ਇਸੇ ਦਾ ਨਤੀਜਾ ਹੈ ਕਿ ਭਾਜਪਾ ਦੇ ਪੰਜਾਬ ਵਜ਼ਾਰਤ ਵਿਚ ਸ਼ਾਮਲ ਚਾਰ ਮੰਤਰੀਆਂ ਦੇ ਵਿਭਾਗਾਂ ਵਿਚ ਅਦਲਾ-ਬਦਲੀ ਕਰ ਦਿੱਤੀ ਗਈ ਹੈ। ਅਕਾਲੀ-ਭਾਜਪਾ ਸਰਕਾਰ ਦੇ ਮੁੜ ਸੱਤਾ ਸੰਭਾਲਣ ਤੋਂ ਬਾਅਦ ਅਕਾਲੀ ਦਲ ਦੇ ਮੰਤਰੀਆਂ ਦੇ ਵਿਭਾਗਾਂ ਵਿਚ ਤਾਂ ਕੋਈ ਫੇਰ-ਬਦਲ ਨਹੀਂ ਹੋਇਆ ਪਰ ਡੇਢ ਸਾਲ ਬਾਅਦ ਭਾਜਪਾ ਦੇ ਸਾਰੇ ਮੰਤਰੀਆਂ ਦੇ ਵਿਭਾਗ ਬਦਲ ਦਿੱਤੇ ਗਏ ਹਨ। ਭਾਜਪਾ ਅੰਦਰ ਹੀ ਇਹ ਚਰਚਾ ਛਿੜ ਗਈ ਹੈ ਕਿ ਪਾਰਟੀ ਨੇ ਖੁਦ ਹੀ ਵਿਭਾਗਾਂ ਵਿਚ ਫੇਰ-ਬਦਲ ਨੂੰ ਹਰੀ ਝੰਡੀ ਦੇ ਕੇ ਇਹ ਗੱਲ ਪ੍ਰਵਾਨ ਕਰ ਲਈ ਹੈ ਕਿ ਭਾਜਪਾ


*(ਬਾਕੀ ਸਫਾ 6 'ਤੇ)*



## REAL ESTATE & HOME LOANS


ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
- Low Interest Rate
- 3.5% Down Payment
- Free Credit Report
- Free Pre-Approval

ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
M&M and Associates
209.918.6464
ahundal@c21mm.com

## Raja SWEETS & CATERING

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Follow us on:
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।


Call Makhan Bains or Ravinder Singh for your next Party 1-866-FOR RAJA www.RajaSweets.com

## Law Office of Manpreet S. Gahra

>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Criminal Defense (DUI, simple battery, domestic violence, immigration post-conviction relief)


Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਸੈਕਰਾਮੈਂਟੋ 'ਚ ਗਦਰੀ ਬਾਬਿਆਂ ਦੀ ਯਾਦ ਵਿਚ ਸ਼ਾਨਦਾਰ ਮੇਲਾ

**ਸੈਕਰਾਮੈਂਟੋ (ਬਿਊਰੋ):** ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ ਗਦਰ ਲਹਿਰ ਦੀ ਸ਼ਤਾਬਦੀ ਮੌਕੇ ਕਰਵਾਏ ਗਏ ਗਦਰ ਮੇਲੇ ਵਿਚ ਵਖ ਵਖ ਬੁਲਾਰਿਆਂ ਨੇ ਜਿਥੇ ਗਦਰ ਲਹਿਰ ਦੇ ਯੋਧਿਆਂ ਨੂੰ ਸ਼ਰਧਾ ਦੇ ਫੂਲ ਭੇਟ ਕੀਤੇ, ਉਥੇ ਨਾਲ ਹੀ ਗਦਰੀ ਬਾਬਿਆਂ ਵਲੋਂ ਸਿਰਜੇ ਗਏ ਆਜਾਦੀ ਦੇ ਸੁਪਨੇ ਨੂੰ ਸਾਕਾਰ ਕਰਨ ਦੀ ਲੋੜ ਉਪਰ ਵੀ ਜੋਰ ਦਿਤਾ। ਇਸ ਮੌਕੇ ਗਦਰ ਲਹਿਰ ਬਾਰੇ ਇਕ ਫੋਟੋ ਪ੍ਰਦਰਸ਼ਨੀ ਵੀ ਲਾਈ ਗਈ। ਸਭਿਆਚਾਰਕ ਪ੍ਰੋਗਰਾਮ ਦੌਰਾਨ ਗਾਇਕਾਂ ਨੇ ਦੇਸ਼ ਭਗਤੀ ਦੇ ਗੀਤ ਗਾ ਕੇ ਆਜਾਦੀ ਘੁਲਾਟੀਆਂ ਨੂੰ ਚੇਤੇ ਕੀਤਾ। ਲੋੜਵੰਦਾਂ ਲਈ ਇਕ ਮੈਡੀਕਲ ਕੈਂਪ ਵੀ ਲਾਇਆ ਗਿਆ।



ਐਸ ਈ ਐਸ ਹਾਲ ਵਿਚ ਦੁਪਹਿਰ 12 ਵਜੇ ਤੋਂ ਰਾਤ 8 ਵਜੇ ਤੱਕ ਚੱਲੇ ਇਸ ਮੇਲੇ ਵਿਚ ਕੈਲੀਫੋਰਨੀਆ ਦੇ ਵੱਖ-ਵੱਖ ਸ਼ਹਿਰਾਂ ਤੋਂ ਵੱਡੀ ਗਿਣਤੀ ਵਿਚ ਆਏ ਭਾਰਤੀਆਂ ਹੋਰ ਕੌਮੀਅਤਾਂ ਦੇ ਲੋਕਾਂ ਨੇ ਹਾਜ਼ਰੀ ਲੁਆਈ। ਪਹਿਲੇ ਮੇਲਿਆਂ ਵਾਂਗ ਹੀ ਬਰਾਡਵੇ ਦੇ ਕਬਰਤਾਨ ਵਿਚ ਗ਼ਦਰੀ ਮੌਲਵੀ ਮੁਹੰਮਦ ਬਰਕਤ ਉਲਾ ਦੀ ਮਜ਼ਾਰ 'ਤੇ ਸ਼ਰਧਾ ਦੇ ਫੁੱਲ ਭੇਟ ਕਰਨ ਪਿੱਛੋਂ ਗ਼ਦਰੀ ਭਾਈ ਭਗਵਾਨ ਸਿੰਘ ਦੇ ਦੋਹਤੇ ਸੁਰਿੰਦਰਪਾਲ ਸਿੰਘ ਤੇ ਇਤਿਹਾਸ ਦੇ ਖੋਜਕਾਰ ਭੈਰਵ ਲਾਲ ਦਾਸ ਨੇ ਸੰਖੇਪ ਭਾਸ਼ਣਾਂ ਵਿਚ ਗ਼ਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ।

ਹਾਲ ਵਿਚ ਪਹੁੰਚਦਿਆਂ ਹੀ ਗ਼ਦਰੀਆਂ ਦਾ ਤਿੰਨ ਰੰਗਾ ਖੜ੍ਹੀਆਂ ਕਾਟਵੀਆਂ ਤਲਵਾਰਾਂ ਵਾਲਾ ਝੰਡਾ ਝੁਲਾਉਣ ਦੀ ਰਸਮ ਮੇਲੇ ਦੇ ਮੁੱਖ ਮਹਿਮਾਨ ਸੁਰਿੰਦਰਪਾਲ ਸਿੰਘ ਨੇ ਅਦਾ ਕੀਤੀ। ਹਾਲ ਵਿਚਲੇ ਪ੍ਰੋਗਰਾਮ ਦੀ ਸ਼ੁਰੂਆਤ ਗੁਰਨਾਮ ਸਿੰਘ ਭੰਡਾਲ ਦੇ ਢਾਡੀ ਜਥੇ ਨੇ ਸ਼ਹੀਦੀ ਵਾਰਾਂ ਗਾ ਕੇ ਕੀਤੀ। ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦੇ ਪ੍ਰਧਾਨ ਸੁਰਿੰਦਰ ਬਿੰਦਰਾ ਨੇ ਆਏ ਸੱਜਣਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਜਥੇਬੰਦੀ ਪਿਛਲੇ 13 ਸਾਲਾਂ ਤੋਂ ਮੇਲਾ ਲਾ ਰਹੀ ਹੈ ਅਤੇ ਅਗਾਂਹ ਜਾਰੀ ਰੱਖੇਗੀ। ਉਨ੍ਹਾਂ ਜਥੇਬੰਦੀ ਦੀ ਪਿਛਲੇਰੀ ਕਾਰਵਾਈ ਬਾਰੇ ਵੀ ਚਾਨਣਾ ਪਾਇਆ।

ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਪਰਿਵਾਰ ਨਾਲ ਸਬੰਧਤ ਕ੍ਰਿਪਾਲ ਸਿੰਘ ਸੰਧੂ, ਫਰਿਜ਼ਨੋ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤੀਆਂ ਨੂੰ ਦੂਜੇ ਦੇਸ਼ਾਂ ਦੇ ਲੋਕ, ਅੰਗਰੇਜ਼ਾਂ ਦੇ ਗੁਲਾਮ ਹੋਣ ਕਾਰਨ ਹੀਣਭਾਵਨਾ ਨਾਲ ਵੇਖਦੇ ਸਨ। ਜਿਨ੍ਹਾਂ ਦੇਸ਼ਾਂ ਵਿਰੁਧ ਭਾਰਤੀ ਫੌਜੀ ਲੜਦੇ ਸਨ, ਉਨ੍ਹਾਂ ਦੇਸ਼ਾਂ ਦੇ ਵਾਸੀਆਂ ਨੇ ਹੀ ਫੌਜੀਆਂ ਨੂੰ ਅੰਗਰੇਜ਼ਾਂ ਵਿਰੁਧ ਲੜ ਕੇ ਆਜ਼ਾਦੀ ਪ੍ਰਾਪਤ ਕਰਨ ਲਈ ਪ੍ਰੇਰਿਆ ਸੀ।

ਆਰਗੇਨਾਈਜੇਸ਼ਨ ਦੇ ਸੰਸਥਾਪਕ ਡਾਇਰੈਕਟਰ ਸੁਮਿਤਰ ਸਿੰਘ ਉਪਲ ਨੇ ਕਿਹਾ, "ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਐਸੀ ਸੰਸਥਾ ਹੈ ਜਿਸ ਨੇ ਅਮਰੀਕਾ ਦੀ ਧਰਤੀ 'ਤੇ ਗ਼ਦਰੀ ਸੂਰਬੀਰਾਂ ਦੀ ਯਾਦ ਵਿਚ ਮੇਲੇ ਲਾਉਣ ਦੀ ਪ੍ਰਥਾ ਤੋਰੀ। ਅੱਜ ਹੋਰ ਸ਼ਹਿਰਾਂ ਅਤੇ ਦੇਸ਼ਾਂ ਵਿਚ ਵੀ ਅਜਿਹੇ ਮੇਲੇ ਲਗਦੇ ਹਨ। ਗਿਆਨ ਸਿੰਘ ਬਿਲਗਾ ਨੇ ਆਪਣੇ ਜਜ਼ਬਾਤੀ ਭਾਸ਼ਣ ਵਿਚ ਨਾਮਧਾਰੀ ਸੰਗਤ ਨੂੰ ਸੰਬੋਧਿਤ ਹੁੰਦਿਆਂ ਜੂਹ ਬੰਦ ਕੀਤੇ ਸਤਿਗੁਰ ਬਾਬਾ ਰਾਮ ਸਿੰਘ ਜੀ ਦੇ ਅੰਰਗੇਜ਼ ਡਿਪਟੀ ਕਮਿਸ਼ਨਰ ਨੂੰ ਕਹੇ ਸ਼ਬਦ ਸਰੋਤਿਆਂ ਦੇ ਸਨਮੁੱਖ ਰੱਖੇ। ਉਨ੍ਹਾਂ ਕੁਝ ਅਖੌਤੀ ਬੁੱਧੀਜੀਵੀਆਂ ਵੱਲੋਂ ਗ਼ਦਰ ਪਾਰਟੀ ਦੇ ਸੰਸਥਾਪਕ ਪ੍ਰਧਾਨ ਸੋਹਣ ਸਿੰਘ ਭਕਨਾ ਦੇ ਜੀਵਨ ਨੂੰ 'ਰਾਮ ਕਹਾਣੀ' ਦੱਸੇ ਜਾਣ ਦੀ ਕਰੜੇ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਇਹ ਹੱਡੀਂ ਹੰਢਾਇਆ ਸੱਚ ਹੈ, ਰਾਮ ਕਹਾਣੀ ਨਹੀਂ। ਜੁਗਿੰਦਰ ਸਿੰਘ ਨਾਮਧਾਰੀ ਨੇ ਕੂਕਾ ਲਹਿਰ ਬਾਰੇ ਕਵਿਤਾ ਗਾ ਕੇ ਸੁਣਾਈ। ਪੱਤਰਕਾਰ ਨਰਿੰਦਰਪਾਲ ਸਿੰਘ ਹੁੰਦਲ ਅਤੇ ਪ੍ਰਸਿੱਧ ਸਵਤੰਤਰ ਸੈਨਾਨੀ ਦੇਵਾ ਸਿੰਘ ਧੂਤ ਦੇ ਪੁੱਤਰ ਦਲਵਿੰਦਰ ਸਿੰਘ ਧੂਤ ਵੀ ਸਰੋਤਿਆਂ ਦੇ ਸਨਮੁਖ ਹੋਏ।



ਮੁੱਖ ਮਹਿਮਾਨ ਸੁਰਿੰਦਰਪਾਲ ਸਿੰਘ ਨੇ ਆਪਣੇ ਨਾਨੇ ਭਾਈ ਭਗਵਾਨ ਸਿੰਘ ਦੇ ਸੰਗਰਾਮੀ ਜੀਵਨ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਅਤੇ ਸਮੁੱਚੀ ਲਹਿਰ ਦੀ ਦਾਅ-ਪੇਚਕ ਲਾਈਨ ਨੂੰ ਲੋਕਾਂ ਦੇ ਸਾਹਮਣੇ ਸਪੱਸ਼ਟ ਕੀਤਾ। ਉਨ੍ਹਾਂ ਕਿਹਾ ਕਿ ਗਦਰ ਲਹਿਰ ਦੇ ਬਾਨੀਆਂ ਨੂੰ ਸਾਡੀ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਅਸੀਂ ਉਨ੍ਹਾਂ ਦੇ ਸੁਪਨਿਆਂ ਦਾ ਸੰਸਾਰ ਸਿਰਜਣ ਦੀ ਕੋਸ਼ਿਸ਼ ਕਰੀਏ।

ਬਿਹਾਰ ਪ੍ਰਾਂਤ ਤੋਂ ਆਏ ਇਤਿਹਾਸ ਦੇ ਖੋਜੀ ਭੈਰਵ ਲਾਲ ਦਾਸ ਨੇ ਗ਼ਦਰ ਲਹਿਰ ਵਿਚ ਪੰਜਾਬ ਤੋਂ ਬਿਨਾਂ ਹੋਰ ਸੂਬਿਆਂ ਦੇ ਗ਼ਦਰੀਆਂ ਅਤੇ ਗ਼ਦਰ ਲਹਿਰ ਬਾਰੇ ਆਪਣੀ ਖੋਜ ਦੇ ਵਿਸ਼ੇ ਬਾਰੇ ਦੱਸਿਆ। ਉਨ੍ਹਾਂ ਨਵੀਂ ਪੀੜ੍ਹੀ ਨੂੰ ਗਦਰੀਆਂ ਦੇ ਇਤਿਹਾਸ ਤੋਂ ਜਾਣੂੰ ਕਰਵਾਉਣ ਹਿੱਤ ਸਕੂਲਾਂ-ਕਾਲਜਾਂ ਵਿਚ ਗਦਰ ਲਹਿਰ ਦਾ ਇਤਿਹਾਸ ਪੜ੍ਹਾਉਣ ਲਈ ਕਿਹਾ।

ਮੇਲੇ ਦੇ ਸਭਿਆਚਾਰਕ ਹਿੱਸੇ ਵਿਚ ਗੀਤਕਾਰ ਗੋਗੀ ਸੰਧੂ, ਸੁਲਤਾਨ ਅਖ਼ਤਰ, ਸਨੀ ਬੱਬਰ ਬੇਕਰਜ਼ਫੀਲਡ, ਪੰਮੀ ਮਾਨ, ਜੀਵਨ ਰੱਤੂ, ਹੈਰੀ ਸਿੰਘ, ਜੀਤਾ ਗਿੱਲ, ਪੂਨਮ ਮਲਹੋਤਰਾ ਅਤੇ ਅਕਾਸ਼ਦੀਪ ਨੇ ਦੇਸ਼ ਭਗਤੀ ਦੇ ਗੀਤ ਗਾ ਕੇ ਗਦਰ ਲਹਿਰ ਦੇ ਯੋਧਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਭੰਗੜਾ ਟੀਮਾਂ 'ਮਾਣ ਦੁਆਬੇ ਦਾ', 'ਭੰਗੜਾ ਨਾਈਟ' ਅਤੇ 'ਵੈਸਟ ਸਾਈਡ ਭੰਗੜਾ' ਨੇ ਭੰਗੜੇ ਦੇ ਜੌਹਰ ਵਿਖਾ ਕੇ ਦਰਸ਼ਕਾਂ ਨੂੰ ਪੰਜਾਬ ਵਿਚ ਬੈਠੇ ਹੋਣ ਦਾ ਭਰਮ ਪੈਦਾ ਕਰ ਦਿੱਤਾ। ਲੜਕੀਆਂ ਦੀ ਭੰਗੜੇ ਦੀ ਟੀਮ 'ਮੜਕ ਪੰਜਾਬ ਦੀ' ਨੇ ਵੀ ਖੂਬ ਰੰਗ ਬੰਨ੍ਹਿਆ।

ਜਥੇਬੰਦੀ ਦੇ ਸਕੱਤਰ ਬਲਜਿੰਦਰ ਸਿੰਘ ਭੱਟੀ ਦੇ ਯਤਨਾਂ ਸਦਕਾ ਡਾ. ਡੈਨੀਅਲ ਲੱਕੀ ਮਡੈਸਟੋ ਵੱਲੋਂ ਮੈਡੀਕਲ ਕੈਂਪ ਲਗਾਇਆ ਗਿਆ। ਫਰੈਂਕ ਜੌਹਨਸਨ (ਪ੍ਰਧਾਨ ਐਨ.ਏ.ਏ.ਸੀ.ਪੀ.), ਮਾਰਕ ਜੌਹਸਨ (ਕੌਂਸਲ ਮੈਂਬਰ ਵੈਸਟ ਸੈਕਰਾਮੈਂਟੋ), ਸੰਨੀ ਧਾਲੀਵਾਲ (ਮੇਅਰ ਲੈਥਰੋਪ ਸਿਟੀ), ਮਾਈਕ ਹੋਟੀ ਅਤੇ ਇਕਬਾਲ ਬਡਵਾਲ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ। ਜਥੇਬੰਦੀ ਵੱਲੋਂ ਇਨ੍ਹਾਂ ਸ਼ਖ਼ਸੀਅਤਾਂ ਨੂੰ ਸਟੇਜ 'ਤੇ ਸਨਮਾਨਤ ਕੀਤਾ ਗਿਆ।

ਪੰਜਾਬੀ ਗਾਇਕ ਸਰਬਜੀਤ ਚੀਮਾ ਨੇ ਦੇਸ਼ ਭਗਤੀ ਦੇ ਗੀਤ ਗਾ ਕੇ ਲੋਕਾਂ ਦਾ ਮਨੋਰੰਜਨ ਕੀਤਾ ਅਤੇ ਅੱਗੇ ਤੋਂ ਵੀ ਲੋਕਾਂ ਸਾਹਮਣੇ ਇਹੋ ਜਿਹੇ ਗੀਤ ਪਰੋਸਣ ਦਾ ਪ੍ਰਣ ਦੁਹਰਾਇਆ। ਪ੍ਰਿਥੀ ਪਾਲ ਮਹਿਮੀ ਦੀ ਟੀਮ ਨੇ ਅਤੁੱਟ ਲੰਗਰ ਵਰਤਾਇਆ। ਓਮਨੀ ਵੀਡੀਓ ਵਾਲੇ ਸ਼ਿਆਰਾ ਸਿੰਘ ਢੀਂਡਸਾ ਨੇ ਸਾਰਾ ਪ੍ਰੋਗਰਾਮ ਕੈਮਰਾਬੰਦ ਕੀਤਾ। ਉਨ੍ਹਾਂ ਦੀਆਂ ਸੇਵਾਵਾਂ ਲਈ ਜਥੇਬੰਦੀ ਵੱਲੋਂ ਉਨ੍ਹਾਂ ਦਾ ਪਰਿਵਾਰ ਸਮੇਤ ਸਨਮਾਨ ਕੀਤਾ ਗਿਆ।

ਇਸ ਮੌਕੇ ਗ਼ਦਰੀ ਬਾਬਿਆਂ ਬਾਰੇ ਇਕ ਫੋਟੋ ਪ੍ਰਦਰਸ਼ਨੀ ਲਾਈ ਗਈ। ਗ਼ਦਰੀ ਬਾਬਾ ਭਗਵਾਨ ਸਿੰਘ ਨਾਲ ਸਬੰਧਤ ਮਸ਼ੀਨਾਂ ਵਿਸ਼ੇਸ਼ ਖਿੱਚ ਦਾ ਕਾਰਨ ਬਣੀਆਂ ਰਹੀਆਂ। ਕਸ਼ਮੀਰ ਸਿੰਘ ਕਾਂਗਣਾ ਅਤੇ ਅਸ਼ੋਕ ਭੌਰਾ ਨੇ ਸਟੇਜ ਦੀ ਕਾਰਵਾਈ ਸੁਚੱਜੇ ਢੰਗ ਨਾਲ ਚਲਾਈ। ਅਖ਼ੀਰ 'ਤੇ ਸਵਰਨ ਸਿੰਘ ਸਿੱਧੂ ਨੇ ਆਏ ਸਰੋਤਿਆਂ, ਮਹਿਮਾਨਾਂ ਤੇ ਅਦਾਕਾਰਾਂ ਦਾ ਸਮੁੱਚੀ ਜਥੇਬੰਦੀ ਵੱਲੋਂ ਧੰਨਵਾਦ ਕਰਦਿਆਂ ਮੇਲੇ ਦੀ ਸਮਾਪਤੀ ਕੀਤੀ। ਮੇਲੇ ਨੂੰ ਕਾਮਯਾਬ ਕਰਨ ਲਈ ਕਮੇਟੀ ਮੈਂਬਰ ਜਰਨੈਲ ਸਿੰਘ ਸਰਪੰਚ, ਕੇਵਲ ਬੁਲੀਨਾ, ਜਗਜੀਤ ਸਿੰਘ ਗਿੱਲ, ਜੁਝਾਰ ਸਿੰਘ ਗਿੱਲ, ਕਮਲ ਬੰਗਾ, ਰਾਕੇਸ਼, ਬਲਵਿੰਦਰ ਬੰਗਾ, ਹਰਪਾਲ ਸੰਘਾ, ਸ਼ਿੰਗਾਰਾ ਸਿੰਘ, ਸੁਰਿੰਦਰ ਸਿੰਘ ਗਿੱਲ, ਪਰਮਪ੍ਰੀਤ ਸਿੰਘ ਬਿੰਦਰਾ ਪੱਬਾਂ ਭਾਰ ਹੋਏ ਰਹੇ।

**ਨੋਟ:** ਮੇਲੇ ਦੀਆਂ ਫੋਟੋਆਂ ਦੇਖਣ ਲਈ www.omnivideousa.com 'ਤੇ ਜਾਓ।



ਸੰਸਥਾ ਦੇ ਮੈਂਬਰ ਅਤੇ ਮਹਿਮਾਨ ਮੌਲਵੀ ਬਰਕਤ ਉਲਾ ਦੇ ਮਜ਼ਾਰ ਉਪਰ ਨਤਮਸਤਕ ਹੁੰਦੇ ਹੋਏ





## ਸ਼ਰਾਬਖਾਨੇ ਵਿਚ ਲਾਈਆਂ ਗੁਰੂਆਂ ਦੀਆਂ ਤਸਵੀਰਾਂ

**ਲਾਸ ਏਂਜਲਸ:** ਇਥੋਂ ਨਜ਼ਦੀਕ ਹਾਲੀਵੁੱਡ ਵਿਚ ਇਕ ਸ਼ਰਾਬਖਾਨੇ ਵਿਚ ਸਿੱਖ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਲਾਉਣ ਦੇ ਮਾਮਲੇ 'ਤੇ ਸਿੱਖ ਭੜਕ ਗਏ ਤੇ ਉਨ੍ਹਾਂ ਨੇ ਸ਼ਰਾਬਖਾਨੇ ਦੇ ਮਾਲਕ ਨੂੰ ਮੁਆਫੀ ਮੰਗਣ ਲਈ ਕਿਹਾ। ਇਸੇ ਦੌਰਾਨ 'ਪੀਕੇ ਬਾਰ' ਦੇ ਮਾਲਕ ਸਿੱਖਾਂ ਦੇ ਗੁੱਸੇ ਨੂੰ ਭਾਂਪਦਿਆਂ ਗੁਰੂ ਸਾਹਿਬ ਦੀਆਂ ਤਸਵੀਰਾਂ ਹਟਾਉਣ ਲਈ ਰਾਜ਼ੀ ਹੋ ਗਏ।

ਸ਼ਰਾਬਖਾਨੇ ਦੇ ਮੈਨੇਜਰ ਨੇ ਯਕੀਨ ਦਿਵਾਇਆ ਕਿ ਤਸਵੀਰਾਂ ਤੁਰੰਤ ਹਟਾ ਦਿੱਤੀਆਂ ਜਾਣਗੀਆਂ ਤੇ ਆਪਣੀ ਇਸ ਹਰਕਤ ਲਈ ਉਸ ਨੇ ਮੁਆਫੀ ਵੀ ਮੰਗੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਸ਼ਰਾਬਖਾਨੇ ਵਿਚ ਸਿੱਖ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਲਾਏ ਜਾਣ ਦਾ ਸਖ਼ਤ ਨੋਟਿਸ ਲੈਂਦਿਆਂ ਇਸ ਨੂੰ ਪ੍ਰਬੰਧਕਾਂ ਵੱਲੋਂ ਸਿੱਖਾਂ ਨੂੰ ਭੜਕਾਉਣ ਵਾਲੀ ਕਾਰਵਾਈ ਕਰਾਰ ਦਿੱਤਾ ਹੈ।

# ਸੈਕਰਾਮੈਂਟੋ 'ਚ ਕਿੰਗਜ਼ ਸਪੋਰਟਸ ਕਲੱਬ ਦਾ ਖੇਡ ਮੇਲਾ 28 ਤੋਂ



**ਸੈਕਰਾਮੈਂਟੋ (ਬਿਊਰੋ):** ਕਿੰਗਜ਼ ਸਪੋਰਟਸ ਕਲੱਬ, ਸੈਕਰਾਮੈਂਟੋ ਵਲੋਂ ਇਥੇ ਗੁਰਦੁਆਰਾ ਬਰਾਡਸ਼ਾਹ ਦੇ ਖੇਡ ਮੈਦਾਨ ਵਿਚ 28 ਅਤੇ 29 ਸਤੰਬਰ ਨੂੰ ਕਰਵਾਏ ਜਾ ਰਹੇ ਦੋ ਰੋਜ਼ਾ ਖੇਡ ਮੇਲੇ ਲਈ ਤਿਆਰੀਆਂ ਮੁਕੰਮਲ ਹੋ ਚੁਕੀਆਂ ਹਨ। ਇਹ ਜਾਣਕਾਰੀ ਦਿੰਦਿਆਂ ਕਲੱਬ ਵਲੋਂ ਜਾਰੀ ਇਕ ਬਿਆਨ ਵਿਚ ਦੱਸਿਆ ਗਿਆ ਹੈ ਕਿ 28 ਸਤੰਬਰ ਨੂੰ ਬਾਸਕਿਟਬਾਲ ਤੇ ਵਾਲੀਬਾਲ ਦੀਆਂ ਟੀਮਾਂ ਕੈਲੀਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਤੋਂ ਪਹੁੰਚ ਰਹੀਆਂ ਹਨ ਅਤੇ ਉਨ੍ਹਾਂ ਦੇ ਮੈਚ ਫਸਵੇਂ ਹੋਣ ਦੀ ਸੰਭਾਵਨਾ ਹੈ।

ਬਿਆਨ ਅਨੁਸਾਰ 29 ਸਤੰਬਰ ਨੂੰ ਕਬੱਡੀ ਦੇ ਕਬੱਡੀ ਦੇ ਮੈਚ ਹੋਣਗੇ ਅਤੇ ਇਹ ਕਲੱਬ ਦਾ ਚੌਥਾ ਵਰਲਡ ਕਬੱਡੀ ਕੱਪ ਹੋਵੇਗਾ ਜੋ ਵਿਲੱਖਣ ਵੀ ਹੋਵੇਗਾ ਅਤੇ ਵੱਖਰੀਆਂ ਪੈੜਾਂ ਵੀ ਛੱਡੇਗਾ। ਕਲੱਬ ਦੇ ਇਕ ਬੁਲਾਰੇ ਅਨੁਸਾਰ ਪਹਿਲੀ ਵਾਰ ਇੰਡੀਆ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਬੱਡੀ ਟੀਮ ਇਸ ਮੁਕਾਬਲੇ ਵਿਚ ਹਿੱਸਾ ਲੈਣ ਲਈ ਸੈਕਰਾਮੈਂਟੋ ਪਹੁੰਚ ਰਹੀ ਹੈ। ਇਸ ਤੋਂ ਇਲਾਵਾ ਇੰਗਲੈਂਡ ਕਬੱਡੀ ਫੈਡਰੇਸ਼ਨ (ਯੂ ਕੇ) ਅਤੇ ਇਕ ਟੀਮ ਸਿਐਰਾ ਲਿਓਨ ਤੋਂ ਖਾਸ ਤੌਰ 'ਤੇ ਪਹੁੰਚ ਰਹੀ ਹੈ। ਸਿਐਰਾ ਲਿਓਨ ਦੀ ਟੀਮ ਦੇ ਸਾਰੇ ਖਿਡਾਰੀ ਵਿਦੇਸ਼ੀ ਮੂਲ ਦੇ ਹਨ। ਕੈਨੇਡਾ ਅਤੇ ਅਮਰੀਕਾ ਦੀਆਂ ਕਈ ਟੀਮਾਂ ਇਸ ਕਬੱਡੀ ਮੁਕਾਬਲੇ ਵਿਚ ਹਿੱਸਾ ਲੈਣਗੀਆਂ ਅਤੇ ਇੰਜ ਸੈਕਰਾਮੈਂਟੋ ਵਾਸੀਆਂ ਲਈ ਪੰਜਾਬ ਵਰਗਾ ਮਾਹੌਲ ਸਿਰਜ ਦਿੱਤਾ ਜਾਵੇਗਾ। ਕਬੱਡੀ ਦੇ ਵਿਸ਼ਵ ਪ੍ਰਸਿਧ ਜਾਫੀ ਅਤੇ ਧਾਵੀ ਇਸ ਕਬੱਡੀ ਮੇਲੇ ਵਿਚ ਆਪਣੀ ਹਿੱਕ ਦਾ ਜ਼ੋਰ ਦਿਖਾਉਣਗੇ। ਬੁਲਾਰੇ ਨੇ ਦਾਅਵਾ ਕੀਤਾ ਕਿ ਇਸ ਵਾਰ ਦਾ ਕਬੱਡੀ ਟੂਰਨਾਮੈਂਟ ਇਕ ਮੀਲ ਪੱਥਰ ਦੇ ਤੌਰ 'ਤੇ ਜਾਣਿਆ ਜਾਵੇਗਾ।

ਬੁਲਾਰੇ ਅਨੁਸਾਰ ਲੜਕੀਆਂ ਦੀਆਂ ਦੋ ਕਬੱਡੀ ਟੀਮਾਂ-ਇਕ ਨਿਊ ਯਾਰਕ ਤੋਂ ਅਤੇ ਦੂਜੀ ਮੈਕਸੀਕੋ ਤੋਂ ਪਹੁੰਚਣਗੀਆਂ। ਇਹ ਪਹਿਲਾ ਮੌਕਾ ਹੋਵੇਗਾ ਜਦੋਂ ਵਿਦੇਸ਼ੀ ਲੜਕੀਆਂ ਸੈਕਰਾਮੈਂਟੋ ਵਿਚ ਕਬੱਡੀ ਦੀਆਂ ਧਮਾਲਾਂ ਪਾਉਣਗੀਆਂ। ਇਹ ਕਬੱਡੀ ਮੇਲਾ ਅਸਲ ਵਿਚ ਕਬੱਡੀ ਨੂੰ ਸਮਰਪਿਤ ਹੈ ਅਤੇ ਇਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪ੍ਰੋਮੋਟ ਕਰੇਗਾ।

ਕਲੱਬ ਦੇ ਸੱਦੇ ਨੂੰ ਪ੍ਰਵਾਨ ਕਰਦਿਆਂ ਜਲੰਧਰ ਕੈਂਟ ਤੋਂ ਵਿਧਾਇਕ ਹਾਕੀ ਓਲੰਪੀਅਨ ਪਰਗਟ ਸਿੰਘ, ਨਕੋਦਰ ਤੋਂ ਵਿਧਾਨ ਗੁਰਪ੍ਰਤਾਪ ਸਿੰਘ ਵਡਾਲਾ, ਵਰਲਡ ਕਬੱਡੀ ਕੱਪ ਦੇ ਮੈਂਬਰ ਐਸ ਐਸ ਪੀ ਸ਼ਿਵਦੇਵ ਸਿੰਘ ਅਤੇ ਸੁਰਜਣ ਸਿੰਘ ਚੱਠਾ ਪਹੁੰਚਣ ਵਾਲੀਆਂ ਅਹਿਮ ਸ਼ਖਸੀਅਤਾਂ ਹੋਣਗੀਆਂ। ਕਲੱਬ ਵਲੋਂ ਸਕਿਓਰਿਟੀ ਅਤੇ ਕਾਰ ਪਾਰਕਿੰਗ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਬੀਬੀਆਂ ਦੇ ਬੈਠਣ ਲਈ ਵੱਖਰਾ ਟੈਂਟ ਹੋਵੇਗਾ। ਲੰਗਰ-ਪਾਣੀ ਦਾ ਖੁੱਲ੍ਹਾ ਪ੍ਰਬੰਧ ਹੋਵੇਗਾ। ਚਾਹ-ਪਕੌੜਿਆਂ ਅਤੇ ਪਾਸਤਾ ਦੀ ਸੇਵਾ ਡਾਇਮੰਡ ਕਲੱਬ ਵਲੋਂ, ਪਾਣੀ ਦੀ ਸੇਵਾ ਇਕਬਾਲ ਧਨੋਆ ਅਤੇ ਜਸਬੀਰ ਸਿੰਘ ਸਹੋਤਾ ਵਲੋਂ ਹੋਵੇਗੀ। ਗੁਰੂ ਕੇ ਲੰਗਰ ਦਾ ਪ੍ਰਬੰਧ ਇਕਬਾਲ ਸਿੰਘ ਔਜਲਾ ਕਰਨਗੇ। ਮੂੰਹ ਮਿੱਠਾ ਕਰਨ ਲਈ ਜਲੇਬੀਆਂ ਵੀ ਹੋਣਗੀਆਂ।

ਕਲੱਬ ਵਲੋਂ ਸਮੂਹ ਪੰਜਾਬੀ ਭਾਈਚਾਰੇ ਨੂੰ ਮੇਲੇ ਵਿਚ ਪਹੁੰਚ ਕੇ ਇਸ ਦੀਆਂ ਰੌਣਕਾਂ ਵਧਾਉਣ ਦਾ ਸੱਦਾ ਦਿੱਤਾ ਗਿਆ ਹੈ।




To Advertise with Punjab Times
Call: 847-359-0746
punjabtimesusa.com









# ਸ਼੍ਰੋਮਣੀ ਕਮੇਟੀ ਸੰਭਾਲੇਗੀ ਗੁਰੂ ਗੋਬਿੰਦ ਸਿੰਘ ਦੀਆਂ ਨਿਸ਼ਾਨੀਆਂ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਥੇ ਕਿਲਾ ਮੁਬਾਰਕ ਵਿਚ ਪਿਛਲੇ ਤਕਰੀਬਨ ਚਾਰ ਸਾਲ ਤੋਂ ਬੰਦ ਪਈਆਂ ਸ੍ਰੀ ਗੁਰੂ ਗੋਬਿੰਦ ਸਿੰਘ ਦੀਆਂ ਇਤਿਹਾਸਕ ਤੇ ਨਿੱਜੀ ਵਸਤਾਂ ਦੀ ਸਾਂਭ ਸੰਭਾਲ ਕਰੇਗੀ ਤੇ ਇਨ੍ਹਾਂ ਵਸਤਾਂ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਧਾਰਮਿਕ ਮਰਿਯਾਦਾ ਤਹਿਤ ਲਿਆਂਦਾ ਜਾਵੇਗਾ। ਜ਼ਿਕਰਯੋਗ ਹੈ ਕਿ ਉੱਚ ਅਦਾਲਤ ਦੇ ਇਕ ਫੈਸਲੇ ਮਗਰੋਂ ਇਹ ਇਤਿਹਾਸਕ ਵਸਤਾਂ 2009 ਤੋਂ ਇਥੇ ਕਿਲਾ ਮੁਬਾਰਕ ਦੇ ਬੁਰਜ ਬਾਬਾ ਆਲਾ ਸਿੰਘ ਵਿਖੇ ਪਈਆਂ ਸਨ।



ਪੰਜਾਬ ਸਰਕਾਰ ਨੇ ਇਹ ਵਸਤਾਂ ਧਾਰਮਿਕ ਮਰਿਯਾਦਾ ਦੇ ਅੰਤਰਗਤ ਲਿਆਉਣ ਲਈ ਅਦਾਲਤ ਕੋਲੋਂ ਕੁਝ ਮਹੀਨਿਆਂ ਦਾ ਸਮਾਂ ਮੰਗਿਆ ਸੀ ਪਰ ਸਰਕਾਰ ਦੇ ਅਵੇਸਲਪਣ ਕਾਰਨ ਇਹ ਵਸਤਾਂ ਤਕਰੀਬਨ ਚਾਰ ਸਾਲ ਹੀ ਕਿਲਾ ਮੁਬਾਰਕ ਪਈਆਂ ਰਹੀਆਂ। ਪੰਜਾਬ ਸਰਕਾਰ ਵੱਲੋਂ ਇਨ੍ਹਾਂ ਵਸਤਾਂ ਬਾਰੇ ਲਏ ਗਏ ਤਾਜ਼ਾ ਫੈਸਲੇ ਤਹਿਤ ਇਹ ਇਤਿਹਾਸਕ ਵਸਤਾਂ ਭਾਵੇਂ ਸਰਕਾਰ ਦੀ ਹੀ ਮਾਲਕੀ ਤੇ ਵਿਰਾਸਤ ਰਹਿਣਗੀਆਂ ਪਰ ਅਗਲੇਰੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤੀ ਗਈ ਹੈ ਤੇ ਅਗਲੇ ਮਹੀਨੇ ਅਕਤੂਬਰ ਦੇ ਆਰੰਭ ਵਿਚ ਇਨ੍ਹਾਂ ਵਸਤਾਂ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਸੁਸ਼ੋਭਿਤ ਕਰਨ ਦੀ ਤਿਆਰੀ ਆਰੰਭ ਦਿੱਤੀ ਗਈ ਹੈ।

ਸਭਿਆਚਾਰਕ ਮਾਮਲੇ, ਪੁਰਾਤਤਵ ਤੇ ਅਜਾਇਬ ਘਰ ਵਿਭਾਗ ਪੰਜਾਬ ਦੇ ਡਾਇਰੈਕਟਰ ਨਵਜੋਤਪਾਲ ਸਿੰਘ ਰੰਧਾਵਾ ਮੁਤਾਬਕ ਆਰਕੋਲੋਜੀ ਵਿਭਾਗ ਨਵੀਂ ਦਿੱਲੀ ਦੇ ਮਾਹਿਰਾਂ ਨੇ ਗੁਰੂ ਸਾਹਿਬ ਦੇ ਚੋਲੇ ਸਮੇਤ ਹੋਰ ਵਸਤਾਂ ਨੂੰ ਮਜ਼ਬੂਤ ਦਿੱਖ ਦੇ ਦਿੱਤੀ ਹੈ ਤੇ ਕੈਮੀਕਲ ਤੇ ਰਫੂ ਵਿਧੀ ਨਾਲ ਚੰਗੇਰੀ ਹਾਲਤ ਬਣਾ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਪਹਿਲਾਂ ਇਹ ਵਸਤਾਂ ਸਫ਼ਰ ਵਿਚ ਲਿਜਾਣ ਦੇ ਪੂਰੀ ਤਰ੍ਹਾਂ ਠੀਕ ਨਹੀਂ ਸਨ, ਇਸ ਵਾਸਤੇ ਸਰਕਾਰ ਦਾ ਇਰਾਦਾ ਸੀ ਕਿ ਇਨ੍ਹਾਂ ਵਸਤਾਂ ਨੂੰ ਪਹਿਲਾਂ ਮਜ਼ਬੂਤ ਕੀਤਾ ਜਾਵੇ ਕਿਉਂਕਿ ਬਿਰਧ ਤੇ ਲੰਮੇਰੀ ਉਮਰ ਕਾਰਨ ਇਹ ਵਸਤਾਂ ਕੁਝ ਖੁਰਨ ਤੇ ਭੁਰਨ ਲੱਗ ਪਈਆਂ ਸਨ।

ਜ਼ਿਕਰਯੋਗ ਹੈ ਕਿ ਇਹ ਇਤਿਹਾਸਕ ਤੇ ਧਾਰਮਿਕ ਵਸਤਾਂ 1793 ਵਿਚ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਮਦਮਾ ਸਾਹਿਬ ਵਿਖੇ ਨਾਭਾ ਰਿਆਸਤ ਦੇ ਵਡੇਰਿਆਂ ਨੂੰ ਬਖ਼ਸ਼ਿਸ਼ ਦੇ ਤੌਰ 'ਤੇ ਪ੍ਰਦਾਨ ਕੀਤੀਆਂ ਸਨ। ਉਪਰੰਤ ਕਈ ਉਤਰਾਅ ਚੜ੍ਹਾਅ ਤੇ ਘਟਨਾਕ੍ਰਮ ਮਗਰੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਇਹ ਨਿਸ਼ਾਨੀਆਂ ਪੰਜਾਬ ਸਰਕਾਰ ਦੇ ਸਪੁਰਦ ਕੀਤੀਆਂ ਗਈਆਂ। ਇਨ੍ਹਾਂ ਵਸਤਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਅੰਗ ਸਾਮਾਨ ਸਿਰ ਦੇ ਕੇਸ, ਕੰਘਾ, ਚੋਲਾ, ਤਿੰਨ ਤਲਵਾਰਾਂ ਤੇ ਇਕ ਬਾਣੀ ਆਧਾਰਤ ਹੱਥ ਲਿਖਤ ਪੋਥੀ ਸ਼ਾਮਲ ਹੈ।

ਇਨ੍ਹਾਂ ਦੁਰਲੱਭ ਵਸਤਾਂ ਦੇ ਧਾਰਮਿਕ ਮਰਿਯਾਦਾ ਦੇ ਬਗੈਰ ਕਿਲੇ ਵਿਚ ਬੰਦ ਰੱਖਣ ਖ਼ਿਲਾਫ਼ ਸਿੱਖ ਸੰਗਤ ਵਿਚ ਕਾਫ਼ੀ ਸੀ। ਪਤਾ ਲੱਗਾ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਨ੍ਹਾਂ ਵਸਤਾਂ ਨੂੰ ਜਿਥੇ ਧਾਰਮਿਕ ਮਰਿਯਾਦਾ ਦੇ ਅੰਤਰਗਤ ਟਿਕਾਇਆ ਜਾਵੇਗਾ ਉਥੇ ਸਿੱਖ ਸੰਗਤਾਂ ਇਨ੍ਹਾਂ ਦੇ ਖੁੱਲੇ ਦੀਦਾਰ ਵੀ ਕਰ ਸਕਣਗੀਆਂ। ਪਿਛਲੇ ਦਿਨੀਂ ਪੰਜਾਬ ਸਿੱਖ ਕੌਂਸਲ ਵੱਲੋਂ ਇਸ ਮਾਮਲੇ ਨੂੰ ਅਕਾਲ ਤਖ਼ਤ ਦੇ ਜਥੇਦਾਰ ਕੋਲ ਵੀ ਅਪੜਦਾ ਕੀਤਾ ਗਿਆ ਸੀ।

## ਆਰਥਿਕ ਤੰਗੀ ਤੋਂ ਅੱਕ ਕੇ ਤਿੰਨ ਜੀਆਂ ਵੱਲੋਂ ਖ਼ੁਦਕੁਸ਼ੀ

**ਅੰਬਾਲਾ:** ਆਰਥਿਕ ਤੰਗੀ ਕਾਰਨ ਸ਼ਹਿਰ ਦੇ ਜਗਾਧਰੀ ਗੇਟ ਦੇ ਕਾਜੀਵਾੜਾ ਇਲਾਕੇ ਵਿਚ ਪਤੀ-ਪਤਨੀ ਤੇ ਬੱਚੇ ਨੇ ਸਲਫਾਸ ਖਾ ਕੇ ਖ਼ੁਦਕੁਸ਼ੀ ਕਰ ਲਈ।

ਪਰਿਵਾਰ ਦੇ ਮੁਖੀ ਨੇ ਖ਼ੁਦਕੁਸ਼ੀ ਨੋਟ ਵਿਚ ਲਿਖਿਆ ਹੈ ਕਿ ਉਹ ਬੇਰੁਜ਼ਗਾਰੀ ਤੇ ਆਰਥਿਕ ਤੰਗੀ ਕਰ ਕੇ ਖ਼ੁਦਕੁਸ਼ੀ ਕਰ ਰਹੇ ਹਨ। ਰਾਜੀਵ ਸੱਭਰਵਾਲ (42), ਉਸ ਦੀ ਪਤਨੀ ਰੇਣੂ ਤੇ ਬੇਟਾ ਤੁਸ਼ਾਰ (ਛੇ) ਰਾਤ ਨੂੰ ਆਪਣੇ ਕਮਰੇ ਵਿਚ ਚੰਗੇ-ਭਲੇ ਸੁੱਤੇ ਸਨ; ਸਵੇਰੇ ਜਦੋਂ ਉਹ ਕਾਫੀ ਦੇਰ ਤੱਕ ਨਾ ਉੱਠੇ ਤਾਂ ਰਾਜੀਵ ਦੀ ਮਾਂ ਨੇ ਆਪਣੇ ਵੱਡੇ ਮੁੰਡੇ ਨੂੰ ਦੇਖਣ ਲਈ ਕਿਹਾ। ਉਸ ਨੇ ਪਹਿਲਾਂ ਦਰਵਾਜ਼ਾ ਖੜਕਾਇਆ। ਜਦੋਂ ਕੋਈ ਜਵਾਬ ਨਾ ਮਿਲਿਆ ਤਾਂ ਉਸ ਨੇ ਕੂਲਰ ਦੀ ਬਾਰੀ ਰਾਹੀਂ ਝਾਕ ਕੇ ਵੇਖਿਆ। ਸ਼ੱਕ ਪੈਣ 'ਤੇ ਜਦੋਂ ਘਰ ਦਾ ਦਰਵਾਜ਼ਾ ਤੋੜਿਆ ਤਾਂ ਤਿੰਨੇ ਬੈੱਡ 'ਤੇ ਮਰੇ ਪਏ ਸਨ। ਰਾਜੀਵ ਬੀ.ਏ ਪਾਸ ਸੀ ਤੇ ਪਿਛਲੇ ਦੋ ਸਾਲਾਂ ਤੋਂ ਬੇਰੁਜ਼ਗਾਰ ਸੀ। ਆਮਦਨ ਦਾ ਕੋਈ ਸਾਧਨ ਨਾ ਹੋਣ ਕਰ ਕੇ ਉਸ ਲਈ ਪਰਿਵਾਰ ਚਲਾਉਣਾ ਮੁਸ਼ਕਲ ਹੋ ਗਿਆ ਸੀ। ਲੋਕਾਂ ਕੋਲੋਂ ਲਿਆ ਕਰਜ਼ਾ ਉਹ ਮੋੜ ਨਹੀਂ ਸੀ ਸਕਿਆ।

# ਭਾਈ ਰਾਜੋਆਣਾ ਨਾਲ ਮੁਲਾਕਾਤ ਤੋਂ ਰੋਕਿਆ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਛਾਤੀ ਵਿਚ ਦਰਦ ਕਾਰਨ ਪਟਿਆਲਾ ਜੇਲ੍ਹ ਪ੍ਰਸਾਸ਼ਨ ਨੇ ਲੰਘੇ ਦਿਨੀਂ ਪੀ.ਜੀ.ਆਈ. ਚੰਡੀਗੜ੍ਹ ਵਿਚ ਦਾਖ਼ਲ ਕਰਵਾਇਆ ਸੀ। ਉਨ੍ਹਾਂ ਨੂੰ ਮਿਲਣ ਲਈ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਮੱਲ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ, ਭਾਈ ਜਗਤਾਰ ਸਿੰਘ ਭੈਣੀ ਅਨੰਦਪੁਰ ਸਾਹਿਬ, ਗੁਰਨਾਮ ਸਿੰਘ ਪੀ.ਜੀ.ਆਈ. ਚੰਡੀਗੜ੍ਹ ਗਏ ਪਰ ਉਥੇ ਤਾਇਨਾਤ ਸਟਾਫ਼ ਨੇ ਉਨ੍ਹਾਂ ਦੀ ਭਾਈ ਰਾਜੋਆਣਾ ਨਾਲ ਮੁਲਾਕਾਤ ਨਾ ਹੋਣ ਦਿੱਤੀ। ਇਸੇ ਦੌਰਾਨ ਭਾਈ ਰਾਜੋਆਣਾ ਦੀ ਭੈਣ ਕਮਲਜੀਤ ਕੌਰ ਦੀ ਸਿਰਫ ਦੋ ਮਿੰਟਾਂ ਲਈ ਹੀ ਉਨ੍ਹਾਂ ਨਾਲ ਮੁਲਕਾਤ ਕਰਵਾਈ ਗਈ।



ਭਾਈ ਰਾਜੋਆਣਾ ਨੂੰ ਅਗੇਲ ਦਿਨ ਡਿਸਚਾਰਜ ਕਰਕੇ ਵਾਪਸ ਪਟਿਆਲਾ ਜੇਲ੍ਹ ਭੇਜ ਦਿੱਤਾ ਗਿਆ। ਭਾਈ ਰਾਜੋਆਣਾ ਦੀ ਛਾਤੀ ਵਿਚ ਉੱਠੇ ਤਿੱਖੇ ਦਰਦ ਦੀ ਜੜ੍ਹ ਲੱਭਣ ਲਈ ਕਈ ਟੈਸਟ ਗਏ। ਉਨ੍ਹਾਂ ਦਾ ਇਲਾਜ ਕਰ ਰਹੇ ਪੀ.ਜੀ.ਆਈ. ਦੇ ਦਿਲ ਰੋਗ ਮਾਹਿਰ ਡਾਕਟਰ ਐਸ. ਰੈਡੀ ਨੇ ਦੱਸਿਆ ਕਿ ਟੈਸਟਾਂ ਦੀਆਂ ਰਿਪੋਰਟਾਂ ਵਿਚ ਇਹੀ ਸਾਮਹਣੇ ਆਇਆ ਕਿ ਭਾਈ ਰਾਜੋਆਣਾ ਨੂੰ ਦਿਲ ਦੀ ਕੋਈ ਸਮੱਸਿਆ ਨਹੀਂ ਬਲਕਿ ਉਨ੍ਹਾਂ ਦੇ ਸਰੀਰ ਵਿਚ ਜ਼ਿਆਦਾ ਤੇਜ਼ਾਬ ਬਣਨ (ਗੈਸਟ੍ਰੋ) ਕਾਰਨ ਛਾਤੀ ਵਿਚ ਤੇਜ਼ ਦਰਦ ਉੱਠ ਰਿਹਾ ਸੀ ਪਰ ਹੁਣ ਉਨ੍ਹਾਂ ਦੀ ਹਾਲਤ ਠੀਕ ਹੈ। ਡਾ. ਰੈਡੀ ਅਨੁਸਾਰ ਪੀ.ਜੀ.ਆਈ. ਨੇ ਟੈਸਟ ਪੂਰੇ ਕਰ ਲਏ ਸਨ ਤੇ ਟੈਸਟਾਂ ਦੀ ਰਿਪੋਰਟ ਪੀ.ਜੀ.ਆਈ. ਪ੍ਰਸ਼ਾਸਨ ਨੂੰ ਭੇਜ ਦਿੱਤੀ ਗਈ ਸੀ।

# ਅਕਾਲੀਆਂ ਵੱਲੋਂ ਦੰਗਾ ਪੀੜਤਾਂ ਦੇ ਫੰਡਾਂ ਵਿਚ ਗਬਨ: ਬਾਜਵਾ

**ਚੰਡੀਗੜ੍ਹ:** ਪੰਜਾਬ ਆਗੂਆਂ ਨੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਆਗੂਆਂ ਵੱਲੋਂ 1984 ਦੰਗਾ ਪੀੜਤਾਂ ਲਈ ਦਿੱਤੇ ਫੰਡਾਂ ਦਾ ਗਬਨ ਕਰਨ ਦੇ ਮਾਮਲੇ ਦੀ ਸੀ.ਬੀ.ਆਈ ਜਾਂਚ ਮੰਗੀ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਭੇਜੇ ਪੱਤਰ ਵਿਚ ਕਿਹਾ ਹੈ ਕਿ ਦੰਗਾ ਪੀੜਤਾਂ ਦੀ ਅਗਵਾਈ ਕਰਨ ਵਾਲੇ ਲੁਧਿਆਣਾ ਸਿੱਖ ਮਾਈਗ੍ਰੈਂਟਸ ਵੈਲਫੇਅਰ ਬੋਰਡ ਨੇ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਹੈ ਕਿ ਪੰਜਾਬ ਦੀ ਸੱਤਾਧਾਰੀ ਪਾਰਟੀ ਦੇ ਆਗੂਆਂ ਦੀ ਸ਼ਹਿ 'ਤੇ ਜਾਅਲੀ ਪਛਾਣ ਪੱਤਰਾਂ ਦੇ ਸਹਾਰੇ ਇਨ੍ਹਾਂ ਫੰਡਾਂ ਵਿਚ ਵੱਡੇ ਪੱਧਰ 'ਤੇ ਘੁਟਾਲਾ ਹੋਇਆ ਹੈ।

ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਦੇ 6 ਜਨਵਰੀ, 2006 ਦੇ ਸਰਕੂਲਰ ਮੁਤਾਬਕ 22000 ਦੰਗਾ ਪੀੜਤ ਪਰਿਵਾਰਾਂ ਨੂੰ ਦੋ ਲੱਖ ਰੁਪਏ ਪ੍ਰਤੀ ਪਰਿਵਾਰ ਮੁੜ ਵਸੇਬਾ ਗ੍ਰਾਂਟ ਦੇਣੀ ਸੀ। ਪੰਜਾਬ ਸਰਕਾਰ ਨੇ ਪੀੜਤਾਂ ਨੂੰ ਲਾਲ ਕਾਰਡ ਮੁਹੱਈਆ ਕਰਵਾਉਣੇ ਸਨ ਤੇ ਇਸ ਆਧਾਰ 'ਤੇ ਭਾਰਤ ਸਰਕਾਰ ਵੱਲੋਂ ਗ੍ਰਾਂਟਾਂ 'ਤੇ ਲਾਭ ਦਿੱਤੇ ਜਾਣੇ ਸਨ। ਉਨ੍ਹਾਂ ਕਿਹਾ ਕਿ ਲੁਧਿਆਣਾ ਸਿੱਖ ਮਾਈਗ੍ਰੈਂਟਸ ਵੈਲਫੇਅਰ ਬੋਰਡ ਵੱਲੋਂ ਕੀਤੀ ਸ਼ਿਕਾਇਤ 'ਤੇ ਪੰਜਾਬ ਸਰਕਾਰ ਵੱਲੋਂ ਕਰਵਾਈ ਵਿਜੀਲੈਂਸ ਜਾਂਚ ਵਿਚ ਖ਼ੁਲਾਸਾ ਹੋਇਆ ਕਿ ਦੋ ਲੱਖ ਰੁਪਏ ਪ੍ਰਤੀ ਪਰਿਵਾਰ ਮੁੜ ਵਸੇਬਾ ਭੱਤਾ ਦੇਣ ਦੇ ਮਾਮਲੇ ਵਿਚ ਜਾਅਲੀ ਪਛਾਣ ਪੱਤਰ ਜਾਰੀ ਕੀਤੇ ਗਏ ਸਨ।

ਫਿਰ ਸਟਾਫ ਦੀ ਘਾਟ ਦਾ ਹੈਰਾਨੀਜਨਕ ਬਹਾਨਾ ਬਣਾ ਕੇ ਵਿਜੀਲੈਂਸ ਜਾਂਚ ਬੰਦ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਕਈ ਸਾਲ ਇਹ ਮਾਮਲਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਵੀ ਚੱਲਿਆ ਹੈ ਪਰ ਪੰਜਾਬ ਸਰਕਾਰ ਦੋਸ਼ੀਆਂ ਨੂੰ ਸਾਹਮਣੇ ਲਿਆਉਣ ਅਤੇ ਯੋਗ ਵਿਅਕਤੀਆਂ ਤੱਕ ਇਹ ਰਾਸ਼ੀ ਪਹੁੰਚਾਉਣ ਵਿਚ ਨਾਕਾਮਯਾਬ ਰਹੀ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਅਜਿਹੇ ਹਾਲਾਤ ਵਿਚ ਮਾਮਲਾ ਸੀ.ਬੀ.ਆਈ ਦੇ ਹੱਥ ਸੌਂਪਣ ਦੀ ਅਪੀਲ ਕੀਤੀ ਹੈ।

## ਸਾਬਕਾ ਅਕਾਲੀ ਵਿਧਾਇਕ ਲੋਪੋਕੇ ਨੂੰ ਕੈਦ

**ਅੰਮ੍ਰਿਤਸਰ:** ਅਦਾਲਤ ਨੇ ਮਾਣਹਾਨੀ ਦੇ ਕੇਸ ਵਿਚ ਸਾਬਕਾ ਅਕਾਲੀ ਵਿਧਾਇਕ ਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਵੀਰ ਸਿੰਘ ਲੋਪੋਕੇ ਨੂੰ ਇਕ ਸਾਲ ਦੀ ਕੈਦ ਤੇ ਪੰਜ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ। ਮਾਣਹਾਨੀ ਦਾ ਇਹ ਦਾਅਵਾ ਰਾਜਾਸਾਂਸੀ ਵਿਧਾਨ ਸਭਾ ਹਲਕੇ ਦੇ ਕਾਂਗਰਸੀ ਵਿਧਾਇਕ ਸੁਖਬਿੰਦਰ ਸਿੰਘ ਸੁਖ ਸਰਕਾਰੀਆ ਵੱਲੋਂ ਦਾਇਰ ਕੀਤਾ ਹੋਇਆ ਸੀ।

13 ਫਰਵਰੀ 2007 ਨੂੰ ਅਖ਼ਬਾਰਾਂ ਵਿਚ ਦਿੱਤੇ ਗਏ ਇਸ਼ਤਿਹਾਰ ਵਿਚ ਅਕਾਲੀ ਆਗੂ ਵੱਲੋਂ ਕਾਂਗਰਸੀ ਵਿਧਾਇਕ ਖ਼ਿਲਾਫ਼ ਇਤਰਾਜ਼ਯੋਗ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਸੀ ਜਿਸ ਦੇ ਆਧਾਰ 'ਤੇ ਸ. ਸਰਕਾਰੀਆ ਨੇ ਲੋਪੋਕੇ ਦੇ ਖਿਲਾਫ਼ ਸੀ.ਜੇ.ਐਮ ਦੀ ਅਦਾਲਤ ਵਿਚ ਕੇਸ ਦਾਇਰ ਕੀਤਾ ਸੀ। ਸ. ਸਰਕਾਰੀਆ ਦੇ ਵਕੀਲ ਅਮਰਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਚੋਣਾਂ ਦੇ ਦਿਨਾਂ ਵਿਚ ਇਸ਼ਤਿਹਾਰ ਰਾਹੀਂ ਵਰਤੀ ਗਈ ਇਹ ਸ਼ਬਦਾਵਲੀ ਵਧੇਰੇ ਇਤਰਾਜ਼ਯੋਗ ਸੀ ਜੋ ਸ. ਸਰਕਾਰੀਆ ਦੀ ਦਿੱਖ ਨੂੰ ਨੁਕਸਾਨ ਪਹੁੰਚਾਉਂਦੀ ਸੀ।

ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ ਮਗਰੋਂ ਸ. ਲੋਪੋਕੇ ਨੂੰ ਇਕ ਸਾਲ ਦੀ ਕੈਦ ਤੇ ਪੰਜ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਦਾ ਫੈਸਲਾ ਸੁਣਾਇਆ ਹੈ। ਅਦਾਲਤ ਦੇ ਫੈਸਲੇ ਮਗਰੋਂ ਸ. ਲੋਪੋਕੇ ਨੇ ਆਪਣੀ ਜ਼ਮਾਨਤ ਕਰਵਾ ਲਈ ਹੈ ਤੇ ਹੁਣ ਉਨ੍ਹਾਂ ਵੱਲੋਂ ਇਸ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਜਾਵੇਗੀ।

# ਗੁਰੂ ਗੋਬਿੰਦ ਸਿੰਘ ਦੀ ਚਰਨਛੋਹ ਵਾਲੇ ਕਿਲੇ ਦੀ ਅਣਦੇਖੀ

**ਰੂਪਨਗਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪੰਜਾਬ ਸਰਕਾਰ ਦੀ ਅਣਦੇਖੀ ਕਾਰਨ ਜ਼ਿਲ੍ਹੇ ਦੇ ਪਿੰਡ ਕੋਟਲਾ ਨਿਹੰਗ ਵਿਚ ਗੁਰੂ ਗੋਬਿੰਦ ਸਿੰਘ ਦੀ ਚਰਨਛੋਹ ਪ੍ਰਾਪਤ ਇਤਿਹਾਸਕ ਨਿਹੰਗ ਖਾਂ ਦਾ ਕਿਲਾ ਖੰਡਰ ਬਣਦਾ ਜਾ ਰਿਹਾ ਹੈ। ਇਸ ਕਿਲੇ ਬਾਰੇ ਮਾਮਲਾ ਸ਼੍ਰੋਮਣੀ ਕਮੇਟੀ ਦੇ ਧਿਆਨ ਵਿਚ ਆਉਣ ਦੇ ਬਾਵਜੂਦ ਅਜੇ ਤੱਕ ਕਮੇਟੀ ਹੱਥ 'ਤੇ ਹੱਥ ਧਰੀ ਬੈਠੀ ਹੈ। ਦੇਸ਼ ਦੀ ਵੰਡ ਤੋਂ ਪਹਿਲਾਂ ਕਿਲੇ ਵਿਚ ਨਿਹੰਗ ਖਾਂ ਦੇ ਵਾਰਸ ਰਹਿੰਦੇ ਸਨ ਪਰ ਵੰਡ ਮਗਰੋਂ ਉਹ ਪਾਕਿਸਤਾਨ ਚਲੇ ਗਏ। ਬਾਅਦ ਵਿਚ ਕਿਲੇ ਵਾਲੀ ਇਹ ਇਤਿਹਾਸਕ ਜਗ੍ਹਾ ਸਰਕਾਰ ਵੱਲੋਂ ਇਕ ਪਰਿਵਾਰ ਨੂੰ ਅਲਾਟ ਕਰ ਦਿੱਤੀ ਗਈ ਤੇ ਸ਼੍ਰੋਮਣੀ ਕਮੇਟੀ ਜਾਂ ਕਿਸੇ ਹੋਰ ਸੰਸਥਾ ਨੇ ਇਸ ਪਾਸੇ ਕੋਈ ਧਿਆਨ ਨਾ ਦਿੱਤਾ। ਹੁਣ ਇਹ ਅਲਾਟੀਆਂ ਦੇ ਕਬਜ਼ੇ ਵਿਚ ਹੈ। ਕਿਲੇ ਦੀ ਇਮਾਰਤ ਦਾ ਬਚਿਆ ਕੁਝ ਹਿੱਸਾ ਖਸਤਾ ਹਾਲਤ ਵਿਚ ਮਹਾਨ ਇਤਿਹਾਸਕ ਯਾਦਾਂ ਸਮੋਈ ਬੈਠਾ ਹੈ। ਨਿਹੰਗ ਖਾਂ ਦੇ ਪਰਿਵਾਰ ਨੇ ਆਪਣੇ ਆਪ ਨੂੰ ਮੁਸੀਬਤ ਵਿਚ ਪਾ ਕੇ ਗੁਰੂ ਗੋਬਿੰਦ ਸਿੰਘ ਦਾ ਔਖੀ ਘੜੀ ਵਿਚ ਦਾ ਸਾਥ ਦਿੱਤਾ।

### ਸ਼੍ਰੋਮਣੀ ਕਮੇਟੀ ਦੀ ਵੀ ਲਾਪ੍ਰਵਾਹੀ



ਗੁਰੂ ਜੀ ਨਿਹੰਗ ਖਾਂ ਦੇ ਕਿਲੇ ਵਿਚ ਤਿੰਨ ਵਾਰ ਗਏ। ਸਭ ਤੋਂ ਪਹਿਲਾ ਭੰਗਾਣੀ ਦਾ ਯੁੱਧ ਜਿੱਤ ਕੇ ਵਾਪਸ ਆਨੰਦਪੁਰ ਜਾਂਦੇ ਹੋਏ ਗੁਰੂ ਜੀ ਇਸ ਕਿਲੇ ਵਿਚ ਗਏ। ਇਸ ਤੋਂ ਬਾਅਦ ਨਿਹੰਗ ਖਾਂ ਦੇ ਪੁੱਤਰ ਆਲਮ ਖਾਂ ਦੀ ਮੰਗਣੀ ਮੌਕੇ ਗੁਰੂ ਜੀ ਇਥੇ ਆਏ।ਇਸ ਤੋਂ ਇਲਾਵਾ ਜਦੋਂ ਭਾਈ ਬਚਿੱਤਰ ਸਿੰਘ ਲੜਾਈ ਲੜਦਿਆਂ ਜ਼ਖ਼ਮੀ ਹੋ ਗਏ ਸਨ ਤਾਂ ਨਿਹੰਗ ਖਾਂ ਦੇ ਪਰਿਵਾਰ ਨੇ ਮੁਗਲ ਫੌਜਾਂ ਦੀ ਪ੍ਰਵਾਹ ਨਾ ਕਰਦੇ ਹੋਏ ਸੇਵਾ ਸੰਭਾਲ ਕੀਤੀ ਸੀ ਤਾਂ ਤੀਜੀ ਵਾਰ ਗੁਰੂ ਜੀ ਭਾਈ ਬਚਿੱਤਰ ਸਿੰਘ ਦਾ ਹਾਲ-ਚਾਲ ਪੁੱਛਣ ਲਈ ਕਿਲੇ ਵਿਚ ਗਏ ਤੇ ਸਾਰਾ ਦਿਨ ਉਥੇ ਰਹੇ।

ਨਿਹੰਗ ਖਾਂ ਦੇ ਪਰਿਵਾਰ ਦੀ ਮੰਗ 'ਤੇ ਗੁਰੂ ਜੀ ਨੇ ਇਸ ਪਰਿਵਾਰ ਦੀ ਦਲੇਰੀ ਤੇ ਸਿਦਕਦਿਲੀ ਤੋਂ ਖੁਸ਼ ਹੋ ਤਿੰਨ ਸ਼ਾਸਤਰ ਸ੍ਰੀ ਸਾਹਿਬ, ਕਟਾਰ ਤੇ ਗੈਂਡੇ ਦੀ ਢਾਲ ਇਸ ਪਰਿਵਾਰ ਨੂੰ ਭੇਟ ਕੀਤੇ ਜਿਨ੍ਹਾਂ ਨੂੰ ਇਸ ਪਰਿਵਾਰ ਨੇ ਸਤਿਕਾਰ ਨਾਲ ਕਿਲੇ ਵਿਚ ਸਾਂਭ ਕੇ ਰੱਖਿਆ। 1947 ਦੀ ਵੰਡ ਸਮੇਂ ਨਿਹੰਗ ਖਾਂ ਦੀ ਪੀੜ੍ਹੀ ਦੇ ਵੱਡੇ ਖਾਨ ਸਾਹਿਬ ਸ਼ੌਕਤ ਅਲੀ ਖਾਂ ਨੇ ਗੁਰਦੁਆਰਾ ਭੱਠਾ ਸਾਹਿਬ ਦੇ ਮਹੰਤ ਹਰਨਾਮ ਸਿੰਘ ਨੂੰ ਗੁਰੂ ਨਾਲ ਸਬੰਧਤ ਤਿੰਨ ਸ਼ਾਸਤਰ ਦੇ ਗਏ ਤੇ ਇਸ ਮਗਰੋਂ ਇਸ ਪਰਿਵਾਰ ਨਾਲ ਸੰਪਰਕ ਨਹੀਂ ਹੋਇਆ। ਇਸੇ ਪਰਿਵਾਰ ਦੀ ਉਮਰੀ ਜੋ ਨਿਹੰਗ ਖਾਂ ਦੀ ਭੂਆ ਸੀ, ਦੇ ਪੁੱਤਰਾਂ ਨਬੀ ਖਾਂ ਤੇ ਗਨੀ ਖਾਂ ਨੇ ਮਾਛੀਵਾੜੇ ਦੇ ਜੰਗਲਾਂ ਵਿਚ ਗੁਰੂ ਗੋਬਿੰਦ ਸਿੰਘ ਨੂੰ ਸੁਰੱਖਿਅਤ ਥਾਂ 'ਤੇ ਪਹੁੰਚਾਇਆ ਸੀ। ਇਸ ਕਰਕੇ ਇਸ ਪਰਿਵਾਰ ਦੀ ਸਿੱਖ ਧਰਮ ਲਈ ਵੱਡੀ ਦੇਣ ਹੈ।

ਇਸ ਇਤਿਹਾਸਕ ਧ੍ਰੋਹਰ ਨੂੰ ਬਚਾਉਣ ਲਈ ਕੋਸ਼ਿਸ਼ਾਂ ਕਰ ਰਹੇ ਸਥਾਨਕ ਕੁਝ ਲੋਕਾਂ ਦਾ ਕਹਿਣਾ ਹੈ ਕਿ ਨਿਹੰਗ ਖਾਂ ਦੇ ਪਰਿਵਾਰ ਨੇ ਆਪਣੇ ਆਪ ਨੂੰ ਖ਼ਤਰੇ ਵਿਚ ਪਾ ਕੇ ਗੁਰੂ ਗੋਬਿੰਦ ਸਿੰਘ ਦੀ ਮਦਦ ਕੀਤੀ। ਗੁਰੂ ਜੀ ਪਿੰਡ ਦੇ ਵਿਚਕਾਰ ਬਣੇ ਇਸ ਕਿਲੇ ਵਿਚ ਖ਼ੁਦ ਤਿੰਨ ਵਾਰ ਆਏ ਜਿਸ ਨਾਲ ਇਸ ਸਥਾਨ ਦੀ ਮਹੱਤਤਾ ਵਧ ਜਾਂਦੀ ਹੈ ਤੇ ਇਸ ਢੇਰੀ ਹੋ ਰਹੇ ਕਿਲੇ ਦੀ ਬਚੀ ਇਮਾਰਤ ਦੀ ਸੰਭਾਲ ਬਹੁਤ ਜ਼ਰੂਰੀ ਹੈ।

ਸੰਗਤਾਂ ਵੱਲੋਂ ਲੰਮੇ ਸਮੇਂ ਤੋਂ ਇਸ ਨੂੰ ਸਿੱਖ ਵਿਰਾਸਤ ਐਲਾਨ ਕੇ ਇਸ ਜਗ੍ਹਾ ਨੂੰ ਮੌਜੂਦਾ ਮਾਲਕਾਂ ਤੋਂ ਖਰੀਦ ਕੇ ਸੰਭਾਲਣ ਤੇ ਕਿਲੇ ਵਾਲੀ ਇਮਾਰਤ ਨੂੰ ਟੋਡਰ ਮੱਲ ਦੀ ਹਵੇਲੀ ਦੀ ਤਰ੍ਹਾਂ ਸੰਭਾਲਣ ਦੀ ਕੀਤੀ ਜਾ ਰਹੀ ਮੰਗ ਪਿੱਛੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਦੋ ਸਾਲ ਪਹਿਲਾਂ ਇਸ ਲਈ ਪੰਜ ਮੈਂਬਰੀ ਕਮੇਟੀ ਦਾ ਗਠਨ ਵੀ ਕੀਤਾ ਸੀ ਪਰ ਇਸ ਕਮੇਟੀ ਦੀ ਸੁਸਤ ਕਾਰਗੁਜ਼ਾਰੀ ਕਾਰਨ ਅਜੇ ਕੋਈ ਕਾਰਗਰ ਸਿੱਟੇ ਸਾਹਮਣੇ ਨਹੀਂ ਆ ਸਕੇ।

ਇਸ ਕਮੇਟੀ ਦੇ ਮੈਂਬਰ ਪਰਮਜੀਤ ਸਿੰਘ ਲੱਖੇਵਾਲ ਮੁਤਾਬਕ ਕਿਲੇ ਦੀ ਮਲਕੀਅਤ ਵਾਲਾ ਪਰਿਵਾਰ ਅਮਰੀਕਾ ਵਿਚ ਰਹਿੰਦਾ ਹੈ ਤੇ ਉਨ੍ਹਾਂ ਦੇ ਇਧਰ ਰਹਿੰਦੇ ਰਿਸ਼ਤੇਦਾਰਾਂ ਰਾਹੀਂ ਕਿਲੇ ਨੂੰ ਹਾਸਲ ਕਰਨ ਬਾਰੇ ਗੱਲਬਾਤ ਕੀਤੀ ਗਈ ਹੈ। ਇਸ ਤੋਂ ਉਨ੍ਹਾਂ ਨੂੰ ਨਾਲ ਲੈ ਕੇ ਕਿਲੇ ਵਾਲੀ ਥਾਂ ਦਾ ਦੌਰਾ ਕੀਤਾ ਗਿਆ ਸੀ ਤੇ ਇਸ ਦੀ ਕੀਮਤ ਬਾਰੇ ਬਾਰੇ ਵੀ ਗੱਲਬਾਤ ਹੋਈ ਹੈ। ਉਹ ਛੇਤੀ ਹੀ ਇਸ ਦੀ ਕੀਮਤ ਬਾਰੇ ਤੇ ਹੋਰ ਜਾਣਕਾਰੀਆਂ ਕਮੇਟੀ ਦੇ ਪ੍ਰਧਾਨ ਨੂੰ ਮਿਲ ਕੇ ਉਨ੍ਹਾਂ ਦੇ ਧਿਆਨ ਵਿਚ ਲਿਆਉਣਗੇ।

# ਗੁਰਦੁਆਰਾ ਸੁਧਾਰ ਕਮੇਟੀ ਦੀ ਇਕ ਹੋਰ ਕਾਨੂੰਨੀ ਜਿੱਤ

## *ਗੁਰਦੁਆਰਾ ਸੈਨ ਹੋਜ਼ੇ ਦੇ ਕੇਸ ਵਿਚ ਦਖਲ ਦੇਣ ਵਾਲੀ ਧਿਰ ਦੀ ਨਜ਼ਰਸਾਨੀ ਦਰਖਾਸਤ ਰੱਦ*

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕੀ ਮਾਮਲਿਆਂ ਨੂੰ ਲੈ ਕੇ ਤਕਰੀਬਨ ਢਾਈ ਸਾਲ ਤੋਂ ਚਲ ਰਹੇ ਅਦਾਲਤੀ ਕੇਸ ਨੇ ਉਦੋਂ ਇਕ ਅਹਿਮ ਮੋੜ ਲਿਆ ਜਦੋਂ ਦਖਲ ਦੇਣ ਵਾਲੀ ਤੀਜੀ ਧਿਰ-ਗੁਰਦੇਵ ਸਿੰਘ ਤੀਰ, ਲਖਵਿੰਦਰ ਸਿੰਘ ਸ਼ਾਹੀ, ਰਣਜੀਤ ਸਿੰਘ ਰਾਏ ਅਤੇ ਗੁਰਪ੍ਰੀਤ ਕੌਰ ਦੀ ਨਜ਼ਰਸਾਨੀ ਦਰਖਾਸਤ ਮਾਨਯੋਗ ਜੱਜ ਸੌਕਰੇਟੀਜ਼ ਮਨੂਕੀਅਨ ਨੇ ਨਾ ਸਿਰਫ ਰੱਦ ਹੀ ਕੀਤੀ ਸਗੋਂ 986.25 ਡਾਲਰ ਹੋਰ ਹਰਜ਼ਾਨਾ ਵੀ ਪਾ ਦਿੱਤਾ। ਅਜੇ ਪਿਛਲੇ ਜੁਲਾਈ ਮਹੀਨੇ ਵਿਚ ਹੀ ਮਾਨਯੋਗ ਜੱਜ ਨੇ ਇਨ੍ਹਾਂ ਦੇ ਖਿਲਾਫ ਦੋ ਫੈਸਲੇ ਦਿੱਤੇ ਸਨ ਅਤੇ 2500 ਡਾਲਰ ਦਾ ਹਰਜ਼ਾਨਾ ਪਾਇਆ ਸੀ।

ਜ਼ਿਕਰਯੋਗ ਹੈ ਕਿ ਇਸ ਮਾਮਲੇ ਦੀ ਸੁਣਵਾਈ ਕਰਦਿਆਂ ਨਵੰਬਰ 2012 ਵਿਚ ਸੈਂਟਾ ਕਲਾਰਾ ਸੁਪੀਰੀਅਰ ਕੋਰਟ ਦੇ ਮਾਨਯੋਗ ਜੱਜ ਵੁਡਹਾਊਸ ਨੇ ਕਾਨੂੰਨੀ ਖੋਜ ਖੋਹਲਣ ਦਾ ਫੈਸਲਾ ਸੁਣਾਇਆ ਸੀ ਤਾਂ ਕਿ ਦਖਲ ਦੇਣ ਵਾਲੀ ਧਿਰ ਗੁਰਦੁਆਰਾ ਸੁਧਾਰ ਕਮੇਟੀ (ਮੁਦਈ ਧਿਰ) ਦੇ ਵਕੀਲ ਮਾਰਕ ਕੋਹਨ ਦੇ ਸੁਆਲਾਂ ਦੇ ਜੁਆਬ ਦੇਵੇ ਅਤੇ ਲੋੜੀਂਦੇ ਦਸਤਾਵੇਜ਼ ਮੁਹਈਆ ਕਰੇ, ਪਰ ਦਖਲ ਦੇਣ ਵਾਲੀ ਧਿਰ ਤੇ ਉਨ੍ਹਾਂ ਦੇ ਵਕੀਲ ਐਰਿਕ ਹਾਰਟਮੈਨ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ ਸੀ।

ਗੁਰਦੁਆਰਾ ਸੁਧਾਰ ਕਮੇਟੀ ਨੇ ਜਜ ਵੁਡਹਾਊਸ ਦੇ ਫੈਸਲੇ ਨੂੰ ਲਾਗੂ ਕਰਵਾਉਣ ਵਾਸਤੇ ਦੋ ਦਰਖਾਸਤਾਂ ਛੇ ਕੁ ਮਹੀਨੇ ਪਹਿਲਾਂ ਦਖਲ ਦੇਣ ਵਾਲੀ ਧਿਰ ਅਤੇ ਉਨ੍ਹਾਂ ਦੇ ਵਕੀਲ ਐਰਿਕ ਹਾਰਟਮੈਨ ਦੇ ਖਿਲਾਫ ਸੈਂਟਾ ਕਲਾਰਾ ਸੁਪੀਰੀਅਰ ਕੋਰਟ ਦੇ ਜੱਜ ਸੌਕਰੇਟੀਜ਼ ਮਨੂਕੀਅਨ ਦੀ ਅਦਾਲਤ ਵਿਚ ਦਿੱਤੀਆਂ ਸਨ ਜਿਨ੍ਹਾਂ ਦੀ ਸੁਣਵਾਈ 12 ਅਪਰੈਲ 2013 ਨੂੰ ਹੋਈ ਸੀ। ਅਦਾਲਤ ਨੇ ਸਾਰਾ ਕੇਸ ਸੁਣਨ ਪਿਛੋਂ ਪਿਛਲੀ ਜੁਲਾਈ ਵਿਚ ਗੁਰਦੁਆਰਾ ਸੁਧਾਰ ਕਮੇਟੀ ਦੀਆਂ ਦੋਵੇਂ ਦਰਖਾਸਤਾਂ ਮਨਜ਼ੂਰ ਕਰ ਕੇ ਦਖਲ ਦੇਣ ਵਾਲੀ ਧਿਰ ਅਤੇ ਇਨ੍ਹਾਂ ਦੇ ਵਕੀਲ ਹਾਰਟਮੈਨ ਨੂੰ 2500 ਡਾਲਰ ਦਾ ਹਰਜ਼ਾਨਾ ਲਾਇਆ ਸੀ। ਇਸ ਪਿਛੋਂ ਦਖਲ ਦੇਣ ਵਾਲੀ ਧਿਰ ਨੇ ਉਸ ਫੈਸਲੇ 'ਤੇ ਨਜ਼ਰਸਾਨੀ ਦੀ ਦਰਖਾਸਤ ਜੱਜ ਸੌਕਰੇਟੀਜ਼ ਮਨੂਕੀਅਨ ਦੀ ਅਦਾਲਤ ਵਿਚ ਦਿੱਤੀ ਸੀ। ਅਦਾਲਤ ਨੇ 16 ਸਤੰਬਰ 2013 ਨੂੰ ਦਿਤੇ ਆਪਣੇ ਫੈਸਲੇ ਵਿਚ ਉਹ ਦਰਖਾਸਤ ਰੱਦ ਕਰਦਿਆਂ ਇਸ ਧਿਰ ਅਤੇ ਇਸ ਦੇ ਵਕੀਲ ਨੂੰ ਹੋਰ 986.25 ਡਾਲਰ ਹਰਜ਼ਾਨਾ ਪਾ ਦਿੱਤਾ।

ਮਾਣਯੋਗ ਜੱਜ ਮਨੂਕੀਅਨ ਨੇ ਆਪਣੇ ਫੈਸਲੇ ਵਿਚ ਲਿਖਿਆ ਹੈ, "ਦਖਲ ਦੇਣ ਵਾਲੀ ਧਿਰ ਨੇ ਕੋਈ ਵੀ ਨਵੇਂ ਤੱਥ, ਹਾਲਾਤ ਜਾਂ ਕਾਨੂੰਨ ਦਾ ਹਵਾਲਾ ਨਹੀਂ ਦਿੱਤਾ ਜਿਹਦੇ ਆਧਾਰ 'ਤੇ 12 ਅਪਰੈਲ 2013 ਦੀ ਸੁਣਵਾਈ 'ਤੇ ਨਜ਼ਰਸਾਨੀ ਕੀਤੀ ਜਾ ਸਕੇ।" ਅਦਾਲਤ ਨੇ ਦਖਲ ਦੇਣ ਵਾਲੀ ਧਿਰ ਨੂੰ ਇਸ ਫੈਸਲੇ ਨੂੰ ਫਾਈਲ ਕਰਨ ਦੇ 20 ਦਿਨਾਂ ਦੇ ਅੰਦਰ ਹਰਜ਼ਾਨੇ ਦੀ ਰਕਮ ਮੁੱਦਈ ਧਿਰ ਦੇ ਵਕੀਲ ਪਾਸ ਜਮਾਂ ਕਰਵਾਉਣ ਦਾ ਹੁਕਮ ਸੁਣਾਇਆ ਹੈ।

ਇਸੇ ਦੌਰਾਨ ਗੁਰਦੁਆਰਾ ਸੁਧਾਰ ਕਮੇਟੀ ਦੇ ਬੁਲਾਰੇ ਡਾ. ਤਰਲੋਚਨ ਸਿੰਘ ਨਾਹਲ ਨੇ ਕਿਹਾ ਹੈ ਕਿ ਗੁਰਦੁਆਰਾ ਸੁਧਾਰ ਕਮੇਟੀ ਨੇ ਹਮੇਸ਼ਾਂ ਸੰਗਤਾਂ ਦੇ ਹੱਕਾਂ ਦੀ ਰਾਖੀ ਕੀਤੀ ਹੈ ਅਤੇ ਕਰਦੀ ਰਹੇਗੀ। ਉਨ੍ਹਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਕੀਤੀ ਕਿ ਸੰਗਤਾਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਜਲਦ ਤੋਂ ਜਲਦ ਚੋਣਾਂ ਕਰਵਾਉਣ।

ਉਨ੍ਹਾਂ ਚੇਤੇ ਕਰਵਾਇਆ ਕਿ ਗੁਰਦੁਆਰਾ ਪ੍ਰਬੰਧ ਉਤੇ ਕਾਬਜ਼ ਧੜੇ ਨੇ ਰਜਿਸਟਰਡ ਮੈਂਬਰਾਂ ਨੂੰ ਸਹੀ ਤਰੀਕੇ ਨਾਲ ਸੂਚਿਤ ਕੀਤੇ ਬਿਨਾ ਹੀ ਆਪਣੇ ਆਪ ਨੂੰ ਚੁਣ ਲਿਆ ਸੀ ਅਤੇ ਗੁਰਦੁਆਰਾ ਕਮੇਟੀ ਦੇ ਵਿਧਾਨ ਵਿਚ ਸੋਧ ਕਰਕੇ ਆਪਣੇ ਆਪ ਨੂੰ ਪ੍ਰਬੰਧ 'ਤੇ ਉਮਰ ਭਰ ਲਈ ਬਣਾਈ ਰੱਖਣ ਲਈ ਯਤਨ ਕੀਤਾ ਸੀ ਜਿਸ ਵਿਰੁਧ ਗੁਰਦੁਆਰਾ ਸੁਧਾਰ ਕਮੇਟੀ ਨੇ ਅਦਾਲਤ ਵਿਚ ਕੇਸ ਕੀਤਾ ਅਤੇ ਜੁਲਾਈ 2011 ਵਿਚ ਕੇਸ ਜਿੱਤ ਲਿਆ। ਜੱਜ ਵੁਡਹਾਊਸ ਨੇ ਕਾਬਜ ਕਮੇਟੀ ਦੀ ਸਾਰੀ ਕਰਵਾਈ ਨੂੰ ਰੱਦ ਕਰ ਕੇ ਚੋਣਾਂ ਕਰਾਉਣ, ਵੋਟਰ ਲਿਸਟ ਗੁਰਦੁਆਰਾ ਸੁਧਾਰ ਕਮੇਟੀ ਅਤੇ ਕਿਸੇ ਵੀ ਉਮੀਦਵਾਰ ਨੂੰ 22 ਜੁਲਾਈ 2011 ਤਕ ਦੇਣ ਦਾ ਹੁਕਮ ਦਿੱਤਾ ਸੀ। ਅਦਾਲਤ ਦੇ ਇਸ ਫੈਸਲੇ ਪਿਛੋਂ ਤੀਜੀ ਧਿਰ ਨੇ ਦਖਲ ਦਿੰਦਿਆਂ ਪ੍ਰਾਈਵੇਸੀ ਦੇ ਆਧਾਰ ਉਤੇ ਵੋਟਰ ਲਿਸਟਾਂ ਉਮੀਦਵਾਰਾਂ ਨੂੰ ਦਿੱਤੇ ਜਾਣ ਲਈ ਕੇਸ ਕਰ ਦਿਤਾ ਸੀ।

## ਪੰਜਾਬ 'ਚ ਭਾਜਪਾ ਮੰਤਰੀਆਂ ਦੇ ਬਦਲੇ ਵਿਭਾਗ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਮੰਤਰੀ ਮੰਡਲ ਵਿਚਲੇ ਭਾਜਪਾ ਨਾਲ ਸਬੰਧਤ ਮੰਤਰੀਆਂ ਦੇ ਤਬਾਦਲੇ ਕਰ ਦਿੱਤੇ। ਉਨ੍ਹਾਂ ਨੇ ਇਹ ਫੇਰ-ਬਦਲ ਭਾਜਪਾ ਦੇ ਕੌਮੀ ਪ੍ਰਧਾਨ ਰਾਜਨਾਥ ਸਿੰਘ ਨਾਲ ਹੋਈ ਗੱਲਬਾਤ ਤੋਂ ਬਾਅਦ ਕੀਤਾ। ਯਾਦ ਰਹੇ ਕਿ ਕਾਫੀ ਸਮੇਂ ਤੋਂ ਭਾਜਪਾ ਦੇ ਕੁਝ ਮੰਤਰੀਆਂ ਦੀ ਕਾਰਗੁਜ਼ਾਰੀ ਤੋਂ ਪਾਰਟੀ ਦਾ ਕੇਡਰ ਵੀ ਖਫ਼ਾ ਸੀ।

ਇਸ ਰੱਦੋ-ਬਦਲ ਤਹਿਤ ਚੂਨੀ ਲਾਲ ਭਗਤ ਕੋਲੋਂ ਸਥਾਨਕ ਸਰਕਾਰਾਂ, ਡਾਕਟਰੀ ਸਿੱਖਿਆ ਤੇ ਖੋਜ ਵਿਭਾਗ ਵਾਪਸ ਲੈ ਕੇ ਜੰਗਲਾਤ, ਜੰਗਲੀ ਜੀਵ ਤੇ ਕਿਰਤ ਮੰਤਰਾਲੇ ਦਿੱਤੇ ਗਏ ਹਨ। ਸਿਹਤ ਤੇ ਪਰਿਵਾਰ ਭਲਾਈ, ਸਮਾਕਿ ਸੁਰੱਖਿਆ, ਔਰਤਾਂ ਤੇ ਬੱਚਿਆਂ ਦੇ ਵਿਕਾਸ ਤੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਮਦਨ ਮੋਹਨ ਮਿੱਤਲ ਨੂੰ ਉਦਯੋਗ ਤੇ ਕਾਮਰਸ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਤੇ ਸੰਸਦੀ ਮਾਮਲਿਆਂ ਬਾਰੇ ਮੰਤਰਾਲੇ ਦਿੱਤੇ ਗਏ ਹਨ। ਸ੍ਰੀ ਮਿੱਤਲ ਨਾਲ ਸਿਹਤ ਵਿਭਾਗ ਦੀ ਕਾਰਗੁਜ਼ਾਰੀ ਬਾਰੇ ਮੁੱਖ ਸੰਸਦੀ ਸਕੱਤਰ ਡਾਕਟਰ ਨਵਜੋਤ ਕੌਰ ਸਿੱਧੂ ਦੀ ਮੁੱਢ ਤੋਂ ਹੀ ਨੋਕ-ਝੋਕ ਚਲ ਰਹੀ ਸੀ। ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਨੂੰ ਸਿਹਤ ਤੇ ਪਰਿਵਾਰ ਭਲਾਈ ਤੇ ਸਮਾਜਕ ਸੁਰੱਖਿਆ ਤੇ ਔਰਤਾਂ ਤੇ ਬੱਚਿਆਂ ਦਾ ਵਿਕਾਸ ਵਿਭਾਗ ਦਿੱਤੇ ਗਏ ਹਨ। ਅਨਿਲ ਜੋਸ਼ੀ ਕੋਲੋਂ ਉਦਯੋਗ ਤੇ ਕਾਮਰਸ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ ਲੈ ਕੇ ਸਥਾਨਕ ਸਰਕਾਰਾਂ ਤੇ ਡਾਕਟਰੀ ਸਿੱਖਿਆ ਤੇ ਖੋਜ ਮੰਤਰਾਲਾ ਦਿੱਤਾ ਗਿਆ ਹੈ। ਭਾਜਪਾ ਲਈ ਸਥਾਨਕ ਸਰਕਾਰਾਂ ਵਿਭਾਗ ਬੜਾ ਅਹਿਮ ਮੰਨਿਆ ਜਾਂਦਾ ਹੈ। ਭਾਜਪਾ ਸ਼ਹਿਰੀ ਵੋਟਾਂ ਵਾਲੀ ਪਾਰਟੀ ਮੰਨੀ ਜਾਂਦੀ ਹੈ ਅਤੇ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਦੇ ਸ਼ਹਿਰੀ ਖੇਤਰ ਨਾਲ ਜੁੜਿਆ ਹੈ। ਪਿਛਲੇ ਸਮੇਂ ਇਸ ਵਿਭਾਗ ਦੀ ਕਾਰਗੁਜ਼ਾਰੀ ਉਪਰ ਸਵਾਲ ਉਠਦੇ ਰਹੇ ਹਨ।

ਭਾਜਪਾ ਦੇ ਕੌਮੀ ਪ੍ਰਧਾਨ ਰਾਜਨਾਥ ਸਿੰਘ ਹੁਣੇ ਹੁਣੇ ਚੰਡੀਗੜ੍ਹ ਆਏ ਸਨ ਤਾਂ ਉਨ੍ਹਾਂ ਨਾਲ ਪੰਜਾਬ ਭਾਜਪਾ ਦੇ ਇੰਚਾਰਜ ਸ਼ਾਂਤਾ ਕੁਮਾਰ ਤੇ ਹੋਰ ਲੀਡਰਸ਼ਿਪ ਨੇ ਕੁਝ ਮੰਤਰੀਆਂ ਦੀ ਕਾਰਗੁਜ਼ਾਰੀ ਉਪਰ ਗੰਭੀਰ ਵਿਚਾਰ-ਵਟਾਂਦਰਾ ਕੀਤਾ ਸੀ। ਇਸ ਦੌਰਾਨ ਹੀ ਸ੍ਰੀ ਬਾਦਲ ਨੂੰ ਵਿਭਾਗਾਂ ਵਿਚ ਰੱਦੋ-ਬਦਲ ਦੀ ਸਿਫਾਰਸ਼ ਕੀਤੀ ਗਈ ਸੀ।

## ਰਾਓ ਇੰਦਰਜੀਤ ਸਿੰਘ ਨੇ ਕਾਂਗਰਸ ਛੱਡੀ

**ਗੁੜਗਾਉਂ:** ਕਾਂਗਰਸੀ ਆਗੂ ਤੇ ਗੁੜਗਾਉਂ ਤੋਂ ਸੰਸਦ ਮੈਂਬਰ ਰਾਓ ਇੰਦਰਜੀਤ ਸਿੰਘ ਨੇ ਕਾਂਗਰਸ ਛੱਡਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਕਿਹਾ ਕਿ ਉਹ ਉਸ ਪਾਰਟੀ ਨਾਲ ਨਹੀਂ ਜੁੜੇ ਰਹਿਣਾ ਚਾਹੁੰਦੇ ਜੋ 'ਹੁੱਡਾ ਪ੍ਰਾਈਵੇਟ ਲਿਮਟਿਡ' ਬਣ ਚੁੱਕੀ ਹੈ। ਉਹ ਪਿਛਲੇ 35 ਸਾਲਾਂ ਤੋਂ ਕਾਂਗਰਸ ਵਿਚ ਸਨ।

## ਫਰਿਜ਼ਨੋ 'ਚ ਗਦਰੀ ਬਾਬਿਆਂ ਦਾ ਮੇਲਾ 20 ਅਕਤੂਬਰ ਨੂੰ

**ਫਰਿਜ਼ਨੋ (ਬਿਊਰੋ):** ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ ਵਲੋਂ ਗਦਰ ਲਹਿਰ ਦੀ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ ਗਦਰੀ ਬਾਬਿਆਂ ਦਾ ਮੇਲਾ 20 ਅਕਤੂਬਰ ਨੂੰ ਰੋਡਿੰਗ ਪਾਰਕ ਵਿਖੇ ਕਰਵਾਇਆ ਜਾਵੇਗਾ। ਦਿਨ ਭਰ ਚਲਣ ਵਾਲੇ ਇਸ ਮੇਲੇ ਵਿਚ ਕੈਨੇਡਾ ਦੀ ਤਰਕਸ਼ੀਲ ਤੇ ਸਭਿਆਚਾਰਕ ਸੁਸਾਇਟੀ ਵਲੋਂ ਭਾਜੀ ਗੁਰਸ਼ਰਨ ਸਿੰਘ ਦਾ ਨਾਟਕ 'ਸੀਸ ਤਲੀ 'ਤੇ' ਖੇਡਿਆ ਜਾਵੇਗਾ। ਪ੍ਰਸਿਧ ਗਾਇਕਾ ਸਤਿੰਦਰ ਬਿਟੀ, ਪ੍ਰੀਤਮ ਸੋਹੀ ਅਤੇ ਰਾਜ ਬਰਾੜ ਆਪਣੇ ਫਨ ਨਾਲ ਸਰੋਤਿਆਂ ਨਾਲ ਸਾਂਝ ਪਾਉਣਗੇ। ਕੋਰੀਓਗ੍ਰਾਫੀ, ਬੱਚਿਆਂ ਦੀਆਂ ਦਿਲਕਸ਼ ਆਈਟਮਾਂ, ਗਿੱਧਾ, ਭੰਗੜਾ ਆਦਿ ਤੋਂ ਇਲਾਵਾ ਫੋਰ ਓ ਗ੍ਰੇਡ ਲੈਵਲ ਵਾਲੇ ਬੱਚਿਆਂ ਦਾ ਨਕਦ ਇਨਾਮ ਦੇ ਕੇ ਸਨਮਾਨ ਕੀਤਾ ਜਾਵੇਗਾ।

ਐਸੋਸੀਏਸ਼ਨ ਦੇ ਪ੍ਰਧਾਨ ਪ੍ਰੀਤਮ ਸਿੰਘ ਨਾਹਲ ਨੇ ਕਿਹਾ ਕਿ ਵਖ ਵਖ ਖੇਤਰਾਂ ਵਿਚ ਨਾਮਣਾ ਖਟਣ ਵਾਲੀਆਂ ਸ਼ਖਸੀਅਤਾਂ ਦਾ ਵੀ ਸਨਮਾਨ ਕੀਤਾ ਜਾਵੇਗਾ। ਗਲੋਬਲ ਇੰਡੀਅਨ ਆਰਗੇਨਾਈਜੇਸ਼ਨ ਦੇ ਪ੍ਰਧਾਨ ਇੰਦਰ ਸਿੰਘ ਗਦਰ ਲਹਿਰ ਬਾਰੇ ਆਪਣੇ ਵਿਚਾਰ ਰਖਣਗੇ। ਇਸ ਮੇਲੇ ਨੂੰ ਕਾਮਯਾਬ ਕਰਨ ਲਈ ਵਿਸ਼ਵ ਸਾਹਿਤ ਅਕਾਦਮੀ, ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਅਤੇ ਹੋਰ ਜਥੇਬੰਦੀਆਂ ਪੂਰਾ ਸਹਿਯੋਗ ਦੇਣਗੀਆਂ।

ਮੈਡੀਕਲ ਮਾਹਰਾਂ ਵਲੋਂ ਸੰਸਥਾ ਦੇ ਸਹਿਯੋਗ ਨਾਲ ਆਮ ਜਨਤਾ ਲਈ ਮੁਫਤ ਮੈਡੀਕਲ ਕੈਂਪ ਲਾਇਆ ਜਾਵੇਗਾ। ਗਦਰ ਲਹਿਰ ਬਾਰੇ ਇਕ ਰੰਗਦਾਰ ਸੋਵੀਨਾਰ ਵੀ ਜਾਰੀ ਕੀਤਾ ਜਾਵੇਗਾ। ਲੰਗਰ ਤੇ ਫਰੀ ਪਾਰਕਿੰਗ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ।


Short Sale Specialist

Do you want to sell your home

*Sacramento, Stockton, Roseville area prices are on rise.*



Sohanpreet (Sam) Chahal
CA Lic. 01504071
Realtor/Notary Public
email:samchahal@hotmail.com

Please call me to find out value of your home.
Listing: 4 bed, 2 bath in Stockton $189,000
If you want to Buy or Sell

*Call: Sohanpreet 'Sam' Chahal*

@916-612-5773

visit: www.hudhomestore.com
Serving from Bay Area to Sacramento

Multi-Million Dollars Producer-2007 to 2011

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707





**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਫੌਜ ਦੇ ਫੰਡਾਂ ਬਾਰੇ ਉਠਿਆ ਤੂਫ਼ਾਨ

**ਨਵੀਂ ਦਿੱਲੀ:** ਫੌਜ ਦੇ ਖੁਫ਼ੀਆ ਵਿੰਗ ਵੱਲੋਂ ਜੰਮੂ-ਕਸ਼ਮੀਰ ਦੇ ਮੰਤਰੀਆਂ ਨੂੰ ਪੈਸੇ ਦੇਣ ਬਾਰੇ ਸਾਬਕਾ ਥਲ ਸੈਨਾ ਮੁਖੀ ਜਨਰਲ ਵੀ.ਕੇ. ਸਿੰਘ ਵੱਲੋਂ ਦਿੱਤੇ ਬਿਆਨ ਤੋਂ ਬਾਅਦ ਸਿਆਸੀ ਤੂਫਾਨ ਖੜ੍ਹਾ ਹੋ ਗਿਆ। ਕਾਂਗਰਸ ਅਤੇ ਇਸ ਦੀ ਸਹਿਯੋਗੀ ਪਾਰਟੀ ਨੈਸ਼ਨਲ ਕਾਨਫਰੰਸ ਨੇ ਸਾਬਕਾ ਜਰਨੈਲ ਦੇ ਬਿਆਨ ਨੂੰ ਗੈਰ-ਜ਼ਿੰਮੇਵਾਰਾਨਾ ਕਰਾਰ ਦਿੰਦਿਆਂ ਇਸ ਦੀ ਸੀ.ਬੀ.ਆਈ. ਜਾਂਚ ਅਤੇ ਮੰਤਰੀਆਂ ਦੇ ਨਾਂ ਦੱਸਣ ਦੀ ਮੰਗ ਕੀਤੀ ਹੈ। ਗ੍ਰਿਹ ਮੰਤਰੀ ਸੁਸ਼ੀਲ ਕੁਮਾਰ



ਸ਼ਿੰਦੇ ਨੇ ਕਿਹਾ ਕਿ ਪੈਸੇ ਲੈਣ ਵਾਲਿਆਂ ਦੀ ਸ਼ਨਾਖਤ ਕਰਨ ਲਈ ਸਰਕਾਰ ਜਾਂਚ ਕਰਾਉਣ ਲਈ ਤਿਆਰ ਹੈ। ਸਾਬਕਾ ਜਨਰਲ ਵੀ.ਕੇ. ਸਿੰਘ ਨੇ ਕਿਹਾ ਸੀ ਕਿ ਫੌਜ ਵੱਲੋਂ ਜੰਮੂ-ਕਸ਼ਮੀਰ ਦੇ ਮੰਤਰੀਆਂ ਨੂੰ ਆਜ਼ਾਦੀ ਵੇਲੇ ਤੋਂ ਹੀ ਪੈਸੇ ਦਿੱਤੇ ਜਾਂਦੇ ਹਨ ਤਾਂ ਕਿ ਸੂਬੇ ਵਿਚ ਸਥਿਰਤਾ ਕਾਇਮ ਰੱਖੀ ਜਾ ਸਕੇ।

ਸ੍ਰੀ ਸ਼ਿੰਦੇ ਨੇ ਆਖਿਆ ਵੀ.ਕੇ. ਸਿੰਘ ਨੂੰ ਸਿਆਸਤਦਾਨਾਂ ਦੇ ਨਾਂ ਦੱਸਣੇ ਚਾਹੀਦੇ ਹਨ। ਜੇ ਉਹ ਵੇਰਵੇ ਦੇਣ ਤਾਂ ਸਰਕਾਰ ਜਾਂਚ ਕਰਵਾ ਸਕਦੀ ਹੈ। ਕੇਂਦਰੀ ਮੰਤਰੀ ਅਤੇ ਜੰਮੂ ਕਸ਼ਮੀਰ ਵਿਚ ਸੱਤਾਧਾਰੀ ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਕਿਹਾ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਤੁਰੰਤ ਸੀ.ਬੀ.ਆਈ. ਜਾਂਚ ਕਰਵਾ ਕੇ ਪਤਾ ਲਾਇਆ ਜਾਵੇ ਕਿ ਫੌਜ ਨੇ ਕਿਹੜੇ ਫੰਡ ਦਿੱਤੇ ਹਨ ਅਤੇ ਇਸ ਦਾ ਲਾਹਾ ਉਠਾਉਣ ਵਾਲੇ ਲੋਕ ਕੌਣ ਹਨ। ਭਾਜਪਾ ਦੀ ਤਰਜਮਾਨ ਨਿਰਮਲਾ ਸੀਤਾਰਾਮਨ ਨੇ ਜਨਰਲ ਵੀ.ਕੇ. ਸਿੰਘ ਦਾ ਬਚਾਅ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਨਿਸ਼ਾਨਾ ਬਣਾਉਣਾ ਗਲਤ ਹੈ। ਇਸੇ ਦੌਰਾਨ ਵੀ.ਕੇ. ਸਿੰਘ ਨੇ ਦੁਬਾਰਾ ਬਿਆਨ ਜਾਰੀ ਕਰਦਿਆਂ ਆਖਿਆ ਕਿ ਫੌਜ ਵੱਲੋਂ ਇਹ ਫੰਡ ਰਿਸ਼ਵਤ ਦੇ ਤੌਰ 'ਤੇ ਨਹੀਂ ਦਿੱਤੇ ਜਾਂਦੇ। ਇਹ ਫੰਡ ਮੰਤਰੀਆਂ ਦੀ ਨਿੱਜੀ ਵਰਤੋਂ ਲਈ ਨਹੀਂ, ਸਗੋਂ ਲੋਕਾਂ ਅੰਦਰ ਸਦਭਾਵਨਾ ਵਧਾਉਣ ਲਈ ਦਿੱਤੇ ਜਾਂਦੇ ਹਨ। ਉਨ੍ਹਾਂ ਆਖਿਆ ਕਿ ਉਨ੍ਹਾਂ ਇਹ ਬਿਆਨ ਦੇ ਕੇ ਕੋਈ ਗਲਤੀ ਨਹੀਂ ਕੀਤੀ।

## ਮਨਮੋਹਨ ਦੀ ਗੇੜੀ 'ਤੇ ਪਰਮਾਣੂ ਪ੍ਰਛਾਵਾਂ

*(ਸਫਾ ਇਕ ਦੀ ਬਾਕੀ)*

ਵਿਚ ਕਰਨਾ ਚਾਹੀਦਾ ਹੈ। ਉਂਜ ਇਸ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਕਿਸੇ ਨੂੰ ਮਹਿਜ਼ ਖੁਸ਼ ਕਰਨ ਲਈ ਕਾਨੂੰਨ ਦੇ ਉਲਟ ਜਾ ਕੇ ਕੋਈ ਸੰਧੀ ਕੀਤੀ ਜਾਵੇਗੀ। ਉਧਰ, ਪਰਮਾਣੂ ਦੇਣਦਾਰੀ ਕਾਨੂੰਨ ਦੀਆਂ ਦੇਣਦਾਰੀ ਤੈਅ ਕਰਨ ਦੀਆਂ ਅਹਿਮ ਮੱਦਾਂ ਵਿਚ ਢਿੱਲ-ਮੱਠ ਲਿਆਉਣ ਦੀਆਂ ਰਿਪੋਰਟਾਂ 'ਤੇ ਵਿਰੋਧੀ ਧਿਰ ਭਾਜਪਾ ਤੇ ਖੱਬੀਆਂ ਪਾਰਟੀਆਂ ਨੇ ਸਖ਼ਤ ਪ੍ਰਤੀਕਿਰਿਆ ਤੇ ਫ਼ਿਕਰਮੰਦੀ ਜ਼ਾਹਰ ਕੀਤੀ ਹੈ। ਇਨ੍ਹਾਂ ਪਾਰਟੀਆਂ ਦੇ ਆਗੂਆਂ ਦਾ ਕਹਿਣਾ ਹੈ ਕਿ ਆਪਣੀ ਅਮਰੀਕਾ ਫੇਰੀ ਮੌਕੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਜਿਹਾ ਕਰ ਕੇ ਅਮਰੀਕੀ ਕੰਪਨੀਆਂ ਨੂੰ ਤੋਹਫ਼ਾ ਦੇ ਰਹੇ ਹਨ। ਰਾਜ ਸਭਾ ਵਿਚ ਭਾਜਪਾ ਦੇ ਉਪ-ਆਗੂ ਰਵੀਸ਼ੰਕਰ ਪ੍ਰਸਾਦ ਦਾ ਕਹਿਣਾ ਹੈ ਕਿ ਮੀਡੀਆ ਵਿਚ ਚਰਚਿਤ ਰਿਪੋਰਟਾਂ ਵਿਚ ਸਰਕਾਰ ਸੰਸਦ ਵੱਲੋਂ ਪਾਸ ਪਰਮਾਣੂ ਦੇਣਦਾਰੀ ਕਾਨੂੰਨ ਦੇ ਮਹੱਤਵਪੂਰਨ ਸੈਕਸ਼ਨ 17 (ਬੀ) ਦੇ ਮਾਮਲੇ ਵਿਚ ਸਮਝੌਤਾ ਕਰਨ ਦਾ ਯਤਨ ਕਰ ਰਹੀ ਹੈ ਜੋ ਵੱਡੇ ਫ਼ਿਕਰ ਵਾਲੀ ਗੱਲ ਹੈ। ਉਨ੍ਹਾਂ ਅਨੁਸਾਰ ਕਾਨੂੰਨ ਦਾ ਇਹ ਸੈਕਸ਼ਨ ਪਰਮਾਣੂ ਭੱਠੀਆਂ ਬਣਾਉਣ ਵਾਲੀਆਂ ਕੰਪਨੀਆਂ ਦੀ ਦੇਣਦਾਰੀ ਤੈਅ ਕਰਦਾ ਹੈ। ਅਟਾਰਨੀ ਜਨਰਲ ਜੀ. ਵਾਹਨਵਤੀ ਵੱਲੋਂ ਪਰਮਾਣੂ ਊਰਜਾ ਵਿਭਾਗ ਨੂੰ ਇਸ ਬਾਰੇ ਦਿੱਤੀ ਰਾਏ ਦਾ ਭਾਜਪਾ ਤੇ ਖੱਬੀਆਂ ਪਾਰਟੀਆਂ ਨੇ ਜ਼ੋਰਦਾਰ ਵਿਰੋਧ ਕੀਤਾ ਹੈ।

## ਧਾਰਮਿਕ ਚਿੰਨ੍ਹਾਂ ਦੀ ਰਾਖੀ ਲਈ ਇਕਜੁੱਟ ਹੋਣ ਦਾ ਸੱਦਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਕਿਹਾ ਕਿ ਕੈਨੇਡਾ ਦੇ ਕਿਊਬੈਕ ਸੂਬੇ ਵਿਚ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਦੀ ਰਾਖੀ ਲਈ ਸਮੁੱਚੀ ਸਿੱਖ ਕੌਮ ਇਕਜੁੱਟ ਹੋ ਕੇ ਆਵਾਜ਼ ਉਠਾਏ। ਸ਼੍ਰੋਮਣੀ ਕਮੇਟੀ ਦੇ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕੈਨੇਡਾ ਦੀ ਕੌਮੀ ਪਾਰਟੀ ਤੇ ਸੰਸਦ ਵਿੱਚ ਵਿਰੋਧੀ ਧਿਰ ਨਿਊ ਡੈਮੋਕਰੇਟਿਕ ਪਾਰਟੀ ਦੇ ਰਾਸ਼ਟਰੀ ਮੁਖੀ ਟੌਮ ਮਲਕੇਅਰ ਵੱਲੋਂ ਸਿੱਖ ਫੌਜੀਆਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਕਿਊਬੈਕ ਸੂਬੇ ਵਿਚ ਦਸਤਾਰ 'ਤੇ ਪਾਬੰਦੀ ਵਾਲੇ ਚਾਰਟਰ ਦੀ ਨਿੰਦਾ ਕਰਨ 'ਤੇ ਪ੍ਰਸ਼ੰਸਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸਿੱਖ ਕਕਾਰਾਂ ਦੀ ਰਾਖੀ ਲਈ ਭਾਰਤ ਤੇ ਦੂਜੇ ਮੁਲਕਾਂ ਵਿਚ ਬੈਠੇ ਸਿੱਖਾਂ ਨੂੰ ਵੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਸ ਬਾਰੇ ਉਨ੍ਹਾਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਪੱਤਰ ਲਿਖਿਆ ਸੀ ਪਰ ਹਾਲੇ ਤੱਕ ਇਸ 'ਤੇ ਕੋਈ ਗੌਰ ਨਹੀਂ ਹੋਇਆ।

# ਨਵਜੋਤ ਸਿੱਧੂ ਦੀ ਸਰਗਰਮੀ ਬਣੀ ਸਿਰਦਰਦੀ

*(ਸਫਾ ਇਕ ਦੀ ਬਾਕੀ)*

ਮੰਤਰੀਆਂ ਦੀ ਕਾਰਗੁਜ਼ਾਰੀ ਤਸੱਲੀਬਖ਼ਸ਼ ਨਹੀਂ ਹੈ। ਇਹ ਵੀ ਪਤਾ ਲੱਗਾ ਹੈ ਕਿ ਸੀਟਾਂ ਦੀ ਵੰਡ ਨੂੰ ਲੈ ਕੇ ਵੀ ਗੱਠਜੋੜ ਦੇ ਦੋਵਾਂ ਭਾਈਵਾਲਾਂ ਵਿਚ ਖਿੱਚੋਤਾਣ ਵਧ ਗਈ ਹੈ। ਸ਼੍ਰੋਮਣੀ ਅਕਾਲੀ ਦਲ ਨੇ ਜਿੱਥੇ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਚਾਰ ਸੀਟਾਂ ਦੀ ਮੰਗ ਕੀਤੀ ਹੈ, ਉਥੇ ਭਾਜਪਾ ਨੇ ਵੀ ਪੰਜਾਬ ਵਿਚ ਹੋਰ ਸੀਟਾਂ 'ਤੇ ਹੱਕ ਜਤਾਇਆ ਹੈ। ਇਹ ਗੱਲ ਲੰਘੇ ਦਿਨ ਪਾਰਟੀ ਪ੍ਰਧਾਨ ਰਾਜਨਾਥ ਸਿੰਘ ਨੇ ਪੰਜਾਬ ਫੇਰੀ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦੱਸ ਦਿੱਤੀ ਹੈ।ਅਸਲ ਵਿਚ ਤਾਜ਼ਾ ਵਿਵਾਦ ਅੰਮ੍ਰਿਤਸਰ ਤੋਂ ਲੋਕ ਸਭਾ ਮੈਂਬਰ ਨਵਜੋਤ ਸਿੰਘ ਸਿੱਧੂ ਵੱਲੋਂ ਆਪਣੀ ਹੀ ਸਰਕਾਰ ਦੀ ਪੋਲ ਖੋਲ੍ਹਣ ਮਗਰੋਂ ਸ਼ੁਰੂ ਹੋਇਆ। ਸ. ਸਿੱਧੂ ਵੱਲੋਂ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਵਿਰੁਧ ਸਖ਼ਤ ਬਿਆਨਬਾਜ਼ੀ ਕੀਤੀ ਗਈ ਤੇ ਉਨ੍ਹਾਂ 'ਤੇ ਵਿਕਾਸ ਦੇ ਮਾਮਲੇ ਵਿਚ ਵਿਤਕਰੇ ਦੇ ਦੋਸ਼ ਲਾਏ। ਮਾਮਲਾ ਇੰਨਾ ਵਧ ਗਿਆ ਕਿ ਸ. ਸਿੱਧੂ ਨਾਲ ਦੋਵਾਂ ਨੇਤਾਵਾਂ ਨੇ ਕੋਈ ਵੀ ਗੱਲਬਾਤ ਕਰਨ ਤੋਂ ਕੋਰਾ ਜਵਾਬ ਦੇ



*ਰਾਜਨਾਥ ਸਿੰਘ*

ਦਿੱਤਾ ਸੀ। ਬਾਅਦ ਵਿਚ ਹਾਈ ਕਮਾਨ ਨੇ ਵਿਚ ਪੈ ਕੇ ਮਾਮਲੇ ਨੂੰ ਸਾਂਭਣ ਦੀ ਕੋਸ਼ਿਸ਼ ਕੀਤੀ। ਉਧਰ, ਪਾਰਟੀ ਪ੍ਰਧਾਨ ਰਾਜਨਾਥ ਸਿੰਘ ਦੇ ਹੁਕਮਾਂ ਅੱਗੇ ਸਿਰ ਝੁਕਾਉਂਦਿਆਂ ਨਵਜੋਤ ਸਿੰਘ ਸਿੱਧੂ ਨੇ ਕਿਸੇ ਵੀ ਮੁੱਦੇ 'ਤੇ ਬਿਆਨ ਜਾਰੀ ਨਾ ਕਰਨ ਦਾ ਫੈਸਲਾ ਕੀਤਾ ਹੈ ਪਰ ਉਨ੍ਹਾਂ ਕੋਈ ਵੱਡਾ ਕਦਮ ਚੁੱਕਣ ਦਾ ਇਸ਼ਾਰਾ ਵੀ ਦਿੱਤਾ ਹੈ। ਸ. ਸਿੱਧੂ ਵੱਲੋਂ ਅੰਮ੍ਰਿਤਸਰ ਦੇ ਰੁਕੇ ਹੋਏ ਵਿਕਾਸ ਕਾਰਜਾਂ ਤੋਂ ਇਲਾਵਾ ਅੰਮ੍ਰਿਤਸਰ ਇੰਪਰੂਵਮੈਂਟ ਟਰਸਟ ਦੇ ਫੰਡ ਹੋਰਾਂ ਸ਼ਹਿਰਾਂ ਲਈ ਜਾਰੀ ਕਰਨ ਬਾਰੇ ਜਾਂਚ ਕਰਾਉਣ ਲਈ ਮੁੱਖ ਮੰਤਰੀ ਨੂੰ ਚਿੱਠੀ ਲਿਖੀ ਗਈ ਸੀ। ਸੂਤਰਾਂ ਮੁਤਾਬਕ ਰਾਜਨਾਥ ਸਿੰਘ ਨੇ ਸ. ਬਾਦਲ ਨਾਲ ਮੁਲਾਕਾਤ ਦੌਰਾਨ ਉਨ੍ਹਾਂ ਨੂੰ ਸ. ਸਿੱਧੂ ਵੱਲੋਂ ਲਿਖੀ ਚਿੱਠੀ ਦੀ ਕਾਪੀ ਵੀ ਸੌਂਪੀ ਸੀ। ਬਾਅਦ ਵਿਚ ਪੰਜਾਬ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਤੇ ਕੁਝ ਹੋਰ ਆਗੂਆਂ ਨੇ ਨਵਜੋਤ ਸਿੱਧੂ ਨਾਲ ਮੁਲਾਕਾਤ ਕੀਤੀ ਸੀ ਜਿਸ ਵਿਚ ਸ. ਸਿੱਧੂ ਨੇ ਉਨ੍ਹਾਂ ਨੂੰ ਸਪਸ਼ਟ ਕੀਤਾ ਸੀ ਕਿ ਆਪਣੇ ਹਲਕੇ ਦੇ ਵਿਕਾਸ ਦਾ ਮੁੱਦਾ ਪਾਰਟੀ ਦਾ ਅੰਦਰੂਨੀ ਮਾਮਲਾ ਨਹੀਂ ਹੋ ਸਕਦਾ। ਇਹ ਸ਼ਹਿਰ ਦੇ ਲੱਖਾਂ ਲੋਕਾਂ ਨਾਲ ਜੁੜਿਆ ਹੋਇਆ ਮੁੱਦਾ ਹੈ। ਉਨ੍ਹਾਂ ਪਾਰਟੀ ਆਗੂਆਂ ਨੂੰ ਇਹ ਵੀ ਦੱਸਿਆ ਕਿ ਉਹ ਅੰਮ੍ਰਿਤਸਰ ਦੇ ਵਿਕਾਸ ਲਈ ਸ. ਬਾਦਲ ਕੋਲ ਨੰਗੇ ਪੈਰੀਂ ਚੱਲ ਕੇ ਵੀ ਜਾਣ ਲਈ ਤਿਆਰ ਹੈ। ਅਕਾਲੀ ਦਲ ਦੀ ਲੀਡਰਸ਼ਿਪ ਭਾਵੇਂ ਸਾਰਾ ਸਿਹਰਾ ਲੈ ਲਵੇ ਪਰ ਚਾਰ ਮਹੀਨਿਆਂ ਵਿਚ ਅੰਮ੍ਰਿਤਸਰ ਇੰਪਰੂਵਮੈਂਟ ਟਰਸਟ ਵਿਚੋਂ ਵੰਡੇ ਗਏ ਫੰਡ ਵਾਪਸ ਲਿਆਂਦੇ ਜਾਣ।

# ਪ੍ਰੋਫੈਸਰ ਉਤੇ ਹਮਲੇ ਨੇ ਸਿੱਖਾਂ ਦਾ ਫਿਕਰ ਵਧਾਇਆ

*(ਸਫਾ ਇਕ ਦੀ ਬਾਕੀ)*

ਨੂੰ ਦੱਸਿਆ ਕਿ ਹਮਲਾਵਰ 25-30 ਜਣਿਆਂ ਦੀ ਮੁੰਡੀਰ ਸੀ। ਉਨ੍ਹਾਂ ਵਿਚੋਂ ਇਕ ਨੇ ਕਿਹਾ, 'ਉਸਾਮਾ, ਫੜ ਲਓ ਉਸ ਨੂੰ।' ਉਨ੍ਹਾਂ ਉਸ ਦੇ ਮੂੰਹ 'ਤੇ ਤਿੰਨ ਵਾਰ ਕੀਤੇ। ਉਨ੍ਹਾਂ ਕਿਹਾ ਕਿ ਲੋਕਾਂ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਸਿੱਖ ਅਮਨ-ਪਸੰਦ ਹਨ ਤੇ ਉਨ੍ਹਾਂ ਨੂੰ ਕੱਟੜਪੰਥੀ ਇਸਲਾਮੀ ਅਤਿਵਾਦੀ ਨਾ ਸਮਝਿਆ ਜਾਵੇ। ਉਨ੍ਹਾਂ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਤੇ ਨਿਊ ਯਾਰਕ ਪੁਲਿਸ ਵਿਭਾਗ ਦੀ ਨਫਰਤੀ ਅਪਰਾਧ ਟਾਸਕ ਫੋਰਸ ਵੱਲੋਂ ਇਸ ਦੀ ਨਫਰਤੀ ਅਪਰਾਧ ਦੇ ਤੌਰ 'ਤੇ ਜਾਂਚ ਕੀਤੀ ਜਾ ਰਹੀ ਹੈ। ਨਿਊ ਯਾਰਕ ਪੁਲਿਸ ਵਿਭਾਗ ਨੇ ਸ਼ੱਕੀ ਹਮਲਾਵਰਾਂ ਬਾਰੇ ਸਰਵੇਲੈਂਸ ਵੀਡੀਓ ਜਾਰੀ ਕੀਤਾ ਹੈ। ਇਸ ਵਿਚ ਪ੍ਰੋਫੈਸਰ ਪ੍ਰਭਜੋਤ ਸਿੰਘ ਨਾਲ ਟਾਕਰੇ ਤੋਂ ਫੌਰੀ ਬਾਅਦ 15-20 ਨੌਜਵਾਨਾਂ ਦੇ ਗਰੁਪ ਨੂੰ ਮੋਟਰਸਾਈਕਲਾਂ 'ਤੇ ਜਾਂਦੇ ਦਿਖਾਇਆ ਗਿਆ ਹੈ।

ਉਧਰ, ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਇਸ ਘਟਨਾ ਨੇ ਇਕ ਵਾਰ ਮੁੜ ਸਿੱਖ ਜਗਤ ਨੂੰ ਝੰਜੋੜਿਆ ਹੈ। ਉਨ੍ਹਾਂ ਆਖਿਆ ਕਿ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਸਿੱਖ ਭਾਈਚਾਰੇ ਨੂੰ ਵੱਡਾ ਮਾਣ ਸਨਮਾਨ ਦਿੱਤਾ ਹੈ ਪਰ ਇਸ ਦੇ ਬਾਵਜੂਦ ਸਿੱਖ ਭਾਈਚਾਰੇ ਨੂੰ ਨਫ਼ਰਤੀ ਹਿੰਸਾ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਇਸ ਘਟਨਾ ਦੀ ਨਿੰਦਾ ਕਰਦਿਆਂ ਆਖਿਆ ਕਿ ਅਮਰੀਕਾ ਸਰਕਾਰ ਅਜਿਹੇ ਹਮਲਿਆਂ ਨੂੰ ਰੋਕਣ ਲਈ ਠੋਸ ਕਾਰਵਾਈ ਕਰੇ। ਉਨ੍ਹਾਂ ਭਾਰਤ ਸਰਕਾਰ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਵੀ ਕੂਟਨੀਤਕ ਪੱਧਰ 'ਤੇ ਇਸ ਮਾਮਲੇ ਨੂੰ ਉਭਾਰੇ।

ਅਮਰੀਕਾ ਆਧਾਰਤ ਜਥੇਬੰਦੀ ਸਿੱਖ ਕੌਂਸਲਰ ਆਨ ਰਿਲੀਜਨ ਐਂਡ ਐਜੂਕੇਸ਼ਨ ਦੇ ਚੇਅਰਮੈਨ ਡਾ. ਰਜਵੰਤ ਸਿੰਘ ਨੇ ਆਖਿਆ ਕਿ ਇਸ ਘਟਨਾ ਬਾਰੇ ਉਨ੍ਹਾਂ ਵ੍ਹਾਈਟ ਹਾਊਸ ਨਾਲ ਰਾਬਤਾ ਬਣਾਇਆ ਹੋਇਆ ਹੈ। ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਆਖਿਆ ਕਿ ਅਮਰੀਕਾ ਸਰਕਾਰ ਸਿੱਖ ਭਾਈਚਾਰੇ ਖਿਲਾਫ ਨਫਰਤੀ ਹਿੰਸਾ ਨੂੰ ਰੋਕਣ ਵਿਚ ਅਸਫਲ ਰਹੀ ਹੈ। ਇਸੇ ਦੌਰਾਨ ਪੰਜਾਬ ਪੀਪਲਜ਼ ਪਾਰਟੀ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਨੇ ਨਸਲੀ ਹਮਲੇ ਨੂੰ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਵੱਲੋਂ ਵਿਦੇਸ਼ਾਂ ਵਿਚ ਸਿੱਖੀ ਦੇ ਪ੍ਰਚਾਰ ਲਈ ਵਰਤੀ ਅਣਗਹਿਲੀ ਦੀ ਹੀ ਇਕ ਹੋਰ ਮਿਸਾਲ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਸਿੱਖ ਪਛਾਣ ਬਾਰੇ ਦੁਨੀਆਂ ਨੂੰ ਜਾਣੂੰ ਕਰਵਾਉਣ ਲਈ ਕਦੇ ਕੋਈ ਪ੍ਰੋਗਰਾਮ ਨਹੀਂ ਬਣਾ ਸਕੀ।

ਜ਼ਿਕਰਯੋਗ ਹੈ ਕਿ ਪਿਛੇ ਜਿਹੇ ਕਰਵਾਏ ਗਏ ਇਕ ਅਧਿਐਨ ਵਿਚ ਸਾਹਮਣੇ ਆਇਆ ਹੈ ਕਿ 49 ਫ਼ੀਸਦੀ ਅਮਰੀਕੀ ਲੋਕ, ਸਿੱਖਾਂ ਨੂੰ ਇਸਲਾਮ ਦਾ ਹੀ ਹਿੱਸਾ ਮੰਨਦੇ ਹਨ ਜਦਕਿ 70 ਫ਼ੀਸਦੀ ਇਕ ਸਿੱਖ ਦੀ ਤਸਵੀਰ ਵਿਚ ਉਸ ਦੀ ਸਿੱਖ ਵਿਅਕਤੀ ਵਜੋਂ ਸ਼ਨਾਖ਼ਤ ਨਹੀਂ ਕਰ ਸਕਦੇ। 79 ਫ਼ੀਸਦੀ ਅਮਰੀਕੀ ਸਿੱਖ ਮਤ ਦੀ ਉਤਪਤੀ ਦੇ ਸਥਾਨ ਭਾਰਤ ਨੂੰ ਭੂਗੋਲਿਕ ਤੌਰ 'ਤੇ ਪਛਾਣ ਨਹੀਂ ਸਕਦੇ। ਸਰਵੇਖਣ ਵਿਚ ਇਹ ਗੱਲ ਦੇਖੀ ਗਈ ਕਿ 70 ਫ਼ੀਸਦੀ ਅਮਰੀਕੀ ਪੱਗ ਬੰਨ੍ਹਣ ਵਾਲਿਆਂ ਨੂੰ ਮੁਸਲਿਮ ਸਮਝਦੇ ਹਨ।

## ਹਮਲਾਵਰਾਂ ਨੂੰ ਸਿੱਖ ਧਰਮ ਬਾਰੇ ਦੱਸੇਗਾ ਪ੍ਰਭਜੋਤ ਸਿੰਘ

**ਨਿਊ ਯਾਰਕ:** ਨਫ਼ਰਤੀ ਹਮਲੇ ਦਾ ਨਿਸ਼ਾਨਾ ਬਣੇ ਸਿੱਖ ਪ੍ਰੋਫੈਸਰ ਪ੍ਰਭਜੋਤ ਸਿੰਘ ਨੇ ਕਿਹਾ ਕਿ ਉਹ ਹਮਲਾਵਰਾਂ ਨੂੰ ਗੁਰਦੁਆਰੇ ਸੱਦਣ ਤੇ ਆਪਣੇ ਭਾਈਚਾਰੇ ਨਾਲ ਮਿਲਵਾਉਣਾ ਚਾਹੁੰਦਾ ਹੈ ਤਾਂ ਕਿ ਉਹ ਉਸ ਦੇ ਧਰਮ ਬਾਰੇ ਚੰਗੀ ਤਰ੍ਹਾਂ ਜਾਣ ਸਕਣ। ਉਨ੍ਹਾਂ ਮੁਤਾਬਕ ਹੋਰ ਧਰਮਾਂ ਤੇ ਅਕੀਦਿਆਂ ਬਾਰੇ ਚੇਤਨਾ ਵਧਾਉਣ ਲਈ ਵਿਦਿਆਰਥੀਆਂ ਤੇ ਸਮੁਦਾਇਕ ਕਾਰਜਾਂ ਵਿਚ ਲੱਗੀਆਂ ਸੰਸਥਾਵਾਂ ਨਾਲ ਅੰਤਰ-ਕਿਰਿਆ ਕਰਨੀ ਬੇਹੱਦ ਜ਼ਰੂਰੀ ਹੈ। ਪ੍ਰੋਫੈਸਰ ਪ੍ਰਭਜੋਤ ਸਿੰਘ 10 ਸਾਲ ਤੋਂ ਨਿਊ ਯਾਰਕ ਵਿਚ ਰਹਿ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਇਸ ਹਮਲੇ ਤੋਂ ਡਰਨਗੇ ਨਹੀਂ ਤੇ ਵਧੀਆ ਸਮਾਜ ਦੇ ਨਿਰਮਾਣ ਲਈ ਉਹ ਲੋਕਾਂ ਨਾਲ ਆਪਣੀ ਅੰਤਰ-ਕਿਰਿਆ ਜਾਰੀ ਰੱਖਣਗੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਭਾਰਤ 'ਤੇ ਸਿੰਧ ਜਲ ਸੰਧੀ ਦੀ ਉਲੰਘਣਾ ਦੇ ਦੋਸ਼

**ਇਸਲਾਮਾਬਾਦ:** ਪਾਕਿਸਤਾਨ ਦੀ ਫੌਜ ਨੇ ਆਪਣੇ ਮਾਸਿਕ ਰਸਾਲੇ ਵਿਚ ਭਾਰਤ ਉੱਪਰ ਸਿੰਧ ਜਲ ਸੰਧੀ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ ਹੈ। ਇਸ ਦੇ ਨਾਲ ਹੀ ਰਸਾਲੇ ਵਿਚ ਭਾਰਤ ਨਾਲ ਸ਼ਾਂਤਮਈ ਸਬੰਧਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ।

ਰਸਾਲੇ 'ਹਿਲਾਲ' ਦੀ ਸੰਪਾਦਕੀ 'ਚ ਕਿਹਾ ਗਿਆ ਹੈ ਕਿ ਸਿੰਧ ਦਰਿਆ ਦਾ ਕੁਦਰਤੀ ਵਹਾਅ ਪਾਕਿਸਤਾਨ ਦੇ ਖੇਤੀ ਸੈਕਟਰ ਲਈ ਲਾਜ਼ਮੀ ਹੈ। ਇਸ ਦੇ ਵਹਾਅ ਨੂੰ ਕਿਸੇ ਤਰ੍ਹਾਂ ਨਾਲ ਵੀ ਰੋਕਣਾ ਦੁਵੱਲੇ ਸਬੰਧਾਂ ਨੂੰ ਖਰਾਬ ਕਰ ਸਕਦਾ ਹੈ। ਪਾਕਿਸਤਾਨ ਨੇ ਹਮੇਸ਼ਾ ਭਾਰਤ ਨਾਲ ਸ਼ਾਂਤਮਈ ਸਬੰਧਾਂ ਲਈ ਪਹਿਲ ਕੀਤੀ ਹੈ ਤੇ ਉਹ ਸਾਰੇ ਲਟਕਦੇ ਮਾਮਲੇ ਹੱਲ ਕਰਨ ਦਾ ਇੱਛੁਕ ਹੈ, ਹੁਣ ਭਾਰਤ ਦੀ ਵਾਰੀ ਹੈ ਕਿ ਉਹ ਅੱਗੇ ਵਧੇ ਤੇ ਦੱਖਣੀ ਏਸ਼ੀਆ ਵਿਚ ਸ਼ਾਂਤੀ ਬਰਕਰਾਰ ਰੱਖਣ ਲਈ ਮਜ਼ਬੂਤ ਕਦਮ ਪੁੱਟੇ। ਰਸਾਲੇ 'ਚ ਕਿਹਾ ਗਿਆ ਹੈ ਕਿ ਪਾਕਿਸਤਾਨ ਦੇ ਦਰਿਆਵਾਂ ਉਪਰ ਭਾਰਤ 67 ਡੈਮ ਖੜ੍ਹੇ ਕਰ ਕੇ ਸਿੰਧ ਜਲ ਸੰਧੀ ਦੀ ਉਲੰਘਣਾ ਕਰਨ ਦੀ ਕੋਸ਼ਿਸ਼ 'ਚ ਹੈ।

# ਨਨਕਾਣਾ ਸਾਹਿਬ ਦੇ ਪਹਿਲੇ ਸਿੱਖ ਐਮ.ਪੀ.ਏ. ਨਾਮ ਸਿੰਘ ਦਾ ਦੇਹਾਂਤ

**ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ):** ਸ੍ਰੀ ਨਨਕਾਣਾ ਸਾਹਿਬ ਦੇ ਪਹਿਲੇ ਸਿੱਖ ਬਣੇ ਐਮ.ਪੀ.ਏ. (ਐਮ.ਐਲ.ਏ.) ਨਾਮ ਸਿੰਘ ਨਨਕਾਣਾ ਸਾਹਿਬ ਦਾ ਦੇਹਾਂਤ ਹੋ ਗਿਆ। ਸ੍ਰੀ ਨਨਕਾਣਾ ਸਾਹਿਬ ਦੇ ਜੰਮਪਲ ਲੇਖਕ ਪ੍ਰੋ. ਕਲਿਆਣ ਸਿੰਘ ਕਲਿਆਣ ਨੇ ਦੱਸਿਆ ਕਿ ਉਨ੍ਹਾਂ ਦੇ ਭਰਾ ਨਾਮ ਸਿੰਘ ਦੋ ਵਾਰ ਸ੍ਰੀ ਨਨਕਾਣਾ ਸਾਹਿਬ ਸ਼ਹਿਰ ਦੇ ਐਮ.ਪੀ.ਏ. ਰਹੇ ਜੋ ਅਕਾਲ ਚਲਾਣਾ ਕਰ ਗਏ।

ਉਹ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਦਇਆ ਸਿੰਘ ਦੇ ਛੋਟੇ ਭਰਾ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਸਤਾਨ ਸਿੰਘ ਅਤੇ ਕਲਿਆਣ ਸਿੰਘ ਕਲਿਆਣ ਦੇ ਵੱਡੇ ਭਰਾ ਸਨ।

Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577



Gurdip Singh Sandhu

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



Rates as low as 2.0%

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow
*Low Rates *One-Time Discounts *No Minimums
Call Paul at 1-800-705-3863
Transportation Funding Group, Inc.
Minneapolis , MN 55426

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ
ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
www.gurbansgill.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD
Millennium

Gurbans Gill 209-815-1869

# ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਦੀ ਨਵੀਂ ਇਮਾਰਤ ਤਿਆਰ

**ਫਰਿਜ਼ਨੋ (ਬਿਊਰੋ):** ਸਥਾਨਕ ਗੁਰਦੁਆਰਾ ਸਿੰਘ ਸਭਾ ਜਿਸ ਨੂੰ ਲੋਕ ਡਕੋਟਾ ਗੁਰੂਘਰ ਕਰਕੇ ਜਾਣਦੇ ਹਨ, ਦੀ ਨਵੀਂ ਇਮਾਰਤ ਤਿਆਰ ਹੋ ਗਈ ਹੈ। ਤਿੰਨ ਮਿਲੀਅਨ ਡਾਲਰ ਦੀ ਲਾਗਤ ਨਾਲ ਤਿਆਰ ਹੋਈ ਇਸ ਇਮਾਰਤ ਦੀ ਉਸਾਰੀ ਵਿਚ ਕਰੀਬ 8 ਸਾਲ ਲੱਗੇ। ਨਵੀਂ ਇਮਾਰਤ ਦਾ ਰਸਮੀ ਉਦਘਾਟਨ ਕਰਨ ਲਈ ਸਮਾਗਮ 15 ਨਵੰਬਰ ਤੋਂ 24 ਨਵੰਬਰ ਤੱਕ ਹੋਣਗੇ।

ਆਖਰੀ ਪਰਮਿਟ ਮਿਲਣ ਉਪਰੰਤ ਪਿਛਲੇ ਐਤਵਾਰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦਾ ਨਵੀਂ ਬਣੀ ਇਮਾਰਤ ਵਿਚ ਪ੍ਰਕਾਸ਼ ਕੀਤਾ ਗਿਆ। ਇਸ



*ਗੁਰੂ ਘਰ ਦੀ ਨਵੀਂ ਇਮਾਰਤ (ਤਸਵੀਰਾਂ: ਮੋਗਾ ਵੀਡੀਓ)*



ਸ਼ੁਰੂਆਤੀ ਸਮਾਗਮ ਵਿਚ ਸੰਗਤਾਂ ਹੁਮ ਹੁਮਾ ਕੇ ਪਹੁੰਚੀਆਂ। ਭਾਈ ਜਰਨੈਲ ਸਿੰਘ ਮਹਿਕ ਦੇ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੋਰਡ ਮੈਂਬਰ ਭਾਈ ਹਰਮਿੰਦਰ ਸਿੰਘ ਢਿੱਲੋਂ ਨੇ ਗੁਰੂ ਘਰ ਦੇ ਖਰਚਿਆਂ ਅਤੇ ਕਮੇਟੀ ਦੇ ਬਜਟ ਸਬੰਧੀ ਜਾਣਕਾਰੀ ਸੰਗਤਾਂ ਨੂੰ ਵਿਸਥਾਰ ਵਿਚ ਦਿੱਤੀ।



ਉਨ੍ਹਾਂ ਦੱਸਿਆ ਕਿ ਨਵੀਂ ਬਣੀ ਇਮਾਰਤ ਦੀ ਮਾਸਿਕ ਕਿਸ਼ਤ ਕਰੀਬ 38,000 ਡਾਲਰ ਹੈ। ਇਸ ਖਰਚੇ ਨੂੰ ਪੂਰਾ ਕਰਨ ਲਈ ਉਨ੍ਹਾਂ ਸੰਗਤ ਨੂੰ ਆਪਣੀ ਕਿਰਤ ਕਮਾਈ ਵਿਚੋਂ ਯਥਾ ਯੋਗ ਹਿੱਸਾ ਪਾਉਣ ਦੀ ਬੇਨਤੀ ਕੀਤੀ। ਗੁਰੂ ਘਰ ਦੇ ਸੈਕਟਰੀ ਸ. ਗੁਰਪ੍ਰੀਤ ਸਿੰਘ ਮਾਨ ਨੇ ਪ੍ਰਬੰਧਕ ਕਮੇਟੀ ਦੇ ਏਜੰਡੇ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਇਹ ਗੁਰੂ ਘਰ ਸਾਡੀ ਨਵੀਂ ਪੀੜ੍ਹੀ ਨੂੰ ਜਾਗਰੂਕ ਕਰਨ ਲਈ ਸਿੱਖ ਸੰਸਥਾ ਦੇ ਤੌਰ 'ਤੇ ਅਹਿਮ ਰੋਲ ਨਿਭਾਏਗਾ। ਨਵੀਂ ਬਣੀ ਇਮਾਰਤ ਵਿਚ ਅੱਠ ਆਧੁਨਿਕ ਤਕਨੀਕ ਨਾਲ ਲੈਸ ਕਲਾਸ ਰੂਮ ਬਣਾਏ ਗਏ ਹਨ ਜਿਥੇ ਬੱਚਿਆਂ ਨੂੰ ਪੰਜਾਬੀ ਪੜ੍ਹਾਈ ਜਾਏਗੀ। ਇਸ ਤੋਂ ਇਲਾਵਾ ਸਰੀਰਕ ਤੌਰ 'ਤੇ ਬੱਚਿਆਂ ਨੂੰ ਨਰੋਆ ਰੱਖਣ ਲਈ ਖੇਡ ਦੇ ਮੈਦਾਨ ਵੀ ਬਣਾਏ ਜਾਣਗੇ। ਲੋੜਵੰਦ ਲੋਕਾਂ ਲਈ ਮੈਡੀਕਲ ਕੈਂਪ ਵੀ ਲਾਏ ਜਾਣਗੇ।



ਪ੍ਰਬੰਧਕ ਕਮੇਟੀ ਵਿਚ ਡਾ. ਗੁਰਿੰਦਰ ਸਿੰਘ ਨਰਾਇਣ-ਪ੍ਰਧਾਨ, ਗੁਰਬਿੰਦਰ ਸਿੰਘ ਬਰਾੜ-ਮੀਤ ਪ੍ਰਧਾਨ, ਗੁਰਪ੍ਰੀਤ ਸਿੰਘ ਮਾਨ-ਸਕੱਤਰ ਤੇ ਜਗਦੀਪ ਸਿੰਘ-ਖਜ਼ਾਨਚੀ ਸ਼ਾਮਲ ਹਨ।

## *ਸਾਰੇ ਕਾਰੋਬਾਰਾਂ ਉਤੇ ਬਾਦਲਾਂ ਤੇ ਮਜੀਠੀਆ ਦਾ ਕਬਜ਼ਾ: ਮਾਨ*

**ਤਰਨ ਤਾਰਨ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਦੋਸ਼ ਲਾਇਆ ਹੈ ਕਿ ਸੂਬੇ ਅੰਦਰ ਕਿਸੇ ਰਾਜਸੀ ਧਿਰ ਜਾਂ ਲੋਕਾਂ ਦਾ ਨਹੀਂ ਬਲਕਿ 'ਚੌਕੜੀ' ਦਾ ਰਾਜ ਹੈ ਜਿਸ ਨੇ ਰੇਤ, ਬਜਰੀ ਆਦਿ ਦੇ ਕਾਰੋਬਾਰ ਤੋਂ ਲੈ ਕੇ ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ ਤਕ ਉਤੇ ਕਬਜ਼ਾ ਕਰ ਲਿਆ ਹੈ। ਉਹ ਇਲਾਕੇ ਅੰਦਰ ਆਪਣੀ ਪਾਰਟੀ ਵੱਲੋਂ 28 ਸਤੰਬਰ ਨੂੰ ਕਸਬਾ ਨੌਸ਼ਹਿਰਾ ਪੰਨੂਆਂ ਵਿਖੇ ਕੀਤੀ ਜਾਣ ਵਾਲੀ ਇਨਸਾਫ ਰੈਲੀ ਲਈ ਕੀਤੀਆਂ ਜਾ ਰਹੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਆਏ ਹੋਏ ਸਨ।

ਸ. ਮਾਨ ਨੇ ਕਿਹਾ ਕਿ ਸੂਬੇ ਦੀ ਸਮੁੱਚੀ ਸਰਕਾਰੀ ਮਸ਼ੀਨਰੀ ਉਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਮਾਲ ਤੇ ਲੋਕ ਸੰਪਰਕ ਵਿਭਾਗ ਦੇ ਮੰਤਰੀ ਬਿਕਰਮ ਸਿੰਘ ਮਜੀਠੀਆ ਅਤੇ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕਬਜ਼ਾ ਕਰ ਰੱਖਿਆ ਹੈ। ਇਨ੍ਹਾਂ ਵੱਲੋਂ ਮਸ਼ੀਨਰੀ ਰਾਹੀਂ ਆਪਣੇ ਜਾਤੀ ਹਿੱਤਾਂ ਦੀ ਪੂਰਤੀ ਕੀਤੀ ਜਾ ਰਹੀ ਹੈ। ਇਸ ਚੌਕੜੀ ਨੇ ਹੋਟਲ, ਸ਼ਰਾਬ, ਕੇਬਲ, ਟਰਾਂਸਪੋਰਟ, ਮੀਡੀਆ ਆਦਿ ਸਭ ਕਾਰੋਬਾਰ ਆਪਣੇ ਕਬਜ਼ੇ ਹੇਠ ਕਰ ਲਿਆ ਹੈ। ਉਨ੍ਹਾਂ ਸਿੱਖਾਂ ਲਈ ਅੱਡ ਸਟੇਟ ਦੀ ਮੰਗ ਮੁੜ ਦੁਹਰਾਈ। ਉਨ੍ਹਾਂ ਆ ਰਹੀਆਂ ਲੋਕ ਸਭਾ ਚੋਣਾਂ 'ਚ ਭਾਗ ਲੈਣ ਸਬੰਧੀ ਕੁਝ ਵੀ ਦੱਸਣ ਤੋਂ ਟਾਲਾ ਹੀ ਵੱਟਿਆ। ਉਹ ਪਹਿਲਾਂ ਐਲਾਨ ਕਰ ਚੁੱਕੇ ਹਨ ਕਿ ਉਨ੍ਹਾਂ ਦੀ ਪਾਰਟੀ ਭਵਿੱਖ ਵਿਚ ਚੋਣਾਂ 'ਚ ਭਾਗ ਨਹੀਂ ਲਿਆ ਕਰੇਗੀ।

# ਦਾਗੀ ਕਾਨੂੰਨਸਾਜ਼ਾਂ ਨੂੰ ਬਚਾਉਣ ਲਈ ਆਰਡੀਨੈਂਸ

**ਨਵੀਂ ਦਿੱਲੀ:** ਦਾਗੀ ਕਾਨੂੰਨਸਾਜ਼ਾਂ ਨੂੰ ਫੌਰੀ ਬਰਤਰਫੀ ਤੋਂ ਬਚਾਉਣ ਦੇ ਮੰਤਵ ਨਾਲ ਕੇਂਦਰੀ ਕੈਬਨਿਟ ਨੇ ਆਰਡੀਨੈਂਸ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਹ ਆਰਡੀਨੈਂਸ ਇਸ ਮੁਤੱਲਕ ਸੁਪਰੀਮ ਕੋਰਟ ਦੇ ਫੈਸਲੇ ਨੂੰ ਨਿਰਾਰਥਕ ਬਣਾ ਦੇਵੇਗਾ।

ਚੇਤੇ ਰਹੇ ਕਿ ਕਿ ਸਰਕਾਰ ਮੌਨਸੂਨ ਸੈਸ਼ਨ ਦੌਰਾਨ ਇਸ ਸਬੰਧੀ ਪਾਰਲੀਮੈਂਟ ਵਿਚੋਂ ਬਿੱਲ ਪਾਸ ਨਹੀਂ ਕਰਵਾ ਸਕੀ ਜਿਸ ਕਰ ਕੇ ਇਹ ਆਰਡੀਨੈਂਸ ਲਿਆਂਦਾ ਜਾ ਰਿਹਾ ਹੈ। ਪਿਛਲੇ ਦਿਨੀਂ ਕਾਂਗਰਸ ਦੇ ਰਾਜ ਸਭਾ ਮੈਂਬਰ ਰਾਸ਼ਿਦ ਮਸੂਦ ਨੂੰ ਭ੍ਰਿਸ਼ਟਾਚਾਰ ਦੇ ਕੇਸ ਵਿਚ ਸਜ਼ਾ ਸੁਣਾਈ ਗਈ ਸੀ ਜਿਸ ਕਰ ਕੇ ਪਾਰਲੀਮੈਂਟ ਵਿਚ ਉਸ ਦੀ ਮੈਂਬਰੀ ਰੱਦ ਹੋਣ ਦਾ ਖਤਰਾ ਸੀ। ਸੁਪਰੀਮ ਕੋਰਟ ਨੇ 10 ਜੁਲਾਈ ਨੂੰ ਇਹ ਫੈਸਲਾ ਸੁਣਾਇਆ ਸੀ ਕਿ ਜੇ ਕਿਸੇ ਸੰਸਦ ਮੈਂਬਰ ਜਾਂ ਵਿਧਾਇਕ ਨੂੰ ਕਿਸੇ ਅਪਰਾਧ ਵਿਚ ਦੋ ਸਾਲ ਜਾਂ ਇਸ ਤੋਂ ਵੱਧ ਸਜ਼ਾ ਹੁੰਦੀ ਹੈ ਤਾਂ ਉਸ ਦੀ ਮੈਂਬਰੀ ਤੁਰੰਤ ਰੱਦ ਸਮਝੀ ਜਾਵੇਗੀ। ਇਸ ਫੈਸਲੇ ਨੂੰ ਉਲਟਾਉਣ ਲਈ ਸਰਕਾਰ ਨੇ ਕਾਨੂੰਨ 'ਚ ਸੋਧ ਕਰਨ ਦਾ ਰਾਹ ਚੁਣਿਆ ਤੇ ਪਿਛਲੇ ਸੈਸ਼ਨ ਵਿਚ ਲੋਕ ਪ੍ਰਤੀਨਿਧਤਾ ਸੋਧ ਬਿੱਲ 2013 ਰਾਜ ਸਭਾ ਵਿਚ ਲਿਆਂਦਾ ਸੀ ਪਰ ਇਹ ਬਿੱਲ ਪਾਸ ਨਹੀਂ ਸੀ ਹੋ ਸਕਿਆ।

ਇਸੇ ਦੌਰਾਨ ਕਾਂਗਰਸ ਦੇ ਤਰਜਮਾਨ ਪੀ.ਸੀ. ਚਾਕੋ ਨੇ ਇਸ ਮੁੱਦੇ 'ਤੇ ਸਰਕਾਰ ਦੀ ਕੀਤੀ ਜਾ ਰਹੀ ਨੁਕਤਾਚੀਨੀ ਨੂੰ ਦਰਕਿਨਾਰ ਕਰਦਿਆਂ ਕਿਹਾ ਕਿ ਆਰਡੀਨੈਂਸ ਚੋਰ ਦਰਵਾਜ਼ੇ ਵਾਲੀ ਕੋਈ ਕਾਰਵਾਈ ਨਹੀਂ ਹੈ ਕਿਉਂਕਿ ਆਰਡੀਨੈਂਸ ਅੰਤ ਨੂੰ ਪਾਰਲੀਮੈਂਟ ਵਿਚ ਹੀ ਜਾਵੇਗਾ। ਇਹ ਆਰਡੀਨੈਂਸ ਅਗਲੇ ਸੈਸ਼ਨ ਵਿਚ ਪਾਰਲੀਮੈਂਟ ਵਿਚ ਲਿਆਂਦਾ ਜਾਵੇਗਾ। ਉਧਰ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਜੇਲ੍ਹ ਵਿਚ ਬੰਦ ਵਿਅਕਤੀ ਨੂੰ ਚੋਣ ਲੜਨ ਦੀ ਖੁੱਲ੍ਹ ਦੇਣ ਬਾਰੇ ਬਿੱਲ ਨੂੰ ਪ੍ਰਵਾਨਗੀ ਦੇ ਦਿੱਤੀ ਜਿਸ ਨਾਲ ਇਸ ਸਬੰਧੀ ਸੁਪਰੀਮ ਕੋਰਟ ਦਾ ਫੈਸਲਾ ਨਿਰਾਰਥਕ ਹੋ ਗਿਆ ਹੈ। ਲੋਕ ਪ੍ਰਤੀਨਿਧਤਾ (ਸੋਧ ਤੇ ਪੁਸ਼ਟੀਕਰਨ) ਕਾਨੂੰਨ 2013, ਸੁਪਰੀਮ ਕੋਰਟ ਦੇ 10 ਜੁਲਾਈ ਵਾਲੇ ਫੈਸਲੇ ਨੂੰ ਨਿਰਾਰਥਕ ਬਣਾਉਂਦਾ ਹੈ ਜਿਸ ਵਿਚ ਤੈਅ ਕੀਤਾ ਗਿਆ ਸੀ ਕਿ ਜੇਲ੍ਹ ਵਿਚ ਬੰਦ ਵਿਅਕਤੀ ਕਾਨੂੰਨ ਮੁਤਾਬਕ ਵੋਟ ਨਹੀਂ ਪਾ ਸਕਦਾ ਜਿਸ ਕਰ ਕੇ ਉਹ ਪਾਰਲੀਮੈਂਟ ਜਾਂ ਸੂਬਾਈ ਵਿਧਾਨ ਸਭਾ ਦੀਆਂ ਚੋਣਾਂ ਵੀ ਨਹੀਂ ਲੜ ਸਕਦਾ।

## ਸਿੱਖ ਭਾਈਚਾਰੇ ਵਲੋਂ ਇੰਟਰਫੇਥ ਇਕੱਤਰਤਾ ਵਿਚ ਸ਼ਮੂਲੀਅਤ

**ਸੈਨ ਹੋਜ਼ੇ (ਬਿਊਰੋ):** ਇਥੇ ਸੇਕਰਡ ਹਰਟ ਸੈਂਟਰ ਵਿਚ ਲੰਘੇ ਐਤਵਾਰ ਸ਼ਾਮੀਂ 5 ਵਜੇ ਤੋਂ 8 ਵਜੇ ਤੱਕ ਇਕ ਇੰਟਰਫੇਥ ਇਕੱਤਰਤਾ ਹੋਈ ਜਿਸ ਵਿਚ ਸਿੱਖ ਭਾਈਚਾਰੇ ਦੇ ਨੁਮਾਇੰਦੇ ਵੀ ਸ਼ਾਮਲ ਹੋਏ। ਗੁਰਦੁਆਰਾ ਸੈਨ ਹੋਜ਼ੇ ਦੀ ਨੁਮਾਇੰਦਗੀ ਕਰਦਿਆਂ ਭਾਈ ਸੁਖਦੇਵ ਸਿੰਘ ਬੈਣੀਵਾਲ ਨੇ ਇਸ ਮੌਕੇ ਸਿੱਖੀ ਦੇ ਤਿੰਨ ਸੁਨਹਿਰੀ ਅਸੂਲਾਂ-ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ ਅਤੇ ਲੰਗਰ ਦੇ ਸੰਕਲਪ ਬਾਰੇ ਜਾਣਕਾਰੀ ਦਿੱਤੀ।



ਇਸ ਮੌਕੇ ਭਾਈ ਜਗਤਾਰ ਸਿੰਘ, ਭਾਈ ਜਰਨੈਲ ਸਿੰਘ ਅਤੇ ਭਾਈ ਪਵਨ ਸਿੰਘ ਦੇ ਕੀਰਤਨੀ ਜਥੇ ਨੇ ਸ਼ਬਦ ਕੀਰਤਨ ਰਾਹੀਂ ਫਿਜ਼ਾ ਵਿਚ ਇਲਾਹੀ ਰੰਗ ਘੋਲਿਆ। ਜ਼ਿਕਰਯੋਗ ਹੈ ਕਿ ਗੁਰਦੁਆਰਾ ਸੈਨ ਹੋਜ਼ੇ ਸਿਲੀਕਾਨ ਵੈਲੀ ਇੰਟਰ ਰਿਲੀਜੀਅਸ ਕੌਂਸਲ ਦਾ ਮੈਂਬਰ ਹੈ ਅਤੇ ਇੰਟਰਫੇਥ ਇਕੱਤਰਤਾਵਾਂ ਵਿਚ ਇਸ ਦੇ ਨੁਮਾਇੰਦੇ ਸ਼ਾਮਲ ਹੋ ਕੇ ਸਿੱਖ ਧਰਮ ਬਾਰੇ ਜਾਣਕਾਰੀ ਮੁਹੱਈਆ ਕਰਦੇ ਹਨ।



## ਭਾਰਤ 'ਤੇ ਸਿੰਧ ਜਲ ਸੰਧੀ ਦੀ ਉਲੰਘਣਾ ਦੇ ਦੋਸ਼

**ਇਸਲਾਮਾਬਾਦ:** ਪਾਕਿਸਤਾਨ ਦੀ ਫੌਜ ਨੇ ਆਪਣੇ ਮਾਸਿਕ ਰਸਾਲੇ ਵਿਚ ਭਾਰਤ ਉੱਪਰ ਸਿੰਧ ਜਲ ਸੰਧੀ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ ਹੈ। ਇਸ ਦੇ ਨਾਲ ਹੀ ਰਸਾਲੇ ਵਿਚ ਭਾਰਤ ਨਾਲ ਸ਼ਾਂਤਮਈ ਸਬੰਧਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ।

ਰਸਾਲੇ 'ਹਿਲਾਲ' ਦੀ ਸੰਪਾਦਕੀ 'ਚ ਕਿਹਾ ਗਿਆ ਹੈ ਕਿ ਸਿੰਧ ਦਰਿਆ ਦਾ ਕੁਦਰਤੀ ਵਹਾਅ ਪਾਕਿਸਤਾਨ ਦੇ ਖੇਤੀ ਸੈਕਟਰ ਲਈ ਲਾਜ਼ਮੀ ਹੈ। ਇਸ ਦੇ ਵਹਾਅ ਨੂੰ ਕਿਸੇ ਤਰ੍ਹਾਂ ਨਾਲ ਵੀ ਰੋਕਣਾ ਦੁਵੱਲੇ ਸਬੰਧਾਂ ਨੂੰ ਖਰਾਬ ਕਰ ਸਕਦਾ ਹੈ। ਪਾਕਿਸਤਾਨ ਨੇ ਹਮੇਸ਼ਾ ਭਾਰਤ ਨਾਲ ਸ਼ਾਂਤਮਈ ਸਬੰਧਾਂ ਲਈ ਪਹਿਲ ਕੀਤੀ ਹੈ ਤੇ ਉਹ ਸਾਰੇ ਲਟਕਦੇ ਮਾਮਲੇ ਹੱਲ ਕਰਨ ਦਾ ਇੱਛੁਕ ਹੈ, ਹੁਣ ਭਾਰਤ ਦੀ ਵਾਰੀ ਹੈ ਕਿ ਉਹ ਅੱਗੇ ਵਧੇ ਤੇ ਦੱਖਣੀ ਏਸ਼ੀਆ ਵਿਚ ਸ਼ਾਂਤੀ ਬਰਕਰਾਰ ਰੱਖਣ ਲਈ ਮਜ਼ਬੂਤ ਕਦਮ ਪੁੱਟੇ। ਰਸਾਲੇ 'ਚ ਕਿਹਾ ਗਿਆ ਹੈ ਕਿ ਪਾਕਿਸਤਾਨ ਦੇ ਦਰਿਆਵਾਂ ਉਪਰ ਭਾਰਤ 67 ਡੈਮ ਖੜ੍ਹੇ ਕਰ ਕੇ ਸਿੰਧ ਜਲ ਸੰਧੀ ਦੀ ਉਲੰਘਣਾ ਕਰਨ ਦੀ ਕੋਸ਼ਿਸ਼ 'ਚ ਹੈ।

# ਬਾਦਲਾਂ ਨੇ ਸਾਜ਼ਿਸ਼ ਤਹਿਤ ਰੋਕੀਆਂ ਅਹਿਮ ਪ੍ਰਾਜੈਕਟਾਂ ਲਈ ਗਰਾਂਟਾਂ: ਬਾਜਵਾ

**ਅੰਮ੍ਰਿਤਸਰ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਦੋਸ਼ ਲਾਇਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਕੁਝ ਆਗੂਆਂ ਵੱਲੋਂ ਸਾਜ਼ਿਸ਼ ਤਹਿਤ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਦੇ ਪ੍ਰੋਜੈਕਟ ਮੁਕੰਮਲ ਕਰਨ ਲਈ ਲੋੜੀਂਦੀਆਂ ਗਰਾਂਟਾਂ ਰੋਕੀਆਂ ਹਨ ਤਾਂ ਜੋ ਉਸ ਨੂੰ ਸ਼ਹਿਰ ਤੋਂ ਬਾਹਰ ਦਾ ਰਸਤਾ ਦਿਖਾਇਆ ਜਾ ਸਕੇ। ਸ. ਬਾਜਵਾ ਇੱਥੇ ਵਿਧਾਨ ਸਭਾ ਹਲਕਾ ਉਤਰੀ ਵਿਚ ਕਾਂਗਰਸੀ ਆਗੂ ਕਰਮਜੀਤ ਸਿੰਘ ਰਿੰਟੂ ਵੱਲੋਂ ਕਰਾਈ ਹਲਕਾ ਪੱਧਰੀ ਰੈਲੀ ਨੂੰ ਸੰਬੋਧਨ ਕਰਨ ਆਏ ਸਨ।

ਇਸ ਮੌਕੇ ਸ. ਬਾਜਵਾ ਨੇ ਲੋਕਾਂ ਨੂੰ ਪੰਜਾਬ ਦੀ ਸ਼ਾਨ ਬਚਾਏ ਰੱਖਣ ਲਈ ਅਕਾਲੀ-ਭਾਜਪਾ ਗੱਠਜੋੜ ਨੂੰ ਉਖਾੜ ਸੁੱਟਣ ਦਾ ਸੱਦਾ ਦਿੱਤਾ। ਇੱਥੇ ਰਤਨ ਸਿੰਘ ਚੌਕ ਵਿਖੇ ਰੈਲੀ ਦੌਰਾਨ ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ, ਲੋਕ ਸਭਾ ਹਲਕੇ ਅੰਮ੍ਰਿਤਸਰ ਤੋਂ ਆਪਣਾ ਉਮੀਦਵਾਰ ਖੜ੍ਹਾ ਕਰਨਾ ਚਾਹੁੰਦਾ ਹੈ। ਇਸ ਤਹਿਤ ਇੱਥੋਂ ਸੰਸਦ ਮੈਂਬਰ ਸਿੱਧੂ ਦੀਆਂ ਯੋਜਨਾਵਾਂ ਮੁਕੰਮਲ ਹੋਣ ਤੋਂ ਰੋਕੀਆਂ ਗਈਆਂ ਹਨ। ਇਸ ਦਾ ਕਾਰਨ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਪਿਤਾ ਸਤਿਆਜੀਤ ਸਿੰਘ ਮਜੀਠੀਆ ਨੂੰ ਅਕਾਲੀ ਉਮੀਦਵਾਰ ਵਜੋਂ ਮੈਦਾਨ ਵਿਚ ਉਤਾਰਨ ਦੀ ਕੋਸ਼ਿਸ਼ ਹੈ।

ਰੈਲੀ ਨੂੰ ਸੰਬੋਧਨ ਕਰਦਿਆਂ ਕਰਮਜੀਤ ਸਿੰਘ ਰਿੰਟੂ ਨੇ ਕਿਹਾ ਕਿ ਇਸ ਹਲਕੇ ਨਾਲ ਸਬੰਧਤ ਅਕਾਲੀ ਭਾਜਪਾ ਸਰਕਾਰ ਦੇ ਕੈਬਨਿਟ ਮੰਤਰੀ ਅਨਿਲ ਜੋਸ਼ੀ ਨੇ ਪੰਜਾਬ ਦੀ ਸਨਅਤ ਨੂੰ ਨਜ਼ਰਅੰਦਾਜ਼ ਕੀਤਾ ਹੈ। ਉਨ੍ਹਾਂ ਰੇਤ ਦੀ ਨਾਜਾਇਜ਼ ਖੁਦਾਈ ਅਤੇ ਹੋਰ ਕਈ ਗੰਭੀਰ ਦੋਸ਼ ਵੀ ਲਾਏ। ਰੈਲੀ ਨੂੰ ਪ੍ਰਦੇਸ਼ ਕਾਂਗਰਸ ਦੇ ਮੀਤ ਪ੍ਰਧਾਨ ਓ.ਪੀ ਸੋਨੀ ਨੇ ਵੀ ਸੰਬੋਧਨ ਕੀਤਾ।



*ਰੈਲੀ ਦੌਰਾਨ ਮੰਚ ਉਤੇ ਬੈਠੇ ਪ੍ਰਤਾਪ ਸਿੰਘ ਬਾਜਵਾ ਅਤੇ ਕਰਮਜੀਤ ਸਿੰਘ ਰਿੰਟੂ*

## ਕਤਲ ਕੇਸ ਵਿਚ ਚਾਚੀ ਗ੍ਰਿਫਤਾਰ

**ਫਤਿਹਗੜ੍ਹ ਚੂੜੀਆਂ:** ਪੁਲਿਸ ਨੇ ਆਜਮਪੁਰਾ ਭਾਲੋਵਾਲੀ ਰੋਡ 'ਤੇ ਨੌਜਵਾਨ ਦੇ ਕਤਲ ਦੇ ਦੋਸ਼ ਹੇਠ ਨੌਜਵਾਨ ਦੀ ਚਾਚੀ ਕਵਿਤਾ ਨੂੰ ਗ੍ਰਿਫਤਾਰ ਕਰ ਲਿਆ ਹੈ। ਡੀ.ਐਸ.ਪੀ. ਕਿਰਪਾਲ ਸਿੰਘ ਚਾਹਲ ਮੁਤਾਬਕ ਪਿੰਡ ਆਜਮਪੁਰਾ ਦੇ ਨਜ਼ਦੀਕ ਅੰਮ੍ਰਿਤਸਰ ਵਾਸੀ ਹਨੀ ਦਾ ਕਤਲ ਕਰ ਦਿੱਤਾ ਗਿਆ ਸੀ। ਚਾਚੀ ਨੇ ਇਹ ਕਤਲ ਆਪਣੇ ਪ੍ਰੇਮੀ ਨਾਲ ਰਲ ਕੇ ਕੀਤਾ। ਪੁਲਿਸ ਨੇ ਇਸ ਕੇਸ ਵਿਚ ਸਚਿਨ ਸ਼ਰਮਾ ਅਤੇ ਮੁਕੇਸ਼ ਵਰਦਨ ਨੂੰ ਵੀ ਫੜ ਲਿਆ ਹੈ।

# ਬਾਬੂ ਰਜਬ ਅਲੀ ਤੇ ਉਸਤਾਦ ਦਾਮਨ ਨੂੰ ਯਾਦ ਕੀਤਾ ਗੀਤਕਾਰ ਮੰਚ ਨੇ

## ਗਾਇਕਾਂ ਤੇ ਗੀਤਕਾਰਾਂ ਨੇ ਦਿੱਤਾ ਜਾਗਣ ਦਾ ਹੋਕਾ

**ਸੈਕਰਾਮੈਂਟੋ (ਮਨਵੀਰ):** ਪੰਜਾਬੀ ਗੀਤਕਾਰ ਮੰਚ ਕੈਲੀਫੋਰਨੀਆ ਵਲੋਂ ਆਪਣਾ ਪਹਿਲਾ ਵਰ੍ਹੇਗੰਢ ਸਮਾਗਮ ਪੰਜਾਬ ਦੇ ਦੋ ਮਹਾਨ ਸ਼ਾਇਰਾਂ ਬਾਬੂ ਰਜਬ ਅਲੀ ਤੇ ਉਸਤਾਦ ਚਿਰਾਗਦੀਨ ਦਾਮਨ ਨੂੰ ਸਮਰਪਿਤ ਕਰ ਕੇ ਮਨਾਇਆ ਗਿਆ। ਸਮਾਗਮ ਵਿਚ ਨਾਮੀ ਕਵੀਆਂ, ਪੱਤਰਕਾਰਾਂ, ਕਾਲਮਨਵੀਸਾਂ, ਗੀਤਕਾਰਾਂ ਅਤੇ ਗਾਇਕਾਂ ਨੇ ਸ਼ਿਰਕਤ ਕੀਤੀ।

ਮੌਸਮ ਦੀ ਬੇਰੁਖੀ ਕਾਰਨ ਗੁਰੂ ਰਵਿਦਾਸ ਗੁਰੂ ਘਰ ਰੀਓ ਲਿੰਡਾ ਦੇ ਮੀਟਿੰਗ ਹਾਲ ਵਿਚ ਦੇਰੀ ਨਾਲ ਸ਼ੁਰੂ ਹੋਏ ਇਸ ਸਮਾਗਮ ਵਿਚ ਚੇਤੰਨ ਵਿਚਾਰਾਂ ਦਾ ਵਿਸ਼ਲੇਸ਼ਣ ਦੇਰ ਰਾਤ ਤਕ ਚਲਦਾ ਰਿਹਾ। ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਚੇਅਰਮੈਨ, ਉਘੇ ਸ਼ਾਇਰ ਤੇ ਚਿੰਤਕ ਸੁਖਵਿੰਦਰ ਕੰਬੋਜ, ਨਾਮੀ ਗਜ਼ਲਗੋ ਤੇ ਵਿਪਸਾ ਦੇ ਜਨਰਲ ਸਕੱਤਰ ਕੁਲਵਿੰਦਰ, ਕਾਲਮਨਵੀਸ ਤੇ ਰੇਡੀਓ ਹੋਸਟ ਐਸ. ਅਸ਼ੋਕ ਭੌਰਾ, ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ, ਪੰਜਾਬੀ ਸਾਹਿਤ ਸਭਾ ਦੀ ਸਾਬਕਾ ਪ੍ਰਧਾਨ ਮਨਜੀਤ ਕੌਰ ਸੇਖੋਂ ਤੇ 'ਇੰਡੋ ਯੂ.ਐਸ. ਡਾਇਲਾਗ' ਦੇ ਸੰਪਾਦਕ ਕੁਲਦੀਪ ਸਿੰਘ ਧਾਲੀਵਾਲ, ਪੰਜਾਬ ਤੋਂ ਆਏ ਪ੍ਰੇਮ ਕੁਮਾਰ ਸਰੋਏ ਆਦਿ ਪੰਜਾਬੀ ਭਾਈਚਾਰੇ ਦੀਆਂ ਜਾਣੀਆਂ-ਪਛਾਣੀਆਂ ਹਸਤੀਆਂ ਨਾਲ ਸ਼ਿੰਗਾਰਿਆ ਪ੍ਰਧਾਨਗੀ ਮੰਡਲ ਸਮਾਗਮ ਨੂੰ ਸਾਰਥਕ ਤੇ ਸੰਜੀਦਾ ਰਾਹਾਂ ਵੱਲ ਤੋਰਨ ਦਾ ਵਧੀਆ ਉਪਰਾਲਾ ਸੀ।



ਮੰਚ ਦੇ ਸੀਨੀਅਰ ਮੈਂਬਰ ਪਲਵਿੰਦਰ ਮਾਹੀ ਨੇ ਮੰਚ ਸੰਚਾਲਨ ਕਰਦਿਆਂ ਜਿਥੇ ਹਰ ਇਕ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਦਿਤਾ, ਉਥੇ ਕੁੱਝ ਇਕ ਵੱਖਰੇ ਆਏ ਵਿਚਾਰਾਂ ਨੂੰ ਦਰੁਸਤ ਕਰਦਿਆਂ ਬੜੀ ਹੀ ਮਿਆਰੀ ਸ਼ੈਲੀ ਵਿਚ ਉਨ੍ਹਾਂ ਨੂੰ ਗੀਤਕਾਰੀ ਮੰਚ ਦੀ ਸੋਚ ਦੇ ਰਾਹਾਂ ਤੋਂ ਜ਼ਰਾ ਵੀ ਥਿੜਕਣ ਨਹੀਂ ਦਿਤਾ। ਮੰਚ ਦੇ ਪ੍ਰਧਾਨ ਤੇ ਪ੍ਰਸਿੱਧ ਗੀਤਕਾਰ ਮੱਖਣ ਲੁਹਾਰ ਨੇ ਸਮਾਗਮ ਵਿਚ ਪੰਜਾਬੀ ਭਾਈਚਾਰੇ ਦੇ ਨਾਮੀ ਹਸਤਾਖਰਾਂ ਤੇ ਸੰਜੀਦਾ ਸਰੋਤਿਆਂ ਨੂੰ ਜੀ ਆਇਆਂ ਆਖਦਿਆਂ ਮੰਚ ਵਲੋਂ ਬੀਤੇ ਸਾਲ ਦੀਆਂ ਪ੍ਰਾਪਤੀਆਂ ਬਾਰੇ ਵਿਚਾਰ ਸਾਂਝੇ ਕੀਤੇ। ਮੰਚ ਦੇ ਜਨਰਲ ਸਕੱਤਰ ਬਿੱਕਰ ਸਿੰਘ ਕੰਮੇਆਣਾ ਨੇ ਸਾਂਝੇ ਪੰਜਾਬ ਦੇ ਪ੍ਰਸਿੱਧ ਸਾਹਿਤਕਾਰ, ਸ਼ਾਇਰੀ ਤੇ ਛੰਦਾਂ ਦੇ ਨਿਰੰਤਰ ਵਹਿਣ ਵਾਲੇ ਸਾਹਿਤਕ ਦਰਿਆ ਬਾਬੂ ਰਜਬ ਅਲੀ ਅਤੇ ਪਾਕਿਸਤਾਨ ਵਿਚ ਉਮਰ ਭਰ ਫੌਜੀ ਹਕੂਮਤ ਨਾਲ ਕਲਮੀ ਟੱਕਰ ਲੈਣ ਵਾਲੇ ਪੰਜਾਬੀ ਮਾਂ ਦੇ ਮਹਾਨ ਸਪੂਤ ਤੇ ਲੋਕ ਪੱਖੀ ਸ਼ਾਇਰ ਉਸਤਾਦ ਚਿਰਾਗਦੀਨ ਦਾਮਨ ਬਾਰੇ ਗੱਲਾਂ ਕੀਤੀਆਂ।

ਸ਼ਾਇਰ ਸੁਖਵਿੰਦਰ ਕੰਬੋਜ ਨੇ ਲੱਚਰ ਗੀਤਕਾਰੀ ਅਤੇ ਬਾਜ਼ਾਰੂ ਗਾਇਕੀ ਵਾਲਿਆਂ ਨੂੰ ਲੰਬੇ ਹੱਥੀਂ ਲੈਂਦਿਆਂ ਕਿਹਾ ਕਿ ਸਾਨੂੰ ਪੰਜਾਬੀ ਸਭਿਆਚਾਰ ਤੇ ਪਵਿੱਤਰ ਰਿਸ਼ਤਿਆਂ ਦਾ ਮੂੰਹ-ਮੱਥਾ ਵਿਗਾੜਨ ਵਾਲੇ ਗਾਇਕਾਂ, ਗੀਤਕਾਰਾਂ ਨੂੰ ਹੋਰ ਨਹੀਂ ਬਰਦਾਸ਼ਤ ਕਰਨਾ ਚਾਹੀਦਾ। ਅੱਜ ਲੋਕ ਪੱਖੀ ਮਾਨਵਵਾਦੀ ਤੇ ਸਭਿਅਕ ਸਮਾਜ ਨੂੰ ਇਕ ਡੋਰ ਵਿਚ ਬੰਨ੍ਹਣ ਵਾਲੇ ਉਸਾਰੂ ਸਾਹਿਤ ਦੀ ਲੋੜ ਹੈ। ਕਾਲਮਨਵੀਸ ਐਸ. ਅਸ਼ੋਕ ਭੌਰਾ ਨੇ ਕਿਹਾ ਕਿ ਲੱਚਰ ਗੀਤਕਾਰੀ ਤੇ ਗਾਇਕੀ ਖਿਲਾਫ ਸਾਨੂੰ ਆਪਣੀ ਗੱਲ ਪ੍ਰਿੰਟ ਤੇ ਇਲੈਕਟ੍ਰੋਨਿਕ ਮੀਡੀਏ ਰਾਹੀਂ ਦੁਨੀਆਂ ਦੇ ਕੋਨੇ-ਕੋਨੇ ਵਿਚ ਪਹੁੰਚਾਉਣ ਲਈ ਹਰ ਹੀਲਾ ਵਰਤਣਾ ਚਾਹੀਦਾ ਹੈ। ਹਨੀ ਸਿੰਘ ਵਰਗੇ ਗਾਇਕਾਂ ਦਾ ਸਾਨੂੰ ਦੰਦੀਆਂ ਚਿੜਾਉਣਾ ਸਾਡੀ ਲਾਪ੍ਰਵਾਹੀ ਕਰ ਕੇ ਹੀ ਸੰਭਵ ਹੋਇਆ ਹੈ।

ਕੁਲਦੀਪ ਸਿੰਘ ਧਾਲੀਵਾਲ ਨੇ ਸੱਦਾ ਦਿਤਾ ਕਿ ਆਪਣੀਆਂ ਕਲਮਾਂ ਨੂੰ ਸਹੀ ਦਿਸ਼ਾ ਵੱਲ ਤੋਰਦਿਆਂ ਜਾਤਾਂ-ਪਾਤਾਂ ਤੋਂ ਉਪਰ ਉਠ ਕੇ ਸੱਚੀ-ਸੁੱਚੀ ਮਾਨਵਵਾਦੀ ਸੋਚ ਤਹਿਤ ਚੰਗਾ ਲਿਖੀਏ ਤੇ ਬੋਲੀਏ। ਸ਼ਕਤੀ ਮਾਣਕ ਨੇ ਆਪਣੇ ਪਿਤਾ ਕੁਲਦੀਪ ਮਾਣਕ ਦੀ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਸਦਾ ਪੰਜਾਬੀ ਸਭਿਆਚਾਰ ਨੂੰ ਬੁਲੰਦੀਆਂ ਵੱਲ ਤੋਰਨ ਲਈ ਆਪਣੀ ਗਾਇਕੀ ਦਾ ਸਫ਼ਰ ਪੂਰਾ ਕੀਤਾ। ਮੈਂ ਤੇ ਮੇਰਾ ਵੀਰ ਯੁਧਵੀਰ ਮਾਣਕ ਸਿਹਤਯਾਬ ਹੋਣ ਉਪਰੰਤ ਆਪਣੇ ਪਿਤਾ ਦੀਆਂ ਪਾਈਆਂ ਸਭਿਆਚਾਰਕ ਪੈੜਾਂ ਵਿਚ ਪੈਰ ਧਰਾਂਗੇ।

ਗਜ਼ਲਗੋ ਕੁਲਵਿੰਦਰ ਨੇ ਜਿਥੇ ਆਪਣੀ ਸ਼ਾਇਰੀ ਤੇ ਸ਼ੇਅਰਾਂ ਨਾਲ ਸਰੋਤਿਆਂ ਨੂੰ ਮੰਤਰ-ਮੁਗਧ ਕੀਤਾ, ਉਥੇ ਇਹ ਸੁਨੇਹਾ ਵੀ ਦਿੱਤਾ ਕਿ ਉਚ ਪਾਏ ਦੀ ਸ਼ਾਇਰੀ ਦਾ ਸਫ਼ਰ ਸਾਨੂੰ ਇਖਲਾਕੀ ਕਦਰਾਂ-ਕੀਮਤਾਂ ਨਾਲ ਜੋੜ ਸਕਦਾ ਹੈ।

ਸ਼ਾਇਰਾ ਮਨਜੀਤ ਕੌਰ ਸੇਖੋਂ ਨੇ ਕਿਹਾ ਕਿ ਪੰਜਾਬੀ ਭਾਈਚਾਰੇ ਤੇ ਸਭਿਆਚਾਰ ਵਿਚ ਅੱਜ ਵੀ ਔਰਤ ਵਰਗ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ ਪਰ ਉਨ੍ਹਾਂ ਇਸ ਗੱਲ ਦੀ ਤਸੱਲੀ ਪ੍ਰਗਟਾਈ ਕਿ ਔਰਤ ਆਪਣੀ ਹੋਂਦ ਦਰਸਾਉਣ ਵਿਚ ਅੱਗੇ ਵਧ ਰਹੀ ਹੈ। ਗੀਤਕਾਰ ਤੇ ਗਜ਼ਲਗੋ ਅਜੈ ਤਨਵੀਰ ਜੋ ਪੀਟਾ ਚੰਦੇਲੀਵਾਲਾ ਦੇ ਨਾਂ ਨਾਲ ਵੀ ਪ੍ਰਸਿੱਧ ਹੈ, ਨੇ ਆਪਣੀ ਸ਼ਾਇਰੀ ਨਾਲ ਸਰੋਤਿਆਂ ਨੂੰ ਕੀਲ ਲਿਆ ਤੇ ਪ੍ਰਸਿੱਧ ਲੋਕ ਪੱਖੀ ਕਵੀ ਗੁਰਦਾਸ ਰਾਮ ਆਲਮ ਦੀਆਂ ਯਾਦਾਂ ਵੀ ਤਾਜ਼ਾ ਕਰਵਾ ਦਿਤੀਆਂ।

ਫਰਿਜ਼ਨੋ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਗੀਤਕਾਰ ਅਮਰ ਦਤੌਂਚ ਨੇ ਆਪਣੀ ਸੰਖੇਪ ਤਕਰੀਰ ਵਿਚ ਕਿਹਾ ਕਿ ਚੁਰਾਸੀ ਦੇ ਦੰਗੇ ਮੰਦਭਾਗੀ ਘਟਨਾ ਸਨ ਪਰ ਇਹ ਵਰਤਾਰਾ ਗ਼ਰੀਬ ਤੇ ਲਤਾੜੇ ਵਰਗ ਨਾਲ ਸਦੀਆਂ ਤੋਂ ਵਾਪਰ ਰਿਹਾ ਹੈ। ਕਲਮਾਂ ਵਾਲਿਆਂ ਨੂੰ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ। ਸ਼ਾਇਰ ਤਾਰਾ ਸਿੰਘ ਸਾਗਰ ਨੇ ਆਪਣੀ ਮਾਨਵਵਾਦੀ ਸ਼ਾਇਰੀ ਦੇ ਕੁੱਝ ਸ਼ੇਅਰਾਂ ਨਾਲ ਵਧੀਆ ਪ੍ਰਭਾਵ ਦਿਤਾ।

ਗਾਇਕਾਂ ਵਿਚ ਤਰਲੋਚਨ ਸਿੰਘ, ਜੀਵਨ ਰੱਤੂ, ਮੰਗਜੀਤ ਮੰਗਾ, ਸੱਤੀ ਅਟਵਾਲ, ਗੋਗੀ ਸੰਧੂ ਤੇ ਪੰਮੀ ਮਾਨ ਨੇ ਹਾਜ਼ਰੀ ਭਰੀ। ਗੁਰਬਚਨ ਚੋਪੜਾ, ਸਾਬਕਾ ਜ਼ਿਲ੍ਹਾ ਖੇਡ ਅਫ਼ਸਰ ਪ੍ਰੀਤਮ ਦਾਸ, ਗੁਰਦੀਪ ਸਿੰਘ ਘਣਗਸ, ਪ੍ਰੇਮ ਦਾਸ ਚੁੰਬਰ, ਓਮ ਪ੍ਰਕਾਸ਼ ਕਮਲ, ਹਰਮੇਸ਼ ਬੰਗੜ, ਗੁਰਦੀਪ ਹੀਰਾ, ਜੱਸੀ ਬੰਗਾ, ਐਮ.ਆਰ. ਪਾਲ, ਜੋਤੀ ਸਿੰਘ, ਤਜਿੰਦਰ ਕੌਰ, ਪਰਮਿੰਦਰ ਸਿੰਘ ਰਾਏ, ਹਰੀਸ਼ ਕੁਮਾਰ, ਮਨਜੀਤ ਸਿੰਘ ਰੱਲ, ਪਰਮਜੀਤ ਹੀਰਾ, ਗਲੋਬਲ ਪੰਜਾਬ ਤੋਂ ਜਗਦੇਵ ਸਿੰਘ ਭੰਡਾਲ, ਮਹਿੰਦਰ ਸਿੰਘ ਧਾਮੀ, ਹਰਜੀਤ ਸਿੰਘ ਤੇ ਰੇਡੀਓ ਚੜ੍ਹਦੀ ਕਲਾ ਹੋਸਟ ਬਲਵਿੰਦਰ ਸਿੰਘ ਤੇ ਸੇਵਕ ਦਾਸ ਰੱਲ ਇਸ ਸਮਾਗਮ ਵਿਚ ਹਾਜ਼ਰ ਸਨ। ਲੰਗਰ ਦੀ ਸੇਵਾ ਰਸ਼ਪਾਲ ਕੌਰ, ਦੇਬੋ ਰੱਲ ਤੇ ਕਮਲਜੀਤ ਕੌਰ ਨੇ ਨਿਭਾਈ।

## Matrimonial

### ਕੰਨਿਆਂ ਦੀ ਲੋੜ

ਕੰਬੋਜ ਸਿੱਖ ਬਿੰਦ, ਕੱਦ 6 ਫੁੱਟ, ਗਰੀਨ ਕਾਰਡ ਹੋਲਡਰ, ਆਟੋ ਮਕੈਨਿਕ ਲੜਕੇ ਲਈ ਅਮਰੀਕਾ ਰਹਿੰਦੀ ਗਰੀਨ ਕਾਰਡ ਹੋਲਡਰ ਜਾਂ ਵਿਜ਼ਿਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਸੰਪਰਕ ਕਰੋ: 916-470-5520

Kamboj Sikh boy 28, 6', clean shaven, teetotaler, doing MBA from US Top 20 Business School, seeks educated, pretty girl preferably settled in US. No siblings. Parents getting US PR by start of 2014. Uncle and other family members settled in US for more than 20 years. Caste No Bar. Contact, Ph: 281-451-2173, e-mail: matri9285@gmail.com.

### ਵਰ ਦੀ ਲੋੜ

ਖੱਤਰੀ ਸਿੱਖ ਮਿਲਵਾਕੀ ਰਹਿੰਦੇ ਮਾਪਿਆਂ ਨੂੰ ਆਪਣੀ ਲੜਕੀ, ਉਮਰ 29 ਸਾਲ, ਕੱਦ 5'-6" ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੇ ਦੀ ਲੋੜ ਹੈ। ਸੰਪਰਕ ਕਰੋ: 414-204-3480

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available

India Vacation tour package also available.
Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

FARMERS INSURANCE GROUP Symbol of Superior Service
FARMERS
ਆਟੋ, ਘਰ, ਬਿਜ਼ਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਲੋੜ ਹੈ
ਬੇਕਰਸਫੀਲਡ ਕੈਲੀਫੋਰਨੀਆਂ ਵਿੱਚ ਸਟੋਰ ਲਈ ਕੈਸ਼ੀਅਰ
$9:00 (ਪ੍ਰਤੀ ਘੰਟਾ) ਤੋਂ ਸ਼ੁਰੂ
ਅਤੇ ਸਟੋਰ ਲਈ ਸੁਪਰਵਾਈਜ਼ਰ ਦੀ ਤੁਰੰਤ ਲੋੜ ਹੈ
ਸੰਪਰਕ ਕਰੋ
661-364-0341

# ਲੀਡਰਾਂ ਨੇ ਕੌਡੀਆਂ ਦੇ ਭਾਅ ਖਰੀਦੇ ਵਿਦੇਸ਼ੀ ਹਥਿਆਰ

**ਚੰਡੀਗੜ੍ਹ:** ਅਕਾਲੀ-ਭਾਜਪਾ ਸਰਕਾਰ ਨੇ ਸਾਲ 2012-13 ਦੌਰਾਨ ਤਕਰੀਬਨ ਢਾਈ ਸੌ ਵੀ.ਆਈ.ਪੀਜ਼ ਨੂੰ ਲੱਖਾਂ ਰੁਪਏ ਦੀ ਕੀਮਤ ਵਾਲੇ ਹਥਿਆਰ ਹਜ਼ਾਰਾਂ ਰੁਪਏ ਵਿਚ ਅਲਾਟ ਕੀਤੇ ਹਨ। ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਨੇ ਆਪਣੇ ਰਾਜ ਭਾਗ ਦੌਰਾਨ ਵੀ ਇਸੇ ਤਰ੍ਹਾਂ ਹੀ ਕੀਤਾ ਸੀ। ਪੁਲਿਸ ਅਕਾਦਮੀ, ਫਿਲੌਰ ਵੱਲੋਂ ਆਰ.ਟੀ.ਆਈ. ਤਹਿਤ ਦਿੱਤੀ ਜਾਣਕਾਰੀ ਮੁਤਾਬਕ ਹਾਕਮ ਧਿਰ ਦੇ ਜ਼ਿਆਦਾ ਨੇੜਲਿਆਂ ਨੂੰ ਇਕ-ਇਕ ਨਹੀਂ ਬਲਕਿ ਦੋ-ਦੋ ਹਥਿਆਰ ਅਲਾਟ ਕੀਤੇ ਗਏ ਹਨ। ਆਈ.ਪੀ.ਐਸ ਤੇ ਆਈ.ਏ.ਐਸ ਅਫਸਰਾਂ ਨੂੰ ਵੀ ਕਾਫੀ ਹਥਿਆਰ ਮਿਲੇ ਹਨ। ਇਸੇ ਤਰ੍ਹਾਂ ਸਿਆਸੀ ਆਗੂਆਂ ਨੇ ਵੀ ਹਥਿਆਰ ਅਲਾਟ ਕਰਾਏ ਹਨ।

ਸੂਚਨਾ ਮੁਤਾਬਕ ਵੀ.ਆਈ.ਪੀ ਲੋਕਾਂ ਨੂੰ ਚੀਨ ਦੇ 51 ਪਿਸਟਲ, ਜਰਮਨੀ ਦੇ ਛੇ ਪਿਸਟਲ, ਇੰਗਲੈਂਡ ਦੇ ਦੋ, ਚੈਕੋਸਲਵਾਕੀਆ ਦੇ ਤਿੰਨ, ਇਟਲੀ ਦੇ ਚਾਰ, ਯੂ.ਐਸ.ਏ ਦੇ ਦੋ ਤੇ ਸਪੇਨ ਦਾ ਇਕ ਪਿਸਟਲ ਅਲਾਟ ਕੀਤਾ ਗਿਆ। ਬਾਕੀ ਭਾਰਤੀ ਹਥਿਆਰ ਹਨ। 15 ਵਿਅਕਤੀਆਂ ਨੂੰ 315 ਬੋਰ ਰਾਈਫਲ ਅਲਾਟ ਕੀਤੀ ਗਈ ਹੈ ਜਦੋਂਕਿ ਅੱਠ ਵਿਅਕਤੀਆਂ ਨੇ ਰਿਵਾਲਵਰ ਲਏ। ਦੋ ਜਣਿਆਂ ਨੇ ਬਾਰਾਂ ਬੋਰ ਗੰਨ ਲਈ ਹੈ। ਇਕ ਵਿਅਕਤੀ ਨੇ ਮਾਊਜ਼ਰ ਲਿਆ।

ਵੇਰਵਿਆਂ ਮੁਤਾਬਕ ਉਦਯੋਗ ਮੰਤਰੀ ਅਨਿਲ ਜੋਸ਼ੀ ਨੇ ਜਰਮਨੀ ਦਾ ਬਣਿਆ ਪਿਸਟਲ 55 ਹਜ਼ਾਰ ਵਿਚ ਲਿਆ ਹੈ ਜਦੋਂਕਿ ਮੁੱਖ ਸੰਸਦੀ ਸਕੱਤਰ (ਉਚੇਰੀ ਸਿੱਖਿਆ) ਅਵਿਨਾਸ਼ ਚੰਦਰ ਨੇ ਰਿਵਾਲਵਰ 45,500 ਰੁਪਏ ਵਿਚ ਅਲਾਟ ਕਰਾਇਆ। ਪੰਜਾਬ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਦੇ ਲੜਕੇ ਜਸਜੀਤ



ਸਿੰਘ ਨੂੰ ਚੀਨੀ ਪਿਸਟਲ 30 ਹਜ਼ਾਰ ਰੁਪਏ ਵਿਚ ਹੀ ਮਿਲ ਗਿਆ। ਮਾਰਕੀਟ ਵਿਚ ਚੀਨੀ ਪਿਸਟਲ ਦੀ ਕੀਮਤ ਪੰਜ ਲੱਖ ਤੋਂ ਉਪਰ ਹੈ। ਵਿਧਾਨ ਸਭਾ ਦੇ ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ ਨੇ ਖੁਦ 45 ਹਜ਼ਾਰ ਵਿਚ ਰਿਵਾਲਵਰ ਲਿਆ ਜਦੋਂਕਿ ਉਨ੍ਹਾਂ ਦੇ ਲੜਕੇ ਰਵੀਕਰਨ ਸਿੰਘ ਨੇ ਚੀਨੀ ਪਿਸਟਲ (7.62 ਐਮ.ਐਮ) 30 ਹਜ਼ਾਰ ਰੁਪਏ ਵਿਚ ਲਿਆ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਓ.ਐਸ.ਡੀ (ਰਿਹਾਇਸ਼) ਬਲਕਰਨ ਸਿੰਘ ਵਾਸੀ ਬਣਵਾਲਾ ਨੂੰ 30 ਹਜ਼ਾਰ ਵਿਚ ਪਿਸਟਲ ਦਿੱਤਾ ਗਿਆ ਜਦੋਂਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਸਾਬਕਾ ਓ.ਐਸ.ਡੀ ਗੁਰਵਿੰਦਰ ਸਿੰਘ ਵਾਸੀ ਬਣਵਾਲਾ ਨੇ 30 ਹਜ਼ਾਰ ਵਿਚ ਪਿਸਟਲ ਅਲਾਟ ਕਰਾ ਲਿਆ ਹੈ। ਵਿਧਾਇਕ ਸਰਬਜੀਤ ਸਿੰਘ ਮੱਕੜ ਨੂੰ ਚੀਨੀ ਪਿਸਟਲ 29 ਹਜ਼ਾਰ ਵਿਚ ਦਿੱਤਾ ਗਿਆ ਜਦੋਂ ਕਿ ਸਾਬਕਾ ਵਿਧਾਇਕ ਦਿਲਬਾਗ ਸਿੰਘ ਨੇ 30 ਹਜ਼ਾਰ 'ਚ ਪਿਸਟਲ ਲਿਆ।

ਅਕਾਲੀ ਦਲ ਦੇ ਸੀਨੀਅਰ ਵਿਧਾਇਕ ਹਰੀ ਸਿੰਘ ਜ਼ੀਰਾ ਦੇ ਲੜਕੇ ਅਵਤਾਰ ਸਿੰਘ ਨੂੰ ਸਿਰਫ਼ 20 ਹਜ਼ਾਰ ਰੁਪਏ ਵਿਚ ਪਿਸਟਲ ਅਲਾਟ ਕੀਤਾ ਗਿਆ। ਸਾਬਕਾ ਮੰਤਰੀ ਗੁਲਜ਼ਾਰ ਸਿੰਘ (ਜ਼ਿਲ੍ਹਾ ਬਠਿੰਡਾ) ਨੇ 44,500 ਰੁਪਏ ਵਿਚ ਰਿਵਾਲਵਰ ਤੇ ਸਾਬਕਾ ਵਿਧਾਇਕ ਗੁਰਜੰਟ ਸਿੰਘ ਕੁੱਤੀਵਾਲ ਨੂੰ 70 ਹਜ਼ਾਰ ਰੁਪਏ ਵਿਚ ਪਿਸਟਲ ਅਲਾਟ ਕੀਤਾ ਗਿਆ। ਵਿਧਾਇਕ ਮਨਪ੍ਰੀਤ ਸਿੰਘ ਇਆਲ਼ੀ ਤੇ ਕਾਂਗਰਸੀ ਵਿਧਾਇਕ ਅਜੈਬ ਸਿੰਘ ਭੱਟੀ ਨੂੰ ਵੀ ਹਥਿਆਰ ਮਿਲੇ।

ਹਲਕਾ ਲੰਬੀ ਦੇ ਬਾਦਲ ਪਰਿਵਾਰ ਦੇ ਨੇੜਲੇ ਤੇਜਿੰਦਰ ਸਿੰਘ ਮਿੱਡੂਖੇੜਾ ਨੂੰ ਤਾਂ ਦੋ ਹਥਿਆਰ ਅਲਾਟ ਕੀਤੇ ਗਏ। ਉਨ੍ਹਾਂ ਨੂੰ ਖੁਦ ਨੂੰ ਚੀਨ ਦਾ ਪਿਸਟਲ 29 ਹਜ਼ਾਰ ਰੁਪਏ ਵਿਚ ਮਿਲ ਗਿਆ ਹੈ ਜਦੋਂ ਕਿ ਉਨ੍ਹਾਂ ਦੀ ਪਤਨੀ ਦੇ ਨਾਂ 'ਤੇ ਵੀ 30 ਹਜ਼ਾਰ ਰੁਪਏ ਦਾ ਚੀਨੀ ਪਿਸਟਲ ਅਲਾਟ ਹੋਇਆ ਹੈ। ਜ਼ਿਲ੍ਹਾ ਮੁਕਤਸਰ ਦੇ ਅਕਾਲੀ ਦਲ ਦੇ ਸੀਨੀਅਰ ਨੇਤਾ ਰੋਜ਼ੀ ਬਰਕੰਦੀ ਨੇ ਖੁਦ ਚੀਨੀ ਪਿਸਟਲ 30 ਹਜ਼ਾਰ ਵਿਚ ਲਿਆ ਹੈ ਜਦੋਂ ਕਿ ਉਨ੍ਹਾਂ ਦੇ ਭਰਾ ਸ਼ਮਿੰਦਰਜੀਤ ਸਿੰਘ ਨੂੰ ਵੀ ਚੀਨੀ ਪਿਸਟਲ 30 ਹਜ਼ਾਰ ਵਿਚ ਮਿਲਿਆ।

ਹਥਿਆਰਾਂ ਦੀ ਅਲਾਟਮੈਂਟ ਦਾ ਮੇਲਾ ਅਫਸਰਾਂ ਨੇ ਵੀ ਲੁੱਟਿਆ ਹੈ। ਆਈ.ਪੀ.ਐਸ ਅਧਿਕਾਰੀ ਰੋਹਿਤ ਚੌਧਰੀ ਨੇ ਤਾਂ ਦੋ ਹਥਿਆਰ ਅਲਾਟ ਕਰਾਏ। ਉਨ੍ਹਾਂ ਨੇ ਖੁਦ ਜਰਮਨੀ ਦਾ ਪਿਸਟਲ 65 ਹਜ਼ਾਰ ਤੇ ਉਨ੍ਹਾਂ ਦੀ ਪਤਨੀ ਸਪਨਾ ਚੌਧਰੀ ਨੇ ਪਿਸਟਲ 50 ਹਜ਼ਾਰ ਰੁਪਏ 'ਚ ਅਲਾਟ ਕਰਾਇਆ ਹੈ। ਆਈ.ਪੀ.ਐਸ ਅਧਿਕਾਰੀ ਸੰਜੀਵ ਗੁਪਤਾ, ਪ੍ਰਮੋਦ ਬਾਨ, ਅਸ਼ੀਸ਼ ਚੌਧਰੀ, ਪਰਮਜੀਤ ਸਿੰਘ, ਮਹਾਂਬੀਰ ਸਿੰਘ, ਲੋਕ ਨਾਥ ਆਂਗਰਾ ਤੇ ਸ਼ਾਮ ਲਾਲ ਗੱਖੜ ਨੂੰ ਵੀ ਅਸਲਾ ਮਿਲਿਆ।

ਸਾਬਕਾ ਆਈ.ਪੀ.ਐਸ ਹਰਿੰਦਰ ਸਿੰਘ ਚਾਹਲ ਨੇ ਵੀ 28 ਹਜ਼ਾਰ ਦਾ ਪਿਸਟਲ ਲਿਆ ਹੈ। ਆਈ.ਏ.ਐਸ ਅਧਿਕਾਰੀ ਵਰੁਣ ਰੂਜ਼ਮ ਤੇ ਰਜਤ ਅਗਰਵਾਲ ਨੇ ਵੀ 30-30 ਹਜ਼ਾਰ ਰੁਪਏ 'ਚ ਪਿਸਟਲ ਅਲਾਟ ਕਰਾਏ। ਪੀ.ਸੀ.ਐਸ ਅਧਿਕਾਰੀ ਸੰਦੀਪ ਰਿਸ਼ੀ ਤੇ ਰਾਹੁਲ ਗੁਪਤਾ ਨੇ ਖੁਦ ਹਥਿਆਰ ਅਲਾਟ ਕਰਾਏ ਹਨ ਜਦੋਂਕਿ ਯਸ਼ਪਾਲ ਸਿੰਘ, ਐਨ.ਐਸ.ਬਰਾੜ ਤੇ ਪ੍ਰੀਤਮ ਸਿੰਘ ਦੇ ਲੜਕਿਆਂ ਨੇ ਹਥਿਆਰ ਲਏ ਹਨ ਜਿਨ੍ਹਾਂ ਸਾਧਾਰਨ ਲੋਕਾਂ ਨੂੰ ਅਲਾਟਮੈਂਟ ਹੋਈ ਹੈ, ਉਹ ਸਿਰਫ਼ ਗੰਨ ਜਾਂ ਬਾਰਾਂ ਬੋਰ ਬੰਦੂਕਾਂ ਦੀ ਰਹੀ।

ਔਰਤਾਂ ਵੀ ਇਸ ਕੰਮ ਵਿਚ ਪਿੱਛੇ ਨਹੀਂ ਰਹੀਆਂ ਤੇ ਤਕਰੀਬਨ ਸੱਤ ਔਰਤਾਂ ਨੇ ਇਸ ਅਲਾਟਮੈਂਟ ਤਹਿਤ ਹਥਿਆਰ ਲਏ ਹਨ। ਤਰਨਤਾਰਨ ਦੀ ਰਾਜਵਿੰਦਰ ਕੌਰ ਨੇ 15 ਹਜ਼ਾਰ ਵਿਚ ਤੇ ਇਸੇ ਜ਼ਿਲ੍ਹੇ ਦੀ ਦਲਜੀਤ ਕੌਰ ਨੇ 16 ਹਜ਼ਾਰ ਵਿਚ ਹਥਿਆਰ ਲਿਆ ਹੈ ਜਦੋਂ ਕਿਫਿਰੋਜ਼ਪੁਰ ਦੀ ਬਖਸ਼ੀਸ਼ ਕੌਰ ਨੇ 30 ਹਜ਼ਾਰ ਵਿਚ ਪਿਸਟਲ ਲਿਆ ਹੈ। ਮੁਕਤਸਰ ਦੇ ਪਿੰਡ ਖ਼ੂਨਣ ਕਲਾਂ ਦੀ ਹਰਮਿੰਦਰ ਕੌਰ ਨੇ 15 ਹਜ਼ਾਰ ਵਿਚ ਰਾਈਫਲ ਲਈ ਹੈ।

ਪੰਜਾਬ ਪੁਲਿਸ ਕੋਲ ਇਹ ਪੁਰਾਣਾ ਫੜਿਆ ਹੋਇਆ ਅਸਲਾ ਹੈ ਜਿਸ ਨੂੰ ਹੁਣ ਸਰਕਾਰ ਵੱਲੋਂ ਅਲਾਟ ਕੀਤਾ ਗਿਆ ਹੈ। ਮਾਰਕੀਟ ਵਿਚ ਇਨ੍ਹਾਂ ਹਥਿਆਰਾਂ ਦੀ ਕੀਮਤ ਲੱਖਾਂ ਵਿਚ ਹੈ ਜਦੋਂ ਕਿ ਅਲਾਟ ਹਜ਼ਾਰਾਂ ਵਿਚ ਕੀਤਾ ਗਿਆ ਹੈ। ਸਰਕਾਰੀ ਪੱਖ ਹੈ ਕਿ ਇਨ੍ਹਾਂ ਹਥਿਆਰਾਂ ਦੀ ਅਲਾਟਮੈਂਟ ਲਈ ਬਾਕਾਇਦਾ ਅਖ਼ਬਾਰਾਂ ਵਿਚ ਇਸ਼ਤਿਹਾਰ ਦਿੱਤਾ ਗਿਆ ਸੀ ਤੇ ਅਪਲਾਈ ਕਰਨ ਵਾਲਿਆਂ ਨੂੰ ਮੈਰਿਟ ਦੇ ਆਧਾਰ 'ਤੇ ਅਸਲਾ ਅਲਾਟ ਕੀਤਾ ਗਿਆ ਹੈ।

# ਘਰੇਲੂ ਕਲੇਸ਼ ਤੋਂ ਦੁਖੀ ਡੀ.ਐਸ.ਪੀ ਵੱਲੋਂ ਖ਼ੁਦਕੁਸ਼ੀ

**ਖਰੜ:** ਪੰਜਾਬ ਪੁਲਿਸ ਦੇ ਡੀ.ਐਸ.ਪੀ ਮਨਵਿੰਦਰ ਸਿੰਘ ਪੁੱਤਰ ਅਵਤਾਰ ਸਿੰਘ ਨੇ ਘਰੇਲੂ ਕਲੇਸ਼ ਤੋਂ ਤੰਗ ਆ ਕੇ ਸਲਫਾਸ ਖਾ ਕੇ ਖ਼ੁਦਕੁਸ਼ੀ ਕਰ ਲਈ। ਮਨਵਿੰਦਰ ਸਿੰਘ ਖਰੜ ਦੇ ਗੁਰੂ ਤੇਗ ਬਹਾਦਰ ਨਗਰ ਵਿਚ ਇਕੱਲਾ ਰਹਿ ਰਿਹਾ ਸੀ ਤੇ ਪੰਜਾਬ ਪੁਲਿਸ ਹੈਡ ਕੁਆਰਟਰ, ਚੰਡੀਗੜ੍ਹ ਵਿਚ ਡੀ.ਐਸ.ਪੀ ਸਿਕਉਰਟੀ ਵਜੋਂ ਸੇਵਾ ਨਿਭਾ ਰਿਹਾ ਸੀ। ਮ੍ਰਿਤਕ ਨੇ ਖ਼ੁਦਕੁਸ਼ੀ ਤੋਂ ਪਹਿਲਾਂ ਆਪਣੀ ਮੌਤ ਦੇ ਕਾਰਨਾਂ ਬਾਰੇ ਨੋਟ ਲਿਖਿਆ ਹੈ। ਉਸ ਨੇ ਆਪਣੀ ਸਾਰੀ ਗੱਲਬਾਤ ਮੋਬਾਈਲ ਫੋਨ ਵਿਚ ਵੀ ਰਿਕਾਰਡ ਕੀਤੀ। ਉਸ ਨੇ ਰਿਕਾਰਡ ਕੀਤਾ ਹੈ ਕਿ ਉਹ ਆਪਣੀ ਮਰਜ਼ੀ ਨਾਲ ਆਤਮ ਹੱਤਿਆ ਕਰ ਰਿਹਾ ਹੈ ਤੇ ਉਸ ਦੀ ਲਾਸ਼ ਉਸ ਦੇ ਪਿਤਾ ਜਾਂ ਭਰਾਵਾਂ ਹਵਾਲੇ ਕਰ ਦਿੱਤੀ ਜਾਵੇ ਤੇ ਪਤਨੀ ਨੂੰ ਬਿਲਕੁਲ ਨਾ ਦਿੱਤੀ ਜਾਵੇ। ਉਸ ਦੀ ਗੱਡੀ ਉਸ ਦੇ ਪਿਤਾ ਦੇ ਨਾਂ ਟਰਾਂਸਫਰ ਕਰ ਦਿੱਤੀ ਜਾਵੇ ਤੇ ਨੌਕਰੀ ਬਾਰੇ ਅਦਾਇਗੀਆਂ ਉਸ ਦੀ ਮਾਤਾ ਨੂੰ ਦਿੱਤੀਆਂ ਜਾਣ।

ਬਲਵਿੰਦਰ ਸਿੰਘ ਉਸ ਨੂੰ ਹਸਪਤਾਲ ਵਿਚ ਲੈ ਗਿਆ ਜਿਥੇ ਉਸ ਦੀ ਮੌਤ ਹੋ ਗਈ। ਮਨਮਿੰਦਰ ਸਿੰਘ ਪਿਛਲੇ ਨੌਂ ਮਹੀਨੇ ਤੋਂ ਛੁੱਟੀ 'ਤੇ ਚੱਲ ਰਿਹਾ ਸੀ। ਜ਼ਹਿਰ ਖਾਣ ਤੋਂ ਪਹਿਲਾਂ ਡੀ.ਐਸ.ਪੀ ਨੇ ਕਈ ਸਫ਼ਿਆਂ ਦਾ ਪੱਤਰ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਦੇ ਨਾਂ ਵੀ ਲਿਖ ਕੇ ਛੱਡਿਆ ਤੇ ਪੁਲਿਸ ਨੂੰ ਇਸ ਪੱਤਰ ਦੀਆਂ ਕਾਪੀਆਂ ਪ੍ਰੈਸ ਰਿਪੋਰਟਰਾਂ ਨੂੰ ਦੇਣ ਤੇ ਪੱਤਰ ਹਾਈ ਕੋਰਟ ਭੇਜ ਦੇਣ ਲਈ ਕਿਹਾ ਹੈ।

# ਚੌਥੇ ਵਿਆਹ ਲਈ 13 ਸਾਲਾ ਧੀ ਦਾ ਕਤਲ

**ਬੁਢਲਾਡਾ:** ਨੇੜਲੇ ਪਿੰਡ ਗੜੱਦੀ ਵਿਚ ਇਕ ਪਿਉ ਨੇ ਆਪਣੇ ਚੌਥੇ ਵਿਆਹ ਵਿਚ ਅੜਿੱਕਾ ਬਣ ਰਹੀ 13 ਸਾਲਾ ਧੀ ਦੀ ਹੱਤਿਆ ਕਰ ਦਿੱਤੀ।

ਪੁਲਿਸ ਮੁਤਾਬਕ ਮ੍ਰਿਤਕਾ ਅਮਨਦੀਪ ਕੌਰ ਦੇ ਪਿਤਾ ਲਖਵਿੰਦਰ ਸਿੰਘ ਦਾ ਚੀਮਾ ਮੰਡੀ ਦੀ ਬੇਅੰਤ ਕੌਰ ਪੁੱਤਰੀ ਗੁਰਦੇਵ ਸਿੰਘ ਨਾਲ 1999 ਵਿਚ ਵਿਆਹ ਹੋਇਆ ਸੀ। ਕਈ ਸਾਲਾਂ ਤੱਕ ਪਤੀ-ਪਤਨੀ ਵਿਚ ਅਣਬਣ ਰਹਿਣ ਕਾਰਨ 2008 ਵਿਚ ਉਨ੍ਹਾਂ ਦਾ ਤਲਾਕ ਹੋ ਗਿਆ।

ਉਸ ਸਮੇਂ ਅਮਨਦੀਪ ਕੌਰ ਨੂੰ ਉਸ ਦੇ ਪਿਤਾ ਨੇ ਆਪਣੇ ਕੋਲ ਰੱਖ ਲਿਆ ਸੀ। ਤਲਾਕ ਉਪਰੰਤ ਲਖਵਿੰਦਰ ਸਿੰਘ ਨੇ ਮਾਨਸਾ ਜਿਲ੍ਹੇ ਦੇ ਪਿੰਡ ਦਿਆਲੂਵਾਲਾ ਖੀਵਾ ਵਿਚ ਦੂਜਾ ਵਿਆਹ ਕਰਵਾ ਲਿਆ ਸੀ। ਦੂਜੀ ਪਤਨੀ ਜਸਵੀਰ ਕੌਰ ਦੀ ਦਿਮਾਗੀ ਹਾਲਤ ਕੁਝ ਸਮੇਂ ਬਾਅਦ ਵਿਗੜੀ ਗਈ ਸੀ ਤੇ ਉਹ ਆਪਣੇ ਪੇਕੇ ਘਰ ਰਹਿਣ ਲੱਗ ਪਈ ਸੀ। ਫਿਰ ਲਖਵਿੰਦਰ ਸਿੰਘ ਨੇ ਆਪਣੀ ਦੂਜੀ ਪਤਨੀ ਦੀ ਭੈਣ ਵੀਰਪਾਲ ਕੌਰ ਨਾਲ ਵਿਆਹ ਕਰਵਾ ਲਿਆ ਜਿਸ ਨਾਲ ਵਿਆਹ ਤੋਂ ਤਿੰਨ ਮਹੀਨਿਆਂ ਬਾਅਦ ਹੀ ਉਸ ਦਾ ਤੋੜ-ਵਿਛੋੜਾ ਹੋ ਗਿਆ। ਹੁਣ ਲਖਵਿੰਦਰ ਸਿੰਘ ਚੌਥੇ ਵਿਆਹ ਦੀਆਂ ਤਿਆਰੀਆਂ ਵਿਚ ਸੀ।

# ਆਰਜ਼ੀ ਇਮਾਰਤਾਂ ਵਿਚ ਚੱਲ ਰਹੇ ਨੇ ਪੰਜਾਬ ਦੇ ਬਹੁਤੇ ਥਾਣੇ

**ਚੰਡੀਗੜ੍ਹ:** ਪੰਜਾਬ ਦੇ ਉਪ ਮੁੱਖ ਮੰਤਰੀ ਇਕ ਪਾਸੇ ਰਾਜ ਅੰਦਰ ਪੁਲਿਸ ਸੁਧਾਰਾਂ ਦੀ ਗੱਲ ਕਰ ਰਹੇ ਹਨ ਪਰ ਦੂਜੇ ਪਾਸੇ ਜ਼ਮੀਨੀ ਹਕੀਕਤ ਇਹ ਹੈ ਕਿ ਪੰਜਾਬ ਭਰ ਦੇ ਵੱਡੀ ਗਿਣਤੀ ਪੁਲਿਸ ਥਾਣੇ ਵਿਭਾਗ ਵੱਲੋਂ ਨੋਟੀਫਾਈ ਥਾਵਾਂ ਦੀ ਥਾਂ ਹੋਰ ਥਾਵਾਂ ਤੋਂ ਹੀ ਚਲਾਏ ਜਾ ਰਹੇ ਹਨ। ਕਈ ਥਾਈਂ ਤਾਂ ਇਨ੍ਹਾਂ ਅਰਜ਼ੀ ਥਾਣਿਆਂ ਵਿਚ ਵਰਤੀ ਜਾ ਰਹੀ ਬਿਜਲੀ ਦੇ ਬਿੱਲ ਵੀ ਨਹੀਂ ਭਰੇ ਜਾ ਰਹੇ।

ਹਾਲਾਤ ਇਸ ਕਦਰ ਮਾੜੇ ਹਨ ਕਿ ਲੋਕਾਂ ਦੀ ਸਹੂਲਤ ਲਈ ਕਾਇਮ ਇਨ੍ਹਾਂ ਪੁਲਿਸ ਥਾਣਿਆਂ ਵਿਚ ਆਪਣੀ ਮਹਿਲਾ ਪੁਲਿਸ ਲਈ ਹੀ ਵੱਖਰੇ ਪਖਾਨਿਆਂ ਦੀ ਸਹੂਲਤ ਨਹੀਂ। ਅਧਿਕਾਰਤ ਸੂਚਨਾ ਮੁਤਾਬਕ ਪੁਲਿਸ ਜ਼ਿਲ੍ਹਾ ਬਟਾਲਾ ਦਾ ਬਹਿਰਾਮਪੁਰ ਥਾਣਾ ਸਰਕਾਰੀ ਸਕੂਲ ਦੀ ਇਮਾਰਤ, ਘੁਮਾਣ ਕਲਾਂ ਦਾ ਥਾਣਾ ਪਸ਼ੂ ਹਸਪਤਾਲ ਦੀ ਇਮਾਰਤ ਵਿਚ, ਭੈਣੀ ਮੀਆਂ ਖ਼ਾਨ ਦਾ ਥਾਣਾ ਵੀ ਪਸ਼ੂ ਹਸਪਤਾਲ ਦੀ ਇਮਾਰਤ ਵਿਚ, ਤਿੱਬੜ ਥਾਣਾ ਸਨਅਤੀ ਫੋਕਲ ਪੁਆਇੰਟ ਦੀ ਇਮਾਰਤ ਵਿਚ, ਪੁਲਿਸ ਲਾਈਨਜ਼ ਬਟਾਲਾ ਦੀ ਵੀ ਆਪਣੀ ਇਮਾਰਤ ਨਹੀਂ ਹੈ।

ਗੁਰਦਾਸਪੁਰ ਜ਼ਿਲ੍ਹੇ ਵਿਚ ਪੈਂਦੇ 12 ਪੁਲਿਸ ਥਾਣਿਆਂ ਵਿਚੋਂ ਸਿਰਫ਼ ਐਸ.ਐਸ.ਪੀ. ਦੀ ਮਨਜ਼ੂਰੀ ਨਾਲ ਸੱਤ ਥਾਣਿਆਂ ਦਾ ਬਿਜਲੀ ਬਿੱਲ ਹੀ ਭਰਿਆ ਗਿਆ ਹੈ ਜਦਕਿ ਬਾਕੀ ਉੱਪਰ ਦਿੱਤੇ ਥਾਣਿਆਂ ਦੇ ਬਿਜਲੀ ਬਿੱਲਾਂ ਬਾਰੇ ਵੀ ਪੁਲਿਸ ਕੋਲ ਵੱਖਰੇ ਫ਼ੰਡ ਦਾ ਕੋਈ ਪ੍ਰਬੰਧ ਨਹੀਂ ਹੈ। ਪੁਲਿਸ ਜ਼ਿਲ੍ਹਾ ਬਰਨਾਲਾ ਦੀ ਪੁਲਿਸ ਲਾਈਨ ਦੀ ਵੀ ਆਪਣੀ ਕੋਈ ਇਮਾਰਤ ਨਹੀਂ ਹੈ। ਇਸ ਨੂੰ ਸਥਾਨਕ ਕਚਹਿਰੀ ਚੌਕ ਨੇੜੇ ਇਕ ਕਿਰਾਏ



ਦੀ ਇਮਾਰਤ ਵਿਚ ਸਥਾਪਤ ਕੀਤਾ ਹੋਇਆ ਹੈ, ਰੁੜਕੀ ਕਲਾਂ ਦੇ ਥਾਣੇ ਲਈ ਪੰਚਾਇਤ ਨੂੰ ਜ਼ਮੀਨ ਦਾਨ ਵਜੋਂ ਦੇਣੀ ਪਈ ਹੈ ਤੇ ਟੱਲੇਵਾਲ ਤੇ ਸ਼ੁੱਲੀਵਾਲ ਥਾਣਿਆਂ ਲਈ ਵੀ ਜ਼ਮੀਨਾਂ ਦਾਨ ਦਿੱਤੀਆਂ ਗਈਆਂ ਹਨ।

ਜਲੰਧਰ ਦਿਹਾਤੀ ਤਹਿਤ ਪੁਲਿਸ ਥਾਣਾ ਲੋਹੀਆ ਪੰਚਾਇਤ ਸੰਮਤੀ ਲੋਹੀਆ ਦੀ ਡਿਸਪੈਂਸਰੀ ਵਿਚ, ਪੁਲਿਸ ਲਾਈਨ ਜਲੰਧਰ ਦਿਹਾਤੀ ਦੀ ਕੋਈ ਆਪਣੀ ਇਮਾਰਤ ਜਾਂ ਜ਼ਮੀਨ ਨਹੀਂ ਹੈ ਤੇ ਇਹ ਹਾਲੇ ਵੀ ਪੁਲਿਸ ਲਾਈਨ ਵਿਚ ਵੀ ਵਰ੍ਹਿਆ ਪੁਰਾਣੀ ਇਮਾਰਤ ਵਿਚੋਂ ਹੀ ਕੰਮ ਕਰ ਰਹੀ ਹੈ, ਮਕਸੂਦਾ ਥਾਣੇ ਨੂੰ ਵੀ ਸਿਹਤ ਵਿਭਾਗ ਦੀ ਡਿਸਪੈਂਸਰੀ ਵਿਚ ਚਲਾਇਆ ਜਾ ਰਿਹਾ ਹੈ। ਮੋਗਾ ਦਾ ਐਨ.ਆਰ.ਆਈ. ਪੁਲਿਸ ਥਾਣਾ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬਿਲਡਿੰਗ ਵਿਚ, ਸੀ.ਆਈ.ਏ. ਸਟਾਫ਼ ਮੋਗਾ ਤੇ ਡੀ.ਐਸ.ਪੀ. ਧਰਮਕੋਟ ਦਾ ਦਫ਼ਤਰ ਕਿਰਾਏ ਦੀਆਂ ਇਮਾਰਤਾਂ ਵਿਚ ਹਨ।

ਪੁਲਿਸ ਥਾਣਾ ਖੰਨਾ ਮਾਰਕੀਟ ਕਮੇਟੀ ਦੀ ਇਮਾਰਤ ਵਿਚ, ਸ੍ਰੀ ਮੁਕਤਸਰ ਸਾਹਿਬ ਤਹਿਤ ਪੈਂਦਾ ਥਾਣਾ ਲੱਖੇਵਾਲੀ, ਜ਼ਿਲ੍ਹਾ ਅਜੀਤਗੜ੍ਹ ਦਾ ਥਾਣਾ ਸਿਟੀ ਖਰੜ, ਥਾਣਾ ਸਿਟੀ ਕੁਰਾਲੀ ਕਿਰਾਏ ਦੀਆਂ ਇਮਾਰਤਾਂ ਵਿਚ ਹਨ। ਅਜੀਤਗੜ੍ਹ ਜ਼ਿਲ੍ਹੇ ਦਾ ਵੀ ਖਰੜ ਪੁਲਿਸ ਥਾਣਾ, ਅਜੀਤਗੜ੍ਹ ਦੇ ਫੇਜ਼ 2 ਦਾ ਪੁਲਿਸ ਥਾਣਾ ਆਰਜ਼ੀ ਇਮਾਰਤਾਂ ਵਿਚ ਚੱਲ ਰਹੇ ਹਨ। ਘੜੂੰਆਂ ਪੁਲਿਸ ਥਾਣੇ ਨੂੰ ਮਾਲ ਵਿਭਾਗ ਦੀ ਇਮਾਰਤ ਵਿਚੋਂ ਕੁਰਾਲੀ ਪੁਲਿਸ ਥਾਣੇ ਨੂੰ ਬਲਾਕ ਸੰਮਤੀ ਕੁਰਾਲੀ ਸਿਟੀ ਦੇ ਵਿਸ਼ਰਾਮ ਘਰ, ਸੋਹਾਣਾ ਪੁਲਿਸ ਥਾਣੇ ਨੂੰ ਸਟਾਫ਼ ਦੇ ਰਿਹਾਇਸ਼ੀ ਕੁਆਰਟਰਾਂ, ਮਟੌਰ, ਅਜੀਤਗੜ੍ਹ ਸਨਅਤੀ ਖੇਤਰ ਪੁਲਿਸ ਚੌਕੀ ਤੇ ਨਵਾਂਗਾਉਂ ਦੇ ਪੁਲਿਸ ਥਾਣਿਆਂ ਨੂੰ ਨਿੱਜੀ ਇਮਾਰਤਾਂ ਵਿਚੋਂ ਚਲਾਇਆ ਗਿਆ ਰਿਹਾ ਹੈ। ਉਪਰੋਕਤ ਇਨ੍ਹਾਂ ਸਾਰੇ ਪੁਲਿਸ ਥਾਣਿਆਂ ਵਿਚੋਂ 80 ਫ਼ੀਸਦੀ ਮਹਿਲਾਵਾਂ ਲਈ ਵੱਖਰੇ ਪਖ਼ਾਨਿਆਂ ਦੀ ਸਹੂਲਤ ਤੋਂ ਵਾਂਝੇ ਹਨ।

## ਪੰਜਾਬ ਮਹਿਲਾ ਪੁਲਿਸ ਵੀ ਵਿਤਕਰੇ ਦਾ ਸ਼ਿਕਾਰ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਮਹਿਕਮੇ ਵਿਚਲੀਆਂ ਮਹਿਲਾ ਪੁਲਿਸ ਅਧਿਕਾਰੀਆਂ ਨਾਲ ਵਿਤਕਰਾ ਕਰਨ ਵਿਚ ਵੀ ਪਿੱਛੇ ਨਹੀਂ ਹਨ।

ਮਹਿਕਮੇ ਦੇ ਅੰਕੜਿਆਂ ਮੁਤਾਬਕ ਇਸ ਸਾਲ ਤਿੰਨ ਫ਼ਰਵਰੀ ਪਿੱਛੋਂ ਆਏ ਜਬਰ ਜਨਾਹ ਦੇ 62 ਕੇਸਾਂ ਵਿਚੋਂ ਸਿਰਫ਼ ਇਕ ਕੇਸ ਹੀ ਜਾਂਚ ਲਈ ਕਾਨੂੰਨ ਮੁਤਾਬਕ ਇਕ ਮਹਿਲਾ ਪੁਲਿਸ ਅਧਿਕਾਰੀ ਦੇ ਸਪੁਰਦ ਕੀਤਾ ਗਿਆ ਜਦਕਿ ਬਾਕੀ ਸਾਰਿਆਂ ਵਿਚ ਜਾਂਚ ਅਧਿਕਾਰੀ ਮਰਦ ਪੁਲਿਸ ਅਧਿਕਾਰੀ ਹੀ ਹਨ। ਇਸ ਦਾ ਵੱਡਾ ਕਾਰਨ ਅਜਿਹੇ ਸੰਵੇਦਨਸ਼ੀਲ ਤੇ ਸੰਵਿਧਾਨਕ ਸਖ਼ਤੀ ਵਾਲੇ ਕੇਸਾਂ ਵਿਚ ਵੱਢੀ ਦਾ ਸਕੋਪ ਵਧ ਹੋਣਾ ਦੱਸਿਆ ਜਾ ਰਿਹਾ ਹੈ। ਇਸ ਪਾਸੇ ਕਿਸੇ ਦਾ ਧਿਆਨ ਨਹੀਂ ਹੈ।

## ਛੇ ਜੀਆਂ ਨੂੰ ਮਾਰ ਵਾਲੇ ਦੀ ਫਾਂਸੀ ਬਰਕਰਾਰ

ਚੰਡੀਗੜ੍ਹ: ਹਾਈ ਕੋਰਟ ਨੇ ਭਾਖੜਾ ਨਹਿਰ ਵਿਚ ਆਪਣੇ ਛੇ ਰਿਸ਼ਤੇਦਾਰਾਂ ਨੂੰ ਧੱਕਾ ਦੇ ਕੇ ਮਾਰਨ ਵਾਲੇ ਵਿਅਕਤੀ ਨੂੰ ਸੁਣਾਈ ਫਾਂਸੀ ਦੀ ਸਜ਼ਾ ਨੂੰ ਬਹਾਲ ਰੱਖਿਆ ਹੈ। ਸਾਲ ਪਹਿਲਾਂ ਵਾਪਰੀ ਇਸ ਘਟਨਾ ਬਾਰੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਦੋਸ਼ੀ ਖੁਸ਼ਵਿੰਦਰ ਸਿੰਘ ਨੂੰ ਹੇਠਲੀ ਅਦਾਲਤ ਵੱਲੋਂ ਸੁਣਾਈ ਫਾਂਸੀ ਦੀ ਸਜ਼ਾ ਦੇ ਫੈਸਲੇ ਨੂੰ ਬਹਾਲ ਰੱਖਿਆ ਹੈ।

ਸਰਕਾਰੀ ਵਕੀਲ ਨੇ ਦਾਅਵਾ ਕੀਤਾ ਸੀ ਕਿ ਖੁਸ਼ਵਿੰਦਰ ਨੇ ਆਪਣੇ ਛੇ ਰਿਸ਼ਤੇਦਾਰਾਂ ਜਿਨ੍ਹਾਂ ਵਿਚ ਦੋ ਬੱਚੇ ਵੀ ਸ਼ਾਮਲ ਸਨ, ਨੂੰ ਜੂਨ 2012 ਵਿਚ ਭਾਖੜਾ ਨਹਿਰ ਵਿਚ ਧੱਕਾ ਦੇ ਕੇ ਕਤਲ ਕਰ ਦਿੱਤਾ ਸੀ। ਉਸ ਨੇ ਇਹ ਕਤਲ ਪਰਿਵਾਰ ਵੱਲੋਂ ਵੇਚੀ ਜ਼ਮੀਨ ਤੋਂ ਪ੍ਰਾਪਤ ਹੋਈ ਰਕਮ ਦੇ ਲਾਲਚ ਵਿਚ ਕੀਤਾ ਸੀ। ਜ਼ਿਕਰਯੋਗ ਹੈ ਕਿ ਬੀਤੀ ਮਾਰਚ ਵਿਚ ਫਤਹਿਗੜ੍ਹ ਸਾਹਿਬ ਦੀ ਅਦਾਲਤ ਨੇ ਖੁਸ਼ਵਿੰਦਰ ਸਿੰਘ ਨੂੰ ਪਰਿਵਾਰ ਦੇ ਛੇ ਜੀਆਂ ਦੀ ਹੱਤਿਆ ਦਾ ਦੋਸ਼ੀ ਕਰਾਰ ਦਿੰਦਿਆਂ ਫਾਂਸੀ ਦੀ ਸਜ਼ਾ ਸੁਣਾਈ ਸੀ। ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪਿੰਡ ਸੁਹਾਵੀ ਵਾਸੀ ਖੁਸ਼ਵਿੰਦਰ ਸਿੰਘ ਸਥਾਨਕ ਅਦਾਲਤ ਵਿਚ ਟਾਈਪਿਸਟ ਸੀ। ਉਸ ਦੇ ਰਿਸ਼ਤੇਦਾਰਾਂ ਵੱਲੋਂ ਵੇਚੀ ਜ਼ਮੀਨ ਬਦਲੇ ਉਨ੍ਹਾਂ ਨੂੰ 37 ਲੱਖ ਰੁਪਿਆ ਪ੍ਰਾਪਤ ਹੋਇਆ ਸੀ। ਇਸ ਰਕਮ ਦੇ ਲਾਲਚ ਵਿਚ ਖੁਸ਼ਵਿੰਦਰ ਨੇ ਰਿਸ਼ਤੇਦਾਰਾਂ ਨੂੰ ਮਾਰ ਮੁਕਾਉਣ ਦੀ ਯੋਜਨਾ ਘੜੀ ਸੀ।



# ਮਿਲਪੀਟਸ ਦੀ ਸੰਗਤ ਨੇ ਗੁਰੂ ਨਾਨਕ ਵਿਆਹ ਪੁਰਬ ਮਨਾਇਆ

**ਮਿਲਪੀਟਸ (ਬਿਊਰੋ):** ਮਿਲਪੀਟਸ ਸ਼ਹਿਰ ਦੇ ਗੁਰਦੁਆਰਾ ਸਾਹਿਬ ਵਿਚ ਸੰਗਤ ਨੇ ਲੰਘੇ ਦਿਨੀਂ ਗੁਰੂ ਨਾਨਕ ਸਾਹਿਬ ਦਾ ਵਿਆਹ ਪੁਰਬ ਸ਼ਰਧਾ ਨਾਲ ਮਨਾਇਆ ਅਤੇ ਖੁਸ਼ੀ ਵਿਚ ਲੱਡੂ ਵੰਡੇ।ਅਖੰਡ ਪਾਠ ਦੇ ਭੋਗ ਉਪਰੰਤ ਭਾਈ ਜਗਦੀਸ਼ ਸਿੰਘ ਦੇ ਕੀਰਤਨੀ ਜਥੇ ਨੇ ਇਲਾਹੀ ਗੁਰਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਫਰੀਮਾਂਟ ਤੋਂ ਸਰਬਜੀਤ ਸਿੰਘ, ਸੇਵਾ ਸਿੰਘ ਬੈਨਾਪੁਰੀ, ਨਵਜੋਤ ਕੌਰ ਤੇ ਜਸਵਿੰਦਰ ਕੌਰ ਖਾਲਸਾ ਦੇ ਢਾਡੀ ਜਥੇ ਨੇ ਗੁਰੂ ਨਾਨਕ ਸਾਹਿਬ ਦੇ ਵਿਆਹ ਪੁਰਬ ਦਾ ਸਮੁੱਚਾ ਇਤਿਹਾਸ ਸੰਗਤਾਂ ਨੂੰ ਢਾਡੀ ਵਾਰਾਂ ਨਾਲ ਸਰਵਣ ਕਰਵਾਇਆ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਢਾਡੀ ਜਥੇ ਨੂੰ ਸਿਰੋਪਾਓ ਦੀ ਬਖਸ਼ਿਸ਼ ਨਾਲ ਸਨਮਾਨਿਤ ਕੀਤਾ ਗਿਆ।

# ਪੇਂਡੂ ਸਿਹਤ ਸੇਵਾਵਾਂ ਦਾ ਨਿਕਲਿਆ ਜਨਾਜ਼ਾ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਲਾਪਰਵਾਹੀ ਕਰਕੇ ਰਾਜ ਦੇ ਪੇਂਡੂ ਖੇਤਰਾਂ ਦੇ ਸੌ ਤੋਂ ਵੱਧ ਹਸਪਤਾਲਾਂ (ਕਮਿਊਨਿਟੀ ਹੈਲਥ ਸੈਂਟਰਾਂ) ਵਿਚ ਸਿਹਤ ਸੇਵਾਵਾਂ ਠੱਪ ਹੋ ਕੇ ਰਹਿ ਗਈਆਂ ਹਨ ਤੇ ਮਰੀਜ਼ਾਂ ਨੂੰ ਪ੍ਰੇਸ਼ਾਨੀ ਝੱਲਣੀ ਪੈ ਰਹੀ ਹੈ। ਸਿਹਤ ਵਿਭਾਗ ਵੱਲੋਂ ਮਾਹਿਰ ਡਾਕਟਰਾਂ ਤੋਂ ਵਿਹੂਣੇ ਹੋ ਚੁੱਕੇ ਇਨ੍ਹਾਂ ਸੈਂਟਰਾਂ ਦੇ ਬਾਹਰ ਲੱਗੇ ਬੋਰਡਾਂ 'ਤੇ ਸਹੂਲਤਾਂ ਨਾ ਹੋਣ ਦੀਆਂ ਤਖ਼ਤੀਆਂ ਲਾ ਦਿੱਤੀਆਂ ਗਈਆਂ ਹਨ।

ਰਾਜ ਵਿਚ ਕਮਿਊਨਿਟੀ ਹੈਲਥ ਸੈਂਟਰਾਂ ਦੀ ਗਿਣਤੀ 176 ਹੈ ਤੇ ਸਰਕਾਰ ਨੇ ਤਿੰਨ ਮਹੀਨੇ ਪਹਿਲਾਂ ਇਨ੍ਹਾਂ ਵਿਚ ਕੰਮ ਕਰਦੇ 114 ਮਾਹਿਰ ਡਾਕਟਰਾਂ ਦੇ ਦੂਜੇ ਹਸਪਤਾਲਾਂ ਵਿਚ ਤਬਾਦਲੇ ਕਰ ਦਿੱਤੇ ਸਨ। ਉਸ ਤੋਂ ਬਾਅਦ ਇਹ ਸੈਂਟਰ ਮਾਹਿਰਾਂ ਤੋਂ ਵਿਹੂਣੇ ਹੋ ਕੇ ਰਹਿ ਗਏ। ਡਾਕਟਰ ਨਾ ਹੋਣ ਕਾਰਨ ਆਮ ਲੋਕ ਸਿਵਲ ਹਸਪਤਾਲਾਂ ਵਿਚ ਜਾਣ ਲਈ ਮਜਬੂਰ ਹਨ। ਸਿਹਤ ਵਿਭਾਗ ਦੇ ਨਿਯਮਾਂ ਅਨੁਸਾਰ ਕਮਿਊਨਿਟੀ ਹੈਲਥ ਸੈਂਟਰਾਂ ਵਿਚ ਪੰਜ ਡਾਕਟਰ ਤਾਇਨਾਤ ਕੀਤੇ ਜਾਂਦੇ ਹਨ। ਇਨ੍ਹਾਂ ਵਿਚ ਇਕ ਮੈਡੀਕਲ ਅਫਸਰ ਤੇ ਚਾਰ ਦੂਜੇ ਡਾਕਟਰ ਹੁੰਦੇ ਹਨ। ਇਨ੍ਹਾਂ ਸੈਂਟਰਾਂ ਵਿਚੋਂ ਮੈਡੀਕਲ ਅਫਸਰਾਂ ਦੇ ਤਬਾਦਲੇ ਕਰ ਦਿੱਤੇ ਜਾਣ ਨਾਲ ਲੋਕਾਂ ਨੂੰ ਮਾਹਿਰ ਡਾਕਟਰਾਂ ਦੀਆਂ ਸਹੂਲਤਾਂ ਮਿਲਣੀਆਂ ਬੰਦ ਹੋ ਗਈਆਂ ਹਨ। ਸਿਹਤ ਮੰਤਰੀ ਮਦਨ ਮੋਹਨ ਮਿੱਤਲ ਨੇ ਇਨ੍ਹਾਂ ਸੈਂਟਰਾਂ ਵਿਚੋਂ ਮਾਹਿਰ ਡਾਕਟਰਾਂ ਦੇ ਤਬਾਦਲੇ ਕਰਨ ਵੇਲੇ ਖਾਲੀ ਹੋਈਆਂ ਥਾਵਾਂ ਨਾਲੋਂ ਨਾਲ ਭਰਨ ਦਾ ਦਾਅਵਾ ਕੀਤਾ ਸੀ ਪਰ ਤਿੰਨ ਮਹੀਨੇ ਬੀਤ ਜਾਣ ਦੇ ਬਾਅਦ ਵੀ ਵਾਅਦਾ ਵਫ਼ਾ ਨਾ ਹੋ ਸਕਿਆ। ਵਿਭਾਗ ਵੱਲੋਂ ਮਾਹਿਰ ਡਾਕਟਰਾਂ ਦੀ ਭਰਤੀ ਲਈ ਅਮਲ ਸ਼ੁਰੂ ਕੀਤਾ ਗਿਆ ਹੈ ਪਰ 'ਯੋਗ ਡਾਕਟਰ' ਮਿਲਣੇ ਔਖੇ ਹੋ ਰਹੇ ਹਨ।

ਸਿਹਤ ਵਿਭਾਗ ਨੇ ਨਵ ਨਿਯੁਕਤ ਐਮ.ਬੀ.ਬੀ ਐਸ. ਡਾਕਟਰਾਂ ਨੂੰ ਮਾਹਿਰਾਂ ਦੀ ਥਾਂ ਕਮਿਊਨਿਟੀ ਹੈਲਥ ਸੈਂਟਰਾਂ ਵਿਚ ਤਾਇਨਾਤ ਕਰਨਾ ਸ਼ੁਰੂ ਕਰ ਦਿੱਤਾ ਹੈ ਪਰ ਇਸ ਦੇ ਬਾਵਜੂਦ ਮਰੀਜ਼, ਮਾਹਿਰ ਡਾਕਟਰਾਂ ਦੀਆਂ ਸੇਵਾਵਾਂ ਦਾ ਲਾਭ ਲੈਣ ਤੋਂ ਵਾਂਝੇ ਰਹਿ ਰਹੇ ਹਨ। ਸਰਕਾਰ ਵੱਲੋਂ ਥੋਕ ਵਿਚ ਕੀਤੇ ਮਾਹਿਰ ਡਾਕਟਰਾਂ ਦੇ ਤਬਾਦਲਿਆਂ ਖਿਲਾਫ ਪੀ.ਸੀ.ਐਮ.ਐਸ ਐਸੋਸੀਏਸ਼ਨ ਨੇ ਉਦੋਂ ਰੋਸ ਪ੍ਰਗਟ ਕਰਦਿਆਂ ਹੜਤਾਲ ਕਰ ਦਿੱਤੀ ਸੀ।

ਐਸੋਸੀਏਸ਼ਨ ਦੇ ਦਬਾਅ ਅੱਗੇ ਝੁਕਦਿਆਂ ਸਰਕਾਰ ਨੂੰ ਵੱਡੀ ਗਿਣਤੀ ਤਬਾਦਲੇ ਵਾਪਸ ਲੈਣੇ ਪਏ ਸਨ। ਸਿਹਤ ਮੰਤਰੀ ਮਦਨ ਮੋਹਨ ਮਿੱਤਲ ਨੇ ਸੈਂਟਰਾਂ ਵਿਚ ਖਾਲੀ ਹੋਈਆਂ ਥਾਵਾਂ 'ਤੇ ਬਿਨਾਂ ਦੇਰੀ ਨਵੇਂ ਡਾਕਟਰ ਭੇਜਣ ਦਾ ਭਰੋਸਾ ਵੀ ਦੇ ਦਿੱਤਾ ਸੀ। ਹਾਸਲ ਜਾਣਕਾਰੀ ਅਨੁਸਾਰ ਤਰਨ ਤਾਰਨ, ਮੁਹਾਲੀ, ਰੋਪੜ, ਫਿਰੋਜ਼ਪੁਰ, ਪਟਿਆਲਾ, ਸੰਗਰੂਰ, ਗੁਰਦਾਸਪੁਰ ਤੇ ਫ਼ਾਜ਼ਿਲਕਾ ਜ਼ਿਲ੍ਹਿਆਂ ਦੇ ਸੈਂਟਰਾਂ ਦੇ ਬਾਹਰ ਨੋਟਿਸ ਬੋਰਡ ਲਾ ਕੇ ਮਾਹਿਰ ਡਾਕਟਰਾਂ ਦੀ ਸਹੂਲਤ ਨਾ ਹੋਣ ਦੀ ਸੂਚਨਾ ਦਿੱਤੀ ਗਈ ਹੈ।

## ਸ਼ਿਕਾਗੋ ਦੇ ਗੈਂਗਾਂ ਦੀ ਲੜਾਈ 'ਚ 13 ਵਿਅਕਤੀ ਜ਼ਖ਼ਮੀ

**ਸ਼ਿਕਾਗੋ:** ਸਾਊਥ ਸਾਈਡ ਸ਼ਿਕਾਗੋ ਦੇ ਬੇਸਬਾਲ ਪਾਰਕ ਵਿਚ ਦੋ ਗੈਂਗਾਂ ਦੀ ਆਪਸੀ ਲੜਾਈ ਵਿਚ ਚੱਲੀ ਗੋਲੀ ਦੌਰਾਨ ਤਿੰਨ ਸਾਲ ਦੇ ਇਕ ਬੱਚੇ ਸਮੇਤ 13 ਲੋਕ ਜ਼ਖ਼ਮੀ ਹੋ ਗਏ। ਗੋਲੀ ਆਪਸੀ ਲੜਾਈ ਵਿਚ ਜ਼ਖ਼ਮੀ ਹੋਏ ਇਕ ਗੈਂਗ ਮੈਂਬਰ ਵਲੋਂ ਵਿਰੋਧੀ ਗੈਂਗ ਉਪਰ ਬਦਲੇ ਲਈ ਚਲਾਈ ਗਈ।

ਇਸ ਗੋਲੀਬਾਰੀ ਦੀ ਇਕ ਵਾਰ ਫਿਰ ਸ਼ਿਕਾਗੋ ਦੇ ਗੈਂਗਾਂ ਦੀ ਲੜਾਈ ਦੇ ਮਾਮਲੇ ਨੂੰ ਉਭਾਰ ਦਿਤਾ ਹੈ। ਇਹ ਵੀ ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਸ਼ਿਕਾਗੋ ਵਿਚ ਇਸ ਤਰ੍ਹਾਂ ਦੀ ਹਿੰਸਾ ਵਿਚ ਵਾਧਾ ਹੋਇਆ ਹੈ। ਐਫ.ਬੀ.ਆਈ. ਨੇ ਇਸ ਹਫ਼ਤੇ ਜਾਰੀ ਰਿਪੋਰਟ ਵਿਚ ਦੱਸਿਆ ਕਿ ਸਾਲ 2012 ਵਿਚ ਗੋਲੀਬਾਰੀ ਨਾਲ ਕਰੀਬ 500 ਕਤਲ ਹੋਏ ਹਨ। ਲੰਘੇ ਵੀਰਵਾਰ ਦੀ ਰਾਤ ਨੂੰ ਹੋਈ ਇਸ ਲੜਾਈ ਵਿਚ ਕਈ ਗੈਂਗ ਮੈਂਬਰ ਜ਼ਖ਼ਮੀ ਹੋ ਗਏ ਪਰ ਗੋਲੀਆਂ ਦੀ ਇਸ ਵਾਛੜ ਵਿਚ ਕਈ ਰਾਹ ਜਾਂਦੇ ਲੋਕ ਵੀ ਜ਼ਖ਼ਮੀ ਹੋ ਗਏ। ਪੁਲਿਸ ਨੇ ਇਸ ਮਾਮਲੇ ਵਿਚ 4 ਵਿਅਕਤੀਆਂ ਵਿਰੁਧ ਕੇਸ ਦਰਜ ਕੀਤਾ ਹੈ ਜਿਨ੍ਹਾਂ ਵਿਚ ਉਹ ਵਿਅਕਤੀ ਵੀ ਸ਼ਾਮਲ ਹੈ ਜਿਸ ਨੇ ਸਭ ਤੋਂ ਪਹਿਲਾਂ ਗੋਲੀ ਚਲਾਈ ਸੀ।

## ਮਨਮੋਹਨ-ਸ਼ਰੀਫ ਮੀਟਿੰਗ 29 ਨੂੰ

**ਨਿਊ ਯਾਰਕ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਪਾਕਿਸਤਾਨੀ ਹਮਰੁਤਬਾ ਨਵਾਜ਼ ਸ਼ਰੀਫ ਨਾਲ ਗੱਲਬਾਤ ਬਾਰੇ ਕਿਆਸਅਰਾਈਆਂ ਖਤਮ ਕਰਦਿਆਂ ਇਸ ਮੁਲਾਕਾਤ ਪ੍ਰਤੀ ਸਹਿਮਤੀ ਪ੍ਰਗਟਾਈ ਹੈ। ਦੋਵਾਂ ਨੇਤਾਵਾਂ ਦਰਮਿਆਨ 29 ਸਤੰਬਰ ਨੂੰ ਨਿਊਯਾਰਕ ਵਿਚ ਗੱਲਬਾਤ ਹੋਵੇਗੀ। ਇਹ ਮੀਟਿੰਗ ਮੈਨਹਟਨ (ਨਿਊ ਯਾਰਕ) ਦੇ ਇਕ ਹੋਟਲ ਵਿਚ ਸਵੇਰ ਦੇ ਨਾਸ਼ਤੇ ਸਮੇਂ ਹੋਵੇਗੀ। ਇਸ ਦੀ ਮੇਜ਼ਬਾਨੀ ਡਾ. ਮਨਮੋਹਨ ਸਿੰਘ ਕਰਨਗੇ।

# 'ਪੰਪ ਅੱਪ ਦੀ ਬੀਟਸ' ਫਰਿਜ਼ਨੋ ਵਿਚ ਰਿਲੀਜ਼

**ਫਰਿਜ਼ਨੋ (ਬਿਊਰੋ):** ਉਘੇ ਗੀਤਕਾਰ ਗੈਰੀ ਟੌਰਾਂਟੋ ਹਠੂਰ ਦੇ ਗੀਤਾਂ ਨਾਲ ਸਜੀ ਐਲਬਮ 'ਪੰਪ ਅੱਪ ਦੀ ਬੀਟਸ' ਇਥੇ ਇਕ ਸਮਾਗਮ ਦੌਰਾਨ ਕਬੱਡੀ ਪ੍ਰਮੋਟਰ ਅਤੇ ਟਰਾਂਸਪੋਰਟਰ ਨਾਜ਼ਰ ਸਿੰਘ ਸਹੋਤਾ, ਕੁਲਵਿੰਦਰ ਸਿੰਘ ਢਿੱਲੋਂ ਤੇ ਫਾਰਮਰ ਇੰਸ਼ੋਰੈਂਸ ਵਾਲੇ ਹਾਕਮ ਸਿੰਘ ਢਿੱਲੋਂ ਵੱਲੋਂ ਰਿਲੀਜ਼ ਕੀਤੀ ਗਈ। ਇਸ ਸੀ ਡੀ ਵਿਚਲੇ ਗੀਤ ਗਾਇਕ ਮੋਹਦੀਪ ਮਾਨ, ਸੁਖਪ੍ਰੀਤ ਸੁੱਖ, ਹਰਮਨ ਸਿੱਧੂ ਤੇ ਹੈਰੀ ਸੰਧੂ ਦੇ ਗਾਏ ਹੋਏ ਹਨ।



ਸਮਾਗਮ ਦੇ ਸ਼ੁਰੂ ਵਿਚ ਨਾਜ਼ਰ ਸਿੰਘ ਸਹੋਤਾ ਨੇ ਸਭ ਨੂੰ ਨਿੱਘੀ ਜੀ ਆਇਆਂ ਆਖੀ ਅਤੇ ਗੈਰੀ ਟੋਰਾਂਟੋ ਹਠੂਰ ਦੀ ਸੁਹਿਰਦ ਕਲਮ ਨੂੰ ਸਲਾਹਿਆ। ਹਾਕਮ ਸਿੰਘ ਢਿੱਲੋਂ ਅਤੇ ਕੁਲਵੰਤ ਉਭੀ ਨੇ ਦੇਸੀ ਬੀਟਸ ਦੀ ਪੂਰੀ ਟੀਮ ਨੂੰ ਗੈਰੀ ਟੋਰਾਂਟੋ ਹਠੂਰ ਦੀ ਸਾਫ ਸੁਥਰੀ ਗਾਇਕੀ ਦੀ ਸੀ ਡੀ ਤਿਆਰ ਕਰਨ ਲਈ ਵਧਾਈ ਦਿੱਤੀ। ਗੈਰੀ ਦੇਸੀ ਨੇ ਇਕ ਕਵਿਤਾ ਪੜ੍ਹੀ। ਦਿਲਦਾਰ ਗਰੁਪ ਦੇ ਅਵਤਾਰ ਗਰੇਵਾਲ ਅਤੇ ਧਰਮਵੀਰ ਥਾਂਦੀ ਨੇ ਨਵੇਂ-ਪੁਰਾਣੇ ਗੀਤਾਂ ਦੀ ਛਹਿਬਰ ਲਾ ਕੇ ਸਰੋਤਿਆਂ ਦਾ ਮਨੋਰੰਜਨ ਕੀਤਾ। ਮੰਚ ਸੰਚਾਲਨ ਨੀਟਾ ਮਾਛੀਕੇ ਨੇ ਕੀਤਾ।

## ਕੈਮਰੂਨ ਵੱਲੋਂ ਮੋਦੀ ਦਾ ਗੁਣਗਾਨ

**ਲੰਡਨ:** ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਨੇ ਕਿਹਾ ਹੈ ਕਿ ਬਰਤਾਨੀਆ ਗੁਜਰਾਤ ਤੇ ਇਸ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨਾਲ ਨੇੜਲੇ ਸਬੰਧ ਦਾ ਚਾਹਵਾਨ ਹੈ। ਉਨ੍ਹਾਂ ਨੇ ਕਿਹਾ ਕਿ ਗੁਜਰਾਤ ਦੰਗਿਆਂ ਤੋਂ ਬਾਅਦ ਕਾਨੂੰਨੀ ਪ੍ਰਕਿਰਿਆ ਵਿਚ ਪਿਛਲੇ 12 ਮਹੀਨਿਆਂ ਵਿਚ ਅਹਿਮ ਤਬਦੀਲੀਆਂ ਹੋਈਆਂ। ਇਸ ਲਈ ਹੁਣ ਗੁਜਰਾਤ ਵਿਚ ਮੌਜੂਦ ਵਿਆਪਕ ਨਿਸ਼ਾਨਿਆਂ ਦੀ ਪੂਰਤੀ ਲਈ ਗੁਜਰਾਤ ਤੇ ਨਰਿੰਦਰ ਮੋਦੀ ਨਾਲ ਨੇੜਲੇ ਸਬੰਧ ਹੀ ਵਧੀਆ ਤਰੀਕਾ ਹੈ।


CK RADIO CHARDI KALA

ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ

**ਰੇਡੀਓ ਚੜ੍ਹਦੀ ਕਲਾ**

ਡਾਇਲ ਕਰੋ ਤੇ ਸੁਣੋ

832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7 (ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7 (ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7 (ਬਾਲੀਵੁਡ ਮਿਊਜ਼ਿਕ)
www.desibiteradio.com

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ

**ਫੋਨ: 510-900-3600**

*Radio CK, PO Box 296, Fremont, CA 94537*



**ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?**

**ਤਾਂ ਫਿਰ ਹੋਮਿਓਪੈਥੀ ਅਜ਼ਮਾ ਕੇ ਦੇਖੋ**

ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸ਼ੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ

**ਫੋਨ: (559) 317-2149**



**Paramjit S. Khaira**
D.H.M.S (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
e- mail: drpskhaira@gmail.com

Working under state law SB 577



**Prince's Barber Shop**

37477 Fremont Blvd, suite C, Fremont, CA 94536

*Men & Children's Hair Cut*

*Threading
*Custom Text
*Men's Facials
*Hair Coler
*Custom Designing
*Shave &
*Line-ups
*Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



**Cell: (510)-677-9942**
**Shop: (510)-505-9605**

www.princebarbershop.com

ਪੰਜਾਬ ਟਾਈਮਜ਼

*ਸਨਿਚਰਵਾਰ, 28 ਸਤੰਬਰ, 2013*

# ਸਰਬੱਤ, ਸੰਸਾਰ ਤੇ ਸਿਆਸਤ

ਇਸ ਹਫਤੇ ਵਿਚ ਹਿੰਸਾ ਦੀਆਂ ਦੋ ਘਟਨਾਵਾਂ ਨੇ ਸਮੁੱਚੇ ਸੰਸਾਰ ਨੂੰ ਝੰਜੋੜ ਸੁੱਟਿਆ ਹੈ। ਕੀਨੀਆ ਦੀ ਰਾਜਧਾਨੀ ਨੈਰੋਬੀ ਦੇ ਇਕ ਮਾਲ ਵਿਚ ਲੋਕਾਂ ਨੂੰ ਬੰਦੀ ਬਣਾ ਕੇ 66 ਵਿਅਕਤੀਆਂ ਨੂੰ ਮਾਰ ਦਿੱਤਾ ਗਿਆ। ਇਸੇ ਤਰ੍ਹਾਂ ਖੈਬਰ-ਪਖਤੂਨਖਵਾ (ਪਾਕਿਸਤਾਨ) ਦੀ ਰਾਜਧਾਨੀ ਪਿਸ਼ਾਵਰ ਦੀ ਇਕ ਚਰਚ ਵਿਚ ਕੀਤੇ ਹਮਲੇ ਵਿਚ 85 ਜਾਨਾਂ ਚਲੀਆਂ ਗਈਆਂ ਹਨ। ਇਨ੍ਹਾਂ ਦੋਹਾਂ ਹਮਲਿਆਂ ਵਿਚ ਇਕ ਨੁਕਤਾ ਸਾਂਝਾ ਹੈ। ਇਹ ਨੁਕਤਾ ਦਖਲਅੰਦਾਜ਼ੀ ਦੇ ਵਿਰੋਧ ਦਾ ਹੈ। ਇਸ ਅਹਿਮ ਨੁਕਤੇ ਨੂੰ ਸਮਝੇ ਬਗੈਰ ਇਨ੍ਹਾਂ ਘਟਨਾਵਾਂ ਦੀ ਤਹਿ ਤਕ ਜਾਣਾ ਔਖਾ ਹੀ ਨਹੀਂ, ਅਸੰਭਵ ਵੀ ਹੈ। ਨੈਰੋਬੀ ਵਿਚ ਹਮਲਾ ਸੋਮਾਲੀਆ 'ਚ ਅਲ-ਸ਼ਬਾਬ ਦੇ ਨਾਂ ਨਾਲ ਸਰਗਰਮ ਜਥੇਬੰਦੀ ਨੇ ਕੀਤਾ ਹੈ। ਇਸ ਜਥੇਬੰਦੀ ਨੇ ਹਮਲੇ ਦਾ ਕਾਰਨ ਕੀਨੀਆ ਦੀ ਫੌਜ ਵੱਲੋਂ ਸੋਮਾਲੀਆ ਵਿਚ ਕੀਤੀ ਜਾ ਰਹੀ ਦਖਲਅੰਦਾਜ਼ੀ ਨੂੰ ਦੱਸਿਆ ਹੈ। ਦੱਸਣਾ ਜ਼ਰੂਰੀ ਹੈ ਕਿ ਅਲ-ਸ਼ਬਾਬ ਦਾ ਸਬੰਧ ਅਲ-ਕਾਇਦਾ ਨਾਲ ਹੈ ਜਿਸ ਨੇ ਅਮਰੀਕਾ ਖਿਲਾਫ ਜਹਾਦ ਛੇੜਿਆ ਹੋਇਆ ਹੈ। ਇਹ ਉਹੀ ਅਲ-ਕਾਇਦਾ ਹੈ ਜਿਸ ਨੇ 9/11 ਵਾਲੇ ਹਮਲੇ ਕਰ ਕੇ ਸਾਰੇ ਸੰਸਾਰ ਨੂੰ ਸੁੰਨ ਕਰ ਕੇ ਰੱਖ ਦਿੱਤਾ ਸੀ। ਉਦੋਂ ਸੁੰਨ ਹੋਏ ਸੰਸਾਰ ਵਿਚ ਅਮਰੀਕਾ ਦੇ ਇਕ ਬੰਦੇ ਦਾ ਬਿਆਨ ਸੰਸਾਰ ਭਰ ਵਿਚ ਬਹੁਤ ਗੌਰ ਨਾਲ ਸੁਣਿਆ/ਵਿਚਾਰਿਆ ਗਿਆ ਸੀ ਅਤੇ ਇਸ ਬਿਆਨ ਨੇ ਇਨ੍ਹਾਂ ਹਮਲਿਆਂ ਦੀਆਂ ਤਹਿਆਂ ਫਰੋਲਣ ਵਾਲੇ ਪਾਸੇ ਤੁਰਨ ਦਾ ਰਾਹ ਖੋਲ੍ਹਿਆ ਸੀ। ਇਹ ਬਿਆਨ ਚਰਚਿਤ ਚਿੰਤਕ ਨੌਮ ਚੌਮਸਕੀ ਦਾ ਸੀ। ਜਦੋਂ ਸਾਰਾ ਸੰਸਾਰ ਸੋਗ ਤੇ ਸਕਤੇ ਵਿਚ ਸੀ ਤਾਂ ਚੌਮਸਕੀ ਨੇ ਕਿਹਾ ਸੀ ਕਿ ਇਹ ਕਾਰਾ ਅਸਲ ਵਿਚ ਅਮਰੀਕਾ ਦੀ ਵਿਦੇਸ਼ ਪਾਲਿਸੀ ਦਾ ਨਤੀਜਾ ਹੈ। ਉਸ ਮੁਤਾਬਕ ਅਮਰੀਕਾ ਨੇ ਹੋਰ ਮੁਲਕਾਂ ਵਿਚ ਇੰਨੀ ਵੱਡੀ ਪੱਧਰ ਉਤੇ ਦਖਲਅੰਦਾਜ਼ੀ ਕੀਤੀ ਹੈ ਕਿ ਇਸ ਤਰ੍ਹਾਂ ਦੇ ਭਿਅੰਕਰ ਹਾਦਸਿਆਂ ਲਈ ਖਦਸ਼ੇ ਬਣ ਹੀ ਰਹੇ ਸਨ। ਅਮਰੀਕਾ ਉਤੇ 9/11 ਵਾਲੇ ਹਮਲਿਆਂ ਤੋਂ ਵੀ ਪਹਿਲਾਂ ਨੈਰੋਬੀ ਵਿਚ ਅਮਰੀਕੀ ਦੂਤਘਰ ਉਤੇ 1998 ਵਿਚ ਹੋਏ ਹਮਲੇ ਦੀ ਪੁਣ-ਛਾਣ ਕੀਤੀ ਜਾਵੇ ਤਾਂ ਇਸ ਮਸਲੇ ਦੀਆਂ ਹੋਰ ਪਰਤਾਂ ਖੁੱਲ੍ਹ ਸਕਦੀਆਂ ਹਨ। ਉਦੋਂ ਇਹ ਹਮਲਾ ਅਸਲ ਵਿਚ ਉਸ ਮੁਲਕ ਵਿਚ ਜਹਾਦੀਆਂ ਦੀ ਚੜ੍ਹਾਈ ਦਾ ਸੂਚਕ ਸੀ। ਇਹ ਗੱਲ ਉਦੋਂ ਕਿਸੇ ਨੇ ਸ਼ਾਇਦ ਗੌਲੀ ਹੀ ਨਹੀਂ ਸੀ ਕਿ ਭੁੱਖ ਅਤੇ ਮਲੇਰੀਏ ਨਾਲ ਜੂਝ ਰਹੇ ਲੋਕਾਂ ਨੂੰ ਇਉਂ ਹਿੰਸਾ ਦੇ ਰਾਹ ਪਾਇਆ ਜਾ ਰਿਹਾ ਹੈ। ਅਲ-ਸ਼ਬਾਬ ਵਰਗੀਆਂ ਜਥੇਬੰਦੀਆਂ ਨੂੰ ਅਜਿਹੇ ਹਾਲਾਤ ਵਿਚ ਨੌਜਵਾਨਾਂ ਨੂੰ ਆਪਣੇ ਨਾਲ ਜੋੜਨ ਦਾ ਚੰਗਾ ਮੌਕਾ ਮਿਲ ਜਾਂਦਾ ਹੈ। ਉਦੋਂ ਵੀ ਅਤੇ ਹੁਣ ਵਾਲੇ ਹਮਲੇ ਨੇ ਵੀ ਇਹੀ ਗੱਲ ਉਭਾਰੀ ਹੈ ਕਿ ਲੋਕਾਂ ਦੇ ਅੰਦਰ ਘਰ ਕਰੀ ਬੈਠੇ ਗੁੱਸੇ ਨੂੰ ਕਿਸ ਪਾਸੇ ਮੋੜ ਦਿੱਤਾ ਗਿਆ ਹੈ ਅਤੇ ਲੋਕਾਂ ਦੇ ਮੱਥਿਆਂ ਉਤੇ ਦਹਿਸ਼ਤ ਖੁਣ ਦਿੱਤਾ ਗਿਆ। ਇਨ੍ਹਾਂ ਵਿਲਕਦੀਆਂ ਜਾਨਾਂ ਲਈ ਸ਼ਾਇਦ ਹੋਰ ਕੋਈ ਚਾਰਾ ਵੀ ਨਹੀਂ ਛੱਡਿਆ ਗਿਆ ਅਤੇ ਉਨ੍ਹਾਂ ਨਾ ਚਾਹੁੰਦੇ ਹੋਏ ਵੀ ਹਿੰਸਾ ਦਾ ਰਾਹ ਅਖਤਿਆਰ ਕਰ ਲਿਆ।

ਪਿਸ਼ਾਵਰ ਵਾਲੇ ਹਮਲੇ ਦੀਆਂ ਕੜੀਆਂ ਵੀ ਇਨ੍ਹਾਂ ਤੰਦਾਂ ਨਾਲ ਹੀ ਜੁੜਦੀਆਂ ਜਾਪਦੀਆਂ ਹਨ। ਉਸ ਇਲਾਕੇ ਵਿਚ ਅਮਰੀਕਾ ਦੇ ਡਰੋਨ ਹਮਲਿਆਂ ਨੇ ਲੋਕਾਂ ਦਾ ਸਾਹ ਸੂਤਿਆ ਹੋਇਆ ਹੈ। ਪਿਛਲੇ ਸਮੇਂ ਦੌਰਾਨ ਲੋਕ, ਇਨ੍ਹਾਂ ਹਮਲਿਆਂ ਖਿਲਾਫ ਲਾਮਬੰਦ ਵੀ ਹੋਏ ਹਨ। ਖੈਬਰ-ਪਖਤੂਨਖਵਾ ਸੂਬੇ ਵਿਚ ਇਸ ਵੇਲੇ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ ਦੀ ਹਕੂਮਤ ਹੈ ਜਿਸ ਦੀ ਅਗਵਾਈ ਸਾਬਕਾ ਕ੍ਰਿਕਟਰ ਇਮਰਾਨ ਖਾਨ ਕਰ ਰਿਹਾ ਹੈ। ਚੋਣਾਂ ਵਿਚ ਉਸ ਦਾ ਮੁੱਖ ਏਜੰਡਾ ਇਲਾਕੇ ਉਤੇ ਹੋ ਰਹੇ ਡਰੋਨ ਹਮਲੇ ਬੰਦ ਕਰਵਾਉਣਾ ਹੀ ਸੀ। ਉਹ ਚਿਰਾਂ ਤੋਂ ਤਾਲਿਬਾਨ ਨਾਲ ਗੱਲਬਾਤ ਚਲਾਉਣ ਦੀ ਪੈਰਵੀ ਵੀ ਕਰਦਾ ਆ ਰਿਹਾ ਹੈ। ਇਹ ਵਿਚਾਰ ਕਰਨਾ ਵੀ ਜ਼ਰੂਰੀ ਹੈ ਕਿ ਇਮਰਾਨ ਖਾਨ ਨੇ ਇਹ ਜਥੇਬੰਦੀ 1996 ਵਿਚ ਸ਼ੁਰੂ ਕੀਤੀ ਸੀ ਅਤੇ ਪਹਿਲਾਂ-ਪਹਿਲ ਇਸ ਜਥੇਬੰਦੀ ਦੀ ਸਰਗਰਮੀ ਸਮਾਜਕ ਪੱਧਰ ਉਤੇ ਹੀ ਸੀ ਪਰ ਹੌਲੀ-ਹੌਲੀ ਇਸ ਨੇ ਕੌਮੀ ਪੱਧਰ ਉਤੇ ਆਪਣੀ ਪੈਂਠ ਬਣਾਉਣੀ ਸ਼ੁਰੂ ਕਰ ਦਿੱਤੀ। 2013 ਵਾਲੀਆਂ ਚੋਣਾਂ ਵਿਚ ਇਹ ਪਾਰਟੀ ਤੀਜੀ ਸਭ ਤੋਂ ਵੱਡੀ ਸਿਆਸੀ ਪਾਰਟੀ ਹੋ ਨਿਬੜੀ। ਪਾਰਟੀ ਦੀ ਇਸ ਚੜ੍ਹਤ ਵਿਚ ਭਾਵੇਂ ਹੋਰ ਸਰਗਰਮੀ ਦਾ ਵੀ ਭਰਪੂਰ ਯੋਗਦਾਨ ਹੋਵੇਗਾ ਪਰ ਡਰੋਨ ਹਮਲਿਆਂ ਦਾ ਜਿਸ ਤਰ੍ਹਾਂ ਦਾ ਵਿਰੋਧ ਇਮਰਾਨ ਖਾਨ ਨੇ ਕੀਤਾ ਅਤੇ ਜਿਸ ਤਰ੍ਹਾਂ ਇਹ ਮਸਲਾ ਇਕ ਦਮ ਕੌਮੀ ਸਿਆਸਤ ਤੇ ਮੀਡੀਆ ਵਿਚ ਛਾ ਗਿਆ, ਉਸ ਤੋਂ ਲੋਕਾਂ ਦੇ ਮਨਾਂ ਵਿਚ ਇਨ੍ਹਾਂ ਹਮਲਿਆਂ ਖਿਲਾਫ ਗੁੱਸੇ ਦੀ ਲਹਿਰ ਸਾਫ ਦੇਖੀ ਜਾ ਸਕਦੀ ਹੈ। ਇਮਰਾਨ ਖਾਨ ਦਾ ਸਪਸ਼ਟ ਕਹਿਣਾ ਸੀ ਕਿ ਜ਼ੋਰ-ਜਬਰ ਲੋਕਾਂ ਨੂੰ ਦਹਿਸ਼ਤਪਸੰਦੀ ਵੱਲ ਜਾਣ ਤੋਂ ਰੋਕ ਨਹੀਂ ਰਿਹਾ, ਸਗੋਂ ਲੋਕ ਤਾਂ ਉਸ ਪਾਸੇ ਧੱਕੇ ਜਾ ਰਹੇ ਹਨ। ਇਸ ਕੋਣ ਤੋਂ ਜੇ ਕੁਝ ਹੋਰ ਥਾਂਈਂ ਵੀ ਨਿਗ੍ਹਾ ਮਾਰੀ ਜਾਵੇ ਤਾਂ ਇਮਰਾਨ ਖਾਨ ਵੱਲੋਂ ਉਠਾਏ ਇਸ ਨੁਕਤੇ ਵਿਚ ਬੜਾ ਵਜ਼ਨ ਜਾਪਦਾ ਹੈ ਅਤੇ ਇਹੀ ਨੁਕਤਾ ਨੌਮ ਚੌਮਸਕੀ ਨੇ ਉਦੋਂ ਉਭਾਰਿਆ ਸੀ। ਜਹਾਦੀਆਂ ਦੀ ਹਿੰਸਾ ਨੂੰ ਸਮਝਣ ਲਈ ਸਟੇਟ ਦੀ ਹਿੰਸਾ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਹ ਇਸ ਕਰ ਕੇ ਵੀ ਜ਼ਰੂਰੀ ਹੈ ਕਿ ਇਹ ਹਿੰਸਾ ਬਹੁਤ ਮਹੀਨ ਅਤੇ ਸੂਖਮ ਹੁੰਦੀ ਹੈ। ਇਹ ਸੂਖਮ ਹਿੰਸਾ ਲੋਕਾਂ ਦੇ ਮਨਾਂ ਵਿਚ ਤੁਰਦੀ-ਤੁਰਦੀ ਆਖਰਕਾਰ ਨਾਸੂਰ ਬਣ ਜਾਂਦੀ ਹੈ ਅਤੇ ਫਿਰ ਵੱਡੀਆਂ ਘਟਨਾਵਾਂ ਦੇ ਰੂਪ ਵਿਚ ਲਾਵੇ ਵਾਂਗ ਫਟਦੀ ਹੈ। ਹੁਣ ਮਸਲਾ ਇਸ ਲਾਵੇ ਨਾਲ ਜੁੜੀਆਂ ਇਨ੍ਹਾਂ ਤੰਦਾਂ ਦੀ ਪੈੜ ਨੱਪਣ ਦਾ ਹੈ। ਇਹ ਤੰਦਾਂ ਫੜ ਕੇ ਹੀ ਇਸ ਮਸਲੇ ਦੇ ਹੱਲ ਲਈ ਕੋਈ ਤਰੱਦਦ ਹੋ ਸਕਦਾ ਹੈ। ਇਹ ਉਹ ਤੰਦਾਂ ਹਨ ਜਿਨ੍ਹਾਂ ਨਾਲ ਸਮੁੱਚਾ ਸੰਸਾਰ ਜੁੜਿਆ ਹੋਇਆ ਹੈ ਅਤੇ ਇਸੇ ਨਾਲ ਜੁੜੀ ਹੋਈ ਹੈ ਉਹ ਸਿਆਸਤ, ਜਿਹੜੀ ਸੰਸਾਰ ਭਰ ਉਤੇ ਅਸਰਅੰਦਾਜ਼ ਹੋ ਰਹੀ ਹੈ। ਸੀਰੀਆ, ਅਫਗਾਨਿਸਤਾਨ, ਇਰਾਨ, ਚੇਚਨੀਆ ਅਤੇ ਹੋਰ ਮੁਲਕ ਇਨ੍ਹਾਂ ਤੰਦਾਂ-ਤਾਣਿਆਂ ਨਾਲ ਹੀ ਜੁੜੇ ਹੋਏ ਹਨ। ਅੱਜ 21ਵੀਂ ਸਦੀ ਦੇ ਮਨੁੱਖ ਨੂੰ ਕੋਝੀ ਸਿਆਸੀ ਹਿੰਸਾ ਨਹੀਂ ਚਾਹੀਦੀ, ਬਲਕਿ ਸਰਬੱਤ ਦੇ ਭਲੇ ਵਾਲੀ ਸਿਆਸਤ ਵੱਲ ਰਾਹ ਖੁੱਲ੍ਹਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਤੀਜੇ ਮੋਰਚੇ ਵਾਲਿਓ...?*

ਇਕ ਫਿਰਕੇ ਦਾ ਕੀਤਾ ਸੀ ਘਾਣ ਭਾਵੇਂ, ਦੋਸ਼ੀ ਦੇਖ ਲਉ ਕਿਸ ਤਰ੍ਹਾਂ ਗੱਜਦਾ ਏ।
ਬਹਿ ਗਿਆ ਸੀ ਰੁੱਸ ਕੇ ਖੁੰਢ ਜਿਹੜਾ, ਭਾਅ ਬੀਨ ਦੇ ਉਹ ਵੀ ਹੁਣ ਵੱਜਦਾ ਏ।
'ਪੰਜੇ' ਵਾਲੇ ਵੀ ਕਰਵਟਾਂ ਲੈਣ ਲੱਗੇ, ਮੋਹਰੀ 'ਮੁੰਡਾ' ਹੀ ਕਹਿੰਦੇ ਨੇ ਸਜਦਾ ਏ।
ਕੇਂਦਰ ਅਤੇ ਸਟੇਟਾਂ ਵਿਚ ਦੌੜ ਲੱਗੀ, ਬਣਿਆ ਹੋਇਆ ਮਾਹੌਲ ਨਠ-ਭੱਜ ਦਾ ਏ।
'ਪੰਜੇ-ਫੁੱਲ' ਤੋਂ ਅੱਕੇ ਹੋਏ ਲੋਕ ਪੁੱਛਣ, ਕਿਸ ਨੂੰ ਆਖੀਏ ਦਲ ਅਹਿ ਚੱਜ ਦਾ ਏ।
ਸੱਜੇ-ਖੱਬੇ ਤੇ ਸਾਥੀਓ ਰੜਕਦੇ ਨਹੀਂ? ਤੀਜਾ ਮੋਰਚਾ ਕਿੱਥੇ ਕੁ ਬੱਝਦਾ ਏ?

# ਕਤਲਗਾਹਾਂ ਬਣੀਆਂ ਸੜਕਾਂ

## *ਹੁਕਮਰਾਨ ਜਵਾਬਦੇਹ ਕਿਉਂ ਨਹੀਂ?*

ਸੜਕ ਹਾਦਸੇ 'ਚ 4 ਮੌਤਾਂ... ਇਕੋ ਪਰਿਵਾਰ ਦੇ 6 ਜੀਆਂ ਦੀ ਮੌਤ... ਬਰਨਾਲਾ ਨੇੜੇ ਇਕੋ ਟੱਬਰ ਦੇ ਨੌਂ ਜੀਅ ਸੜਕ ਹਾਦਸੇ ਵਿਚ ਹਲਾਕ... ਮੀਡੀਆ ਵਿਚ ਅਜਿਹੀਆਂ ਸੁਰਖ਼ੀਆਂ ਅਕਸਰ ਹੁੰਦੀਆਂ ਹਨ। ਪੰਜਾਬ ਵਿਚ ਸ਼ਾਇਦ ਹੀ ਕੋਈ ਦਿਨ ਅਜਿਹਾ ਲੰਘਦਾ ਹੋਵੇ ਜਦੋਂ ਦਰਦਨਾਕ ਸੜਕ ਹਾਦਸਿਆਂ ਵਿਚ ਇਨਸਾਨਾਂ ਦੀਆਂ ਕੀਮਤਾਂ ਜਾਨਾਂ ਭੰਗ ਦੇ ਭਾੜੇ ਨਾ ਜਾਂਦੀਆਂ ਹੋਣ। ਸਕੂਲੀ ਬੱਸਾਂ/ਵੈਨਾਂ ਅੰਨ੍ਹੇਵਾਹ ਚਲਾਏ ਜਾਣ ਕਾਰਨ ਹੁੰਦੇ ਹਾਦਸਿਆਂ ਦੌਰਾਨ ਮਾਸੂਮ ਬੱਚੇ ਮੌਤ ਦੇ ਮੂੰਹ ਜਾ ਪੈਂਦੇ ਹਨ। ਜੇ ਪਿਛਲੇ ਪੰਦਰਵਾੜੇ ਦੀਆਂ ਮੀਡੀਆ ਸੁਰਖ਼ੀਆਂ ਉੱਪਰ ਹੀ ਤਰਦੀ ਜਿਹੀ ਨਜ਼ਰ ਮਾਰ ਲਈ ਜਾਵੇ ਤਾਂ ਹਕੂਮਤ ਦੀ ਮਿਹਰ ਨਾਲ ਦਨਦਨਾ ਰਹੇ ਇਸ ਆਦਮਖ਼ੋਰ ਵਰਤਾਰੇ ਦੀ ਭਿਆਨਕਤਾ ਦਾ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ। ਭਾਰਤ ਵਿਚ ਸਰਕਾਰੀ ਅੰਕੜਿਆਂ ਮੁਤਾਬਕ 2011 ਵਿਚ 1 ਲੱਖ 42,485 ਲੋਕ ਸੜਕ ਹਾਦਸਿਆਂ ਵਿਚ ਮਾਰੇ ਗਏ। ਇਸੇ ਤਰ੍ਹਾਂ ਪੰਜਾਬ ਵਿਚ 2010 ਵਿਚ 3542 ਬੰਦੇ ਹਾਦਸਿਆਂ 'ਚ ਮਾਰੇ ਗਏ ਸਨ ਜਦਕਿ 2011 'ਚ ਇਹ ਗਿਣਤੀ ਵਧ ਕੇ 4931 ਹੋ ਗਈ। ਪੰਜਾਬ ਰੋਡ ਸੇਫਟੀ ਕੌਂਸਲ ਅਨੁਸਾਰ ਸੂਬੇ ਵਿਚ ਹਰ ਸਾਲ ਔਸਤਨ 4800 ਤੋਂ ਵੱਧ ਮੌਤਾਂ ਹੋ ਹੁੰਦੀਆਂ ਹਨ।

**ਬੂਟਾ ਸਿੰਘ**
**ਫੋਨ: 91-94634-74342**

ਇਹ ਸੁਰਖ਼ੀਆਂ ਕਿਸੇ ਵੀ ਦਿਨ, ਕਿਸੇ ਵੀ ਜ਼ਿਲ੍ਹੇ ਨਾਲ ਸਬੰਧਤ ਹੋ ਸਕਦੀਆਂ ਹਨ। ਸਿਰਫ਼ ਸੜਕਾਂ, ਵਾਹਨਾਂ ਅਤੇ ਮਾਰੇ ਜਾਣ ਵਾਲੇ ਇਨਸਾਨਾਂ ਦੇ ਨਾਂ ਅਤੇ ਗਿਣਤੀ ਵੱਖਰੇ ਹੁੰਦੇ ਹਨ; ਬਾਕੀ ਦਰਦ ਕਹਾਣੀ ਲਗਭਗ ਉਹੀ ਹੁੰਦੀ ਹੈ। ਮੁੱਖ ਮੰਤਰੀ, ਐੱਮ.ਐੱਲ.ਏ/ਐੱਮ.ਪੀ. ਜਾਂ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀ ਵਲੋਂ ਪ੍ਰਗਟਾਏ ਰਸਮੀ 'ਦੁੱਖ' ਅਤੇ ਐਲਾਨੀ 'ਸਹਾਇਤਾ ਰਾਸ਼ੀ' ਦੀ ਇਬਾਰਤ ਵੀ ਉਹੀ ਹੁੰਦੀ ਹੈ ਜਿਸ ਵਿਚੋਂ ਹਮੇਸ਼ਾ ਨਦਾਰਦ ਹੁੰਦਾ ਹੈ ਇਹ ਸਰੋਕਾਰ, ਕਿ ਭਵਿੱਖ ਵਿਚ ਇਨ੍ਹਾਂ ਆਦਮ ਖਾਣੇ ਹਾਦਸਿਆਂ ਨੂੰ ਰੋਕਣ ਲਈ ਇਨ੍ਹਾਂ 'ਚੁਣੇ ਹੋਏ' ਲੋਕ ਨੁਮਾਇੰਦਿਆਂ ਜਾਂ ਜ਼ਿੰਮੇਵਾਰ ਅਧਿਕਾਰੀਆਂ ਵਲੋਂ ਕੀ ਪੇਸ਼ਬੰਦੀਆਂ ਕੀਤੀਆਂ ਜਾ ਰਹੀਆਂ ਹਨ!

ਇਹ ਸੁਰਖ਼ੀਆਂ ਹੁਣ ਮੀਡੀਆ ਵਿਚ ਉਸੇ ਤਰ੍ਹਾਂ ਆਮ ਹੋ ਗਈਆਂ ਹਨ ਜਿਵੇਂ ਖਾੜਕੂਵਾਦ ਦੇ ਦੌਰ ਵਿਚ ਪੁਲਿਸ ਮੁਕਾਬਲਿਆਂ ਵਿਚ ਅਤੇ ਖਾੜਕੂਆਂ ਹੱਥੋਂ ਮਾਰੇ ਜਾਣ ਵਾਲਿਆਂ ਦੀਆਂ ਮਨਹੂਸ ਖ਼ਬਰਾਂ ਇਸ ਕਦਰ ਰੋਜ਼ਮੱਰਾ ਦਾ ਵਰਤਾਰਾ ਬਣ ਗਈਆਂ ਸਨ ਕਿ ਇਹ ਅਵਾਮ ਦੀ ਸੰਵੇਦਨਾ ਨੂੰ ਚੁੱਭਣੋਂ ਹੀ ਹਟ ਗਈਆਂ ਸਨ। ਹੁਣ ਵੀ ਅਵਾਮ ਨੂੰ ਇਨ੍ਹਾਂ ਨੂੰ ਪੜ੍ਹ ਕੇ ਮਨੋ ਵਿਸਾਰ ਦੇਣ ਦਾ ਆਦੀ ਬਣਾ ਦਿੱਤਾ ਗਿਆ ਹੈ।

ਪੰਜਾਬ ਵਿਚ ਹਾਦਸਿਆਂ ਦੌਰਾਨ ਮੌਤਾਂ 'ਚ ਵਾਧੇ ਦੀ ਦਰ ਚਿੰਤਾਜਨਕ ਤੇਜ਼ੀ ਨਾਲ ਵਧੀ ਹੈ: 2009 'ਚ 100 ਹਾਦਸਿਆਂ ਪਿੱਛੇ ਮੌਤਾਂ ਦੀ ਦਰ 65.9 ਫੀਸਦੀ ਸੀ ਜੋ 2012 'ਚ 76 ਫੀਸਦੀ ਹੋ ਗਈ। ਇਹ ਵੀ ਚੇਤੇ ਰੱਖਣਾ ਹੋਵੇਗਾ ਕਿ ਹਾਦਸਿਆਂ 'ਚ ਮੌਤਾਂ ਪੱਖੋਂ ਪੰਜਾਬ ਦੀ ਫ਼ੀ ਸਦੀ ਮੁਲਕ ਵਿਚ ਸਭ ਤੋਂ ਵੱਧ ਹੈ। 2012 ਦੇ ਅੰਕੜਿਆਂ ਅਨੁਸਾਰ ਮੁੰਬਈ ਵਿਚ 100 ਹਾਦਸਿਆਂ ਵਿਚ 2 ਫੀਸਦੀ ਮੌਤਾਂ ਹੋਈਆਂ, ਦਿੱਲੀ ਵਿਚ 26.9 ਫੀਸਦੀ ਜਦਕਿ ਅੰਮ੍ਰਿਤਸਰ ਤੇ ਲੁਧਿਆਣਾ ਵਿਚ ਕ੍ਰਮਵਾਰ 62.5 ਤੇ 60.9 ਫੀਸਦੀ। 2011 'ਚ ਸੂਬੇ ਦੀਆਂ ਸੜਕਾਂ ਉੱਪਰ 57 ਲੱਖ 11 ਹਜ਼ਾਰ ਵਾਹਨ ਚਲ ਰਹੇ ਸਨ, ਰਜਿਸਟਰੇਸ਼ਨ ਅਨੁਸਾਰ ਇਹ 2010 ਨਾਲੋਂ 108 ਫੀਸਦੀ ਵੱਧ ਸਨ। 35 ਲੱਖ ਦੀ ਆਬਾਦੀ ਵਾਲੇ ਇਕੱਲੇ ਲੁਧਿਆਣਾ ਵਿਚ ਹੀ 12.22 ਲੱਖ ਵਾਹਨ ਰਜਿਸਟਰਡ ਹਨ।

ਇਨਸਾਨਾਂ ਦੀਆਂ ਇਹ ਬੇਵਕਤੀ ਮੌਤਾਂ ਤਾਂ ਚਿੰਤਾਜਨਕ ਹਨ ਹੀ, ਹੋਰ ਵੀ ਵੱਧ ਫ਼ਿਕਰਮੰਦੀ ਵਾਲੀ ਗੱਲ ਹੈ ਸਟੇਟ ਅਤੇ ਸਮਾਜ ਦਾ ਇਸ ਪ੍ਰਤੀ ਬੇਲਾਗ ਵਤੀਰਾ। ਕੋਈ ਲੋਕ ਹਿਤੈਸ਼ੀ ਜਾਂ ਮਨੁੱਖੀ ਹੱਕਾਂ ਦੀ ਜਥੇਬੰਦੀ ਜਾਂ ਸੰਸਥਾ ਵੀ ਇਸ ਨੂੰ ਆਪਣੇ ਏਜੰਡੇ ਵਿਚ ਸ਼ੁਮਾਰ ਨਹੀਂ ਕਰ ਰਹੀ। ਪੀੜਤ ਪਰਿਵਾਰ ਅਤੇ ਪੜ੍ਹਨ-ਸੁਣਨ ਵਾਲੇ ਸੰਵੇਦਨਸ਼ੀਲ ਵੀ ਇਨ੍ਹਾਂ ਨੂੰ 'ਰੱਬ ਦਾ ਭਾਣਾ' ਮੰਨ ਕੇ ਮਨ ਨੂੰ ਤਸੱਲੀ ਦੇ ਲੈਂਦੇ ਹਨ; ਜਾਂ ਘੜੀ ਦੀ ਘੜੀ 'ਡਰੈਵਰਾਂ ਦੀ ਲਾਪਰਵਾਹੀ', 'ਅੰਨ੍ਹੇਵਾਹ ਤਾਂ ਗੱਡੀਆਂ ਭਜਾਉਂਦੇ ਆ' ਦਾ ਚਲੰਤ ਤਬਸਰਾ ਕਰ ਕੇ ਗੱਲ ਨਿਬੇੜ ਦਿੰਦੇ ਹਨ; ਜਾਂ ਫਿਰ 'ਕਦੇ ਕਿਸੇ ਤੋਂ 'ਜੇ' ਵੀ ਜਿੱਤੀ ਗਈ ਹੈ' ਦੀਆਂ ਨਸੀਹਤਾਂ ਦਾ ਗਿਆਨ ਘੋਟਣਾ ਜ਼ਰੂਰੀ ਸਮਝਦੇ ਹਨ। ਕਿਸੇ ਵੀ ਮ੍ਰਿਤਕ ਦੇ ਸੱਥਰ, ਸਸਕਾਰ ਜਾਂ ਅੰਤਮ ਰਸਮਾਂ ਮੌਕੇ ਅਜਿਹੀਆਂ ਟਿੱਪਣੀਆਂ ਜਾਂ ਥੋੜ੍ਹੇ ਵੱਖਰੇ ਇਜ਼ਹਾਰ ਆਮ ਹੀ ਸੁਣਨ ਨੂੰ ਮਿਲ ਜਾਂਦੇ ਹਨ ਕਿ 'ਸਵਾਸ ਹੀ ਐਨੇ ਲਿਖੇ ਸਨ', 'ਉਸ ਦੀ ਮੌਤ ਹੀ ਉਥੇ ਲਿਖੀ ਸੀ', 'ਹੋਣੀ ਘੇਰ ਕੇ ਲੈ ਗਈ।' ਸਥਾਪਤੀ ਨੇ ਇਸ ਮੁਲਕ ਦੇ ਅਵਾਮ ਨੂੰ ਜਿਸ ਤਰ੍ਹਾਂ ਦੀ ਵਿਆਪਕ ਬੇਵਸੀ ਦੇ ਆਲਮ 'ਚ ਸੁੱਟ ਰੱਖਿਆ ਹੈ, ਜਿਸ ਤਰ੍ਹਾਂ ਜਮਹੂਰੀਅਤ ਦਾ 'ਚੌਥਾ ਥੰਮ' ਮੰਨੇ ਜਾਂਦੇ ਮੀਡੀਆ ਦਾ ਜ਼ਿਆਦਾਤਰ ਹਿੱਸਾ ਟੀ.ਆਰ.ਪੀ. ਵਧਾਊ ਨਜ਼ਰੀਏ ਤੋਂ ਸਮਕਾਲੀ ਵਰਤਾਰਿਆਂ ਦਾ ਸੋਚਿਆ-ਸਮਝਿਆ ਲੇਖਾ-ਜੋਖਾ ਆਪਣੇ ਪਾਠਕਾਂ-ਦਰਸ਼ਕਾਂ ਨੂੰ ਪਰੋਸਣ ਦੀ ਸੁਚੇਤ ਨੀਤੀ 'ਤੇ ਚਲ ਰਿਹਾ ਹੈ; ਉਸ ਵਿਚ ਆਮ ਬੰਦੇ ਨੂੰ 'ਰੱਬ ਦਾ ਭਾਣਾ' ਮੰਨਣ ਤੋਂ ਸਿਵਾਏ ਹੋਰ ਅਹੁੜ ਵੀ ਕੀ ਸਕਦਾ ਹੈ?

ਪਰ ਮੁਜਰਮਾਂ ਨੂੰ ਸਖ਼ਤ ਸਜ਼ਾਵਾਂ, ਕਰੜੇ ਕਾਨੂੰਨ ਬਣਾਏ ਜਾਣ ਦੀਆਂ ਉਹ ਜ਼ੋਰਦਾਰ ਮੰਗਾਂ ਸੜਕ ਹਾਦਸਿਆਂ 'ਚ ਮੌਤਾਂ ਦੇ ਮਾਮਲੇ 'ਚ ਆਮ ਹੀ ਗ਼ਾਇਬ ਹੁੰਦੀਆਂ ਹਨ ਜੋ ਕਿਸੇ 'ਅਤਿਵਾਦੀ ਵਾਰਦਾਤ' ਜਾਂ ਜਬਰ ਜਨਾਹ ਵਰਗੇ ਕਾਂਡਾਂ ਮੌਕੇ ਜ਼ੋਰ-ਸ਼ੋਰ ਨਾਲ ਉਠਾਈਆਂ ਜਾਂਦੀਆਂ ਹਨ। ਇਨ੍ਹਾਂ ਹਾਦਸਿਆਂ ਦੇ ਮੂਲ ਕਾਰਨ ਕਦੇ ਚਰਚਾ ਦਾ ਵਿਸ਼ਾ ਨਹੀਂ ਬਣਦੇ। ਇਹ ਸਵਾਲ ਕਦੇ ਨਹੀਂ ਕੀਤੇ ਜਾਂਦੇ ਕਿ ਜਿਨ੍ਹਾਂ ਪੱਛਮੀ ਮੁਲਕਾਂ ਨੂੰ ਸਾਡੇ ਹੁਕਮਰਾਨ ਤਰੱਕੀ ਦੇ ਨਮੂਨੇ ਬਣਾ ਕੇ ਉਨ੍ਹਾਂ ਦੀ ਰੀਸ ਕਰਨ ਦੀਆਂ ਮੱਤਾਂ ਦਿੰਦੇ ਹਨ, ਉਥੇ ਸੜਕਾਂ ਦੀ ਹਾਲਤ ਅਤੇ ਆਵਾਜਾਈ ਵਾਹਨਾਂ ਦਾ ਤਨਾਸਬ ਕੀ ਹੈ? ਉਥੇ ਸੜਕ ਸੁਰੱਖਿਆ ਦੇ ਇੰਤਜ਼ਾਮ ਕੀ ਹਨ ਅਤੇ ਇਸ ਪੱਖੋਂ ਅਸੀਂ ਕਿਥੇ ਖੜ੍ਹੇ ਹਾਂ? ਉਥੇ ਐਨੀ ਥੋਕ ਤਦਾਦ 'ਚ ਹਾਦਸੇ ਅਤੇ ਹਾਦਸਿਆਂ 'ਚ ਐਨੀਆਂ ਭਿਆਨਕ ਮੌਤਾਂ ਕਿਉਂ ਨਹੀਂ?

> *ਕੀ ਹਾਦਸਿਆਂ ਵਿਚ ਵਾਧੇ ਲਈ ਵਿਕਾਸ ਮਾਡਲ ਜ਼ਿੰਮੇਵਾਰ ਨਹੀਂ ਹੈ ਜਿਸ ਵਿਚ ਵਿਕਸਤ ਮੁਲਕਾਂ ਅਤੇ ਉਨ੍ਹਾਂ ਦੇ ਦੇਸੀ ਮੁਕਾਬਲੇਬਾਜ਼ - ਜੂਨੀਅਰ ਭਾਈਵਾਲਾਂ - ਦੀ ਆਟੋਮੋਬਾਈਲ ਇੰਡਸਟਰੀ, ਤੇਲ ਕੰਪਨੀਆਂ ਅਤੇ ਇਸ ਦੇ ਹੋਰ ਕਾਰੋਬਾਰੀ ਪਸਾਰਾਂ ਦੇ ਮੁਨਾਫ਼ਿਆਂ ਦੀ ਖ਼ਾਤਰ ਇਕ ਖ਼ਾਸ ਤਰ੍ਹਾਂ ਦੀ ਨੀਤੀ ਜ਼ਰੀਏ ਸੜਕਾਂ ਉੱਪਰ ਪ੍ਰਾਈਵੇਟ ਵਾਹਨਾਂ ਦਾ ਹੜ੍ਹ ਲਿਆਂਦਾ ਗਿਆ ਹੈ?*

ਜੇ ਹਕੂਮਤ ਅਤੇ ਸਟੇਟ ਮਸ਼ੀਨਰੀ ਵਲੋਂ ਸੜਕਾਂ ਦੀ ਸਮਰੱਥਾ ਅਤੇ ਹਾਲਤ ਦੇ ਤਨਾਸਬ ਦੇ ਉਲਟ ਵਾਹਨਾਂ ਦੀ ਭਰਮਾਰ ਬੇਰੋਕ-ਟੋਕ ਵਧਣ ਦਿੱਤੀ ਜਾਂਦੀ ਹੈ; ਜੇ ਡਰਾਈਵਿੰਗ ਸਾਡੀ ਪੜ੍ਹਾਈ-ਸਿਖਲਾਈ ਦਾ ਅਹਿਮ ਹਿੱਸਾ ਹੀ ਨਹੀਂ ਹੈ ਅਤੇ ਜੇ ਬਿਨਾਂ ਕੋਈ ਸਿਖਲਾਈ ਦਿੱਤਿਆਂ ਹੀ ਪੈਸੇ ਲੈ ਕੇ ਡਰਾਈਵਿੰਗ ਲਾਇਸੰਸ ਜਾਰੀ ਕੀਤੇ ਜਾਂਦੇ ਹਨ; ਜੇ ਟਰੈਫਿਕ ਪੁਲਿਸ ਮਹਿਜ਼ ਉੱਪਰੋਂ ਆਇਆ 'ਚਲਾਣ ਕੋਟਾ' ਪੂਰਾ ਕਰਨ ਅਤੇ ਨਾਕੇ ਲਾ ਕੇ ਆਪਣੀਆਂ ਜੇਬਾਂ ਭਰਨ ਤੇ ਉੱਪਰ 'ਮਹੀਨਾ' ਪੁੱਜਦਾ ਕਰਨ ਤਕ ਹੀ ਸੀਮਤ ਹੈ; ਜੇ ਢੁੱਕਵਾਂ ਬੁਨਿਆਦੀ ਢਾਂਚਾ ਉਸਾਰੇ ਬਗ਼ੈਰ ਹੀ ਵਿਕਸਤ ਮੁਲਕਾਂ ਦੀਆਂ ਤੇਜ਼ ਰਫ਼ਤਾਰ ਗੱਡੀਆਂ ਦੀ ਇਸ਼ਤਿਹਾਰਬਾਜ਼ੀ ਦੀ ਚਕਾਚੌਂਧ ਰਾਹੀਂ ਅਵਾਮ ਨੂੰ ਭਰਮਾ ਕੇ ਅਜਿਹੀਆਂ ਗੱਡੀਆਂ ਨੂੰ ਉਨ੍ਹਾਂ ਹੀ ਭੀੜੀਆਂ ਤੇ ਖੱਡਿਆਂ ਦਾ ਸ਼ਕਲ ਅਖ਼ਤਿਆਰ ਚੁੱਕੀਆਂ ਸੜਕਾਂ 'ਤੇ ਦੁੜਾਉਣ ਦੀ ਖੁੱਲ੍ਹ ਹੈ ਜਿਥੇ ਪਹਿਲਾਂ ਹੀ ਆਵਾਜਾਈ ਸੜਕਾਂ ਦੇ ਵਿਤ ਨਾਲੋਂ ਕਿਤੇ ਵੱਧ ਹੈ ਤਾਂ ਇਸ ਦਾ ਮੁੱਖ ਜ਼ਿੰਮੇਵਾਰ ਕੌਣ ਹੈ? ਜਿਵੇਂ ਹੁਕਮਰਾਨਾਂ ਵਲੋਂ ਪਿਛਲੇ ਦੋ ਦਹਾਕਿਆਂ ਵਿਚ ਸਰਕਾਰੀ ਆਵਾਜਾਈ ਸੇਵਾਵਾਂ ਦਾ ਨਿੱਜੀਕਰਨ ਕਰ ਕੇ ਸੜਕਾਂ ਉੱਪਰ ਪ੍ਰਾਈਵੇਟ ਬੱਸ ਕੰਪਨੀਆਂ ਦੀ ਸਵਾਰੀਆਂ 'ਚੁੱਕਣ' ਦੀ ਦੌੜ ਸ਼ੁਰੂ ਕਰਵਾਈ ਗਈ ਹੈ ਜਿਸ ਨਾਲ ਇਹ ਸਵਾਰੀ-ਵਾਹਨਾਂ ਦੀ ਬਜਾਏ 'ਦੌੜ ਮੁਕਾਬਲੇ' ਵਿਚ ਸ਼ਾਮਲ ਸਪੋਰਟਸ ਵਾਹਨ ਵੱਧ ਜਾਪਦੀਆਂ ਹਨ ਅਤੇ ਨਾਲ ਹੀ ਜਿਵੇਂ ਤਰ੍ਹਾਂ ਤਰ੍ਹਾਂ ਦੀਆਂ ਧੂਹ ਪਾਊ ਸਕੀਮਾਂ ਦੇ ਲਾਲਚ ਦੇ ਕੇ ਪ੍ਰਾਈਵੇਟ ਵਾਹਨਾਂ, ਖ਼ਾਸ ਕਰ ਕੇ ਕਾਰਾਂ ਤੇ ਦੋ-ਪਹੀਆ ਵਾਹਨਾਂ ਦੀ ਮੰਡੀ ਨੂੰ ਉਤਸ਼ਾਹਤ ਕੀਤਾ ਗਿਆ ਹੈ, ਜਿਵੇਂ ਸਿਖਿਆ ਦੇ ਨਿੱਜੀਕਰਨ ਰਾਹੀਂ ਪ੍ਰਾਈਵੇਟ ਸਿਖਿਆ ਸੰਸਥਾਵਾਂ ਦੀਆਂ ਬੱਸਾਂ-ਵੈਨਾਂ ਸਕੂਲਾਂ ਦੇ ਖੁੱਲ੍ਹਣ ਅਤੇ ਬੰਦ ਹੋਣ ਸਮੇਂ 'ਟੈਮ ਚੱਕਣ' ਦੀ ਦੌੜ ਵਿਚ ਸੜਕਾਂ 'ਤੇ ਹਵਾ ਨਾਲ ਗੱਲਾਂ ਕਰਦੀਆਂ ਹਨ, ਜਿਵੇਂ ਨਸ਼ਿਆਂ ਦੇ ਬਦਕਾਰ ਧੰਦੇ (ਢਾਈ ਕਰੋੜ ਦੀ ਵਸੋਂ ਵਾਲੇ ਸੂਬੇ ਵਿਚ ਹਰ ਸਾਲ 35 ਕਰੋੜ ਬੋਤਲਾਂ ਸ਼ਰਾਬ ਦੀਆਂ ਵਿਕਦੀਆਂ ਹਨ) ਨੂੰ ਉਤਸ਼ਾਹਤ ਕਰ ਕੇ ਜਵਾਨੀ ਨੂੰ ਨਸ਼ੇੜੀ ਬਣਾਇਆ ਗਿਆ ਹੈ? ਕੀ ਇਹ ਜ਼ਾਹਰਾ ਤੱਥ ਇਹ ਨਹੀਂ ਦਿਖਾਉਂਦੇ ਕਿ ਭਿਆਨਕ ਹਾਦਸਿਆਂ ਵਿਚ ਐਨੇ ਬੇਤਹਾਸ਼ਾ ਵਾਧੇ ਦੇ ਮੁੱਖ ਜ਼ਿੰਮੇਵਾਰ ਸਾਡੇ ਹੁਕਮਰਾਨ ਹੀ ਹਨ? ਹਾਦਸਿਆਂ ਤੋਂ ਬਾਦ ਜ਼ਿਆਦਾਤਰ ਮੌਤਾਂ ਵਕਤ ਸਿਰ ਢੁੱਕਵੀਆਂ ਐਮਰਜੈਂਸੀ ਇਲਾਜ ਸੇਵਾਵਾਂ ਨਾ ਮਿਲਣ ਕਾਰਨ ਹੁੰਦੀਆਂ ਹਨ। ਜੇ ਹੁਕਮਰਾਨਾਂ ਵਲੋਂ ਇਨ੍ਹਾਂ ਹਾਲਾਤ ਨੂੰ ਸੁਧਾਰਨ ਲਈ ਕੋਈ ਠੋਸ ਕਦਮ ਚੁਕ ਕੇ ਆਵਾਜਾਈ ਨੂੰ ਨਿਯਮਤ ਨਹੀਂ ਕੀਤਾ ਜਾ ਰਿਹਾ ਅਤੇ ਸੜਕ ਸੁਰੱਖਿਆ ਇੰਤਜ਼ਾਮ ਨਹੀਂ ਕੀਤੇ ਜਾ ਰਹੇ ਤਾਂ ਹਾਦਸਿਆਂ ਲਈ ਇਕੱਲੀ ਡਰਾਈਵਰਾਂ ਦੀ ਲਾਪ੍ਰਵਾਹੀ ਹੀ ਜ਼ਿੰਮੇਵਾਰ ਕਿਵੇਂ ਹੈ? ... ਤੇ ਇਹ ਭਾਣੇ ਦੀਆਂ ਮੌਤਾਂ ਕਿਵੇਂ ਹਨ?

ਕੀ ਹਾਦਸਿਆਂ ਵਿਚ ਵਾਧੇ ਲਈ ਵਿਕਾਸ ਮਾਡਲ ਜ਼ਿੰਮੇਵਾਰ ਨਹੀਂ ਹੈ ਜਿਸ ਵਿਚ ਵਿਕਸਤ ਮੁਲਕਾਂ ਅਤੇ ਉਨ੍ਹਾਂ ਦੇ ਦੇਸੀ ਮੁਕਾਬਲੇਬਾਜ਼ - ਜੂਨੀਅਰ ਭਾਈਵਾਲਾਂ - ਦੀ ਆਟੋਮੋਬਾਈਲ ਇੰਡਸਟਰੀ, ਤੇਲ ਕੰਪਨੀਆਂ ਅਤੇ ਇਸ ਦੇ ਹੋਰ ਕਾਰੋਬਾਰੀ ਪਸਾਰਾਂ ਦੇ ਮੁਨਾਫ਼ਿਆਂ ਦੀ ਖ਼ਾਤਰ ਇਕ ਖ਼ਾਸ ਤਰ੍ਹਾਂ ਦੀ ਨੀਤੀ ਜ਼ਰੀਏ ਸੜਕਾਂ ਉੱਪਰ ਪ੍ਰਾਈਵੇਟ ਵਾਹਨਾਂ ਦਾ ਹੜ੍ਹ ਲਿਆਂਦਾ ਗਿਆ ਹੈ? ਜਨਤਕ ਵਾਹਨਾਂ ਦੀ ਥਾਂ ਪ੍ਰਾਈਵੇਟ ਵਾਹਨਾਂ ਦੀ ਤਦਾਦ ਕਿਵੇਂ ਬੇਤਹਾਸ਼ਾ ਵਧਦੀ ਗਈ ਹੈ, ਕੁਝ ਅੰਕੜਿਆਂ ਤੋਂ ਇਸ ਦੀ ਝਲਕ ਦੇਖੀ ਜਾ ਸਕਦੀ ਹੈ:

1951 ਦੇ ਮੁਕਾਬਲੇ 2011 ਵਿਚ ਮੁਲਕ ਵਿਚ ਬੱਸਾਂ ਦੀ ਗਿਣਤੀ 11.1 ਫ਼ੀ ਸਦੀ ਤੋਂ ਘਟ ਕੇ ਸਿਰਫ਼ 1.1 ਫ਼ੀ ਸਦੀ ਰਹਿ ਗਈ ਹੈ। ਇਸ ਦੇ ਮੁਕਾਬਲੇ ਪ੍ਰਾਈਵੇਟ ਸਾਧਨਾਂ (ਕਾਰਾਂ, ਦੋ ਪਹੀਆ, ਤਿੰਨ ਪਹੀਆ) ਵਿਚ ਧੜਾਧੜ ਵਾਧਾ ਹੋ ਰਿਹਾ ਹੈ ਹਾਲਾਂਕਿ ਬੱਸਾਂ ਆਮ ਜਨਤਾ ਲਈ ਸੜਕੀ ਆਵਾਜਾਈ ਦਾ ਮੁੱਖ ਸਾਧਨ ਹਨ। ਕਾਰਾਂ ਦਾ ਉਤਪਾਦਨ 2010 ਵਿਚ 37 ਲੱਖ ਪਹੁੰਚ ਗਿਆ ਸੀ; 2015 ਵਿਚ ਇਹ 50 ਲੱਖ ਅਤੇ 2020 ਵਿਚ 90 ਲੱਖ ਹੋ ਜਾਵੇਗਾ। ਅੰਦਾਜ਼ਾ ਹੈ ਕਿ 2050 ਤਕ ਭਾਰਤ ਦੀਆਂ ਸੜਕਾਂ ਉੱਪਰ 61.1 ਕਰੋੜ ਵਾਹਨ ਹੋ ਜਾਣਗੇ। ਇਕੱਲੇ ਦਿੱਲੀ ਵਿਚ ਹੀ ਇਸ ਵਕਤ 73 ਲੱਖ ਵਾਹਨ ਹਨ ਜਿਨ੍ਹਾਂ ਵਿਚੋਂ ਬੱਸਾਂ ਸਿਰਫ਼ 32,800 ਹਜ਼ਾਰ ਹਨ। ਕਾਰਾਂ, ਦੋ-ਪਹੀਆ ਵਾਹਨਾਂ ਉੱਪਰ ਸਿਰਫ਼ 15-20 ਫ਼ੀ ਸਦੀ ਲੋਕ ਸਫ਼ਰ ਕਰਦੇ ਹਨ ਜਦਕਿ ਸੱਠ ਫ਼ੀ ਸਦੀ ਲੋਕ ਬੱਸਾਂ-ਟੈਂਪੂਆਂ ਵਿਚ ਸਫ਼ਰ ਕਰਦੇ ਹਨ। ਤੇਲ ਦੀ ਅੰਦਾਜ਼ਨ 60-70 ਫ਼ੀ ਸਦੀ ਵਰਤੋਂ ਵੀ ਸਿਰਫ਼ ਆਵਾਜਾਈ ਲਈ ਕੀਤੀ ਜਾਂਦੀ ਹੈ ਜਿਸ ਤੋਂ ਇਸ ਉਲਾਰ ਵਿਕਾਸ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਅਤੇ ਇਹ ਵੀ ਸਮਝਿਆ ਜਾ ਸਕਦਾ ਹੈ ਕਿ ਖੇਤੀਬਾੜੀ ਜਿਸ ਨੂੰ ਭਾਰਤ ਦੇ ਅਰਥਚਾਰੇ ਦੀ ਰੀੜ੍ਹ ਦੀ ਗੱਡੀ ਕਿਹਾ ਜਾਂਦਾ ਹੈ, ਵਿਚ ਕਿੰਨਾ ਕੁ ਤੇਲ ਵਰਤਿਆ ਜਾ ਰਿਹਾ ਹੈ? ਤੇਲ ਦੀ ਜ਼ਿਆਦਾਤਰ ਖ਼ਪਤ ਮੁਲਕ ਦੇ ਕੁਲ 24.7 ਕਰੋੜ ਟੱਬਰਾਂ ਵਿਚੋਂ ਸਿਰਫ਼ 4.7 ਫ਼ੀ ਸਦੀ ਵਾਹਨ ਮਾਲਕ ਟੱਬਰਾਂ ਵਲੋਂ ਕੀਤੀ ਜਾ ਰਹੀ ਹੈ।

ਇਨ੍ਹਾਂ ਨੂੰ ਭਾਣੇ ਦੀ ਮੌਤ ਮੰਨਣ ਦੀਆਂ ਬਜਾਏ ਕੀ ਇਹ ਸੁਚੇਤ ਨੀਤੀਆਂ ਨਾਲ ਪੈਦਾ ਕੀਤੇ ਹਾਲਾਤ ਵੱਲੋਂ ਕੀਤੇ ਜਾਂਦੇ ਕਤਲ ਨਹੀਂ ਹਨ? ਫਿਰ ਸੜਕੀ ਅਤਿਵਾਦ ਦੇ ਇਨ੍ਹਾਂ ਘਿਣਾਉਣੇ ਜੁਰਮਾਂ ਦੇ ਅਸਲ ਜ਼ਿੰਮੇਵਾਰ ਹੁਕਮਰਾਨਾਂ ਤੋਂ ਜਵਾਬਦੇਹੀ ਦੀ ਮੰਗ ਕਿਉਂ ਨਾ ਕੀਤੀ ਜਾਵੇ?

# ਨਿਜ਼ਾਮਿ-ਹਲਾਕਤ ’ਚ ਉਡੀਕਦੇ ਹਾਦਸੇ ਤੇ ਗੂੰਜਦੇ ਸਵਾਲ

*‘ਨਿਜ਼ਾਮਿ-ਹਲਾਕਤ’, ਭਾਵ ਉਹ ਨਿਜ਼ਾਮ ਜਿਸ ਦਾ ਦਸਤੂਰ ਹਲਾਕ ਕਰਨ ਨਾਲ ਜੁੜਿਆ ਹੋਵੇ। ਕੀ ਸੜਕ ਹਾਦਸੇ ‘ਨਿਜ਼ਾਮਿ-ਹਲਾਕਤ’ ਦੀ ਤਸਦੀਕ ਨਹੀਂ ਕਰਦੇ? ਕੀ ਇਹੋ ‘ਨਿਜ਼ਾਮਿ-ਹਲਾਕਤ’ ਹਰ ਤਰ੍ਹਾਂ ਦੀਆਂ ਗੁੰਡਾ-ਢਾਣੀਆਂ ਲਈ ਢੁਕਵਾਂ ਮਾਹੌਲ ਮੁਹੱਈਆ ਨਹੀਂ ਕਰਦਾ? ਜਸਦੀਪ ਇਸ ‘ਨਿਜ਼ਾਮਿ-ਹਲਾਕਤ’ ਦਾ ਨੁਮਾਇੰਦਾ ਸ਼ਿਕਾਰ ਹੈ। ਇਕਤਾਲੀ ਸਾਲਾਂ ਦਾ ਸਵਾਲ ਪੁੱਛਣ ਵਾਲਾ ਪੱਤਰਕਾਰ, ਪੰਜਾਬ ਦਾ ਆਵਾਮੀ ਪੱਤਰਕਾਰ ਸੀ ਜੋ ਆਵਾਮੀ ਮੌਤ ਮਰਿਆ ਹੈ। ਆਵਾਮ ਦੇ ਪੱਖ ਵਿਚ ਖੜ੍ਹ ਕੇ ਸਵਾਲ ਪੁੱਛਣ ਵਾਲੇ ਬੰਦੇ ਨੂੰ ਨਿਜ਼ਾਮ ਨੇ ਹਲਾਕ ਕੀਤਾ ਹੈ। ਸਵਾਲ ਸਿਰਫ਼ ਇੰਨਾ ਹੈ ਕਿ ਉਹ ਵਡੇਰੀ ਸਾਜ਼ਿਸ਼ ਦਾ ਸ਼ਿਕਾਰ ਹੋਇਆ ਹੈ ਜਾਂ ਸਾਜ਼ਿਸ਼ੀ ਮਾਹੌਲ ਦੀ ਆੜ ਵਿਚ ਕਿਸੇ ਛਾਪਾਮਾਰ ਨੇ ਹਾਦਸਾ ਉਸ ਦੇ ਰਾਹ ਵਿਚ ਖੜ੍ਹਾ ਕੀਤਾ ਹੈ। ਉਹ ਬਿਨਾਂ ਸ਼ੱਕ ਕਤਲੇਆਮ ਦਾ ਹਿੱਸਾ ਬਣਿਆ ਹੈ।*

ਜਸਦੀਪ ਸਿੰਘ ਮਲਹੋਤਰਾ ਸੜਕ ਹਾਦਸੇ ਵਿਚ ਚਲਾਣਾ ਕਰ ਗਿਆ। ਬਤੌਰ ਪੱਤਰਕਾਰ ਉਹ ਸਮਾਜਕ ਸਰੋਕਾਰ ਪਾਲਣ ਵਾਲਾ ਪੰਜਾਬੀ ਬੰਦਾ ਸੀ। ਉਸ ਦੀਆਂ ‘ਹਿੰਦੋਸਤਾਨ ਟਾਈਮਜ਼’ ਵਿਚ ਲਿਖੀਆਂ ਰਪਟਾਂ ਤਾਂ ਪਹਿਲਾਂ ਵੀ ਪੜ੍ਹਦਾ ਰਹਿੰਦਾ ਸੀ ਪਰ ਉਸ ਨਾਲ ਸਿੱਧਾ ਰਾਬਤਾ ਮੇਰੇ ‘ਡੇਅ ਐਂਡ ਨਾਇਟ ਨਿਊਜ਼’ ਚੈਨਲ ਵਿਚ ਆਉਣ ਤੋਂ ਬਾਅਦ ਪਿਆ ਸੀ। ਮੇਰੇ ਆਉਣ ਤੋਂ ਪਹਿਲਾਂ ਹੀ ‘ਡੇਅ ਐਂਡ ਨਾਇਟ ਨਿਊਜ਼’ ਵਿਚ ਉਹ ਭਰੋਸੇਯੋਗ ਪੱਤਰਕਾਰ ਵਜੋਂ ਜਾਣਿਆ ਜਾਂਦਾ ਸੀ। ਸਾਡੇ ਪ੍ਰਬੰਧਕੀ ਸੰਪਾਦਕ ਕੰਵਰ ਸੰਧੂ ਤੋਂ ਲੈ ਕੇ ਰੀਤੂ ਘਈ ਅਤੇ ਰਾਹੁਲ ਪੁਰੀ ਉਸ ਦਾ ਨਾਮ ਬਹੁਤ ਸਤਿਕਾਰ ਨਾਲ ਲੈਂਦੇ ਸਨ। ਇਨ੍ਹਾਂ ਸਾਰਿਆਂ ਨੇ ‘ਹਿੰਦੋਸਤਾਨ ਟਾਈਮਜ਼’ ਵਿਚ ਇਕੱਠਿਆਂ ਕੰਮ ਕੀਤਾ ਸੀ। ਸਾਡਾ ਚਰਚਾ ਦਾ ਰੋਜ਼ਾਨਾ ਪ੍ਰੋਗਰਾਮ ‘ਪਰਾਈਮ ਟਾਈਮ’ ਹੈ ਜਿਸ ਵਿਚ ਕਈ ਤਰ੍ਹਾਂ ਦੇ ਮੁੱਦਿਆਂ ਉੱਤੇ ਟਿੱਪਣੀ ਕਰਨ ਲਈ ਜਸਦੀਪ ਨੂੰ ਫੋਨ ਰਾਹੀਂ ਜੋੜਿਆ ਜਾਂਦਾ ਸੀ। ਜਲੰਧਰ ਦੇ ਚੋਣ-ਅਖਾੜੇ ਜਾਂ ਦੁਆਬੇ ਦੇ ਮੁੱਦਿਆਂ ਦੀ ਚਰਚਾ ਲਈ ਉਹ ਸਾਡਾ ਸਿੱਕੇਬੰਦ ਅਤੇ ਭਰੋਸੇਯੋਗ ਟਿੱਪਣੀਕਾਰ ਸੀ। ਉਹ ਤੱਥਾਂ ਨਾਲ ਤਫ਼ਸੀਲ ਦਿੰਦਾ ਹੋਇਆ ਦਲੀਲ ਉਸਾਰਦਾ ਸੀ ਅਤੇ ਬੇਬਾਕ ਟਿੱਪਣੀ



**ਦਲਜੀਤ ਅਮੀ**
**ਫੋਨ: 91-97811-21873**

ਕਰਦਾ ਸੀ। ਸਾਡੇ ਚੈਨਲ ਵਿਚ ਇਹ ਚਰਚਾ ਸੀ ਕਿ ਜਸਦੀਪ ‘ਡੇਅ ਐਂਡ ਨਾਇਟ ਨਿਊਜ਼’ ਲਈ ਢੁਕਵਾਂ ਪੱਤਰਕਾਰ ਹੈ। ਕਿਹਾ ਜਾ ਰਿਹਾ ਸੀ ਕਿ ਉਸ ਨਾਲ ਚੈਨਲ ਵਿਚ ਮਿਆਰੀ ਵਾਧਾ ਹੁੰਦਾ ਹੈ। ਚੈਨਲ ਦੀ ਜਸਦੀਪ ਵਿਚ ਦਿਲਚਸਪੀ ਸੀ ਅਤੇ ਜਸਦੀਪ ਦੀ ਚੈਨਲ ਵਿਚ ਦਿਲਚਸਪੀ ਸੀ। ਚੈਨਲ ਦੀ ਖ਼ਰਾਬ ਵਿੱਤੀ ਹਾਲਤ ਕਾਰਨ ਕਈ ਫ਼ੈਸਲੇ ਅੱਗੇ ਪੈ ਗਏ। ਜਸਦੀਪ ਦਾ ਚੈਨਲ ਵਿਚ ਆਉਣਾ ਇਨ੍ਹਾਂ ਫ਼ੈਸਲਿਆਂ ਵਿਚ ਸ਼ੁਮਾਰ ਸੀ।

ਜਲੰਧਰ ਦੇ ਦੁਆਬਾ ਕਾਲਜ ਵਿਚ ਜਸਦੀਪ ਨਾਲ ਇਕਲੌਤੀ ਮੁਲਾਕਾਤ ਹੋਈ। ਮੈਂ ਪੱਤਰਕਾਰੀ ਦੇ ਵਿਦਿਆਰਥੀਆਂ ਨਾਲ ਫ਼ਿਲਮਾਂ ਬਾਰੇ ਹਫ਼ਤੇ ਦੀ ਵਰਕਸ਼ਾਪ ਕਰ ਰਿਹਾ ਸੀ। ਮੇਰੀ ਦਸਤਾਵੇਜ਼ੀ ਫ਼ਿਲਮ ‘ਕਾਰ ਸੇਵਾ’ ਦਿਖਾਈ ਜਾਣੀ ਸੀ। ਫ਼ਿਲਮ ਤੋਂ ਬਾਅਦ ਚਰਚਾ ਸ਼ੁਰੂ ਕਰਨ ਲਈ ਜਸਦੀਪ ਨੂੰ ਸੱਦਿਆ ਗਿਆ ਸੀ। ਫ਼ਿਲਮ ਤੋਂ ਬਾਅਦ ਉਸ ਨੇ ਕਈ ਟਿੱਪਣੀਆਂ ਕੀਤੀਆਂ। ਉਸ ਦੀ ਦਲੀਲ ਸੀ ਕਿ ਜੇ ਨਦੀਆਂ ਵਿਚ ਹੋ ਰਹੇ ਪ੍ਰਦੂਸ਼ਣ ਦੀ ਮਾਰ ਦਿਖਾਉਣ ਲਈ ਨਮੂਨੇ ਦਾ ਕੋਈ ਮਾਮਲਾ ਪੇਸ਼ ਕੀਤਾ ਜਾਂਦਾ ਤਾਂ ਬਿਹਤਰ ਹੋਣਾ ਸੀ। ਮੇਰੀ ਦਲੀਲ ਸੀ ਕਿ ਨਦੀਆਂ ਦੇ ਪ੍ਰਦੂਸ਼ਣ ਦੀ ਮਾਰ ਦਾ ਅੰਦਾਜ਼ਾ ਲੋਕਾਂ ਨੂੰ ਹੈ ਜੋ ਉਨ੍ਹਾਂ ਦੀ ਯਾਦਾਸ਼ਤ ਅਤੇ ਸਮਝ ਦਾ ਹਿੱਸਾ ਹੈ। ਫ਼ਿਲਮ ਵਿਚ ਨਾ ਹੋਣ ਦੇ ਬਾਵਜੂਦ ਇਹ ਪੱਖ ਦਰਸ਼ਕ ਦੀ ਸਮਝ ਰਾਹੀਂ ਸੰਵਾਦ ਦਾ ਹਿੱਸਾ ਬਣਦਾ ਹੈ। ਉਸ ਦੀ ਮੋੜਵੀਂ ਦਲੀਲ ਸੀ ਕਿ ਪਿੰਡਾਂ ਦੇ ਲੋਕਾਂ ਨੂੰ ਇਹ ਚੀਜ਼ਾਂ ਨਹੀਂ ਪਤਾ; ਜੇ ਪਤਾ ਹੁੰਦੀਆਂ ਤਾਂ ਉਹ ਉਸ ਦੀ ਮਾਰ ਤੋਂ ਬਚ ਸਕਦੇ ਸਨ। ਮੈਂ ਅੱਗੇ ਦਲੀਲ ਦਿੱਤੀ ਕਿ ਪਿੰਡਾਂ ਦੇ ਲੋਕਾਂ ਨੂੰ ਤਜਰਬੇ ਰਾਹੀਂ ਇਨ੍ਹਾਂ ਚੀਜ਼ਾਂ ਦਾ ਜ਼ਿਆਦਾ ਪਤਾ ਹੈ। ਇਹ ਵੱਖਰੀ ਗੱਲ ਹੈ ਕਿ ਉਹ ਕਿਸੇ ਪੇਸ਼ੇਵਰ ਵਾਂਗ ਉਸ ਦੀ ਪੇਸ਼ਕਾਰੀ ਕਰ ਸਕਣ ਜਾਂ ਨਾ। ਜਸਦੀਪ ਦੀ ਦਲੀਲ ਸੀ ਕਿ ਜੇ ਪ੍ਰਦੂਸ਼ਣ ਦੀ ਮਾਰ ਦਾ ਨਮੂਨਾ ਫ਼ਿਲਮ ਵਿਚ ਹੁੰਦਾ ਤਾਂ ਇਹ ਜ਼ਿਆਦਾ ਲੋਕ ਪੱਖੀ ਹੋਣੀ ਸੀ। ਉਸ ਨੇ ਇਹ ਕਹਿ ਕੇ ਗੱਲ ਨਬੇੜ ਦਿੱਤੀ ਸੀ ਕਿ ਜੋ ਕਲਾ ਲੋਕ ਪੱਖੀ ਨਹੀਂ ਹੈ, ਉਹ ਮੇਰੇ ਲਈ ਮਾਅਨੇ ਨਹੀਂ ਰੱਖਦੀ। ਸਾਡਾ ਇਤਫ਼ਰਕਾ ਸਿਰਫ਼ ਇੰਨਾ ਰਹਿ ਗਿਆ ਸੀ ਕਿ ਫ਼ਿਲਮ ਦਾ ਨਿਭਾਅ ਇਸ ਨੂੰ ਜ਼ਿਆਦਾ ਲੋਕ ਪੱਖੀ ਕਿਵੇਂ ਬਣਾ ਸਕਦਾ ਹੈ। ਉਹ ਸਾਰੀ ਗੱਲ ਬਿਆਨ ਕਰਨ ਦੀ ਵਕਾਲਤ ਕਰਦਾ ਸੀ ਅਤੇ ਮੈਂ ਦਰਸ਼ਕ ਨੂੰ ਸੂਝਵਾਨ ਸਮਾਜਕ ਜੀਅ ਵਜੋਂ ਉਕਸਾਉਣ ਵਿਚ ਯਕੀਨ ਕਰਦਾ ਹਾਂ।

ਮੌਜੂਦਾ ਦੌਰ ਵਿਚ ਕੋਈ ਵਿਰਲਾ ਹੀ ਇਸ ਤਰ੍ਹਾਂ ਸ਼ਿੱਦਤ ਨਾਲ ਦਲੀਲ ਵਿਚ ਪੈਂਦਾ ਹੈ। ਰਸਮੀ ਚਰਚਾ ਤੋਂ ਬਾਅਦ ਜਸਦੀਪ ਨਾਲ ਲੰਮੀ ਗੱਲਬਾਤ ਹੋਈ। ਮੈਂ ਉਸ ਦਾ ਧੰਨਵਾਦ ਕੀਤਾ ਕਿ ਮੌਜੂਦਾ ਦੌਰ ਵਿਚ ਉਸ ਨੇ ਬੇਬਾਕੀ ਨਾਲ ਦਲੀਲ ਦੇਣ ਨੂੰ ਤਰਜੀਹ ਦਿੱਤੀ ਹੈ। ਅਜਿਹੇ ਮੌਕੇ ਤਾਂ ਟਿੱਪਣੀਕਾਰ ਰਸਮੀ ਸਿਫ਼ਤ ਕਰਦੇ ਹਨ ਅਤੇ ਬਾਕੀ ਗੱਲ ਪਿੱਠ ਪਿੱਛੇ ਕਰਦੇ ਹਨ। ਚੁਗਲੀ ਅਤੇ ਆਲੋਚਨਾ ਨੂੰ ਵੱਖ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਜਸਦੀਪ ਕਮਾਲ ਸੀ। ਉਹ ਪਹਿਲੀ ਮੁਲਾਕਾਤ ਵਿਚ ਉਸੇ ਬੇਬਾਕੀ ਨਾਲ ਗੱਲ ਕਰ ਰਿਹਾ ਸੀ ਜੋ ਟੈਲੀਵਿਜ਼ਨ ਉੱਤੇ ਉਸ ਦੀਆਂ ਟਿੱਪਣੀਆਂ ਵਿਚੋਂ ਝਲਕਦੀ ਸੀ। ਉਹ ਜ਼ਿੰਦਗੀ ਵਿਚ ਆਪਣੀ ਪੇਸ਼ੇਵਰ ਸਮਝ ਨਾਲ ਇੱਕਸੁਰ ਸੀ। ਚਾਹ ਪੀਂਦਿਆਂ ਉਸ ਨੇ ਇਸੇ ਗੱਲ ਨੂੰ ਅੱਗੇ ਤੋਰਿਆ ਕਿ ਮੌਜੂਦਾ ਦੌਰ ਵਿਚ ਸਿਆਸਤਦਾਨਾਂ ਨੂੰ ਸਵਾਲ ਹੀ ਨਹੀਂ ਪੁੱਛੇ ਜਾਂਦੇ। ਇਸ ਮਾਮਲੇ ਵਿਚ ਉਸ ਦੀ ਹਾਂ ਵਿਚ ਹਾਂ ਮਿਲਾਉਣ ਲਈ ਮੇਰੇ ਕੋਲ ਬਹੁਤ ਜਾਣਕਾਰੀ ਸੀ। ਚੰਡੀਗੜ੍ਹ ਦਾ ਤਜਰਬਾ ਹੈ ਕਿ ਕਿਸ ਤਰ੍ਹਾਂ ਅਖ਼ਬਾਰਾਂ ਅਤੇ ਟੈਲੀਵਿਜ਼ਨਾਂ ਦੀਆਂ ਤਨਖ਼ਾਹਾਂ ਲੈਂਦੇ ਪੱਤਰਕਾਰ ਸਰਕਾਰੀ ਬਖ਼ਸ਼ਿਸ਼ਾਂ ਨਾਲ ਅਮੀਰ ਹੁੰਦੇ ਹਨ। ਸਿਆਸਤਦਾਨਾਂ ਦੀਆਂ ਪ੍ਰੈਸ ਕਾਨਫਰੰਸਾਂ ਵਿਚ ਝਾੜੂ-ਬਰਦਾਰ ਪੱਤਰਕਾਰਾਂ ਦੇ ਸਵਾਲਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਜੇ ਉਹ ਨਾ ਪੁੱਛਣ ਤਾਂ ਸਿਆਸਤਦਾਨ ਉਨ੍ਹਾਂ ਨੂੰ ਆਪ ਨਾਮ ਲੈ ਕੇ ਪੁੱਛ ਲੈਂਦੇ ਹਨ ਕਿ ਤੁਸੀਂ ਕੋਈ ਸਵਾਲ ਪੁੱਛੋ। ਅਜਿਹੇ ਸਵਾਲਾਂ ਦੇ ਜਵਾਬਾਂ ਵਿਚ ਸਿਆਸਤਦਾਨਾਂ, ਸੰਤਰੀਆਂ ਅਤੇ ਮੰਤਰੀਆਂ ਨੂੰ ਆਪਣੇ ਕਸੀਦੇ ਪੜ੍ਹਨ ਦੇ ਮੌਕੇ ਮਿਲਦੇ ਹਨ। ‘ਜਜ਼ਮਾਨ’ ਨੂੰ ਪੱਤਰਕਾਰ ਦੇ ਔਖੇ ਸਵਾਲ ਤੋਂ ਬਚਾਉਣ ਲਈ ਝਾੜੂ-ਬਰਦਾਰ ਆਪਣਾ ਸਵਾਲ ਪੁੱਛਦੇ ਹਨ। ‘ਜਜ਼ਮਾਨ’ ਦੋ ਸਵਾਲਾਂ ਵਿਚੋਂ ਆਪਣੀ ਪਸੰਦ ਦੇ ਸਵਾਲ ਦਾ ਜਵਾਬ ਦਿੰਦਾ ਹੈ ਅਤੇ ਦੂਜਾ ਨਜ਼ਰਅੰਦਾਜ਼ ਕਰ ਦਿੰਦਾ ਹੈ। ਇਸ ਤੋਂ ਇਲਾਵਾ ਪੱਤਰਕਾਰੀ ਅਦਾਰਿਆਂ ਦੀਆਂ ਤਨਖ਼ਾਹਾਂ ਉੱਤੇ ਨੌਕਰੀ ਕਰਦੇ ਹੋਏ ਸਰਕਾਰ ਨਾਲ ਵਫ਼ਾਦਾਰੀਆਂ ਪਾਲੀਆਂ ਜਾਂਦੀਆਂ ਹਨ। ਨਤੀਜੇ ਵਜੋਂ ਮੀਡੀਆ ਸਲਾਹਕਾਰਾਂ ਅਤੇ ਕਮਿਸ਼ਨਾਂ ਦੇ ਮੈਂਬਰਾਂ ਦੀਆਂ ਨਾਮਜ਼ਦਗੀਆਂ ਹੁੰਦੀਆਂ ਹਨ। ਜੇ ਪੁਲਿਸ ਅਫ਼ਸਰ ਅਤੇ ਅਫ਼ਸਰਸ਼ਾਹੀ ਨੌਕਰੀ ਛੱਡ ਨੇ ਹੁਕਮਰਾਨ ਪਾਰਟੀ ਦੇ ਉਮੀਦਵਾਰ ਵਜੋਂ ਚੋਣ ਲੜਦੇ ਹਨ ਤਾਂ ਪੱਤਰਕਾਰ ਇਨ੍ਹਾਂ ਅਹੁਦਿਆਂ ਉੱਤੇ ਬਿਰਾਜਮਾਨ ਹੁੰਦੇ ਹਨ। ਹਰਚਰਨ ਬੈਂਸ ਦੇ ‘ਪਰ ਕਤਰਨ ਲਈ’ ਦੀ ਮਸ਼ਕ ਵਜੋਂ ‘ਪੱਤਰਕਾਰਾਂ ਦੀ ਆਓ-ਭਗਤ ਦਾ ਖ਼ਰਚ ਘੱਟ ਕਰਨਾ’ ਖ਼ਬਰਾਂ ਦਾ ਵਿਸ਼ਾ ਬਣਦਾ ਹੈ। ਇਹ ਖ਼ਰਚ ਖ਼ਬਰਾਂ ਉੱਤੇ ਕਿਵੇਂ ਅਸਰਅੰਦਾਜ਼ ਹੁੰਦਾ ਹੈ? ਇਹ ਸਵਾਲ ਪੱਤਰਕਾਰਾਂ ਦੇ ਘੇਰੇ ਵਿਚ ਨਹੀਂ ਪੁੱਛਿਆ ਜਾਂਦਾ।

ਪ੍ਰਧਾਨ ਮੰਤਰੀ ਮੀਡੀਆ ਰਾਹੀਂ ‘ਲੋਕ-ਸੰਪਰਕ’ ਬਿਹਤਰ ਕਰਨ ਲਈ ਮਹੀਨਾਵਾਰ ਮਸ਼ਕ ਸ਼ੁਰੂ ਕਰਦੇ ਹਨ। ਪਹਿਲੇ ਮਹੀਨੇ ਪੰਜ ਜਣਿਆਂ ਨੂੰ ਬੁਲਾਇਆ ਜਾਂਦਾ ਹੈ। ਇਨ੍ਹਾਂ ਪੰਜਾਂ ਦੇ ਨਾਮ ਦਹਾਕਿਆਂ ਦੇ ਤਜਰਬੇ ਵਾਲੇ ਪੱਤਰਕਾਰਾਂ ਤੋਂ ਵੀ ਨਹੀਂ ਲਏ ਜਾਂਦੇ। ਰਾਜ ਸਭਾ ਦੀ ਨਾਮਜ਼ਦਗੀ ਅਤੇ ਸਿਆਸਤਦਾਨਾਂ ਦੀ ਸਰਪ੍ਰਸਤੀ ਨਾਲ ਹਾਸਲ ਕੀਤੀਆਂ ਸੰਪਾਦਕੀ ਕੁਰਸੀਆਂ ਚਰਚਾ ਦਾ ਵਿਸ਼ਾ ਬਣਦੀਆਂ ਹਨ। ਇਹ ਪੱਤਰਕਾਰ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨ ਤੋਂ ਬਾਅਦ ਪ੍ਰੈਸ ਕਾਨਫਰੰਸ ਰਾਹੀਂ ਸਰਕਾਰ ਦਾ ਪੱਖ ਬਿਆਨ ਕਰਦੇ ਹਨ। ‘ਲੋਕ ਸੰਪਰਕ ਮਹਿਕਮੇ’ ਵਾਲਾ ਕੰਮ, ਪੱਤਰਕਾਰ ਕਿਉਂ ਕਰਦੇ ਹਨ? ਇਸ ਤੋਂ ਬਿਨਾਂ ਝਾੜੂ-ਬਰਦਾਰੀ ਕੀ ਹੁੰਦੀ ਹੈ? ਪੰਜਾਬ ਸਰਕਾਰ ਚੰਡੀਗੜ੍ਹ ਵਿਚ ਪਰਵਾਸੀ ਪੰਜਾਬੀ ਸੰਮੇਲਨ ਕਰਦੀ ਹੈ ਅਤੇ ‘ਲੋਕ ਸੰਪਰਕ ਮਹਿਕਮਾ’ ਚੋਣਵੇਂ ਪੱਤਰਕਾਰਾਂ ਨੂੰ ਸੱਦਾ ਦਿੰਦਾ ਹੈ। ਕੀ ਇਹ ਪੱਤਰਕਾਰ ‘ਲੋਕ ਸੰਪਰਕ ਮਹਿਕਮੇ’ ਦੇ ਗ਼ੈਰ-ਰਸਮੀ ਮੁਲਾਜ਼ਮ ਹਨ? ਵਿਧਾਨ ਸਭਾ ਵਿਚ ‘ਲੋਕ ਸੰਪਰਕ ਮੰਤਰੀ’ ਬਿਕਰਮ ਸਿੰਘ ਮਜੀਠੀਆ ਅਤੇ ਕਾਂਗਰਸੀ ਆਗੂ ਰਾਣਾ ਗੁਰਜੀਤ ਸਿੰਘ ਗਾਲੀ-ਗਲੋਚ ਹੋਏ ਸਨ। ਬਾਅਦ ਵਿਚ ਪ੍ਰੈਸ ਕਾਨਫਰੰਸ ਦੌਰਾਨ ਇੱਕ ਪੱਤਰਕਾਰ ਬੀਬੀ ਦੇ ਸਵਾਲ ਦੇ ਜਵਾਬ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪੁੱਛਿਆ ਸੀ ਕਿ ‘ਬੋਲ ਕੇ ਦੱਸੋ ਕਿਹੜੀ ਗਾਲ ਕੱਢੀ ਸੀ?’ ਇਹ ਗਾਲ ਵਾਲੀ ਵੀਡੀਓ ਵਿਧਾਨ ਸਭਾ ਦੇ ਸਪੀਕਰ ਦੀਆਂ ਹਦਾਇਤਾਂ ਨਾਲ ਟੈਲੀਵਿਜ਼ਨ ਚੈਨਲਾਂ ਅਤੇ ਵੈੱਬਸਾਈਟਾਂ ਤੋਂ ਹਟਵਾਈ ਗਈ ਸੀ। ਪਿਛਲੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਨੇ ਪੱਤਰਕਾਰਾਂ ਨੂੰ ਇੱਕ ਸਮਾਗਮ ਦਾ ਸੱਦਾ ਦਿੱਤਾ। ਰਾਤ ਨੂੰ ਇਹ ਸਮਾਗਮ ‘ਨਾ ਟਾਲੇ ਜਾ ਸਕਣ ਵਾਲੇ ਕਾਰਨਾਂ’ ਕਾਰਨ ਰੱਦ ਕਰਨ ਦੀ ਇਤਲਾਹ ਕਰ ਦਿੱਤੀ ਗਈ। ਅਗਲੇ ਦਿਨ ਇਹ ਸਮਾਗਮ ਪਹਿਲਾਂ ਦਿੱਤੇ ਸੱਦੇ ਮੁਤਾਬਕ ਹੋਇਆ ਅਤੇ ਬਸਪਾ ਦੇ ਕੁਝ ਆਗੂਆਂ ਨੂੰ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਿਲ ਕੀਤਾ ਗਿਆ। ਇਸ ਸਮਾਗਮ ਵਿਚ ਕੁਝ ਚੋਣਵੇਂ ਪੱਤਰਕਾਰਾਂ ਨੂੰ ਸੱਦ ਲਿਆ ਗਿਆ। ਇਨ੍ਹਾਂ ਚੋਣਵੇਂ ਪੱਤਰਕਾਰਾਂ ਦੀ ਯੋਗਤਾ ‘ਦਰਬਾਰੀ’ ਹੋਣ ਤੋਂ ਜ਼ਿਆਦਾ ਕੀ ਹੈ?

... ਤੇ ਇਨ੍ਹਾਂ ਹਾਲਾਤ ਵਿਚ ਜਸਦੀਪ ਮਲਹੋਤਰਾ ਸਵਾਲ ਨਾ ਪੁੱਛੇ ਜਾਣ ਦੇ ਰੁਝਾਨ ਦੀ ਗੱਲ ਕਰ ਰਿਹਾ ਸੀ। ਮੇਰੀ ਸਹਿਮਤੀ ਤੋਂ ਬਾਅਦ ਉਸ ਦੀ ਦਲੀਲ ਦਾ ਮੁਹਾਣ ਬਦਲ ਗਿਆ। ਉਹ ਕਹਿ ਰਿਹਾ ਸੀ ਕਿ ਚੰਡੀਗੜ੍ਹ ਵਾਲੇ ਤਾਂ ਸਵਾਲ ਵੀ ਨਹੀਂ ਪੁੱਛਦੇ ਪਰ ਜਲੰਧਰ ਵਾਲੇ ਸਵਾਲ ਪੁੱਛਦੇ ਹਾਂ। ਉਹ ਦਾਅਵਾ ਕਰ ਰਿਹਾ ਸੀ ਕਿ ਜਲੰਧਰ ਵਾਲੇ ਪੱਤਰਕਾਰ ਕਿਸੇ ਨਾਲ ਰਿਆਇਤ ਨਹੀਂ ਕਰਦੇ। ਮੈਂ ਉਸ ਨੂੰ ਕਿਹਾ ਸੀ ਕਿ ਚੰਡੀਗੜ੍ਹ ਵਿਚ ਵੀ ਕੁਝ ਪੱਤਰਕਾਰ ਅਜਿਹੇ ਹਨ ਜੋ ਸਵਾਲ ਪੁੱਛਦੇ ਹਨ। ਇਨ੍ਹਾਂ ਸਵਾਲ ਪੁੱਛਣ ਵਾਲਿਆਂ ਨੂੰ ਖਰੀਦਣ ਤੋਂ ਡਰਾਉਣ ਤੱਕ ਦੀਆਂ ਤਜਵੀਜ਼ਾਂ ਸਿਰੇ ਨਹੀਂ ਚੜ੍ਹਦੀਆਂ ਤਾਂ ਇਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਇਸ ਭਰਵੀਂ ਮੁਲਾਕਾਤ ਤੋਂ ਬਾਅਦ ਮੁੜ ਕੇ ਮਿਲਣ ਦੇ ਵਾਅਦੇ ਨਾਲ ਅਸੀਂ ਵੱਖ ਹੋਏ ਸਾਂ। ਕਈ ਸਾਲਾਂ ਤੋਂ ਕਿਸੇ ਨਾਲ ਵੀ ਪਹਿਲੀ ਮੁਲਾਕਾਤ ਤੋਂ ਬਾਅਦ ਮੇਰਾ ਵਿਦਾਇਗੀ ਫਿਕਰਾ ਤਕਰੀਬਨ ਇੱਕ ਹੋ ਗਿਆ ਹੈ। ਕਾਲਜਾਂ-ਸਕੂਲਾਂ ਵਿਚ ਵਰਕਸ਼ਾਪ ਜਾਂ ਕਿਸੇ ਵਿਚਾਰ-ਚਰਚਾ ਤੋਂ ਬਾਅਦ ਵਿਦਿਆਰਥੀਆਂ ਨਾਲ ਇਹ ਫਿਕਰਾ ਜ਼ਰੂਰ ਸਾਂਝਾ ਕਰਦਾ ਹਾਂ, “ਜੇ ਸਾਨੂੰ ਕਿਸੇ ਘਾਤਕ ਬਿਮਾਰੀ ਨੇ ਨਾ ਘੇਰਿਆ ਅਤੇ ਜੇ ਸਾਨੂੰ ਸੜਕ ਹਾਦਸਾ ਨਾ ਟਕਰਿਆ ਤਾਂ ਇਹ ਮੁਲਾਕਾਤ ਚਾਲੀ-ਪੰਜਾਹ ਸਾਲ ਹੋਰ ਚੱਲਣ ਵਾਲੀ ਹੈ।”

ਉਸ ਵੇਲੇ ਦੁਆਬਾ ਕਾਲਜ ਵਿਚ ਪੜ੍ਹਾਉਂਦੀ ਨਵਪ੍ਰੀਤ ਕੌਰ ਨੇ ਫੇਸਬੁੱਕ ਉੱਤੇ ਜਸਦੀਪ ਦੇ ਤੁਰ ਜਾਣ ਦੀ ਸੋਗਵਾਰ ਖ਼ਬਰ ਨਸ਼ਰ ਕੀਤੀ। ਇੱਕ ਭਰੇ-ਭੁਕੰਨੇ ਦਰਦਮੰਦ ਪੱਤਰਕਾਰ ਸਾਥੀ ਦੇ ਤੁਰ ਜਾਣ ਦੀ ਖ਼ਬਰ ਪੈਰਾਂ ਥੱਲਿਉਂ ਜ਼ਮੀਨ ਖਿਸਕਾ ਦੇਣ ਵਾਲੀ ਸੀ। ਇੱਕੋ ਖਿਆਲ ਆਇਆ ਕਿ ਇਸ ਨੂੰ ਸੜਕ ਹਾਦਸਾ ਟੱਕਰ ਗਿਆ। ਸੜਕ ਹਾਦਸੇ ਦੀ ਜਾਣਕਾਰੀ ਇਸ ਖਿਆਲ ਤੋਂ ਬਾਅਦ ਵਿਚ ਮਿਲੀ। ਸੜਕ ਹਾਦਸਾ ਇੰਨਾ ਵੱਡਾ ਖ਼ਦਸ਼ਾ ਹੋ ਗਿਆ ਕਿ ਹੈਰਾਨ ਨਹੀਂ ਕਰਦਾ। ਸ਼ਾਇਦ ਅਸੀਂ ਸੜਕ ਹਾਦਸੇ ਨੂੰ ਹਰ ਸਾਹ ਵਿਚ ਜੀਅ ਰਹੇ ਹਨ।

ਸੜਕ ਹਾਦਸਿਆਂ ਵਿਚ ਤਕਰੀਬਨ ਦਸ ਜੀਅ ਹਰ ਰੋਜ਼ ਮਰਦੇ ਹਨ। ਇਨ੍ਹਾਂ ਤੋਂ ਬਿਨਾਂ ਹਸਪਤਾਲਾਂ ਵਿਚ ਜਾ ਕੇ ਦਮ ਤੋੜਨ ਵਾਲਿਆਂ ਜਾਂ ਸੜਕ ਹਾਦਸੇ ਦੀ ਸੱਟਾਂ ਕਾਰਨ ਮਹੀਨਿਆਂ ਜਾਂ ਸਾਲਾਂ ਬਾਅਦ ਵਿਚ ਮਰਨ ਵਾਲਿਆਂ ਦਾ ਕੋਈ ਹਿਸਾਬ-ਕਿਤਾਬ ਨਹੀਂ ਹੈ। ਅਪਾਹਜ ਹੋਣ ਵਾਲਿਆਂ ਦੀ ਕੋਈ ਗਿਣਤੀ ਨਹੀਂ ਹੈ। ਅਨਾਥ ਅਤੇ ਬੇਸਾਹਾਰਾ ਹੋਣ ਵਾਲਿਆਂ ਨੂੰ ਤਾਂ ਅਸੀਂ ਸੜਕ ਹਾਦਸਿਆਂ ਦੇ ਪੀੜਤ ਮੰਨਦੇ ਹੀ ਨਹੀਂ। ਸੜਕ ਹਾਦਸਿਆਂ ਨਾਲ ਪਈਆਂ ਮਾਨਸਿਕ ਗੁੰਝਲਾਂ, ਛੁੱਟੇ ਸਕੂਲਾਂ-ਕਾਲਜਾਂ ਅਤੇ ਤਿੜਕੇ ਸੁਫ਼ਨੇ ਨਿੱਜ ਦੇ ਘੇਰੇ ਵਿਚੋਂ ਨਿਕਲ ਦੇ ਸਮਾਜਕ ਸੋਚ ਦਾ ਹਿੱਸਾ ਨਹੀਂ ਬਣੇ। ਰੋਜ਼ਾਨਾ ਸੜਕ ਉੱਤੇ ਮਰਨ ਵਾਲੇ ਦਸ ਜੀਆਂ ਵਿਚੋਂ ਜ਼ਿਆਦਾਤਰ ਅਠਾਰਾਂ ਤੋਂ ਪੰਤਾਲੀ ਸਾਲ ਦੇ ਹਨ। ਇਸ ਉਮਰੇ ਬੰਦਾ ਆਪਣੇ ਸਿਖ਼ਰ ਉੱਤੇ ਹੁੰਦਾ ਹੈ ਅਤੇ ਘਰ ਦਾ ਕਮਾਊ ਜੀਅ ਹੁੰਦਾ ਹੈ। ਸੜਕ ਹਾਦਸੇ ਆਪਣੇ ਕਾਰਨਾਂ ਦੇ ਹਵਾਲੇ ਨਾਲ ਇਹ ਹਾਦਸੇ ਨਹੀਂ ਜਾਪਦੇ। ਸਰਕਾਰਾਂ ਦੀ ਬਦਇੰਤਜ਼ਾਮੀ ਦੇ ਨਤੀਜੇ ਵਜੋਂ ਸੜਕਾਂ ਉੱਤੇ ਪਸਰਿਆ ਆਪਹੁਦਰਾਪਣ ਹਾਦਸਿਆਂ ਲਈ ਕਸੂਰਵਾਰ ਹੈ। ਇਹ ਸਾਜ਼ਿਸ਼ ਨਹੀਂ ਤਾਂ ਹੋਰ ਕੀ ਹੈ? ਇਹ ਕਤਲੇਆਮ ਨਹੀਂ ਤਾਂ ਹੋਰ ਕੀ ਹੈ? ਦਿੱਲੀ ਤੋਂ ਅੰਮ੍ਰਿਤਸਰ ਵੱਲ ਜਾਂਦੀ ਸੜਕ ਉੱਤੇ ਹਰ ਤਿੰਨ ਕਿਲੋਮੀਟਰ ਵਿਚ ਦੋ ਠੇਕੇ ਹਨ। ਸਰਕਾਰਾਂ ਦੀਆਂ ਤਰਜੀਹਾਂ ਮੁਨਾਫ਼ਾਖੋਰ ਤੈਅ ਕਰਦੇ ਹਨ। ਨਤੀਜੇ ਵਜੋਂ ਬੱਸਾਂ ਅਤੇ ਰੇਲਗੱਡੀਆਂ ਦੀ ਥਾਂ ਕਾਰਾਂ ਦੀ ਗਿਣਤੀ ਅਤੇ ਰਫ਼ਤਾਰ ਵਧ ਰਹੀ ਹੈ। ਇਨ੍ਹਾਂ ਹਾਲਾਤ ਵਿਚ ਕਿਸੇ ਨੂੰ ਸੜਕ ਹਾਦਸੇ ਵਿਚ ਕਤਲ ਕਰਨਾ ਕਿੰਨਾ ਸੁਖਾਲਾ ਹੈ!



*ਪਠਾਨਕੋਟ ਨੇੜੇ ਹੋਏ ਹਾਦਸੇ ਵਿਚ ਟੁੱਟੀ ਕਾਰ ਜਿਸ ਵਿਚ ਜਸਦੀਪ ਮਲਹੋਤਰਾ ਦੀ ਮੌਤ ਹੋ ਗਈ।*

ਜਸਦੀਪ ਦਾ ਕਤਲ ਬਿਨਾਂ ਸ਼ੱਕ ਸਾਜ਼ਿਸ਼ ਦਾ ਨਤੀਜਾ ਹੈ। ਸੜਕਾਂ ਦੀ ਬਦਇੰਤਜ਼ਾਮੀ ਅਤੇ ਸੜਕਾਂ ਉੱਤੇ ਪਸਰੇ ਆਪਹੁਦਰੇਪਣ ਦੇ ਰੂਪ ਵਿਚ ਇਹ ਸਾਜ਼ਿਸ਼ ਸਰਕਾਰ ਨੇ ਮੁਨਾਫ਼ਾਖ਼ੋਰਾਂ ਨਾਲ ਮਿਲ ਕੇ ਕੀਤੀ ਹੈ। ਇਸ ਸਾਜ਼ਿਸ਼ ਵਿਚ ਕਾਤਲ ਅਤੇ ਮਕਤੂਲ ਕੋਈ ਵੀ ਹੋ ਸਕਦੇ ਹਨ ਜੋ ਮੌਕਾਮੇਲ ਦਾ ਮਸਲਾ ਹੈ। ਸਾਜ਼ਿਸ਼ ਦੀ ਦੂਜੀ ਪਰਤ ਵਿਚ ਨਿਸ਼ਾਨਦੇਹੀ ਕਰ ਕੇ ਕਤਲ ਕਰਨ ਦੀ ਸੰਭਾਵਨਾ ਪਈ ਹੈ। ਕਾਤਲ ਆਪਣੇ ਸ਼ਿਕਾਰ ਦੀ ਨਿਸ਼ਾਨਦੇਹੀ ਕਰ ਸਕਦਾ ਹੈ। ਹਾਦਸਿਆਂ ਦੀ ਭੀੜ ਵਿਚ ਹਾਦਸੇ ਨੂੰ ਹਥਿਆਰ ਵਜੋਂ ਵਰਤ ਲੈਣਾ ਕਿੰਨਾ ਕੁ ਵੱਡਾ ਕੰਮ ਹੈ? ਰੇਤ-ਮਾਫ਼ੀਏ ਦੇ ਗੁੰਡਾ ਟੈਕਸ ਦੀ ਖ਼ਬਰ ਜਸਦੀਪ ਦੀ ਮੌਤ ਵਾਲੇ ਦਿਨ ਹੀ ਛਪੀ ਹੈ। ਇਹ ਸਬੱਬ ਵੀ ਹੋ ਸਕਦਾ ਹੈ ਪਰ ਮੌਜੂਦਾ ਹਾਲਾਤ ਵਿਚ ਇਹ ਮੰਨਿਆ ਜਾ ਸਕਦਾ ਹੈ ਕਿ ਇਨ੍ਹਾਂ ਦੋਵਾਂ ਦਾ ਆਪਸ ਵਿਚ ਸਬੰਧ ਹੈ। ਜੇ ਸਾਨੂੰ ਇਹ ਦਲੀਲ ਜਚਦੀ ਹੈ ਤਾਂ ਇਸ ਤੋਂ ਹਾਲਾਤ ਦਾ ਅੰਦਾਜ਼ਾ ਲੱਗ ਜਾਣਾ ਚਾਹੀਦਾ ਹੈ। ਪੰਜਾਬੀ-ਅੰਗਰੇਜ਼ੀ ਵਿਚ ਢੁਕਵਾਂ ਸ਼ਬਦ ਮੇਰੇ ਕੋਲ ਨਹੀਂ ਹੈ ਪਰ ਉਰਦੂ ਵਿਚ ਮੌਜੂਦਾ ਹਾਲਾਤ ਨੂੰ ‘ਨਿਜ਼ਾਮਿ-ਹਲਾਕਤ’ ਕਿਹਾ ਜਾਵੇਗਾ। ਉਹ ਨਿਜ਼ਾਮ ਜਿਸ ਦਾ ਦਸਤੂਰ ਹਲਾਕ ਕਰਨ ਨਾਲ ਜੁੜਿਆ ਹੋਵੇ। ਕੀ ਸੜਕ ਹਾਦਸੇ ‘ਨਿਜ਼ਾਮਿ-ਹਲਾਕਤ’ ਦੀ ਤਸਦੀਕ ਨਹੀਂ ਕਰਦੇ? ਕੀ ਇਹੋ ‘ਨਿਜ਼ਾਮਿ-ਹਲਾਕਤ’ ਹਰ ਤਰ੍ਹਾਂ ਦੀਆਂ ਗੁੰਡਾ-ਢਾਣੀਆਂ ਲਈ ਢੁਕਵਾਂ ਮਾਹੌਲ ਮੁਹੱਈਆ ਨਹੀਂ ਕਰਦਾ?

ਜਸਦੀਪ ਇਸ ‘ਨਿਜ਼ਾਮਿ-ਹਲਾਕਤ’ ਦਾ ਨੁਮਾਇੰਦਾ ਸ਼ਿਕਾਰ ਹੈ। ਇਕਤਾਲੀ ਸਾਲਾਂ ਦਾ ਸਵਾਲ ਪੁੱਛਣ ਵਾਲਾ ਪੱਤਰਕਾਰ, ਪੰਜਾਬ ਦਾ ਆਵਾਮੀ ਪੱਤਰਕਾਰ ਸੀ ਜੋ ਆਵਾਮੀ ਮੌਤ ਮਰਿਆ ਹੈ। ਆਵਾਮ ਦੇ ਪੱਖ ਵਿਚ ਖੜ੍ਹ ਕੇ ਸਵਾਲ ਪੁੱਛਣ ਵਾਲੇ ਬੰਦੇ ਨੂੰ ਨਿਜ਼ਾਮ ਨੇ ਹਲਾਕ ਕੀਤਾ ਹੈ। ਸਵਾਲ ਸਿਰਫ਼ ਇੰਨਾ ਹੈ ਕਿ ਉਹ ਵਡੇਰੀ ਸਾਜ਼ਿਸ਼ ਦਾ ਸ਼ਿਕਾਰ ਹੋਇਆ ਹੈ ਜਾਂ ਸਾਜ਼ਿਸ਼ੀ ਮਾਹੌਲ ਦੀ ਆੜ ਵਿਚ ਕਿਸੇ ਛਾਪਾਮਾਰ ਨੇ ਹਾਦਸਾ ਉਸ ਦੇ ਰਾਹ ਵਿਚ ਖੜ੍ਹਾ ਕੀਤਾ ਹੈ। ਉਹ ਬਿਨਾਂ ਸ਼ੱਕ ਕਤਲੇਆਮ ਦਾ ਹਿੱਸਾ ਬਣਿਆ ਹੈ। ਮਸਲਾ ਸਿਰਫ਼ ਇੰਨਾ ਹੈ ਕਿ ਕੀ ਕਤਲੇਆਮ ਦਾ ਹਿੱਸਾ ਬਣਾ ਕੇ ਉਸ ਨੂੰ ਸਵਾਲ ਪੁੱਛਣ ਦੀ ਸਜ਼ਾ ਦਿੱਤੀ ਗਈ ਹੈ? ਅਦਾਲਤ ਅਤੇ ਜਾਂਚ ਜੋ ਵੀ ਫ਼ੈਸਲਾ ਕਰਨ ਪਰ ਪੱਤਰਕਾਰਾਂ ਨੂੰ ਸੁਨੇਹਾ ਪੁੱਜ ਗਿਆ ਹੈ ਕਿ ਸਵਾਲ ਪੁੱਛਣ ਵਾਲਿਆਂ ਨੂੰ ਕੋਈ (ਸੜਕ) ਹਾਦਸਾ ਉਡੀਕ ਰਿਹਾ ਹੈ। ਸਵਾਲ ਨਾ ਪੁੱਛਣ ਜਾਂ ਖ਼ੁਸ਼ਨੂਦੀ ਸਵਾਲ ਪੁੱਛਣ ਵਾਲਿਆਂ ਲਈ ਸਰਕਾਰ ਨੇ ਮੀਡੀਆ ਸਲਾਹਕਾਰੀਆਂ ਅਤੇ ਕਮਿਸ਼ਨਰੀਆਂ ਦੇ ਨਾਲ-ਨਾਲ ਸੰਪਾਦਕੀਆਂ ਤੋਂ ਲੈ ਕੇ ‘ਆਓ ਭਗਤ ਦਾ ਖ਼ਰਚ’ ਅਤੇ ਸਰਪ੍ਰਸਤੀ ਰਾਖਵੀਂ ਕੀਤੀ ਹੋਈ ਹੈ। ਪੱਤਰਕਾਰ ਲਾਣੇ ਨੇ ਤੈਅ ਕਰਨਾ ਹੈ ਕਿ ਉਨ੍ਹਾਂ ਨੇ ਰਾਖਵੀਆਂ ਥਾਂਵਾਂ ਦੀ ਦਾਅਵੇਦਾਰੀ ਕਾਇਮ ਰੱਖਣੀ ਹੈ ਜਾਂ ਆਵਾਮੀ ਹੋਣੀ ਦਾ ਹਿੱਸਾ ਬਣਨਾ ਹੈ? ਹਾਦਸਾ ਉਡੀਕ ਰਿਹਾ ਹੈ ਅਤੇ ਸਵਾਲ ਹਵਾ ਵਿਚ ਗੂੰਜ ਰਿਹਾ ਹੈ।

## ਦੇਸ-ਪਰਦੇਸ

## ਟੈਟੂ ਦੀ ਸਿਆਹੀ ਨਾਲ ਕੈਂਸਰ ਦਾ ਖ਼ਤਰਾ

**ਲੰਡਨ:** ਸਰੀਰ ‘ਤੇ ਟੈਟੂ ਖੁਦਵਾਉਣ ਵਾਲਿਆਂ ਨੂੰ ਖ਼ਬਰਦਾਰ ਕੀਤਾ ਗਿਆ ਹੈ ਕਿ ਉਨ੍ਹਾਂ ਦਾ ਇਹ ਸ਼ੌਕ ਉਨ੍ਹਾਂ ਨੂੰ ਮੌਤ ਦੇ ਮੂੰਹ ਵਿਚ ਲਿਜਾ ਸਕਦਾ ਹੈ ਕਿਉਂਕਿ ਟੈਟੂ ਕੈਂਸਰ ਦਾ ਕਾਰਨ ਬਣ ਸਕਦਾ ਹੈ।

ਬਰਤਾਨਵੀ ਵਿਗਿਆਨੀਆਂ ਅਨੁਸਾਰ ਟੈਟੂ ਖੁਦਵਾਉਣ ਵੇਲੇ ਜਿਹੜੀ ਜ਼ਹਿਰੀਲੀ ਸਿਆਹੀ ਵਰਤੀ ਜਾਂਦੀ ਹੈ, ਉਸ ਵਿਚਲੇ ਛੋਟੇ-ਛੋਟੇ ਕਣ ਸਰੀਰ ਦੇ ਅਹਿਮ ਤੇ ਵੱਡੇ ਅੰਗਾਂ ਵਿਚ ਜਾ ਕੇ ਉੱਥੇ ਕੈਂਸਰ ਪੈਦਾ ਕਰ ਸਕਦੇ ਹਨ। ਟੈਟੂ ਸਿਆਹੀ ਵਿਚ ਪੰਜ ਫੀਸਦੀ ਜ਼ਹਿਰੀਲੀ ਤੱਤ ਹੁੰਦਾ ਹੈ। ਬਰੈਡਫੋਰਡ ਯੂਨੀਵਰਸਿਟੀ ਦੇ ਚਮੜੀ ਵਿਗਿਆਨ ਦੇ ਡਾਇਰੈਕਟਰ ਡੈਸਮੰਡ ਟੋਬਿਨ ਅਨੁਸਾਰ ਟੈਟੂ ਨਾਲ ਸਰੀਰ ਦੇ ਕੁਝ ਸੈੱਲ ਪੱਕੇ ਤੌਰ ‘ਤੇ ਹੀ ਮਰ ਜਾਂਦੇ ਹਨ, ਟੈਟੂ ਸਿਆਹੀ ਜ਼ਹਿਰੀਲੀ ਤੱਤ ਚਮੜੀ ਵਿਚੋਂ ਹੁੰਦੇ ਹੋਏ ਸਰੀਰ ਵਿਚ ਦਾਖਲ ਹੋ ਜਾਂਦੇ ਹਨ।



# ਸ਼ਾਇਰਾਂ ਦੀ ਸ਼ਰੀਕੇਬਾਜ਼ੀ !

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਚੋਟੀ 'ਤੇ ਪਹੁੰਚੇ ਹੋਏ ਅਤੇ ਸਮਾਜ ਵਿਚ ਬੇਹੱਦ ਸਤਿਕਾਰੇ ਜਾਂਦੇ ਕਿਸੇ ਬੰਦੇ ਕੋਲੋਂ ਜਦ ਕਿਧਰੇ ਕੋਈ ਖੁਨਾਮੀ ਹੋ ਜਾਵੇ ਤਾਂ ਉਸ ਦੇ ਮੂੰਹੋਂ ਬੜੇ ਆਜਜ਼ੀ ਭਰੇ ਲਫ਼ਜ਼ ਨਿਕਲਦੇ ਨੇ, 'ਯਾਰੋ ਆਖ਼ਰਕਾਰ ਮੈਂ ਵੀ ਇਕ ਇਨਸਾਨ ਹੀ ਹਾਂ।' ਇਸ ਵਾਕ ਵਿਚੋਂ ਗਲਤੀ ਤਸਲੀਮ ਕਰਨ ਦੇ ਨਾਲ ਨਾਲ ਇਹ ਅਟੱਲ ਸੱਚਾਈ ਵੀ ਪ੍ਰਗਟ ਹੁੰਦੀ ਹੈ ਕਿ ਇਨਸਾਨ ਭਾਵੇਂ ਕਿੱਡੀ ਵੀ ਪਦਵੀ 'ਤੇ ਜਾ ਪਹੁੰਚੇ ਪਰ ਮਨੁੱਖੀ ਕਮਜ਼ੋਰੀਆਂ ਉਸ ਦਾ ਪਿੱਛਾ ਨਹੀਂ ਛੱਡਦੀਆਂ। ਕਦੇ ਨਾ ਕਦੇ, ਕਿਸੇ ਨਾ ਕਿਸੇ ਕਮਜ਼ੋਰੀ ਦਾ ਦਿਸ ਪੈਣਾ ਅਚੰਭੇ ਵਾਲੀ ਗੱਲ ਨਹੀਂ। ਇਹ ਗੱਲ ਜੁਦਾ ਹੈ ਕਿ ਅਜਿਹੇ 'ਮਹਾਨ ਵਿਅਕਤੀਆਂ' ਤੋਂ ਪ੍ਰਭਾਵਤ ਹੋਣ ਵਾਲੇ ਉਨ੍ਹਾਂ ਦੇ ਪ੍ਰਸ਼ੰਸਕ ਐਵੇਂ 'ਦਿਲ ਟੁੱਟ ਗਿਆ' ਕਹਿੰਦੇ ਹੋਏ ਮਾਯੂਸ ਹੋ ਜਾਂਦੇ ਹਨ।

ਆਮ ਜਿਹਾ ਔਗੁਣ ਹੈ ਸ਼ਰੀਕੇਬਾਜ਼ੀ, ਜਿਸ ਦੇ ਦਰਸ਼ਨ-ਦੀਦਾਰੇ ਬਹੁਤਾ ਕਰ ਕੇ ਪੇਂਡੂ ਵਰਤੋਂ-ਵਿਹਾਰ ਵਿਚ ਹੁੰਦੇ ਹਨ। 'ਸ਼ਰੀਕੇ ਦਾ ਦਾਣਾ, ਸਿਰ ਦੁਖਦੇ ਵੀ ਖਾਣਾ' ਵਾਲੇ ਕਹਾਣ ਦੀ ਵਰਤੋਂ ਪੇਂਡੂ ਵਸੋਂ ਵਿਚ ਗੱਜ-ਵੱਜ ਕੇ ਕੀਤੀ ਜਾਂਦੀ ਹੈ। ਇਹ ਵੀ ਸੋਚਿਆ ਜਾਂਦਾ ਹੈ ਕਿ ਇਹ ਅਲਾਮਤ ਸ਼ਾਇਦ ਅਧਪੜ੍ਹਾਂ ਜਾਂ ਅਨਪੜ੍ਹਾਂ 'ਚ ਜ਼ਿਆਦਾ ਹੁੰਦੀ ਹੈ ਪਰ ਉਦੋਂ ਹੈਰਾਨੀ ਹੁੰਦੀ ਹੈ ਕਿ ਦਿਨ-ਰਾਤ ਕਲਮ-ਕਾਗਜ਼ਾਂ ਨਾਲ ਮੱਥਾ ਮਾਰਨ ਵਾਲੇ ਅਤੇ ਬਹੁਤ ਹੀ ਕੋਮਲ ਦਿਲ ਮੰਨੇ ਜਾਣ ਵਾਲੇ ਸ਼ਾਇਰਾਂ ਵਿਚ ਸ਼ਰੀਕੇਬਾਜ਼ੀ ਦੀ ਅਲਾਮਤ ਅਨਪੜ੍ਹਾਂ ਤੋਂ ਵੀ ਕਿਤੇ ਵੱਧ ਹੈ। ਕਿਸੇ ਦੂਜੇ ਸ਼ਾਇਰ ਦੀ ਸੋਭਾ ਸੁਣ ਕੇ ਇਹ ਸੜ-ਬਲ ਉਠਦੇ ਨੇ। ਬਾਹਰ ਭਾਵੇਂ ਤਾੜੀਆਂ ਦੀ 'ਤੜ ਤੜ' ਹੋ ਰਹੀ ਹੁੰਦੀ ਹੈ ਪਰ ਅੰਦਰ 'ਸੜ ਸੜ' ਦਾ ਧੂੰਆਂ ਉਠ ਰਿਹਾ ਹੁੰਦਾ ਹੈ।

ਸਾਹਿਤਕ ਹਲਕਿਆਂ ਵਿਚ ਕਿਸੇ ਸਮੇਂ ਦਿੱਲੀ ਰਹਿੰਦੇ ਦੋ ਕਵੀਆਂ ਦੀ ਨੋਕ-ਝੋਕ ਬੜੀ ਮਸ਼ਹੂਰ ਹੈ ਜਿਹਦੇ ਪਿੱਛੇ ਇਕ ਸ਼ਾਇਰ ਦੀ ਸ਼ਰੀਕੇਬਾਜ਼ੀ ਹੀ ਸਾਫ਼ ਝਲਕਦੀ ਹੈ। ਇਨ੍ਹਾਂ ਵਿਚੋਂ ਇਕ ਪੰਜਾਬੀ ਦਾ ਨਾਮਵਰ ਸ਼ਾਇਰ ਜੋ ਪੰਜਾਬ 'ਚ ਕਹੀਆਂ ਜਾਂਦੀਆਂ ਪਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਸੀ, ਸਟੇਜ 'ਤੇ ਆਪਣੀ ਨਜ਼ਮ ਕਹਿਣ ਉਠਿਆ। ਕਵੀਆਂ ਵਾਂਗ 'ਅਰਜ਼ ਕੀਤੈ ਜੀ' ਕਹਿਣ ਤੋਂ ਬਾਅਦ ਉਸ ਨੇ ਆਪਣੀ ਕਵਿਤਾ ਦੀ ਪਹਿਲੀ ਸਤਰ ਬੋਲੀ, 'ਸਾਡੇ ਨਾਲ ਦਾ ਘਰ ਸੀ ਤੇਲੀਆਂ ਦਾ...।' ਸਟੇਜ 'ਤੇ ਸਜੇ ਹੋਏ ਕਵੀ ਉਛਲ-ਉਛਲ ਕੇ 'ਕਿਆ ਬਾਤ ਐ ਜੀ!' ... 'ਇਰਸ਼ਾਦ ਇਰਸ਼ਾਦ!!' ਕਹਿੰਦਿਆਂ ਭਰਵੀਂ ਦਾਦ ਦੇਣ ਲੱਗੇ। ਉਸ ਸ਼ਾਇਰ ਨੇ ਫਿਰ ਖੰਘੂਰਾ ਮਾਰ ਕੇ 'ਸਾਡੇ ਨਾਲ ਦਾ ਘਰ ਸੀ ਤੇਲੀਆਂ ਦਾ' ਵਾਲੀ ਪੰਕਤੀ ਦੁਹਰਾਅ ਦਿੱਤੀ। ਮਾਈਕ 'ਤੇ ਹੱਥ ਰੱਖ ਕੇ ਜਦ ਉਸ ਨੇ ਆਲੇ-ਦੁਆਲੇ ਬੈਠੇ ਸਾਥੀ ਕਵੀਆਂ ਵੱਲ ਦੇਖਿਆ, ਦੋ-ਤਿੰਨ ਵਾਰ ਇਹੋ ਸਤਰ ਦੁਹਰਾਈ, ਤਾਂ ਥੱਲਿਉਂ ਸ਼ਰੀਕੇਬਾਜ਼ੀ ਦੀ ਅੱਗ ਵਿਚ ਸੜਿਆ ਦੂਜਾ ਕਵੀ, ਉਸ ਦੀ ਬਰਾਦਰੀ ਦਾ ਨਾਂ ਲੈ ਕੇ ਕਹਿੰਦਾ, "ਓ ਚੱਲ ਅੱਗੇ ਬੋਲ ਹੁਣ! ਇਹ ਤਾਂ ਪਤਾ ਈ ਐ ਕਿ ਹੋਰ ਤੁਹਾਡੇ ਘਰ ਕੋਲ ਸੋਢੀਆਂ ਦਾ ਘਰ ਹੋਣਾ ਸੀ? 'ਫਲਾਣਿਆਂ' ਦੇ ਘਰ ਕੋਲ ਤੇਲੀਆਂ ਦਾ ਘਰ ਹੀ ਹੋਣਾ ਸੀ।"

ਜਿਨ੍ਹਾਂ ਦਿਨਾਂ ਵਿਚ ਰੂਹਾਨੀਅਤ ਅਤੇ ਗਿਆਨ ਦਾ ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਰਚਿਆ ਜਾ ਰਿਹਾ ਸੀ, ਤਦ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਅਤੇ ਲਿਖਾਰੀ ਭਾਈ ਗੁਰਦਾਸ ਕੋਲ ਵੀ ਉਸ ਸਮੇਂ ਦੇ ਕੁਝ ਸ਼ਾਇਰ ਆਪਣੀਆਂ ਕਵਿਤਾਵਾਂ ਲੈ ਕੇ ਪਹੁੰਚੇ ਸਨ। ਉਨ੍ਹਾਂ ਦੀ ਇੱਛਾ ਸੀ ਕਿ ਸਾਡੀਆਂ ਕਿਰਤਾਂ ਵੀ ਆਦਿ ਗ੍ਰੰਥ ਵਿਚ ਸ਼ਾਮਲ ਹੋਣ। ਸ਼ਾਹ ਹੁਸੈਨ, ਕਾਹਨਾ, ਪੀਲੂ ਤੇ ਛੱਜੂ ਨਾਮ ਵਾਲੇ ਇਨ੍ਹਾਂ ਕਵੀਆਂ ਨੇ ਆਪੋ-ਆਪਣੀਆਂ ਕਵਿਤਾਵਾਂ ਸੁਣਾਈਆਂ। ਗੁਰੂ ਸਾਹਿਬ ਵੱਲੋਂ ਇਨਕਾਰ ਕਰਨ 'ਤੇ ਇਨ੍ਹਾਂ ਵਿਚੋਂ ਵੀ ਕਈ ਸ਼ਾਇਰ ਗੁਰੂ ਸਾਹਿਬ ਨੂੰ ਬੁਰਾ-ਭਲਾ ਕਹਿੰਦੇ ਤੁਰ ਗਏ ਸਨ। ਸਿਰਫ਼ ਸ਼ਾਹ ਹੁਸੈਨ ਨੇ ਹੀ ਸਬਰ-ਸ਼ਾਂਤੀ ਦਾ ਸਬੂਤ ਦਿੰਦਿਆਂ "ਚੁੱਪ ਵੇ ਅੜਿਆ ਚੁੱਪ ... ਇਥੇ ਬੋਲਣ ਦੀ ਨਹੀਂ ਜਾਅ ਵੇ ਅੜਿਆ" ਕਹਿ ਕੇ ਆਦਿ ਬਾਣੀ ਨੂੰ ਸਿਜਦਾ ਕੀਤਾ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਬਾਕੀ ਦੇ ਤਿੰਨ ਸ਼ਾਇਰ ਤਾਂ ਸ਼ਰੀਕੇਬਾਜ਼ੀ ਕਾਰਨ ਗੁਰੂ ਸਾਹਿਬ ਨੂੰ 'ਸਰਾਪ' ਦੇਣ ਤੱਕ ਚਲੇ ਗਏ ਸਨ।

ਸ਼ਾਇਰਾਂ ਦੀ ਸ਼ਰੀਕੇਬਾਜ਼ੀ ਦਰਸਾਉਂਦੀ ਤੀਜੀ ਝਾਕੀ ਵੀ ਸਿੱਖ ਇਤਿਹਾਸ ਨਾਲ ਹੀ ਸਬੰਧਤ ਹੈ। ਦਸਵੇਂ ਗੁਰੂ ਜੀ ਨੇ ਅਨੰਦਪੁਰ ਸਾਹਿਬ ਵਿਖੇ ਸ਼ਾਇਰਾਂ ਨੂੰ ਉਚੇਰਾ ਨਿਵਾਸ ਦਿੱਤਾ ਅਤੇ ਉਨ੍ਹਾਂ ਨੂੰ ਆਹਲਾ ਦਰਜੇ ਦੀ ਸ਼ਾਇਰੀ ਲਈ ਪ੍ਰੇਰਿਆ। ਗਿਆਨੀ ਕਰਤਾਰ ਸਿੰਘ ਕਲਾਸਵਾਲੀਏ ਅਨੁਸਾਰ ਗੁਰੂ ਦਰਬਾਰ ਦੇ ਇਨ੍ਹਾਂ ਕਵੀਆਂ ਵਿਚ ਹੰਸ ਰਾਜ ਨਾਂ ਦਾ ਕਵੀ ਬੜੇ ਖੁਣਸੀ ਸੁਭਾਅ ਦਾ ਸੀ। ਕਿਤੇ ਕਵੀ ਦਰਬਾਰ ਵਿਚ ਬੈਠਿਆਂ, ਇਸ ਨੇ ਕੁਝ ਅਜਿਹੇ ਛੰਦ ਜੋੜ ਲਏ ਜਿਨ੍ਹਾਂ ਬਾਰੇ ਇਸ ਨੂੰ ਅਭਿਮਾਨ ਹੋ ਗਿਆ ਕਿ ਨਾ ਤਾਂ ਗੁਰੂ ਦਰਬਾਰ ਦੇ ਕਵੀ ਮੇਰੀ ਬਰਾਬਰੀ ਕਰ ਸਕਦੇ ਹਨ ਅਤੇ ਨਾ ਹੀ ਮੇਰੇ ਇਨ੍ਹਾਂ ਕਲਾਮਈ ਮਨਮੋਹਣੇ ਛੰਦਾਂ ਦੀ ਕੋਈ ਕੀਮਤ ਗੁਰੂ ਜੀ ਹੀ ਪਾ ਸਕਦੇ ਨੇ। ਹੋਵੇ ਨਾ ਤਾਂ ਇਨ੍ਹਾਂ ਨੂੰ ਕਿਸੇ ਰਾਜੇ ਦੇ ਦਰਬਾਰ ਵਿਚ ਸੁਣਾ ਕੇ ਚੰਗਾ ਮੋਟਾ ਇਨਾਮ-ਸਨਮਾਨ ਲਿਆ ਜਾਵੇ। ਇਹ ਸਕੀਮ ਸੋਚ ਕੇ ਉਸ ਨੇ ਕੰਠਾਗਰ ਛੰਦਾਂ ਨੂੰ ਚੋਰੀ-ਚੋਰੀ ਆਪਣੇ ਪੱਟਾਂ ਉਪਰ ਹੀ ਲਿਖ ਲਿਆ।

ਕਵੀ ਦਰਬਾਰ ਵਿਚ ਖ਼ੁਦ ਸੁਭਾਇਮਾਨ, ਸਰਬ ਕਲਾ ਸਮਰੱਥ ਗੁਰੂ ਸਾਹਿਬ ਨੇ ਉਸ ਦਿਨ ਐਸਾ ਚੋਜ ਵਰਤਾਇਆ ਕਿ ਉਨ੍ਹਾਂ ਸੇਵਾਦਾਰਾਂ ਨੂੰ ਹੁਕਮ ਕਰ ਦਿੱਤਾ ਕਿ ਫੌਰਨ ਪਾਣੀ ਗਰਮ ਕਰ ਕੇ, ਸਾਰੇ ਕਵੀ-ਜਨਾਂ ਨੂੰ ਇਸ਼ਨਾਨ ਕਰਾਇਆ ਜਾਵੇ। ਸਮੇਂ ਦੇ ਪ੍ਰਚੱਲਤ ਰਿਵਾਜ਼ ਅਨੁਸਾਰ ਦਹੀਂ ਦੇ ਮਟਕੇ ਲਿਆਂਦੇ ਗਏ। ਉਦੋਂ ਸਾਬਣ ਦੀ ਥਾਂ ਦਹੀਂ ਵੀ ਵਰਤਿਆ ਜਾਂਦਾ ਹੋਵੇਗਾ। ਗੁਰੂ ਜੀ ਦਾ ਹੁਕਮ ਮੰਨ ਕੇ ਤਮਾਮ ਕਵੀ ਤਾਂ ਫਟਾ-ਫਟ ਕੱਪੜੇ ਉਤਾਰ ਕੇ ਪਿੰਡੇ 'ਤੇ ਦਹੀਂ ਦੀਆਂ ਫੁੱਟੀਆਂ ਮਲਣ ਲੱਗੇ, ਪਰ ਹੰਸ ਰਾਜ ਖੇਖਣ ਕਰਦਾ ਪਿੱਛੇ ਨੂੰ ਜਾਵੇ। ਅਖੇ, ਮੈਨੂੰ ਤਾਪ ਚੜ੍ਹਿਆ ਹੋਇਐ!! ਇਕ ਸੇਵਾਦਾਰ ਨੇ ਗੁਰੂ ਸਹਿਬ ਦਾ ਇਸ਼ਾਰਾ ਪਾ ਕੇ, ਉਹ ਦੀ ਧੋਤੀ ਦਾ ਲੜ ਉਤਾਂਹ ਚੁੱਕ ਦਿੱਤਾ। ਪੱਟਾਂ ਉਪਰ ਛੰਦਾ-ਬੰਦੀ ਲਿਖੀ ਦੇਖ ਕੇ ਸਾਰੇ ਹਾਸਤ ਮਚ ਗਈ। ਸਤਿਗੁਰਾਂ ਨੇ ਉਸ ਦਾ ਪਾਜ ਉਘਾੜਦਿਆਂ ਹੱਸ ਕੇ ਆਖਿਆ ਕਿ ਹੰਸ ਰਾਜ ਜੀ, ਤੇਰੇ ਨਾਲੋਂ ਕਿਤੇ ਵਧੀਆ ਛੰਦ ਤਾਂ ਗੁਰੂ ਘਰ ਦੇ ਘਾਹੀ ਵੀ ਲਿਖ ਲੈਂਦੇ ਨੇ।

ਇਸ 'ਬੇਇਜ਼ਤੀ' ਤੋਂ ਸੜੇ-ਬਲੇ ਨੇ ਕੁਝ ਦਿਨਾਂ ਬਾਅਦ ਸਜੇ ਹੋਏ ਕਵੀ ਦਰਬਾਰ ਵਿਚ ਚਾਂਦ ਕਵੀ ਦਾ ਲਿਖਿਆ ਗੁੰਝਲਦਾਰ ਜਿਹਾ ਛੰਦ ਸੁਣਾਇਆ। ਗੁਰੂ ਜੀ ਨੂੰ ਮੁਖਾਤਿਬ ਹੋ ਕੇ ਕਹਿੰਦਾ ਕਿ ਆਪਣੇ ਕਿਸੇ ਘਾਹੀ ਪਾਸੋਂ ਇਸ ਛੰਦ ਦੇ ਅਰਥ ਹੀ ਕਰਵਾ ਦੇਵੋ? ਚਾਂਦ ਦਾ ਲਿਖਿਆ ਸਵੱਈਆ ਸੀ, 'ਨਵ ਸਾਤ ਤੀਏ, ਨਵ ਸਾਤ ਕਿਯੇ, ਨਵ ਸਾਤ ਪਿਯੇ, ਨਵ ਸਾਤ ਪਿਆਏ॥ ਨਵ ਸਾਤ ਰਚੇ, ਨਵ ਸਾਤ ਬਦੇ, ਨਵ ਸਾਤ ਪਿਆਦਹਿ ਦਾਯਕ ਪਾਏ॥ ਜੀਤ ਕਲਾ ਨਵ ਸਾਤਨ ਕੀ, ਨਵ ਸਾਤਨ ਕੇ ਮੁਖ ਅੰਚਰ ਛਾਏ॥ ਮਾਨਹੁ ਮੇਘ ਕੇ ਮੰਡਲ ਮੈ, ਕਵਿ ਚੰਦਨ ਚੰਦ ਕਲੇਵਰ ਛਾਏ॥

ਸ਼ਬਦਾਂ ਦੇ ਹੇਰ ਫੇਰ ਵਾਲਾ ਇਹ ਛੰਦ ਸੁਣ ਕੇ ਇਕ ਵਾਰ ਤਾਂ ਕਵੀ ਦਰਬਾਰ 'ਚ ਸੰਨਾਟਾ ਛਾ ਗਿਆ ਪਰ ਗੁਰੂ ਸਾਹਿਬ ਨੇ ਹੱਸਦਿਆਂ ਹੋਇਆਂ ਧੰਨੇ ਘਾਹੀ ਨੂੰ ਬੁਲਾ ਕੇ ਥਾਪੜਾ ਦਿੰਦਿਆਂ ਛੰਦ ਦੇ ਅਰਥ ਕਰਨ ਨੂੰ ਕਿਹਾ। ਘਾਹ ਖੋਤਣ ਵਾਲਾ ਧੰਨਾ ਹੱਥ ਜੋੜ ਕੇ ਕਹਿੰਦਾ, 'ਜੀ ਇਹਦੇ ਵਿਚ ਔਖੀ ਗੱਲ ਕਿਹੜੀ ਏ? ਚਾਂਦ ਜੀ, ਦੱਸ ਰਹੇ ਨੇ, ਇਕ ਸੋਲਾਂ ਸਾਲ ਦੀ ਨਵ-ਵਿਆਹੀ ਕੁੜੀ ਸੀ। ਸੋਲਾਂ ਸਾਲਾਂ ਦਾ ਹੀ ਉਸ ਦਾ ਪਤੀ। ਸੋਲਾਂ ਸਾਲਾਂ ਬਾਅਦ ਕਿਤਿਉਂ ਘਰ ਆਇਆ। ਕੁੜੀ ਨੇ ਸੋਲਾਂ ਸ਼ਿੰਗਾਰ ਕੀਤੇ। ਸੋਲਾਂ ਖਾਨਿਆਂ ਵਾਲੀ ਚੌਪੜ ਵਿਛਾ ਕੇ, ਸੋਲਾਂ ਰੁਪਏ ਦਾਅ 'ਤੇ ਲਾਏ। ਸੋਲਾਂ ਭਰਤੇ ਦੇ ਪਿਆਦੇ ਨੇ ਮਾਰ ਲਏ, ਭਾਵ ਸੋਲਾਂ ਵਾਲੀ ਬਾਜ਼ੀ ਉਸ ਨੇ ਜਿੱਤ ਲਈ। ਸੋਲਾਂ ਸ਼ਿੰਗਾਰ ਵਾਲੀ ਕੁੜੀ ਨੇ ਸ਼ਰਮ ਨਾਲ ਆਪਣਾ ਮੂੰਹ ਢੱਕ ਲਿਆ। ਚਾਂਦ ਉਸ ਮੌਕੇ ਦਾ ਅਲੰਕਾਰ ਖਿੱਚਦਾ ਹੈ ਕਿ ਕੁੜੀ ਦੇ ਮੂੰਹ ਢੱਕਣ ਨਾਲ ਮਾਨੋ ਚੰਦਰਮਾ ਬੱਦਲਾਂ 'ਚ ਛੁਪ ਗਿਆ।

ਅਰਥ ਸੁਣਾਉਣ ਬਾਅਦ ਧੰਨੇ ਘਾਹੀ ਨੇ ਗੁਰੂ ਜੀ ਤੋਂ ਇਜਾਜ਼ਤ ਮੰਗਦਿਆਂ ਕਿਹਾ ਕਿ ਇੱਕ-ਅੱਧ ਛੰਦ ਮੈਨੂੰ ਵੀ ਸੁਣਾਉਣ ਦੀ ਆਗਿਆ ਦਿਉ? 'ਹਾਂ' ਦਾ ਇਸ਼ਾਰਾ ਮਿਲਦਿਆਂ ਉਹ ਬੋਲਿਆ, 'ਮੀਨ ਮਰੇ ਜਲ ਕੇ ਪਰਸੇ ਕਬਹੂੰ ਨਾ ਮਰੇ ਪਰ ਪਾਵਕ ਪਾਏ॥ ਹਾਥੀ ਮਰੇ ਮਦ ਕੇ ਪਰਸੇ ਕਬਹੂੰ ਨਾ ਮਰੇ ਤਨ ਤਾਪ ਕੇ ਆਏ॥ ਤੀਅ ਮਰੇ ਪੀਅ ਕੇ ਪਰਸੇ ਕਬਹੂੰ ਨਾ ਮਰੇ ਪ੍ਰਦੇਸ ਸਿਧਾਏ॥ ਗੂੜ੍ਹ ਮੈਂ ਬਾਤ ਕਹੀ ਦਿਜਰਾਜ, ਵਿਚਾਰ ਸਕੇ ਨਾ ਬਿਨਾਂ ਚਿਤ ਲਾਏ॥'

ਕਠਿਨ ਬੁਝਾਰਤਾਂ ਜਿਹੀ ਸ਼ਬਦਾਵਲੀ ਵਾਲਾ ਇਹ ਸਵੱਈਆ ਧੰਨੇ ਦੇ ਮੂੰਹੋਂ ਸੁਣਦਿਆਂ ਹੀ ਕਵੀ ਸਭਾ ਦੇ ਦੰਦ ਜੁੜ ਗਏ। ਸਮੇਤ ਕਵੀ ਹੰਸ ਰਾਜ ਦੇ ਸਾਰਿਆਂ ਦੀ ਮੱਤ ਉਪਰ ਐਸਾ ਪਰਦਾ ਪਿਆ ਕਿ ਉਹ ਇਸ ਛੰਦ ਦੇ ਅਰਥਾਂ ਵਿਚ ਉਲਝ ਕੇ ਰਹਿ ਗਏ। ਗੁੱਝਾ ਭੇਤ ਇਸੇ ਸਵੱਈਏ ਵਿਚ ਇਹੀ ਹੈ ਕਿ ਸਵੱਈਆ ਚਾਲ ਮੁਤਾਬਕ 'ਮੀਨ ਮਰੇ ਜਲ ਕੇ ਪਰਸੇ' ਤੱਕ ਵਿਸਰਾਮ ਲਗਦਾ ਹੈ ਪਰ ਇੰਜ ਵਿਸਰਾਮ ਲਾਇਆਂ, ਅਰਥ ਦਾ ਅਨਰਥ ਬਣ ਜਾਂਦਾ ਹੈ- 'ਮੀਨ (ਮੱਛੀ) ਪਾਣੀ 'ਚ ਮਰ ਜਾਂਦੀ ਹੈ, ਪਰ ਅੱਗ 'ਚ ਪਿਆਂ ਨਹੀਂ ਮਰਦੀ?' ਸੋ ਇਸ ਸਵੱਈਏ ਦੀਆਂ ਪਹਿਲੀਆਂ ਤਿੰਨ ਸਤਰਾਂ ਵਿਚ 'ਛੰਦ-ਚਾਲ' ਦੀ ਉਲੰਘਣਾ ਕਰ ਕੇ, ਪਹਿਲਾਂ ਵਿਸ਼ਰਾਮ 'ਕਬਹੂੰ ਨਾ' ਉਤੇ ਦੇਣ ਨਾਲ ਸਹੀ ਅਰਥ ਭਾਵ ਨਿਕਲਦਾ ਹੈ।

ਹੁਣ ਔਖੀ ਦੇਖੀ ਵੀ ਹੋ ਜਾਏ! ਵਿਦੇਸ਼ ਵਿਚ ਪਰਵਾਸੀ ਪੰਜਾਬੀ ਕਵੀਆਂ ਦੀ ਇਕ ਮਹਿਫਲ ਵਿਚ ਸ਼ਿਰਕਤ ਕਰ ਰਿਹਾ ਸਾਂ। ਕਵੀ-ਜਨ ਵਾਰੋ-ਵਾਰੀ ਆਪਣਾ ਕਲਾਮ ਪੇਸ਼ ਕਰ ਰਹੇ ਸਨ। ਹਾਲੇ ਤਿੰਨ-ਚਾਰ ਸ਼ਾਇਰ ਹੀ 'ਭੁਗਤੇ' ਸਨ ਕਿ ਕਸਾਈਆਂ ਵਰਗੀ ਦਿੱਖ ਵਾਲਾ ਇਕ ਸ਼ਾਇਰ ਅਚਾਨਕ ਭਰੀ ਮਹਿਫ਼ਲ 'ਚੋਂ ਉਠਿਆ ਤੇ ਬਾਹਰ ਜਾ ਕੇ ਵਰਾਂਡੇ ਵਿਚ ਟਹਿਲਣ ਲੱਗ ਪਿਆ, ਜਿਵੇਂ ਸ਼ੂਗਰ ਦੇ ਮਰੀਜ਼ 'ਵਾਕ' ਕਰਦੇ ਹੁੰਦੇ ਨੇ। ਮੈਂ ਹੌਲੀ ਜਿਹੇ ਨਾਲ ਬੈਠੇ ਸ਼ਾਇਰ ਨੂੰ ਇਸ ਬੇਹੂਦਗੀ ਦਾ ਕਾਰਨ ਪੁੱਛਿਆ। "ਇਹ ਉਲੂ ਦਾ ਪੱਠਾ ਆਪਣੇ ਆਪ ਨੂੰ ਫੰਨੇ ਖਾਂ ਕਵੀ ਸਮਝਦਾ ਐ!...ਹੋਰ ਕਿਸੇ ਨੂੰ ਸਮਝਦਾ ਈ ਨ੍ਹੀਂ ਕੱਖ ਵੀ!!" ਜਵਾਬ ਸੁਣ ਕੇ ਮੇਰਾ ਤਾੜੀਆਂ ਮਾਰਨ ਨੂੰ ਚਿੱਤ ਕਰੇ!!!

## ਕਾਵਿ-ਜਗਤ

### ਵਤਨ ਬਾਰੇ

ਜਦ ਕਦ ਵੀ ਪਾਇਆ ਹੈ ਮੈਂ ਫੇਰਾ ਵਤਨਾਂ ਦਾ।
ਦਰਦ ਭਟਕਿਆ ਹੋਰ ਵਧੇਰਾ ਵਤਨਾਂ ਦਾ।
ਹੰਝੂਆਂ ਦੇ ਦਰਿਆ ਫੁੱਟਣਗੇ ਜਦ ਹੋਇਆ,
ਮਾਏ ਸਾਹਮਣਾ ਤੇਰਾ-ਮੇਰਾ, ਵਤਨਾਂ ਦਾ।
ਥੋੜ੍ਹੀ-ਥੋੜ੍ਹੀ ਮੇਰੀ ਅੱਖ ਵੀ ਬਦਲੀ ਹੈ,
ਬਦਲ ਗਿਆ ਹੈ ਕੁਝ ਕੁ ਚਿਹਰਾ ਵਤਨਾਂ ਦਾ।
ਨਾ ਟਾਹਰਾਂ, ਨਾ ਟੱਲੀ, ਨਾ ਭੱਤੇ ਵਾਲੀ,
ਤੇ ਨਾ ਛੱਟਾ, ਧੌਰਾ, ਕੇਰਾ ਵਤਨਾਂ ਦਾ।
ਵਾਸੀ ਪਰਵਾਸੀ ਦੋਹਾਂ ਦੀ ਦੇਣ ਬੜੀ,
ਕਿਸ ਦੇ ਸਿਰ 'ਤੇ ਬੰਨੀਏਂ ਸਿਹਰਾ ਵਤਨਾਂ ਦਾ।
ਮੇਰਾ ਮੇਰਾ ਦੇ ਇਸ ਰੌਲੇ ਰੱਪੇ ਵਿਚ,
ਚੇਤੇ ਆਵੇ ਤੇਰਾ ਤੇਰਾ ਵਤਨਾਂ ਦਾ।

ਸੱਤ ਸਮੁੰਦਰੋਂ ਪਾਰ ਮੈਂ ਘਰ ਬਣਾਇਆ ਹੈ,
ਐਪਰ ਇਸ ਦੇ ਅੰਦਰ ਡੇਰਾ ਵਤਨਾਂ ਦਾ।
ਅੱਜ ਵੀ ਅੱਡੀਆਂ ਚੁੱਕ ਚੁੱਕ ਦੇਖੇ ਰਾਹ ਮੇਰਾ,
ਸ਼ਹੁ ਦਰਿਆਓਂ ਡੂੰਘਾ ਜੇਰਾ ਵਤਨਾਂ ਦਾ।
ਜਦ ਤੋਂ ਪ੍ਰਦੇਸਾਂ ਦੇ ਸ਼ਹਿਰੀ ਹੋਏ ਹਾਂ,
ਦਿਲ ਵਿਚ ਹੋਇਆ ਹੇਰਾ ਫੇਰਾ ਵਤਨਾਂ ਦਾ।
ਕਵੀਆਂ ਦਾ ਦਰਬਾਰ ਹਿਊਸਟਨ ਜੁੜਿਆ ਹੈ,
ਵੱਧ ਗਿਆ ਹੈ ਕਿੰਨਾ ਘੇਰਾ ਵਤਨਾਂ ਦਾ।
ਹੁਣ ਤਾਂ ਹਰ ਗੇੜੇ ਵਿਚ ਈਕਣ ਲਗਦਾ ਹੈ,
ਹੁੰਦਾ ਜਾਵੇ ਪੰਧ ਲੰਮੇਰਾ ਵਤਨਾਂ ਦਾ।
ਪਿੱਛੇ ਮੇਰੇ ਇਕ ਹਜੂਮ ਬਣਾ ਤੁਰਿਆ,
ਬੱਚਾ, ਗੱਭਰੂ, ਬੁੱਢਾ-ਠੇਰਾ ਵਤਨਾਂ ਦਾ।
ਸੇਵਾ ਮੁਕਤ ਵੀ ਹੋ ਕੇ ਇਥੇ ਨਹੀਂ ਵੱਸਣਾ,
ਉਂਜ ਕੁਲਬੀਰ ਨੂੰ ਹੇਜ ਬਥੇਰਾ ਵਤਨਾਂ ਦਾ।

*-ਕੁਲਬੀਰ ਪੱਡਾ*

### ਗਿਲਾ

ਚੜ੍ਹਿਆ ਰੰਗ ਜਵਾਨੀ ਦਾ
ਮੈਂ ਤੇਰੇ ਨਾਲ ਲੈ ਲਈਆਂ ਲਾਵਾਂ।
ਤੈਂ ਸੀ ਰੱਜ ਕੇ ਪਿਆਰ ਦਿੱਤਾ
ਤੈਥੋਂ ਮੈਂ ਵਾਰੀ ਵੇ ਜਾਵਾਂ।
ਕਦੇ ਰੱਖਿਆ ਓਹਲਾ ਨਾ
ਮੈਂ ਤੇਰੇ ਗੁਣਾਂ ਨੂੰ ਕਿਵੇਂ ਭੁਲਾਵਾਂ।
'ਕੱਲੀ ਛੱਡ ਕੇ ਤੁਰ ਵੇ ਗਿਉਂ
ਕਿੱਥੋਂ ਜਾ ਮੱਲੀਆਂ ਨੇ ਥਾਂਵਾਂ।

ਮਾਂ ਦਾ ਪੁੱਤ ਸਰਵਣ ਬਣ ਕੇ
ਤੈਂ ਨਾ ਮਮਤਾ ਕਦੇ ਭੁਲਾਈ।
ਅੱਜ ਬੈਠੀ ਰੋਂਦੀ ਆ
ਮੱਚ ਗਈ ਉਹਦੇ ਲਈ ਦੁਹਾਈ।
ਹੋਰੇ ਆਖੀ ਜਾਂਦੀ ਆ
ਤੇਰੀ ਆਈ ਮੈਂ ਮਰ ਜਾਵਾਂ।
'ਕੱਲੀ ਛੱਡ ਕੇ ਤੁਰ ਵੇ ਗਿਉਂ...।

ਤੇਰੀ ਧੀ ਲਾਡਲੀ ਵੇ
ਨਾਲੇ ਰੋਵੇ ਤੇ ਕੁਰਲਾਵੇ।
ਮੈਥੋਂ ਰੋਂਦੀ ਰੁਕਦੀ ਨਾ
ਭੱਜ-ਭੱਜ ਸਿਵਿਆਂ ਦੇ ਵੱਲ ਜਾਵੇ।
ਮੈਨੂੰ ਦੱਸ ਜਾ ਸੋਹਣਿਆਂ ਵੇ
ਉਹਨੂੰ ਕੀ ਕਹਿ ਕੇ ਸਮਝਾਵਾਂ।
'ਕੱਲੀ ਛੱਡ ਕੇ ਤੁਰ ਵੇ ਗਿਉਂ...।

ਤੇਰੇ ਬਾਪ ਚੌਧਰੀ ਦਾ
ਤੁਰ ਗਿਆ ਜੱਗ ਤੋਂ ਪੁੱਤ ਅਣਖੀਲਾ।
ਟੁੱਟ ਗਈ ਡੋਰ ਹੌਸਲੇ ਦੀ
ਬੈਠਾ ਰਹਿ ਗਿਆ ਫੜ ਕੇ ਤੀਲਾ।
ਤੇਰੇ ਸ਼ੇਰ ਪੁੱਤਰ ਦੋਵੇਂ
ਅੱਜ ਤੋਂ ਬਣੀਆਂ ਉਹਦੀਆਂ ਬਾਹਾਂ।
'ਕੱਲੀ ਛੱਡ ਕੇ ਤੁਰ ਵੇ ਗਿਉਂ
ਕਿੱਥੋਂ ਜਾ ਮੱਲੀਆਂ ਨੇ ਥਾਂਵਾਂ।

*-ਭੁਪਿੰਦਰ ਸਿੰਘ ਗਿੱਲ*
*ਫੋਨ: 832-298-6642*

---

### ਗਜ਼ਲ

ਲਾਲ ਹਨ੍ਹੇਰੀ ਛਾਈ ਏ ਪੰਜਾਬ ਵਿਚ।
ਲੱਗਦੈ ਪਰਲੋ ਆਈ ਏ ਪੰਜਾਬ ਵਿਚ।
ਅੰਨ੍ਹੀ ਪੀਹਵੇ ਚੱਕੀ ਕੁੱਤਾ ਚੱਟ ਰਿਹੈ,
ਮੱਚੀ ਹਾਲ ਦੁਹਾਈ ਏ ਪੰਜਾਬ ਵਿਚ।
ਸਿਖਰ ਦੁਪਹਿਰੇ ਵਾੜਾਂ ਖਾਧੇ ਖੇਤ ਨੇ,
ਹੁਣ ਜਨਤਾ ਕੁਰਲਾਈ ਏ ਪੰਜਾਬ ਵਿਚ।
ਪਹਿਲਾਂ ਭੁੱਕੀਆਂ ਖਾ ਕੇ ਵੋਟਾਂ ਵੇਚੀਆਂ,
ਪਿੱਛੋਂ ਪਿੱਟੀ ਲੁਕਾਈ ਏ ਪੰਜਾਬ ਵਿਚ।
ਬਿਜਲੀ ਪਾਣੀ ਬੰਦਿਆਂ ਨੂੰ ਕੀ ਲੱਭਣੇ,
ਧਰਤੀ ਵੀ ਤ੍ਰਿਹਾਈ ਏ ਪੰਜਾਬ ਵਿਚ।

ਚਿੱਟੇ ਦਿਨ ਪਏ ਵੀਰ ਵੀਰਾਂ ਨੂੰ ਮਾਰਦੇ,
ਹੁਣ ਨਾ ਕੋਈ ਸੁਣਵਾਈ ਏ ਪੰਜਾਬ ਵਿਚ।
ਅੰਨ ਦਾਤਾ ਪੰਜਾਬ ਦਾ ਭੁੱਖਾ ਮਰ ਰਿਹੈ,
ਮੌਤ ਬਣੀ ਮਹਿੰਗਾਈ ਏ ਪੰਜਾਬ ਵਿਚ।
ਲੱਗੀ ਕੋਈ ਬੁਰੀ ਨਜ਼ਰ ਪੰਜਾਬ ਨੂੰ,
ਹਰ ਬੰਦਾ ਕਰਜ਼ਾਈ ਏ ਪੰਜਾਬ ਵਿਚ।
ਪੀਣ ਸ਼ਰਾਬਾਂ ਅੱਧੇ ਕੱਪੜੇ ਪਾਉਂਦੀਆਂ,
ਧੀਆਂ ਵੀ ਅਤਿ ਚਾਈ ਏ ਪੰਜਾਬ ਵਿਚ।
ਰਾਂਝੇ, ਮਿਰਜ਼ੇ, ਪੁੰਨੂੰ ਸਾਰੇ ਬਣ ਗਏ,
ਮੁੰਡਿਆਂ ਸ਼ਰਮ ਉਡਾਈ ਏ ਪੰਜਾਬ ਵਿਚ।
ਦੇਸ਼ ਮੇਰੇ ਨੂੰ ਸਾਧਾਂ ਲੁੱਟ ਕੇ ਖਾ ਲਿਐ,
ਮਿੱਟੀ ਖ਼ੂਬ ਉਡਾਈ ਏ ਪੰਜਾਬ ਵਿਚ।
ਕਿਉਂ ਰੋਵੇਂ 'ਸੁਰਜੀਤ' ਤੂੰ ਅੱਥਰੂ ਪੂੰਝ ਲੈ,
ਹੁਣ ਕੁਦਰਤ ਵੀ ਸ਼ਰਮਾਈ ਏ ਪੰਜਾਬ ਵਿਚ।

*-ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

---

### ਨੂੰਹ ਤੇ ਸੱਸ

**ਨੂੰਹ:** ਪਿਛਲੇ ਜਨਮ ਦਾ ਵੈਰ ਲੈ ਲਿਆ
ਕਈ ਵਿਚੋਲੇ ਨੇ,
ਸਾਰੀਆਂ ਗੱਲਾਂ ਵਿਚ ਹੀ ਰੱਖੇ,
ਸੌ ਸੌ ਓਹਲੇ ਨੇ।
ਅੱਜ ਮਕਾਉਣੀ ਆਂ ਮੈਂ,
ਨਿੱਤ ਦੇ ਸਿੜ੍ਹੀ ਸਿਆਪਿਆਂ ਨੂੰ,
'ਲੈ ਜੋ ਆ ਕੇ' ਫੋਨ 'ਤੇ
ਕਹਿਨੀ ਆਂ ਮੈਂ ਮਾਪਿਆਂ ਨੂੰ।

**ਸੱਸ:** ਪਿੰਡ ਦੇ ਜਿੰਨੇ ਆਗੂ,
ਆਪਣੇ ਜਾਂਦੇ-ਆਉਂਦੇ ਨੇ,
ਤੇਰੇ ਬਾਪੂ ਜੀ ਨੂੰ ਸਾਰੇ
ਨਿਉਂ ਕੇ ਫਤਿਹ ਬੁਲਾਉਂਦੇ ਨੇ।
ਘਰ ਦਾ ਭੇਦ ਹੁੰਦਾ ਜੋ,
ਨਹੀਓਂ ਏਦਾਂ ਖੋਲ੍ਹੀਦਾ,
ਸਕਾ-ਸ਼ਰੀਕਾ ਕੀ ਸੋਚੂਗਾ,
ਨੀ ਹੌਲੀ ਬੋਲੀਦਾ।

**ਨੂੰਹ:** ਕਾਰ ਨ੍ਹੀਂ ਦਿੱਤੀ ਸਾਨੂੰ,
ਕਹਿ ਕਹਿ ਕਰਦੀ ਭੰਡੀ ਤੂੰ,
ਹੁਣ ਕੀ ਹੋ ਗਿਆ ਬਰਫ ਦੇ ਵਾਂਗੂੰ
ਹੋ ਗੀ ਠੰਡੀ ਤੂੰ।
ਸਾਰੇ ਆਉਣਗੇ ਪਤਾ ਲੱਗੂ
ਜਦ ਤਾਇਆਂ-ਚਾਚਿਆਂ ਨੂੰ,
'ਸਾੜ ਦੇਣਗੇ' ਫੋਨ 'ਤੇ
ਕਹਿਨੀ ਆਂ ਮੈਂ ਮਾਪਿਆਂ ਨੂੰ।

**ਸੱਸ:** ਡੋਲੀ 'ਚੋਂ ਤੈਨੂੰ
ਸ਼ਗਨਾਂ ਦੇ ਨਾਲ ਉਤਾਰਿਆ ਸੀ,
ਪੀਤਾ ਸੀ ਮੈਂ ਉਪਰ ਦੀ,
ਜਿਹੜਾ ਪਾਣੀ ਵਾਰਿਆ ਸੀ।
ਦਾਜ ਦੇ ਆਖੇ ਭੁੱਖੇ,
ਏਨਾ ਕੁਫਰ ਨਹੀਂ ਤੋਲੀਦਾ,
ਕਿਸੇ ਗੱਲ ਦਾ ਰੌਲਾ ਨਹੀਂ ਹੈ,
ਹੌਲੀ ਬੋਲੀਦਾ।

**ਨੂੰਹ:** ਪੈਰ ਜਿੰਦਣ ਦਾ ਪਾਇਆ,
ਤੇਰੇ ਘਰ 'ਚ ਸੱਸੇ ਨੀ,
ਗੱਲਾਂ ਗੱਲਾਂ ਵਿਚ ਤੂੰ,
ਮੈਨੂੰ ਲਾਹੁੰਦੀ ਰਹਿੰਦੀ ਕੱਚੇ ਨੀ।
ਬੈਂਕਾਂ ਦੇ ਵਿਚ ਥੋੜੇ,
ਮੈਂ ਕੀ ਕਰਨਾ ਖਾਤਿਆਂ ਨੂੰ,
'ਖੈਰ ਨਹੀਂ ਮੇਰੀ' ਫੋਨ 'ਤੇ
ਕਹਿਨੀ ਆਂ ਮਾਪਿਆਂ ਨੂੰ।

**ਸੱਸ:** ਜਗਰਾਤੇ 'ਤੇ ਤੈਨੂੰ
ਪਿੰਡ ਚੀਮਨੇ ਨਾਲ ਲਿਜਾਵਾਂਗੀ,
ਪੰਡਤ ਜੀ ਹੋਰਾਂ ਤੋਂ ਤੇਰੇ
ਨਾਂ ਦੇ ਹਵਨ ਕਰਾਵਾਂਗੀ।
ਸਾਥ ਲੈ ਡੁੱਬਾ ਤੈਨੂੰ,
ਬੁਰੀ ਗੁਆਂਢਣ ਭੋਲੀ ਦਾ,
'ਰਾਜ' ਹੋਰੀਂ ਨਾ ਸੁਣ ਲੈਣ ਕਿਧਰੇ,
ਹੌਲੀ ਬੋਲੀਦਾ।

*-ਰਾਜ ਧਾਲੀਵਾਲ*

---

### ਨਕਲੀ ਅਕਾਲੀ

ਨਕਲੀ ਅਕਾਲੀਆਂ ਨੇ ਮਿੱਤਰੋ,
ਸਾਡਾ ਲੁੱਟ ਕੇ ਪੰਜਾਬ ਅੱਜ ਖਾ ਲਿਆ।
ਬਾਜਾਂ ਵਾਲੇ ਦਾ ਭੁਲਾ ਕੇ ਪੰਥ ਖਾਲਸਾ,
ਇਨ੍ਹਾਂ ਵੱਖਰਾ ਹੀ ਪੰਥ ਚਲਾ ਲਿਆ।

ਪੱਗਾਂ ਸਿਰਾਂ ਉਤੇ ਇਹ ਵੀ ਸਜਾਉਂਦੇ ਨੇ,
ਨਾਵਾਂ ਪਿੱਛੇ ਇਹ ਸਿੰਘ ਲਿਖਵਾਉਂਦੇ ਨੇ।
ਪਰ ਸਿੰਘ ਹੀ ਅਸੀਂ ਆ ਕਹਿੰਦੇ ਮਾਰਨੇ,
ਇਨ੍ਹਾਂ ਆਪਣਾ ਮਿਸ਼ਨ ਬਣਾ ਲਿਆ।
ਨਕਲੀ ਅਕਾਲੀਆਂ ਨੇ ਮਿੱਤਰੋ...।

ਜਾ-ਜਾ ਮੰਦਰਾਂ 'ਚ ਝਾੜੂ ਇਹੇ ਲਾਉਂਦੇ,
ਮੂਰਤੀਆਂ ਮੋਹਰੇ ਸਿਰ ਵੀ ਝੁਕਾਉਂਦੇ।
ਗੁਰੂ ਗ੍ਰੰਥ ਸਾਹਿਬ ਨੂੰ ਏ ਗਏ ਭੁੱਲ ਬਈ,
ਪਖੰਡੀ ਬਾਬਿਆਂ ਨੂੰ ਗੁਰੂ ਬਣਾ ਲਿਆ।
ਨਕਲੀ ਅਕਾਲੀਆਂ ਨੇ ਮਿੱਤਰੋ...।

ਰਾਜ ਭਾਵੇਂ ਇਹ ਪੰਜਾਬ ਉਤੇ ਕਰਦੇ,
ਪਰ ਦਿੱਲੀ ਵਾਲਿਆਂ ਤੋਂ ਬੜਾ ਡਰਦੇ।
ਇਨ੍ਹਾਂ ਅਣਖ ਤੇ ਆਪਣੀ ਗਵਾ ਲਈ,
ਈਮਾਨ ਦਿੱਲੀ ਕੋਲੇ ਗਹਿਣੇ ਪਾ ਲਿਆ।
ਨਕਲੀ ਅਕਾਲੀਆਂ ਨੇ ਮਿੱਤਰੋ...।

ਇਕ ਦਿਨ 'ਹਿੰਮਤੀ' ਇਹ ਪੱਛੋਤਾਉਣਗੇ,
ਭੁੱਬਾਂ ਮਾਰ ਖਾਲਸੇ ਦੇ ਮੋਹਰੇ ਰੋਣਗੇ।
ਮਾਫੀ ਮਿਲਣੀ ਨਹੀਂ ਇਨ੍ਹਾਂ ਨੂੰ ਮੰਗੀ ਵੀ,
ਨਾਮ ਇਨ੍ਹਾਂ ਨੇ ਗੱਦਾਰਾਂ 'ਚ ਲਿਖਾ ਲਿਆ।
ਨਕਲੀ ਅਕਾਲੀਆਂ ਨੇ ਮਿੱਤਰੋ,
ਸਾਡਾ ਲੁੱਟ ਕੇ ਪੰਜਾਬ ਅੱਜ ਖਾ ਲਿਆ।

*-ਹਿੰਮਤ ਸਿੰਘ ਬੜਿੰਗ*

# ਜਨਰਲ ਵੀ ਕੇ ਸਿੰਘ ਵਾਲੇ ਵਿਵਾਦ ਦਾ ਸੱਚ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਰਾਜਸੀ ਲੜਾਈ ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਦੀ ਹੋਵੇਗੀ, ਇਨ੍ਹਾਂ ਦੋਵਾਂ ਤੋਂ ਪਰੇ ਤੀਸਰੀ ਧਿਰ ਵੀ ਆਪਣਾ ਰਾਜਸੀ ਸੰਘਰਸ਼ ਕਰੇਗੀ, ਪਰ ਇਹ ਜਾਣਨ ਤੇ ਸੋਚਣ ਦਾ ਦੇਸ਼ ਦੇ ਲੋਕਾਂ ਨੂੰ ਹੱਕ ਹੈ ਕਿ ਜਨਰਲ ਵੀ ਕੇ ਸਿੰਘ ਦੇ ਨਾਲ ਜੁੜੇ ਫੌਜੀ ਵਿਵਾਦਾਂ ਦਾ ਸੱਚ ਕੀ ਹੈ?***

ਬਹੁਤ ਸਾਰੇ ਹੋਰ ਰਾਜਸੀ ਤੇ ਸਮਾਜੀ ਮਸਲਿਆਂ ਉਤੇ ਇਸ ਹਫਤੇ ਦੇ ਅਖੀਰ ਵਿਚ ਉਭਰਿਆ ਇਹ ਮਸਲਾ ਭਾਰੂ ਹੋ ਗਿਆ ਹੈ ਕਿ ਭਾਰਤੀ ਫੌਜ ਦੇ ਸਾਬਕਾ ਮੁਖੀ ਜਨਰਲ ਵਿਜੇ ਕੁਮਾਰ ਸਿੰਘ ਨੇ ਫੌਜ ਦਾ ਮੁਖੀ ਹੋਣ ਸਮੇਂ ਜੰਮੂ-ਕਸ਼ਮੀਰ ਦੀ ਚੁਣੀ ਹੋਈ ਸਰਕਾਰ ਦਾ ਤਖਤਾ ਉਲਟਣ ਦੀ ਕੋਈ ਸਾਜ਼ਿਸ਼ ਰਚੀ ਸੀ। ਉਸ ਦੇ ਖਿਲਾਫ ਕਈ ਹੋਰ ਦੋਸ਼ ਵੀ ਲਾਏ ਲੱਗੇ ਹਨ, ਜਿਨ੍ਹਾਂ ਦੀ ਪੜਤਾਲ ਹੁੰਦੀ ਸੁਣੀ ਗਈ ਹੈ। ਦੇਸ਼ ਦੀ ਮੁੱਖ ਵਿਰੋਧੀ ਧਿਰ, ਭਾਰਤੀ ਜਨਤਾ ਪਾਰਟੀ, ਨੇ ਇਹ ਕਹਿਣ ਵਿਚ ਦੇਰ ਨਹੀਂ ਲਾਈ ਕਿ ਪਿਛਲੇ ਹਫਤੇ ਹਰਿਆਣੇ ਵਿਚ ਭਾਜਪਾ ਆਗੂ ਨਰਿੰਦਰ ਮੋਦੀ ਦੀ ਰੈਲੀ ਵਿਚ ਜਾਣ ਕਰ ਕੇ ਜਨਰਲ ਵੀ ਕੇ ਸਿੰਘ ਦੇ ਖਿਲਾਫ ਇਹ ਕਾਰਵਾਈ ਹੋ ਰਹੀ ਹੈ। ਮਾਮਲਾ ਇਹ ਫੌਜੀ ਪੱਖੋਂ ਨਾਜ਼ਕ ਹੋਣ ਦੀ ਗੱਲ ਵੀ ਸਾਰੇ ਲੋਕ ਕਰਦੇ ਹਨ, ਇਹ ਵੀ ਕਹਿੰਦੇ ਹਨ ਕਿ ਇਸ ਬਾਰੇ ਸੰਕੋਚ ਨਾਲ ਗੱਲ ਕਰਨੀ ਚਾਹੀਦੀ ਹੈ, ਪਰ ਸਾਰੇ ਹਰ ਗੱਲ ਕਹੀ ਵੀ ਜਾਂਦੇ ਹਨ। ਜਿਹੜੀ ਬਹਿਸ ਕੀਤੀ ਜਾ ਰਹੀ ਹੈ, ਉਸ ਦੇ ਸਾਰੇ ਨੁਕਤਿਆਂ ਪਿੱਛੋਂ ਘੋਖਣ ਦੇ ਲਾਇਕ ਸਵਾਲ ਇੱਕੋ ਖੜਾ ਕੀਤਾ ਜਾਂਦਾ ਹੈ ਕਿ ਜਨਰਲ ਵੀ ਕੇ ਸਿੰਘ ਦੇ ਖਿਲਾਫ ਕਾਰਵਾਈ ਨਰਿੰਦਰ ਮੋਦੀ ਦੇ ਨਾਲ ਜਾ ਬੈਠਣ ਕਰ ਕੇ ਹੋ ਰਹੀ ਹੈ ਜਾਂ ਉਹ ਆਪ ਫਸਦਾ ਹੋਣ ਕਰ ਕੇ ਨਰਿੰਦਰ ਮੋਦੀ ਦੇ ਨੇੜੇ ਗਿਆ ਹੈ?

ਭਾਜਪਾ ਦੇ ਲੀਡਰਾਂ ਨੇ ਇਹ ਗੱਲ ਕਹੀ ਹੈ ਕਿ ਜਨਰਲ ਵੀ ਕੇ ਸਿੰਘ ਦੇ ਖਿਲਾਫ ਕਾਰਵਾਈ ਤੋਂ ਐਮਰਜੈਂਸੀ ਦੇ ਦਿਨਾਂ ਦਾ ਇਸ਼ਾਰਾ ਮਿਲਦਾ ਹੈ। ਜੇ ਉਹ ਐਮਰਜੈਂਸੀ ਦੇ ਦਿਨਾਂ ਦੀ ਯਾਦ ਕਰਵਾ ਰਹੇ ਹਨ ਤਾਂ ਐਮਰਜੈਂਸੀ ਤੋਂ ਪਹਿਲਾਂ ਦੇ ਕੁਝ ਨਜ਼ਾਰੇ ਵੀ ਨਾਲ ਯਾਦ ਆਉਣਗੇ। ਜਿਹੜੇ ਹੋਰ ਲੋਕ ਐਮਰਜੈਂਸੀ ਨੂੰ ਗਲਤ ਸਮਝਦੇ ਹਨ, ਉਹ ਵੀ ਇਸ ਗੱਲ ਦਾ ਚੇਤਾ ਨਹੀਂ ਭੁਲਾ ਸਕਦੇ ਕਿ ਜਦੋਂ ਬੰਗਲਾ ਦੇਸ਼ ਦੀ ਲੜਾਈ ਭਾਰਤ ਨੇ ਜਿੱਤ ਲਈ, ਉਸ ਦੇ ਬਾਅਦ ਭ੍ਰਿਸ਼ਟਾਚਾਰ ਦੇ ਰੌਲੇ ਤੋਂ ਸ਼ੁਰੂ ਹੋਈ ਵਿਰੋਧ ਦੀ ਮੁਹਿੰਮ ਵਿਚ ਇੱਕ ਪੜਾਅ ਉਹ ਵੀ ਆਇਆ ਸੀ, ਜਿਸ ਵਿਚ ਇੱਕ ਖਾਸ ਰਾਜਨੀਤੀ ਵਾਲੇ ਲੋਕਾਂ ਨੇ 'ਵੁਈ ਵਾਂਟ ਮਾਨਿਕ ਸ਼ਾਅ' ਦੇ ਨਾਹਰੇ ਜਲਸਿਆਂ ਵਿਚ ਲਾਏ ਸਨ। ਜਨਰਲ ਮਾਨਿਕ ਸ਼ਾਅ ਬਾਅਦ ਵਿਚ ਫੀਲਡ ਮਾਰਸ਼ਲ ਵੀ ਬਣਾਏ ਗਏ ਤੇ ਉਨ੍ਹਾਂ ਨੇ ਆਪਣੀ ਜਰਨੈਲੀ ਸ਼ਾਨ ਨੂੰ ਰਾਜਨੀਤੀ ਦੇ ਰਾਹਾਂ ਵਿਚ ਰੁਲਣ ਦਾ ਮੌਕਾ ਵੀ ਨਹੀਂ ਦਿੱਤਾ, ਪਰ ਸੱਦੇ ਤਾਂ ਦਿੱਤੇ ਗਏ ਸਨ। ਹੁਣ ਜਨਰਲ ਵੀ ਕੇ ਸਿੰਘ ਨੂੰ ਵੀ ਉਹੋ ਲੋਕ ਰਾਜਨੀਤੀ ਵੱਲ ਖਿੱਚ ਲਿਆਏ ਹਨ, ਜਿਹੜੇ ਬਾਕੀਆਂ ਨੂੰ ਐਮਰਜੈਂਸੀ ਦਾ ਚੇਤਾ ਕਰਵਾ ਕੇ ਆਪ 'ਵੁਈ ਵਾਂਟ ਮਾਨਿਕ ਸ਼ਾਅ' ਵਾਲੇ ਕਾਂਡ ਨੂੰ ਭੁਲਾਉਣ ਵਿਚ ਭਲਾਈ ਸਮਝਦੇ ਹਨ। ਜੇ ਯਾਦ ਆਈਆਂ ਤਾਂ ਦੋਵੇਂ ਗੱਲਾਂ ਇਕੱਠੀਆਂ ਹੀ ਯਾਦ ਆਉਣਗੀਆਂ।

ਜਨਰਲ ਵੀ ਕੇ ਸਿੰਘ ਬਾਰੇ ਅਸੀਂ ਇਹ ਕਾਹਲਾ ਸਿੱਟਾ ਕੱਢਣ ਦੇ ਪੱਖ ਵਿਚ ਨਹੀਂ ਕਿ ਉਸ ਨੇ ਜੰਮੂ-ਕਸ਼ਮੀਰ ਦੀ ਚੁਣੀ ਹੋਈ ਸਰਕਾਰ ਦਾ ਤਖਤਾ ਪਲਟਣ ਦੀ ਕੋਸ਼ਿਸ਼ ਸਚਮੁੱਚ ਕੀਤੀ ਹੋਵੇਗੀ, ਪਰ ਉਸ ਦੇ ਵਿਹਾਰ ਦੀਆਂ ਕਈ ਹੋਰ ਗੱਲਾਂ ਹਨ, ਜਿਨ੍ਹਾਂ ਦਾ ਕਦੀ ਕਿਸੇ ਪਾਸੇ ਤੋਂ ਢੁਕਵਾਂ ਜਵਾਬ ਨਹੀਂ ਦਿੱਤਾ ਗਿਆ। ਹੁਣ ਉਸ ਦੇ ਖਿਲਾਫ ਕਾਰਵਾਈ ਲਈ ਮੌਕਾ ਢੁਕਵਾਂ ਨਹੀਂ, ਰਾਜਨੀਤੀ ਨਾਲ ਜੁੜ ਗਿਆ ਹੈ, ਪਰ ਇਹ ਮੁੱਦੇ ਬੜੇ ਚਿਰ ਦੇ ਅਣਸੁਲਝੇ ਪਏ ਸਨ।

ਇੱਕ ਮਾਮਲਾ ਇਹ ਹੈ ਕਿ ਉਸ ਨੇ ਆਪਣੀ ਜਨਮ ਤਾਰੀਖ ਬਦਲੇ ਜਾਣ ਦੀ ਅਰਜ਼ੀ ਦਿੱਤੀ ਸੀ, ਜਿਸ ਦੇ ਲਈ ਨਿਯਮਾਂ ਮੁਤਾਬਕ ਮਿਥਿਆ ਸਮਾਂ ਲੰਘ ਚੁੱਕਾ ਸੀ। ਅਰਜ਼ੀ ਇਸ ਲਈ ਦਿੱਤੀ ਸੀ ਕਿ ਜੇ ਮਨਜ਼ੂਰ ਹੋ ਗਈ ਤਾਂ ਪੌਣਾ ਕੁ ਸਾਲ ਜਰਨੈਲੀ ਦਾ ਹੋਰ ਸੁਖ ਮਾਨਣ ਦਾ ਮੌਕਾ ਮਿਲ ਜਾਵੇਗਾ, ਪਰ ਅਰਜ਼ੀ ਰੱਦ ਹੋ ਗਈ। ਸਰਕਾਰ ਦੇ ਪੱਧਰ ਉਤੇ ਹੀ ਨਹੀਂ, ਉਸ ਨੇ ਜਦੋਂ ਸੁਪਰੀਮ ਕੋਰਟ ਵਿਚ ਪਹੁੰਚ ਕੀਤੀ, ਉਥੇ ਵੀ ਇਹ ਅਰਜ਼ੀ ਨਹੀਂ ਸੀ ਟਿਕੀ ਅਤੇ ਉਸ ਨੂੰ ਵਾਪਸ ਲੈਣੀ ਪਈ ਸੀ। ਫੌਜ ਦੀ ਜਿਸ ਬਰਾਂਚ ਨੇ ਇਹ ਅਰਜ਼ੀ ਮੰਨੀ ਨਹੀਂ ਸੀ, ਉਸ ਬਰਾਂਚ ਦੇ ਇੰਚਾਰਜ ਮੇਜਰ ਜਨਰਲ ਨੇ ਬਾਅਦ ਵਿਚ ਇਹ ਸ਼ਿਕਾਇਤ ਕੀਤੀ ਕਿ ਕਿਉਂਕਿ ਉਸ ਨੇ ਨਿਯਮਾਂ ਮੁਤਾਬਕ ਜਨਰਲ ਵੀ ਕੇ ਸਿੰਘ ਦੀ ਅਰਜ਼ੀ ਮੋੜ ਦਿੱਤੀ ਸੀ, ਇਸ ਦੇ ਬਾਅਦ ਵੀ ਕੇ ਸਿੰਘ ਰਿਟਾਇਰ ਹੋਣ ਲੱਗਾ ਉਸ ਦੀ ਫਾਈਲ ਵਿਚ ਗਲਤ ਇੰਦਰਾਜ਼ ਦਰਜ ਕਰ ਗਿਆ ਸੀ, ਤਾਂ ਕਿ ਉਹ ਅਗਲੀ ਤਰੱਕੀ ਨਾ ਲੈ ਸਕੇ। ਉਹ ਮਾਮਲਾ ਵੀ ਹਾਲੇ ਤੱਕ ਵਿਚਾਰ ਅਧੀਨ ਹੈ।



*ਜਨਰਲ ਵੀ ਕੇ ਸਿੰਘ (ਟੋਪੀ ਵਾਲਾ) ਪ੍ਰਧਾਨ ਮੰਤਰੀ ਦੇ ਅਹੁਦੇ ਲਈ ਭਾਜਪਾ ਦੇ ਸੰਭਾਵੀ ਉਮੀਦਵਾਰ ਨਰਿੰਦਰ ਮੋਦੀ ਨਾਲ*

ਜਨਰਲ ਵੀ ਕੇ ਸਿੰਘ ਨੇ ਇਹ ਕਹਿ ਕੇ ਇੱਕ ਵਾਰੀ ਸਨਸਨੀ ਵੀ ਫੈਲਾਈ ਸੀ ਕਿ ਉਸ ਨੂੰ ਟਰੱਕਾਂ ਦੀ ਖਰੀਦ ਲਈ ਕਰੋੜਾਂ ਰੁਪਏ ਦੀ ਰਿਸ਼ਵਤ ਦੀ ਪੇਸ਼ਕਸ਼ ਹੋਈ ਸੀ ਤੇ ਉਸ ਨੇ ਇਸ ਬਾਰੇ ਰੱਖਿਆ ਮੰਤਰੀ ਨੂੰ ਦੱਸਿਆ ਸੀ, ਪਰ ਅਗਲੀ ਕਾਰਵਾਈ ਨਹੀਂ ਸੀ ਹੋਈ। ਰੱਖਿਆ ਮੰਤਰੀ ਨੇ ਫਿਰ ਪਾਰਲੀਮੈਂਟ ਵਿਚ ਬਿਆਨ ਦਿੱਤਾ ਸੀ ਕਿ ਜਨਰਲ ਵੀ ਕੇ ਸਿੰਘ ਨੇ ਦੱਸਿਆ ਜ਼ਰੂਰ ਸੀ, ਪਰ ਜਦੋਂ ਉਸ ਨੂੰ ਲਿਖ ਕੇ ਦੇਣ ਨੂੰ ਕਿਹਾ ਗਿਆ ਤਾਂ ਜਨਰਲ ਨੇ ਦਿੱਤਾ ਨਹੀਂ ਸੀ। ਉਸ ਦੇ ਜ਼ਬਾਨੀ ਕਹਿਣ ਉਤੇ ਸਰਕਾਰ ਜਾਂਚ ਸ਼ੁਰੂ ਕਰਵਾ ਲੈਂਦੀ ਤੇ ਉਹ ਬਾਅਦ ਵਿਚ ਕਹਿ ਦੇਂਦਾ ਕਿ ਮੈਂ ਕਿਹਾ ਨਹੀਂ ਸੀ ਤਾਂ ਸਰਕਾਰ ਲਈ ਮੁਸ਼ਕਲ ਉਸ ਨਾਲ ਵੀ ਬਣ ਸਕਦੀ ਸੀ। ਜਨਰਲ ਵੀ ਕੇ ਸਿੰਘ ਨੇ ਰੱਖਿਆ ਮੰਤਰੀ ਦੇ ਪਾਰਲੀਮੈਂਟ ਵਿਚ ਦਿੱਤੇ ਉਸ ਬਿਆਨ ਦਾ ਕਦੀ ਖੰਡਨ ਨਹੀਂ ਕੀਤਾ। ਫਿਰ ਉਸ ਦੇ ਮੀਡੀਏ ਵਿਚ ਆਏ ਬਿਆਨ ਦੇ ਆਧਾਰ ਉਤੇ ਜਾਂਚ ਸ਼ੁਰੂ ਕਰਵਾ ਦਿੱਤੀ ਗਈ ਤਾਂ ਉਸ ਨੇ ਜਾਂਚ ਵਿਚ ਵੀ ਸਹਿਯੋਗ ਨਹੀਂ ਸੀ ਦਿਤਾ।

ਇਨ੍ਹਾਂ ਦੋਵਾਂ ਤੋਂ ਗੰਭੀਰ ਮਾਮਲਾ ਉਹ ਸਮਝਿਆ ਗਿਆ ਸੀ, ਜਦੋਂ 16 ਜਨਵਰੀ 2012 ਨੂੰ ਅੱਧੀ ਰਾਤ ਵੇਲੇ ਸਰਕਾਰ ਨੂੰ ਇਹ ਖਬਰ ਮਿਲੀ ਕਿ ਹਿਸਾਰ ਤੋਂ ਫੌਜ ਦੀ ਇੱਕ ਟੁਕੜੀ ਟੈਂਕਾਂ ਸਮੇਤ ਦਿੱਲੀ ਵੱਲ ਨੂੰ ਤੁਰੀ ਜਾ ਰਹੀ ਹੈ। ਸਰਕਾਰ ਨੇ ਫੌਜ ਦੀ ਮੂਵਮੈਂਟ ਨਾਲ ਸਬੰਧਤ ਅਧਿਕਾਰੀ ਨੂੰ ਪੁੱਛਿਆ ਤਾਂ ਉਸ ਨੂੰ ਇਸ ਦਾ ਪਤਾ ਨਹੀਂ ਸੀ। ਫਿਰ ਜਨਰਲ ਵੀ ਕੇ ਸਿੰਘ ਨੂੰ ਬਾਕਾਇਦਾ ਚੈਨਲਾਂ ਰਾਹੀਂ ਇਹ ਸੁਨੇਹਾ ਭੇਜਿਆ ਗਿਆ ਕਿ ਫੌਜ ਨੂੰ ਵਾਪਸ ਚਲੇ ਜਾਣ ਲਈ ਹੁਕਮ ਜਾਰੀ ਕਰੇ। ਨਾਲ ਦੀ ਨਾਲ ਸਰਕਾਰ ਨੇ ਸਾਰੀਆਂ ਸਿਵਲ ਸੁਰੱਖਿਆ ਫੋਰਸਾਂ ਨੂੰ ਦਹਿਸ਼ਤਗਰਦੀ ਦੇ ਹਮਲੇ ਦਾ ਝੂਠਾ ਸੰਕੇਤ ਦੇ ਕੇ ਸਾਰੇ ਰਾਹਾਂ ਉਤੇ ਨਾਕੇ ਲਾ ਕੇ ਹਰ ਗੱਡੀ ਚੈਕ ਕਰਨ ਨੂੰ ਕਹਿ ਦਿੱਤਾ। ਇਸ ਨਾਲ ਫਰਕ ਇਹ ਪਿਆ ਕਿ ਹਰ ਸੜਕ ਉਤੇ ਗੱਡੀਆਂ ਦੀਆਂ ਕਈ-ਕਈ ਕਿਲੋਮੀਟਰ ਲੰਮੀਆਂ ਲਾਈਨਾਂ ਲੱਗ ਗਈਆਂ ਤੇ ਦਿੱਲੀ ਨੂੰ ਆ ਰਹੀਆਂ ਫੌਜੀ ਟੁਕੜੀਆਂ ਇਸ ਵਿਚ ਫਸ ਕੇ ਰਹਿ ਗਈਆਂ ਸਨ। ਬਾਅਦ ਵਿਚ ਜਨਰਲ ਵੀ ਕੇ ਸਿੰਘ ਨੇ ਫੌਜ ਦੀ ਇਸ ਅੱਧੀ ਰਾਤ ਦੀ ਰਵਾਨੀ ਲਈ ਇਹ ਦਲੀਲ ਦਿੱਤੀ ਕਿ ਧੁੰਦ ਵਿਚ ਮਾਰਚ ਕਰਨ ਦੀ ਕੁਆਇਦ ਲਈ ਫੌਜ ਨੂੰ ਤੋਰਿਆ ਸੀ। ਅੱਜ ਤੱਕ ਕਦੀ ਇਨ੍ਹਾਂ ਦਿਨਾਂ ਵਿਚ ਇਹ ਕੁਆਇਦ ਨਹੀਂ ਸੀ ਕੀਤੀ ਗਈ ਤੇ ਦੇਸ਼ ਦੀ ਰਾਜਧਾਨੀ ਦੇ ਨੇੜੇ ਕਰਨ ਦੀ ਤਾਂ ਕਦੀ ਤਜਵੀਜ਼ ਵੀ ਨਹੀਂ ਸੀ ਆਈ, ਪਰ ਜਨਰਲ ਵੀ ਕੇ ਸਿੰਘ ਨੇ ਫੌਜ ਦਿੱਲੀ ਵੱਲ ਤੋਰਨ ਵੇਲੇ ਕਿਸੇ ਨੂੰ ਸੂਚਨਾ ਤੱਕ ਨਹੀਂ ਸੀ ਦਿੱਤੀ। ਇਸ ਤੋਂ ਕਈ ਤਰ੍ਹਾਂ ਦੇ ਸ਼ੱਕ ਉਦੋਂ ਤੋਂ ਕੀਤੇ ਜਾ ਰਹੇ ਸਨ। ਭਾਰਤ ਸਰਕਾਰ ਨੂੰ ਇਸ ਦੀ ਜਾਂਚ ਉਦੋਂ ਹੀ ਕਰਵਾ ਲੈਣੀ ਚਾਹੀਦੀ ਸੀ ਤੇ ਜੇ ਇਹ ਜਾਂਚ ਉਦੋਂ ਕਰਵਾਈ ਹੁੰਦੀ ਤਾਂ ਰਾਜਨੀਤੀ ਦਾ ਜਿਹੜਾ ਰੰਗ ਹੁਣ ਚਾੜ੍ਹਿਆ ਜਾ ਰਿਹਾ ਹੈ, ਉਸ ਦਾ ਕੋਈ ਸਵਾਲ ਹੀ ਪੈਦਾ ਨਹੀਂ ਸੀ ਹੋ ਸਕਣਾ।

ਜਿਹੜੀ ਗੱਲ ਤੋਂ ਹੁਣ ਬਹੁਤਾ ਭੜਥੂ ਪੈ ਰਿਹਾ ਹੈ, ਉਸ ਦੇ ਦੋ ਹਿੱਸੇ ਹਨ, ਪਰ ਸਿਰਾ ਜਾ ਕੇ ਦੋਵਾਂ ਦਾ ਇੱਕੋ ਥਾਂ ਨਿਕਲਦਾ ਹੈ। ਪਹਿਲਾ ਹਿੱਸਾ ਇਹ ਕਿ ਜਦੋਂ ਹੁਣ ਤੱਕ ਫੌਜ ਵਿਚ ਕਿਸੇ ਵੀ ਕਮਾਂਡਰ ਨੇ ਆਪਣੇ, ਤੇ ਸਿਰਫ ਆਪਣੇ, ਤੱਕ ਜਵਾਬਦੇਹੀ ਵਾਲੀ ਕੋਈ ਯੂਨਿਟ ਖੜੀ ਨਹੀਂ ਸੀ ਕੀਤੀ, ਜਨਰਲ ਵੀ ਕੇ ਸਿੰਘ ਨੇ ਟੈਕਨੀਕਲ ਸਰਵਿਸਿਜ਼ ਡਵੀਜ਼ਨ ਨਾਂ ਦੀ ਉਹ ਯੂਨਿਟ ਖੜੀ ਕਿਉਂ ਕਰ ਲਈ, ਜਿਸ ਦੀ ਫੌਜੀ ਸੇਵਾ ਵਿਚ ਕੋਈ ਵਿਵਸਥਾ ਹੀ ਨਹੀਂ ਸੀ? ਦੂਸਰਾ ਇਹ ਕਿ ਉਸ ਯੂਨਿਟ ਵਾਸਤੇ ਕਰੋੜਾਂ ਰੁਪਏ ਦੇ ਫੰਡ ਕਿਵੇਂ ਅਲਾਟ ਕਰ ਦਿੱਤੇ ਗਏ ਤੇ ਇਸ ਕੰਮ ਵਿਚ ਫੌਜੀ ਕਮਾਂਡਰ ਨੇ ਸੀਕਰੇਟ ਫੰਡਾਂ ਦੀ ਵਰਤੋਂ ਕਿਵੇਂ ਕਰ ਲਈ? ਕੰਮ ਇਹ ਦੋਵੇਂ ਹੀ ਹੋਏ ਦੱਸੇ ਜਾ ਰਹੇ ਹਨ। ਜਿਹੜੇ ਅਖਬਾਰ ਵਿਚ ਇਸ ਗੱਲ ਦਾ ਖੁਲਾਸਾ ਕੀਤਾ ਗਿਆ ਹੈ, ਉਸ ਨੂੰ ਕਦੀ ਵੀ ਕਾਂਗਰਸ ਪਾਰਟੀ ਜਾਂ ਹੁਣ ਵਾਲੀ ਸਰਕਾਰ ਵੱਲ ਹਮਦਰਦੀ ਵਾਲੇ ਖਾਤੇ ਵਿਚ ਨਹੀਂ ਰੱਖਿਆ ਗਿਆ, ਸਗੋਂ ਉਹ ਸਦਾ ਇਸ ਦੀ ਨੁਕਤਾਚੀਨੀ ਕਰਨ ਵਾਲਿਆਂ ਵਿਚੋਂ ਹੈ।

ਦੁੱਖ ਦੀ ਗੱਲ ਇਹ ਹੈ ਕਿ ਜਨਰਲ ਵੀ ਕੇ ਸਿੰਘ ਉਤੇ ਇਹ ਦੋਸ਼ ਤਾਂ ਲੱਗਾ ਹੀ ਹੈ ਕਿ ਉਸ ਨੇ ਆਪਣੇ ਬਾਅਦ ਕਮਾਂਡਰ ਬਣੇ ਜਨਰਲ ਬਿਕਰਮ ਸਿੰਘ ਦਾ ਰਾਹ ਰੋਕਣ ਲਈ ਕਿਸੇ ਗੈਰ-ਸਰਕਾਰੀ ਸੰਸਥਾ ਨੂੰ ਪੈਸੇ ਦੇ ਕੇ ਉਸ ਦੇ ਖਿਲਾਫ਼ ਕੇਸ ਕਰਵਾਇਆ ਸੀ, ਨਾਲ ਇੱਕ ਰਾਜ ਦੀ ਸਰਕਾਰ ਦਾ ਤਖਤਾ ਪਲਟਣ ਦੀ ਸਾਜ਼ਿਸ਼ ਦਾ ਦੋਸ਼ ਵੀ ਲਾਇਆ ਗਿਆ ਹੈ। ਜੰਮੂ-ਕਸ਼ਮੀਰ ਭਾਰਤ ਦਾ ਇੱਕ ਬੜਾ ਨਾਜ਼ਕ ਸੂਬਾ ਹੈ, ਜਿਸ ਦੇ ਹਾਲਾਤ ਦਾ ਲਾਭ ਲੈਣ ਲਈ ਪਾਕਿਸਤਾਨ ਸਰਕਾਰ ਵੀ ਅਤੇ ਦਹਿਸ਼ਤਗਰਦ ਟੋਲੇ ਵੀ ਸਦਾ ਤਿਆਰ ਰਹਿੰਦੇ ਹਨ। ਠੀਕ ਹੋਵੇ ਜਾਂ ਗਲਤ, ਜਨਰਲ ਵੀ ਕੇ ਸਿੰਘ ਉਤੇ ਇਹ ਦੋਸ਼ ਲੱਗਾ ਹੈ ਕਿ ਉਸ ਨੇ ਉਸ ਰਾਜ ਦੇ ਇੱਕ ਮੰਤਰੀ ਨੂੰ ਇਸ ਗੱਲ ਲਈ ਫੰਡ ਦਿੱਤੇ ਸਨ ਕਿ ਮੁੱਖ ਮੰਤਰੀ ਉਮਰ ਅਬਦੁੱਲਾ ਦੀ ਸਰਕਾਰ ਦਾ ਤਖਤਾ ਪਲਟਣ ਦਾ ਪ੍ਰਬੰਧ ਕਰ ਸਕੇ। ਉਹ ਮੰਤਰੀ ਵੀ ਮੁੱਖ ਮੰਤਰੀ ਦੀ ਆਪਣੀ ਪਾਰਟੀ ਦਾ ਹੈ। ਇਹ ਦੋਸ਼ ਵੀ ਬਹੁਤ ਗੰਭੀਰ ਹੈ ਕਿ ਭਾਰਤ ਦਾ ਕੋਈ ਫੌਜੀ ਜਰਨੈਲ ਗਵਾਂਢੀ ਦੇਸ਼ ਦੇ ਜਰਨੈਲਾਂ ਵਾਂਗ ਸਰਕਾਰਾਂ ਪਲਟਣ ਦੀ ਸੋਚ ਸੋਚਣ ਲੱਗ ਪਿਆ ਹੋਵੇ। ਸੱਚਾਈ ਇਸ ਦੋਸ਼ ਵਿਚ ਕਿੰਨੀ ਹੈ ਤੇ ਕਿੰਨੀ ਨਹੀਂ, ਇਹ ਪਤਾ ਬਾਅਦ ਵਿਚ ਲੱਗੇਗਾ, ਜਾਂ ਕਈ ਹੋਰ ਮਾਮਲਿਆਂ ਵਾਂਗ ਕਦੇ ਨਹੀਂ ਲੱਗੇਗਾ, ਅਸੀਂ ਇਸ ਵਿਚ ਜਾਣ ਦੀ ਥਾਂ ਜਨਰਲ ਵੀ ਕੇ ਸਿੰਘ ਦੇ ਰਾਜਨੀਤੀ ਵਿਚ ਆਉਣ ਦੀ ਗੱਲ ਕਰਾਂਗੇ।

ਜਦੋਂ ਫੌਜ ਦੇ ਕਮਾਂਡਰ ਦੀ ਜ਼ਿਮੇਵਾਰੀ ਤੋਂ ਜਨਰਲ ਵੀ ਕੇ ਸਿੰਘ ਵਿਹਲਾ ਹੋ ਗਿਆ, ਉਸ ਨੇ ਇਹ ਆਖਿਆ ਸੀ ਕਿ ਉਹ ਹੁਣ ਭ੍ਰਿਸ਼ਟਾਚਾਰ ਦੇ ਵਿਰੁੱਧ ਮੁਹਿੰਮ ਚਲਾਵੇਗਾ। ਇਸ ਮਕਸਦ ਵਾਸਤੇ ਉਹ ਪਹਿਲਾਂ ਤੋਂ ਮੁਹਿੰਮ ਚਲਾ ਰਹੇ ਗਾਂਧੀਵਾਦੀ ਸਮਾਜ ਸੇਵੀ ਅੰਨਾ ਹਜ਼ਾਰੇ ਨਾਲ ਜਾ ਜੁੜਿਆ। ਕਿਸੇ ਨੇ ਇਸ ਉਤੇ ਇਤਰਾਜ਼ ਨਹੀਂ ਸੀ ਕੀਤਾ। ਫਿਰ ਉਹ ਅੰਨਾ ਹਜ਼ਾਰੇ ਦੇ ਨਾਲ ਅਮਰੀਕਾ ਤੱਕ ਜਾ ਕੇ ਭਾਰਤੀਆਂ ਨੂੰ ਭ੍ਰਿਸ਼ਟਾਚਾਰ ਦੇ ਵਿਰੋਧ ਦਾ ਸੱਦਾ ਦੇਂਦਾ ਦਿਖਾਈ ਦੇ ਰਿਹਾ ਸੀ ਤੇ ਕਿਸੇ ਨੂੰ ਇਸ ਉਤੇ ਵੀ ਇਤਰਾਜ਼ ਨਹੀਂ ਸੀ। ਉਦੋਂ ਤੱਕ ਉਹ ਅੰਨਾ ਹਜ਼ਾਰੇ ਨਾਲ ਸੁਰ ਵਿਚ ਸੁਰ ਮਿਲਾ ਕੇ ਕਹਿੰਦਾ ਸੀ ਕਿ ਰਾਜਨੀਤੀ ਵਿਚ ਆਉਣ ਦਾ ਕੋਈ ਇਰਾਦਾ ਨਹੀਂ, ਭਾਰਤ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਕਰਨਾ ਹੀ ਮੁੱਖ ਮਨੋਰਥ ਹੈ। ਅਚਾਨਕ ਉਸ ਨੇ ਹਰਿਆਣੇ ਵਿਚ ਨਰਿੰਦਰ ਮੋਦੀ ਵੱਲੋਂ ਕੀਤੀ ਜਾ ਰਹੀ ਰੈਲੀ ਵਿਚ ਜਾਣ ਦਾ ਐਲਾਨ ਕਰ ਦਿੱਤਾ, ਜਿਸ ਤੋਂ ਸਾਰੇ ਹੈਰਾਨ ਹੋ ਗਏ। ਜਿਹੜਾ ਬੰਦਾ ਕੱਲ੍ਹ ਤੱਕ ਕਹਿੰਦਾ ਸੀ ਕਿ ਰਾਜਨੀਤੀ ਵਿਚ ਆਉਣ ਦਾ ਕੋਈ ਇਰਾਦਾ ਨਹੀਂ ਹੈ, ਉਹ ਇਕ ਦਮ ਰਾਜਨੀਤੀ ਵਿਚ ਉਸ ਬੰਦੇ ਦੀ ਬੁੱਕਲ ਵਿਚ ਕਿਵੇਂ ਆ ਬੈਠਾ, ਜਿਸ ਨੂੰ ਇੱਕ ਪਾਰਟੀ ਨੇ ਅਗਲੀਆਂ ਚੋਣਾਂ ਵਿਚ ਦੇਸ਼ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਬਣਾਇਆ ਹੈ?

ਰਾਜਸੀ ਲੜਾਈ ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਦੀ ਹੋਵੇਗੀ, ਇਨ੍ਹਾਂ ਦੋਵਾਂ ਤੋਂ ਪਰੇ ਤੀਸਰੀ ਧਿਰ ਵੀ ਆਪਣਾ ਰਾਜਸੀ ਸੰਘਰਸ਼ ਕਰੇਗੀ, ਪਰ ਇਹ ਜਾਣਨ ਤੇ ਸੋਚਣ ਦਾ ਦੇਸ਼ ਦੇ ਲੋਕਾਂ ਨੂੰ ਹੱਕ ਹੈ ਕਿ ਜਨਰਲ ਵੀ ਕੇ ਸਿੰਘ ਦੇ ਨਾਲ ਜੁੜੇ ਫੌਜੀ ਵਿਵਾਦਾਂ ਦਾ ਸੱਚ ਕੀ ਹੈ? ਅਸੀਂ ਫਿਰ ਚੇਤਾ ਕਰਵਾ ਦੇਈਏ ਕਿ ਕੁਝ ਲੋਕ ਕਹਿ ਰਹੇ ਹਨ ਕਿ ਨਰਿੰਦਰ ਮੋਦੀ ਦੀ ਰੈਲੀ ਵਿਚ ਜਾਣ ਕਰ ਕੇ ਉਸ ਨੂੰ ਨਿਸ਼ਾਨੇ ਉਤੇ ਰੱਖਿਆ ਜਾ ਰਿਹਾ ਹੈ ਤੇ ਕੁਝ ਲੋਕ ਇਹ ਕਹਿੰਦੇ ਹਨ ਕਿ ਉਹ ਨਰਿੰਦਰ ਮੋਦੀ ਦੇ ਨੇੜੇ ਲੱਗਾ ਹੀ ਇਸ ਲਈ ਹੈ ਕਿ ਬੁਰੀ ਤਰ੍ਹਾਂ ਫਸਿਆ ਪਿਆ ਸੀ। ਸੱਚਾਈ ਦੋਵਾਂ ਵਿਚੋਂ ਕਿਸ ਗੱਲ ਵਿਚ ਕਿੰਨੀ ਹੈ, ਇਸ ਬਾਰੇ ਕਾਹਲੇ ਕਿਆਫਿਆਂ ਦੀ ਲੋੜ ਨਹੀਂ। ਫੌਜ ਦੀ ਮੌਜੂਦਾ ਕਮਾਂਡ ਨੂੰ ਇਸ ਦੀ ਜਾਂਚ ਦੌਰਾਨ ਮਾਮਲਾ ਇੱਕ ਸਾਬਕਾ ਜਰਨੈਲ ਦਾ ਜਾਂ ਰਾਜਸੀ ਧਿਰਾਂ ਦੇ ਆਪਸੀ ਵਿਰੋਧ ਦਾ ਨਾ ਸਮਝ ਕੇ ਫੌਜ ਦੇ ਵੱਕਾਰ-ਸਤਿਕਾਰ ਦੇ ਪੱਖ ਤੋਂ ਵਿਚਾਰਨਾ ਚਾਹੀਦਾ ਹੈ। ਦੋਸ਼ੀ ਕੋਈ ਛੱਡਣਾ ਨਹੀਂ ਚਾਹੀਦਾ ਤੇ ਬੇਦੋਸ਼ਾ ਫਸਣਾ ਨਹੀਂ ਚਾਹੀਦਾ।




ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

*24/7 Customer Service Available*

*Same rate for lanline and mobile.*

ਟੌਲ ਫਰੀ ਨੰਬਰ 1-888-652-6268
732-983-4332/4333

## ਟਰੈਕਟਰ 'ਤੇ ਝੂਟਿਆਂ ਦਾ ਬਣਾਇਆ ਵਰਲਡ ਰਿਕਾਰਡ

**ਚੰਡੀਗੜ੍ਹ:** ਭਾਰਤੀ ਨੌਜਵਾਨਾਂ ਨੇ ਵਿਸ਼ਵ ਸ਼ਾਂਤੀ ਦਾ ਸੰਦੇਸ਼ ਦੇਣ ਲਈ ਟਰੈਕਟਰ 'ਤੇ 7050 ਕਿਲੋਮੀਟਰ ਦਾ ਸਫ਼ਰ ਤੈਅ ਕਰਕੇ 'ਲਿਮਕਾ ਬੁੱਕ ਆਫ਼ ਵਰਲਡ ਰਿਕਾਰਡ' ਵਿਚ ਆਪਣਾ ਨਾਂ ਦਰਜ ਕਰਾ ਲਿਆ ਹੈ। ਇਹ ਦੋ ਭਾਰਤੀ ਨੌਜਵਾਨ ਜੈਵੀਰ ਸਿੰਘ ਵਿਰਕ ਤੇ ਅਮਿਤ ਚੌਧਰੀ ਨੇ 19 ਦਿਨਾਂ ਵਿਚ 28 ਸ਼ਹਿਰਾਂ ਦਾ ਸਫ਼ਰ ਤੈਅ ਕਰਦਿਆਂ ਚੰਡੀਗੜ੍ਹ ਤੋਂ ਕੰਨਿਆ ਕੁਮਾਰੀ ਤੱਕ ਵਿਸ਼ਵ ਸ਼ਾਂਤੀ ਦਾ ਸੰਦੇਸ਼ ਲੋਕਾਂ ਨੂੰ ਦਿੱਤਾ।

ਚੰਡੀਗੜ੍ਹ ਪੁੱਜੇ ਜੈਵੀਰ ਸਿੰਘ ਵਿਰਕ ਤੇ ਅਮਿਤ ਚੌਧਰੀ ਨੇ ਦੱਸਿਆ ਕਿ ਦੂਰ ਦੁਰਾਡੇ ਬੈਠੇ ਅਲੱਗ-ਅਲੱਗ ਭਾਸ਼ਾਵਾਂ ਤੇ ਸੱਭਿਆਚਾਰ ਦੇ ਲੋਕਾਂ ਨੂੰ ਵਿਸ਼ਵ ਸ਼ਾਂਤੀ ਸੰਦੇਸ਼ ਦੇਣ ਦਾ ਸੰਕਲਪ 'ਇੰਡੋ ਫਾਰਮ ਟਰੈਕਟਰ' ਵੱਲੋਂ ਪੂਰਾ ਕੀਤਾ ਗਿਆ ਤੇ ਇਸ ਕੰਪਨੀ ਦੇ ਏਅਰ ਕੰਡੀਸ਼ਨ ਟਰੈਕਟਰ 'ਤੇ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਨਹੀਂ ਹੋਇਆ ਕਿ ਉਹ ਹਜ਼ਾਰਾ ਕਿਲੋਮੀਟਰ ਦਾ ਸਫ਼ਰ ਟਰੈਕਟਰ 'ਤੇ ਕਰਕੇ ਵਾਪਸ ਆ ਗਏ ਹਨ। ਉਨ੍ਹਾਂ ਰੋਜ਼ਾਨਾ 18 ਘੰਟੇ ਦਾ ਸਫ਼ਰ ਕਰਕੇ 400 ਕਿਲੋਮੀਟਰ ਦਾ ਪੈਂਡਾ ਤੈਅ ਕੀਤਾ ਜੋ ਆਪਣੇ ਆਪ ਵਿਚ ਇਕ ਰਿਕਾਰਡ ਹੈ।

# ਖਾਲਿਸਤਾਨੀ ਕਹਿ ਕੇ ਨੌਜਵਾਨਾਂ ਦੀ ਗ੍ਰਿਫਤਾਰੀ ਸਾਜ਼ਿਸ਼ ਕਰਾਰ

**ਚੰਡੀਗੜ੍ਹ:** ਪੰਜਾਬ ਪੁਲਿਸ ਵੱਲੋਂ ਬੀਤੇ ਦਿਨ ਗੁਰਦਾਸਪੁਰ ਵਿਚ ਖ਼ਾਲਿਸਤਾਨ ਕਮਾਂਡੋ ਫੋਰਸ (ਕੇ.ਐਲ.ਐਫ.) ਦੇ ਕਾਰਕੁਨ ਗਰਦਾਨ ਕੇ ਗ੍ਰਿਫ਼ਤਾਰ ਕੀਤੇ ਗਏ ਤਿੰਨ ਨੌਜਵਾਨਾਂ ਵਿਚੋਂ ਇਕ ਸੁਖਜਿੰਦਰ ਸਿੰਘ 29 ਮਾਰਚ, 2012 ਨੂੰ ਪੰਜਾਬ ਪੁਲਿਸ ਦੀ ਗੋਲੀ ਨਾਲ ਸ਼ਹੀਦ ਹੋਏ ਜਸਪਾਲ ਸਿੰਘ (20) ਦਾ ਮਸੇਰਾ ਭਰਾ ਹੈ। ਮ੍ਰਿਤਕ ਜਸਪਾਲ ਸਿੰਘ ਦੇ ਪਿਤਾ ਗੁਰਚਰਨਜੀਤ ਸਿੰਘ ਨੇ ਇਸ ਮਾਮਲੇ ਨੂੰ ਲੈ ਕੇ ਪੰਜਾਬ ਪੁਲਿਸ 'ਤੇ ਉਕਤ ਗੋਲੀਕਾਂਡ ਬਾਰੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਚਲ ਰਹੇ ਕੇਸ ਬਾਬਤ ਉਨ੍ਹਾਂ ਦਾ ਪੱਖ ਕਮਜ਼ੋਰ ਕਰਨ ਤੇ ਕੇਸ ਵਾਪਸ ਕਰਵਾਉਣ ਦਾ ਦੋਸ਼ ਲਾਇਆ ਹੈ।

ਉਨ੍ਹਾਂ ਜਸਪਾਲ ਦੇ ਮਮੇਰੇ ਭਰਾ ਗੁਰਪ੍ਰੀਤ ਸਿੰਘ (25) ਪੁੱਤਰ ਬਲਵੰਤ ਸਿੰਘ ਦੇ ਵੀ ਪਿਛਲੀ 14 ਸਤੰਬਰ ਤੋਂ ਹੀ ਸ਼ੱਕੀ ਹਾਲਤ ਵਿਚ ਗੁੰਮ ਹੋਣ ਦੀ ਗੱਲ ਕਹੀ ਹੈ। ਗੁਰਚਰਨ ਸਿੰਘ ਨੇ ਦੋਸ਼ ਲਾਇਆ ਕਿ ਸੁਖਜਿੰਦਰ ਨੂੰ 15 ਤਾਰੀਖ਼ ਨੂੰ ਪੰਚਾਇਤ ਮੈਂਬਰਾਂ ਦੀ ਮੌਜੂਦਗੀ ਵਿਚ ਪੁਲਿਸ ਨੇ ਪਿੰਡ ਗੁੜੀਆ ਪੁਰਾਣਾ ਸ਼ਾਲਾ ਤੋਂ ਉਸ ਦੇ ਘਰੋਂ ਚੁੱਕਿਆ ਪਰ ਬਾਅਦ ਵਿਚ ਤਿੰਨ ਹੋਰ ਨੌਜਵਾਨਾਂ ਸਣੇ ਉਸ ਨੂੰ ਇਕ ਕਾਰ ਵਿਚੋਂ ਏ.ਕੇ.-47 ਤੇ ਹੋਰ ਹਥਿਆਰਾਂ ਸਣੇ ਗ੍ਰਿਫ਼ਤਾਰ ਕਰਨ ਦਾ ਦਾਅਵਾ



ਕਰ ਦਿੱਤਾ ਗਿਆ। ਇਸੇ ਤਰ੍ਹਾਂ ਜਸਪਾਲ ਦੇ ਮਾਮੇ ਦਾ ਮੁੰਡਾ ਗੁਰਪ੍ਰੀਤ ਸਿੰਘ ਜੋ ਪਿਛਲੇ ਕੁਝ ਸਾਲਾਂ ਤੋਂ ਖਾੜੀ ਮੁਲਕਾਂ ਵਿਚ ਗਿਆ ਹੋਇਆ ਹੈ, ਦੇ ਭਾਰਤ ਪਰਤ ਆਉਣ ਦਾ ਦਾਅਵਾ ਕਰਦਿਆਂ ਪੁਲਿਸ ਵੱਲੋਂ ਉਸੇ ਦਿਨ ਪਿੰਡ ਖੋਖਰਾਂ ਵਿਚ ਉਸ ਦੇ ਘਰ ਵੀ ਛਾਪੇਮਾਰੀ ਕੀਤੀ। ਉਨ੍ਹਾਂ ਦੱਸਿਆ ਕਿ ਪਰਿਵਾਰ ਨੂੰ ਉਸੇ ਦਿਨ ਤੋਂ ਗੁਰਪ੍ਰੀਤ ਦੀ ਕੋਈ ਉੱਘ-ਸੁੱਘ ਨਹੀਂ ਤੇ ਨਾ ਹੀ ਵਿਦੇਸ਼ ਦੇ ਉਸ ਦੇ ਨੰਬਰ 'ਤੇ ਸੰਪਰਕ ਹੋ ਰਿਹਾ ਹੈ। ਉਨ੍ਹਾਂ ਗੁਰਪ੍ਰੀਤ ਦੇ ਝੂਠੇ ਮੁਕਾਬਲੇ ਦਾ ਖ਼ਦਸ਼ਾ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਪੁਲਿਸ ਹਾਈ ਕੋਰਟ ਕੋਲੋਂ ਗੋਲੀ ਕਾਂਡ ਬਾਰੇ ਖਿਚਾਈ ਹੋਣ ਤੋਂ ਬੁਰੀ ਤਰਾਂ ਬੁਖਲਾਈ ਹੋਈ ਹੈ।

ਉਨ੍ਹਾਂ ਦੱਸਿਆ ਕਿ ਪੁਲਿਸ ਵੱਲੋਂ ਉਸ 'ਤੇ ਬੇਤਹਾਸ਼ਾ ਤਸ਼ੱਦਦ ਕੀਤਾ ਜਾ ਰਿਹਾ ਹੈ। ਇਸ ਬਾਰੇ ਇਕ ਐਸ.ਡੀ.ਐਮ., ਇਕ ਐਸ.ਐਸ.ਪੀ. ਤੇ ਇਕ ਡੀ.ਐਸ.ਪੀ. ਨੂੰ ਪਹਿਲਾਂ ਹੀ ਚਾਰਜਸ਼ੀਟ ਕੀਤਾ ਜਾ ਚੁੱਕਾ ਹੈ। ਹਾਈ ਕੋਰਟ ਇਸ ਮਾਮਲੇ ਦੀ ਪਿਛਲੀ ਸੁਣਵਾਈ ਮੌਕੇ ਗੋਲੀ ਕਾਂਡ ਨਾਲ ਸਬੰਧਤ ਹਥਿਆਰਾਂ ਨੂੰ ਜਾਂਚ ਲਈ ਮੁਹਾਲੀ ਸਥਿਤ ਫੋਰੈਂਸਿਕ ਲੈਬਾਰਟਰੀ ਭੇਜੇ ਜਾਣ ਦੇ ਨਿਰਦੇਸ਼ ਵੀ ਜਾਰੀ ਕਰ ਚੁੱਕਾ ਹੈ।

ਉਧਰ, ਦਲ ਖਾਲਸਾ ਨੇ ਪੰਜਾਬ ਪੁਲਿਸ ਵੱਲੋਂ ਹਥਿਆਰਾਂ ਸਮੇਤ 20 ਦੇ ਕਰੀਬ ਖਾੜਕੂਆਂ ਦੀਆਂ ਧੜਾਧੜ ਗ੍ਰਿਫਤਾਰੀਆਂ 'ਤੇ ਸਵਾਲੀਆ ਨਿਸ਼ਾਨ ਲਾਉਂਦਿਆਂ ਦੋਸ਼ ਲਾਇਆ ਹੈ ਕਿ ਇਸ ਸਾਰੀ ਕਾਰਵਾਈ ਦਾ ਮਕਸਦ ਪਿਛਲੇ ਸਾਲ ਪੁਲਿਸ ਦੀ ਗੋਲੀ ਨਾਲ ਗੁਰਦਾਸਪੁਰ ਵਿਚ ਮਾਰੇ ਗਏ ਜਸਪਾਲ ਸਿੰਘ ਦੇ ਮਾਮਲੇ ਨੂੰ ਉਲਝਾਉਣਾ ਤੇ ਦੋਸ਼ੀ ਅਧਿਕਾਰੀਆਂ ਦਾ ਬਚਾਅ ਕਰਨਾ ਹੈ। ਜਥੇਬੰਦੀ ਨੇ ਦੱਸਿਆ ਕਿ ਜਸਪਾਲ ਸਿੰਘ ਦਾ ਕੇਸ ਹੁਣ ਹਾਈ ਕੋਰਟ ਵਿਚ ਸੁਣਵਾਈ ਅਧੀਨ ਹੈ ਜਿਥੇ ਪਰਿਵਾਰ ਨੇ ਸੀ.ਬੀ.ਆਈ. ਦੀ ਪੜਤਾਲ ਦੀ ਮੰਗ ਕੀਤੀ ਹੈ। ਦਲ ਖਾਲਸਾ ਮੁਖੀ ਹਰਚਰਨਜੀਤ ਸਿੰਘ ਧਾਮੀ ਨੇ ਕਿਹਾ ਕਿ ਇੰਝ ਜਾਪਦਾ ਹੈ ਕਿ ਆਮ ਸਿੱਖ ਨੌਜਵਾਨਾਂ ਤੇ ਖਾਸ ਕਰਕੇ ਜਸਪਾਲ ਸਿੰਘ ਦੇ ਪਰਿਵਾਰ ਨੂੰ ਦਹਿਸ਼ਤਜਦਾ ਕਰਨ ਲਈ ਹੀ ਉਨਾਂ ਦੇ ਨਜ਼ਦੀਕੀ ਰਿਸ਼ਤੇਦਾਰ ਨੂੰ ਝੂਠੇ ਕੇਸ ਵਿਚ ਉਲਝਾਇਆ ਗਿਆ ਹੈ।

## 'ਪੰਜਾਬ ਸਰਕਾਰ ਨਹੀਂ ਵਿਕਾਸ ਲਈ ਗੰਭੀਰ'

**ਚੰਡੀਗੜ੍ਹ:** ਪੰਜਾਬ ਦੇ ਜ਼ਿਲ੍ਹਾ ਬਠਿੰਡਾ ਨੂੰ ਜਵਾਹਰ ਲਾਲ ਨਹਿਰੂ ਸ਼ਹਿਰੀ ਨਵਿਆਉਣ ਮਿਸ਼ਨ ਤਹਿਤ ਕੇਂਦਰ ਤੋਂ 20 ਬੱਸਾਂ ਮਿਲਣ ਦੀ ਪ੍ਰਵਾਨਗੀ ਮਿਲੀ ਹੈ। ਪੰਜਾਬ ਦੇ ਬਠਿੰਡਾ ਤੋਂ ਇਲਾਵਾ ਕਰਨਾਟਕ ਨੂੰ 2014 ਬੱਸਾਂ ਦੀ ਪ੍ਰਵਾਨਗੀ ਮਿਲੀ ਹੈ। ਸੂਤਰਾਂ ਮੁਤਾਬਕ (ਜੇ.ਐਨ.ਐਨ.ਯੂ.ਆਰ.) ਮਿਸ਼ਨ ਤਹਿਤ ਤਾਮਿਲਨਾਡੂ, ਆਂਧਰਾ ਪ੍ਰਦੇਸ਼ ਤੇ ਕਰਨਾਟਕ ਨੇ ਕੇਂਦਰ ਤੋਂ 6000 ਬੱਸਾਂ ਦੀ ਮੰਗ ਕੀਤੀ ਸੀ ਪਰ ਇਹ ਮੰਗ ਪੂਰੀ ਨਹੀਂ ਹੋ ਸਕਦੀ ਕਿਉਂਕਿ 2000 ਬੱਸਾਂ ਉੱਤਰ-ਪੂਰਬੀ ਤੇ ਪਹਾੜੀ ਇਲਾਕਿਆਂ ਲਈ ਰਾਖਵੀਆਂ ਹਨ।

ਸ਼ਹਿਰੀ ਵਿਕਾਸ ਮੰਤਰਾਲੇ ਅਨੁਸਾਰ ਪੰਜਾਬ ਸਰਕਾਰ ਵਿਕਾਸ ਪ੍ਰਤੀ ਬੜਾ ਢਿੱਲਾ ਰਵੱਈਆ ਲੈ ਕੇ ਚਲਦੀ ਹੈ। 2009 ਵਿਚ ਜਦੋਂ ਮਿਸ਼ਨ ਤਹਿਤ ਪਹਿਲੀ ਵਾਰ ਰਾਜਾਂ ਦੇ ਸ਼ਹਿਰਾਂ ਨੂੰ ਬੱਸਾਂ ਦੀ ਵੰਡ ਕੀਤੀ ਗਈ ਤਾਂ ਲੁਧਿਆਣਾ ਤੇ ਅੰਮ੍ਰਿਤਸਰ ਨੂੰ ਤਕਰੀਬਨ 100-100 ਬੱਸਾਂ ਦੀ ਪ੍ਰਵਾਨਗੀ ਮਿਲੀ ਸੀ ਪਰ ਇਸ ਵਿਚੋਂ ਸਿਰਫ 40 ਬੱਸਾਂ ਲੁਧਿਆਣਾ ਵਾਸਤੇ ਹੀ ਲਈਆਂ ਗਈਆਂ। ਸੂਤਰਾਂ ਮੁਤਾਬਕ ਸੱਤਾਧਾਰੀ ਅਕਾਲੀ ਦਲ ਤੇ ਅੰਮ੍ਰਿਤਸਰ ਤੋਂ ਭਾਜਪਾ ਦੇ ਜੇਤੂ ਉਮੀਦਵਾਰ ਨਵਜੋਤ ਸਿੰਘ ਸਿੱਧੂ ਵਿਚਕਾਰ ਚੱਲ ਰਹੀ ਖਿੱਚੋਤਾਣ ਕਾਰਨ ਵਿਕਾਸ ਦੇ ਅਜਿਹੇ ਕਈ ਮਸਲੇ ਅਧੂਰੇ ਹੀ ਪਏ ਹਨ।

ਜਵਾਹਰ ਲਾਲ ਨਹਿਰੂ ਸ਼ਹਿਰੀ ਨਵਿਆਉਣ ਮਿਸ਼ਨ ਦੀ ਸਥਾਪਨਾ ਦਸੰਬਰ 2005 ਵਿਚ ਸ਼ਹਿਰਾਂ ਵਿਚ ਬੁਨਿਆਦੀ ਢਾਂਚਾ ਤੇ ਜੀਵਨ ਪੱਧਰ ਨੂੰ ਉੱਚਾ ਕਰਨ ਲਈ ਕੀਤੀ ਗਈ ਸੀ। ਇਸ ਮਿਸ਼ਨ ਤਹਿਤ ਕੇਂਦਰ ਤੇ ਰਾਜ ਸਰਕਾਰਾਂ ਮਿਲ ਕੇ ਸ਼ਹਿਰਾਂ ਦੇ ਵਿਕਾਸ ਦੀਆਂ ਨੀਤੀਆਂ ਲਈ ਰਾਸ਼ੀ ਮੁਹੱਈਆ ਕਰਦੀਆਂ ਹਨ। ਇਸ ਵਿਚ ਕੇਂਦਰ ਦੀ ਹਿੱਸੇਦਾਰੀ 35 ਫੀਸਦੀ ਤੋਂ ਲੈ ਕੇ 90 ਫੀਸਦੀ ਤੱਕ ਹੁੰਦੀ ਹੈ। ਜ਼ਿਆਦਾਤਰ ਸ਼ਹਿਰਾਂ ਨੂੰ ਲਾਗਤ ਦਾ 50 ਤੋਂ 80 ਫੀਸਦੀ ਕੇਂਦਰ ਤੋਂ ਮਿਲਦਾ ਹੈ।

# ਪੰਜਾਬ ਦੇ ਜੱਟਾਂ ਲਈ ਰਾਖਵੇਂਕਰਨ ਤੋਂ ਇਨਕਾਰ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਲੋਕ ਸਭਾ ਚੋਣਾਂ ਦੌਰਾਨ ਉੱਤਰੀ ਭਾਰਤ ਦੇ ਜਾਟਾਂ ਦੀਆਂ ਵੋਟਾਂ ਉੱਪਰ ਘੋਖ ਰੱਖਦਿਆਂ ਜਾਟਾਂ ਨੂੰ ਪਛੜੇ ਵਰਗਾਂ ਵਿਚ ਸ਼ਾਮਲ ਕਰਨ ਤੇ 27 ਫੀਸਦੀ ਰਾਖਵੇ ਕਰਨ ਦੀ ਸਹੂਲਤ ਦੇਣ ਦੀ ਕਵਾਇਦ ਸ਼ੁਰੂ ਕਰ ਦਿੱਤੀ ਹੈ ਪਰ ਗੁਆਂਢੀ ਰਾਜਾਂ ਦੇ ਜਾਟਾਂ ਵਰਗੀ ਸਮਾਜਿਕ, ਆਰਥਿਕ ਹਾਲਾਤ ਵਾਲੇ ਜੱਟ ਸਿੱਖਾਂ ਨੂੰ ਪਛੜੇ ਵਰਗਾਂ ਵਿਚ ਸ਼ਾਮਲ ਕਰਨ ਤੋਂ ਇਨਕਾਰ ਕੀਤਾ ਜਾ ਰਿਹਾ ਹੈ।

ਮਿਲੀ ਜਾਣਕਾਰੀ ਅਨੁਸਾਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਰਾਜਸਥਾਨ, ਹਰਿਆਣਾ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਦਿੱਲੀ ਤੇ ਹਿਮਾਚਲ ਪ੍ਰਦੇਸ਼ ਦੇ ਜਾਟਾਂ ਨੂੰ ਪਛੜੇ ਵਰਗਾਂ ਵਿਚ ਸ਼ਾਮਲ ਕਰਨ ਬਾਰੇ 31 ਅਗਸਤ ਨੂੰ ਮੰਤਰੀਆਂ ਦਾ ਗਰੁੱਪ ਬਣਾਏ ਜਾਣ ਦਾ ਫੈਸਲਾ ਕੀਤਾ ਸੀ। ਇਸ ਗਰੁੱਪ ਵਿਚ ਕੇਂਦਰੀ ਮੰਤਰੀ ਪੀ. ਚਿਦੰਬਰਮ, ਸੁਸ਼ੀਲ ਸ਼ਿੰਦੇ, ਕੁਮਾਰੀ ਸ਼ੈਲਜਾ ਤੇ ਨਰਾਇਣ ਸਵਾਮੀ ਸ਼ਾਮਲ ਹਨ। ਇਸ ਗਰੁੱਪ ਨੂੰ ਉਕਤ ਰਾਜਾਂ ਦੇ ਜਾਟਾਂ ਨੂੰ ਪਛੜੇ ਵਰਗਾਂ ਵਿਚ ਸ਼ਾਮਲ ਕਰਨ ਬਾਰੇ ਸਿਫਾਰਸ਼ਾਂ ਦੇਣ ਲਈ ਕਿਹਾ ਗਿਆ ਹੈ।



ਸੂਤਰਾਂ ਦਾ ਕਹਿਣਾ ਹੈ ਕਿ ਮੰਤਰੀ ਗਰੁੱਪ ਸਮੂਹ ਵੱਲੋਂ ਜਲਦੀ ਹੀ ਜਾਟਾਂ ਨੂੰ ਪਛੜੇ ਵਰਗਾਂ ਵਿਚ ਸ਼ਾਮਲ ਕਰਨ ਬਾਰੇ ਸਿਫਾਰਸ਼ ਕੀਤੇ ਜਾਣ ਦੀ ਸੰਭਾਵਨਾ ਹੈ ਤੇ ਫਿਰ ਇਸ ਨੂੰ ਕੇਂਦਰੀ ਮੰਤਰੀ ਮੰਡਲ ਸਾਹਮਣੇ ਪ੍ਰਵਾਨਗੀ ਲਈ ਰੱਖਿਆ ਜਾਵੇਗਾ। ਕਿਸੇ ਵੀ ਸੂਬੇ ਵਿਚ ਵਸਣ ਵਾਲੇ ਜੱਟ ਸਿੱਖ ਨੂੰ ਪਛੜੇ ਵਰਗਾਂ ਵਾਲੀ ਸਹੂਲਤ ਨਹੀਂ ਮਿਲੇਗੀ। ਇਹ ਤੱਥ ਕਿਸੇ ਤੋਂ ਛੁਪਿਆ ਨਹੀਂ ਕਿ ਪੰਜਾਬ ਦੇ ਜੱਟ ਕਿਸਾਨ ਦੀ ਆਰਥਿਕ ਹਾਲਤ ਬੇਹੱਦ ਮੰਦੀ ਹੈ। ਪਰਿਵਾਰਾਂ ਵਿਚ ਵੰਡ ਕਾਰਨ ਜ਼ਮੀਨ ਮਾਲਕੀ ਘਟ ਰਹੀ ਹੈ।

ਸਹਾਇਕ ਧੰਦੇ ਵੀ ਕਿਸਾਨਾਂ ਦੀ ਬਿਹਤਰੀ ਦਾ ਸਾਧਨ ਨਹੀਂ ਬਣ ਰਹੇ। ਪੰਜਾਬ ਅੰਦਰ ਬੇਰੁਜ਼ਗਾਰਾਂ ਦੀ ਫੌਜ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਕਰਜ਼ੇ ਦੇ ਲਗਾਤਾਰ ਵਧ ਰਹੇ ਬੋਝ ਕਾਰਨ ਕਿਸਾਨ ਖੁਦਕੁਸ਼ੀਆਂ ਦੇ ਰਾਹ ਪਏ ਹੋਏ ਹਨ। ਅਜਿਹੀ ਹਾਲਤ ਵਿਚ ਪੰਜਾਬ ਦੇ ਸਿੱਖ ਕਿਸਾਨਾਂ ਦੀ ਆਰਥਿਕ ਮੰਦਹਾਲੀ ਨੂੰ ਅੱਖੋਂ ਓਹਲੇ ਕਰਨਾ ਬੇਹੱਦ ਅਫਸੋਸਜਨਕ ਹੈ।

ਅਕਾਲੀ ਦਲ ਦੇ ਸੀਨੀਅਰ ਆਗੂ ਬਲਵੰਤ ਸਿੰਘ ਰਾਮੂਵਾਲੀਆ ਇਸ ਮੁੱਦੇ ਨੂੰ ਕਈ ਮੰਚਾਂ ਤੋਂ ਉਠਾ ਚੁੱਕੇ ਹਨ ਤੇ ਉਨ੍ਹਾਂ ਦਾ ਕਹਿਣਾ ਹੈ ਕਿ ਗੁਆਂਢੀ ਰਾਜਾਂ ਦੇ ਕਿਸਾਨਾਂ ਨੂੰ ਪਛੜੇ ਵਰਗਾਂ ਵਿਚ ਸ਼ਾਮਲ ਕਰਨਾ ਤੇ ਪੰਜਾਬ ਦੇ ਕਿਸਾਨਾਂ ਨੂੰ ਛੱਡ ਦੇਣਾ ਕਾਂਗਰਸ ਦਾ ਇਕ ਹੋਰ ਧੱਕਾ ਹੈ। ਜਾਟਾਂ ਨੂੰ ਪਛੜੇ ਵਰਗਾਂ ਵਿਚ ਸ਼ਾਮਿਲ ਕਰਨ ਨਾਲ ਨਾ ਸਿਰਫ ਸਰਕਾਰੀ ਨੌਕਰੀਆਂ ਵਿਚ 27 ਫੀਸਦੀ ਕੋਟੇ ਦੇ ਭਾਗੀਦਾਰ ਬਣ ਜਾਣਗੇ ਸਗੋਂ ਵਿੱਦਿਅਕ ਸੰਸਥਾਵਾਂ ਵਿਚ ਦਾਖ਼ਲੇ ਲਈ ਵੀ ਕੋਟਾ ਮਿਲ ਸਕੇਗਾ।

# ਸਾਬਕਾ ਡੀ.ਐਸ.ਪੀ. ਨੂੰ 35 ਸਾਲ ਕੈਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਇਕ ਇਤਿਹਾਸਕ ਫੈਸਲਾ ਸੁਣਾਉਂਦਿਆਂ ਪੰਜਾਬ ਵਿਚ 1991 ਵਿਚ ਖਾੜਕੂਵਾਦ ਦੌਰਾਨ ਇਕ ਪਰਿਵਾਰ ਦੇ ਸੱਤ ਜੀਆਂ ਨੂੰ ਅਗਵਾ ਕਰਨ ਦੇ ਦੋਸ਼ ਵਿਚ ਪੰਜਾਬ ਪੁਲਿਸ ਦੇ ਸਾਬਕਾ ਡੀ.ਐਸ.ਪੀ. ਬਲਦੇਵ ਸਿੰਘ ਤੇ ਸਿਪਾਹੀ ਬਲਵਿੰਦਰ ਸਿੰਘ ਨੂੰ 35 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਹਾਲਾਂਕਿ ਇਸ ਮਾਮਲੇ ਵਿਚ ਅਦਾਲਤ ਨੇ ਉਨ੍ਹਾਂ ਨੂੰ ਸੱਤ ਜੀਆਂ ਨੂੰ ਮਾਰਨ ਦੇ ਦੋਸ਼ ਵਿਚ ਬਰੀ ਕਰ ਦਿੱਤਾ।

ਜਸਟਿਸ ਗਿਆਨਸੁਧਾ ਤੇ ਜਸਟਿਸ ਏ.ਕੇ. ਪਟਨਾਇਕ ਦੇ ਬੈਂਚ ਨੇ ਹਰੇਕ ਅਗਵਾ ਕੀਤੇ ਵਿਅਕਤੀ ਲਈ ਦੋਸ਼ੀਆਂ ਨੂੰ 5-5 ਸਾਲ ਦੀ ਸਜ਼ਾ ਸੁਣਾਈ ਜੋ 35 ਸਾਲ ਬਣਦੀ ਹੈ। ਇਸ ਤੋਂ ਇਲਾਵਾ ਬੈਂਚ ਨੇ ਦੋਵੇਂ ਦੋਸ਼ੀਆਂ 'ਤੇ 31,000 ਦਾ ਜੁਰਮਾਨਾ ਵੀ ਲਾਇਆ। ਜ਼ਿਕਰਯੋਗ ਹੈ ਕਿ ਹੇਠਲੀ ਅਦਾਲਤ ਨੇ ਦੋਵਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ ਜਦਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਦੋਸ਼ੀਆਂ ਦੀ ਅਪੀਲਾਂ ਰੱਦ ਕਰ ਦਿੱਤੀਆਂ ਸਨ ਜਿਸ ਕਾਰਨ ਉਨ੍ਹਾਂ ਨੇ ਸੁਪਰੀਮ ਕੋਰਟ ਵਿਚ ਅਰਜ਼ੀ ਦਾਇਰ ਕਰਵਾਈ ਸੀ।

ਡੀ.ਐਸ.ਪੀ. ਤੇ ਸਿਪਾਹੀ 'ਤੇ ਦੋਸ਼ ਹਨ ਕਿ ਇਨ੍ਹਾਂ ਨੇ ਖਾੜਕੂਵਾਦ ਦੌਰਾਨ ਸ਼ਿਕਾਇਤਕਰਤਾ ਇੰਦਰ ਸਿੰਘ ਦੇ ਪਿਤਾ ਸਾਧੂ ਸਿੰਘ, ਪੁੱਤਰ ਹਰਦੇਵ ਸਿੰਘ, ਭਰਾਵਾਂ ਗੁਰਦੀਪ ਸਿੰਘ, ਅਮਰਜੀਤ ਸਿੰਘ ਤੇ ਉਨ੍ਹਾਂ ਦੇ ਪੁੱਤਰਾਂ ਸ਼ਰਨਜੀਤ ਸਿੰਘ, ਦਵਿੰਦਰ ਸਿੰਘ ਤੇ ਸੁਖਦੇਵ ਸਿੰਘ ਨੂੰ ਅਗਵਾ ਕੀਤਾ ਸੀ ਜਿਨ੍ਹਾਂ ਬਾਰੇ ਬਾਅਦ ਵਿਚ ਕੁਝ ਪਤਾ ਨਹੀਂ ਲੱਗਾ।

**ਪਰਿਵਾਰ ਦੇ ਸੱਤ ਜੀਆਂ ਨੂੰ ਅ ਗਵਾ ਕਰਨ ਦੇ ਸਨ ਦੋਸ਼**

**ਸੱਤ ਜੀਆਂ ਨੂੰ ਮਾਰਨ ਦੇ ਦੋਸ਼ ਵਿਚ ਬਰੀ**



ਅਦਾਲਤ ਨੇ ਕਿਹਾ ਕਿ ਸਬੂਤਾਂ ਦੇ ਅਧਾਰ 'ਤੇ ਇਹ ਪਤਾ ਨਹੀਂ ਲੱਗਦਾ ਕਿ ਉਕਤ ਸੱਤ ਵਿਅਕਤੀਆਂ ਨੂੰ ਆਖਰੀ ਵਾਰ ਦੋਸ਼ੀਆਂ ਦੀ ਹਿਰਾਸਤ ਵਿਚ ਵੇਖਿਆ ਗਿਆ।

ਗਵਾਹਾਂ ਅਨੁਸਾਰ ਅਗਵਾ ਕਰਨ ਤੋਂ ਇਕ ਦਿਨ ਬਾਅਦ ਇਹ ਸੱਤ ਜਾਣੇ ਲਾਪਤਾ ਨਹੀਂ ਹੋਏ ਬਲਕਿ ਇਨ੍ਹਾਂ ਨੂੰ ਪੰਜਾਬ ਦੇ ਵੱਖ-ਵੱਖ ਥਾਣਿਆਂ ਵਿਚ ਵੇਖਿਆ ਗਿਆ ਜਿਨ੍ਹਾਂ ਵਿਚ ਇਕ ਨੂੰ ਅੰਮਿਤਸਰ ਵਿਚ ਪੁਲਿਸ ਦੀ ਜਿਪਸੀ ਵਿਚ ਵੇਖਿਆ ਗਿਆ ਸੀ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਉਕਤ ਸੱਤ ਵਿਅਕਤੀਆਂ ਨਾਲ ਜੋ ਵੀ ਹੋਇਆ, ਉਹ ਇਕਦਮ ਨਹੀਂ ਬਲਕਿ ਬਾਅਦ ਵਿਚ ਹੋਇਆ। ਇਸ ਮਾਮਲੇ ਵਿਚ ਅਦਾਲਤ ਨੇ ਸੱਤ ਹੋਰਾਂ ਨੂੰ ਬਰੀ ਕਰ ਦਿੱਤਾ।

ਇਸ ਮਾਮਲੇ ਵਿਚ ਪੰਜਾਬ ਪੁਲਿਸ ਦੇ ਆਈ.ਜੀ. ਦੇ ਆਰਡਰ ਤੋਂ ਬਾਅਦ ਐਫ.ਆਈ.ਆਰ. ਦਰਜ ਕੀਤੀ ਗਈ ਸੀ। ਇਸ ਮਾਮਲੇ ਵਿਚ ਅਦਾਲਤ ਨੇ ਦੋਵਾਂ ਦੋਸ਼ੀਆਂ ਦੇ ਵਕੀਲ ਦੀ ਉਸ ਦਲੀਲ ਨੂੰ ਵੀ ਖਾਰਜ ਕਰ ਦਿੱਤਾ ਜਿਸ ਵਿਚ ਕਿਹਾ ਗਿਆ ਸੀ ਕਿ ਇਸ ਮਾਮਲੇ ਵਿਚ ਐਫ.ਆਈ.ਆਰ. ਦੋ ਮਹੀਨੇ ਤੇ 21 ਦਿਨਾਂ ਦੇ ਬਾਅਦ ਦਰਜ ਕੀਤੀ ਗਈ ਸੀ।

## ਹਾਈਕੋਰਟ ਵੱਲੋਂ ਜੈਨ ਦੀ ਚੇਅਰਮੈਨੀ ਬਾਰੇ ਫੈਸਲਾ ਰਾਖਵਾਂ

**ਚੰਡੀਗੜ੍ਹ:** ਹਾਈ ਕੋਰਟ ਵੱਲੋਂ ਪੰਜਾਬ ਰਾਜ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਚੇਅਰਮੈਨ ਤੇ ਮੋਗਾ ਤੋਂ ਅਕਾਲੀ ਵਿਧਾਇਕ ਜੋਗਿੰਦਰ ਪਾਲ ਜੈਨ ਦੀ ਨਿਯੁਕਤੀ ਨੂੰ ਚੁਣੌਤੀ ਵਾਲੇ ਮਾਮਲੇ ਵਿਚ ਫ਼ੈਸਲਾ ਰਾਖਵਾਂ ਰੱਖ ਲਿਆ ਗਿਆ ਹੈ। ਇਸ ਦੇ ਨਾਲ ਹੀ ਜੈਨ ਦੀ ਨਿਯੁਕਤੀ ਨੂੰ ਨਾਜਾਇਜ਼ ਦੱਸਦਿਆਂ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਚੁਣੌਤੀ ਦੇਣ ਵਾਲੇ ਐਡਵੋਕੇਟ ਤੇ ਪਟੀਸ਼ਨਰ ਐਚ.ਸੀ. ਅਰੋੜਾ ਨੇ ਹਾਈ ਕੋਰਟ ਕੋਲ ਬੇਨਤੀ ਕੀਤੀ ਕਿ ਜੋਗਿੰਦਰਪਾਲ ਜੈਨ ਖ਼ਿਲਾਫ਼ 'ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਐਕਟ, 1955' ਦੀ ਧਾਰਾ 2 (ਆਈ), 3,5, 21 ਤੇ 36 ਅਧੀਨ ਚੱਲ ਰਹੇ ਕੇਸ ਦੀ ਸੁਣਵਾਈ ਵਿਚ ਤੇਜ਼ੀ ਵਰਤਣ ਲਈ ਫ਼ਰੀਦਕੋਟ ਦੇ ਚੀਫ਼ ਜੁਡੀਸ਼ੀਅਲ ਮਜਿਸਟਰੇਟ ਨੂੰ ਨਿਰਦੇਸ਼ ਦਿੱਤੇ ਜਾਣ। ਉਨ੍ਹਾਂ ਕਿਹਾ ਕਿ ਉਕਤ ਕੇਸ ਵਿਚ ਜੈਨ ਖ਼ਿਲਾਫ਼ ਦੋਸ਼ ਵੀ ਆਇਦ ਕੀਤੇ ਜਾ ਚੁੱਕੇ ਹਨ ਤੇ ਇਸ ਦੇ ਬਾਵਜੂਦ ਉਹ ਪੰਜਾਬ ਰਾਜ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਚੇਅਰਮੈਨ ਜਿਹੇ ਵਕਾਰੀ ਤੇ ਜਨਤਕ ਅਹੁਦੇ 'ਤੇ ਬਿਰਾਜਮਾਨ ਹੈ।

ਹਾਈ ਕੋਰਟ ਦੇ ਚੀਫ਼ ਜਸਟਿਸ ਸੰਜੇ ਕਿਸ਼ਨ ਕੌਲ ਤੇ ਜਸਟਿਸ ਏ.ਜੀ ਮਸੀਹ ਦੇ ਡਿਵੀਜ਼ਨ ਬੈਂਚ ਨੇ ਇਸ ਕੇਸ (ਚੁਣੌਤੀ ਪਟੀਸ਼ਨ) ਦੀ ਸੁਣਵਾਈ ਦੌਰਾਨ ਸੰਖੇਪ ਫੈਸਲੇ ਰਾਹੀਂ ਸਪੱਸ਼ਟ ਕੀਤਾ ਕਿ ਇਸ ਮਾਮਲੇ ਦੇ ਰਿਕਾਰਡ ਦੀ ਛਾਣਬੀਣ ਕੀਤੀ ਗਈ ਹੈ ਤੇ ਇਸ 'ਤੇ ਫ਼ੈਸਲਾ ਰਾਖਵਾਂ ਰੱਖਿਆ ਜਾਂਦਾ ਹੈ। ਨਾਲ ਹੀ ਕਿਹਾ ਗਿਆ ਕਿ ਇਸ ਨਾਲ ਸਬੰਧਤ ਰਿਕਾਰਡ ਫੈਸਲੇ ਤੱਕ ਹਾਈ ਕੋਰਟ ਕੋਲ ਹੀ ਰਹੇਗਾ। ਸਰਕਾਰ ਵੱਲੋਂ ਪੇਸ਼ ਹੋਏ ਐਡਵੋਕੇਟ ਜਨਰਲ ਅਸ਼ੋਕ ਅਗਰਵਾਲ ਵੱਲੋਂ ਕੋਈ ਨਵੀਂ ਬਹਿਸ ਨਹੀਂ ਕੀਤੀ ਗਈ। ਸੁਣਵਾਈ ਮੌਕੇ ਜੋਗਿੰਦਰਪਾਲ ਜੈਨ ਅਦਾਲਤ ਵਿਚ ਹਾਜ਼ਰ ਰਹੇ। ਜੈਨ ਨੂੰ ਕੁਝ ਸਮਾਂ ਪਹਿਲਾਂ ਹੀ ਕਾਂਗਰਸ ਤੋਂ ਅਕਾਲੀ ਦਲ ਵਿਚ ਸ਼ਾਮਲ ਕਰਕੇ ਮੁੜ ਮੋਗਾ ਵਿਧਾਨ ਸਭਾ ਹਲਕੇ ਤੋਂ ਹੀ ਚੋਣ ਲੜਾ ਕੇ ਵਿਧਾਇਕ ਬਣਾਇਆ ਗਿਆ ਸੀ।

# ਮਨਪ੍ਰੀਤ ਸਿੰਘ ਬਾਦਲ ਨੇ ਮਾਰੀ ਨਵਜੋਤ ਸਿੱਧੂ ਨੂੰ ਹਾਕ

**ਸਮਾਣਾ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਵੱਲੋਂ ਭਾਜਪਾ ਆਗੂ ਨਵਜੋਤ ਸਿੰਘ ਸਿੱਧੂ ਨੂੰ ਪੀ.ਪੀ.ਪੀ. ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਅਕਾਲੀ-ਭਾਜਪਾ ਸਰਕਾਰ ਵਿਚ ਸੱਚ ਬੋਲਣ ਵਾਲਿਆਂ ਲਈ ਕੋਈ ਥਾਂ ਨਹੀਂ ਹੈ। ਪਹਿਲਾਂ ਪਾਰਟੀ ਵਿਚ ਸੱਚ ਬੋਲਣ ਦੀ ਕੀਮਤ ਉਨ੍ਹਾਂ ਨੂੰ ਚੁਕਾਉਣੀ ਪਈ ਸੀ ਤੇ ਹੁਣ ਨਵਜੋਤ ਸਿੱਧੂ ਚੁਕਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ. ਸਿੱਧੂ ਨੂੰ ਝੂਠੀ ਸਰਕਾਰ ਦਾ ਸਾਥ ਛੱਡ ਕੇ ਪੀ.ਪੀ.ਪੀ. ਨਾਲ ਰਲ ਜਾਣਾ ਚਾਹੀਦਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਦਿਵਾਲਾ ਨਿਕਲਣ ਦੀ ਕਗਾਰ 'ਤੇ ਪੰਹੁਚ ਗਈ ਹੈ



ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਹੁਣ ਅਕਾਲੀ-ਭਾਜਪਾ ਸਰਕਾਰ ਦੀਆਂ ਨੀਤੀਆਂ ਤੋਂ ਤੰਗ ਆ ਚੁੱਕੇ ਹਨ। ਇਸ ਰਾਜ ਵਿਚ ਲੋਕਾਂ ਨੂੰ ਜ਼ਰੂਰੀ ਸਹੂਲਤਾ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਆਰਥਿਕ ਨੀਤੀਆਂ ਦੀ ਗੱਲ ਕਰਦਿਆਂ ਸ. ਬਾਦਲ ਨੇ ਕਿਹਾ ਕਿ ਪੰਜਾਬ ਦੀ ਆਰਥਿਕ ਸਥਿਤੀ ਬਹੁਤ ਨਾਜ਼ੁਕ ਹੋ ਚੁੱਕੀ ਹੈ। ਵਪਾਰੀ ਵਰਗ ਬਿਜਲੀ ਦੇ ਬਿੱਲ ਭਰਨ ਤੋਂ ਇਲਾਵਾ ਸਰਕਾਰ ਦੇ ਰਵੱਈਏ ਤੋਂ ਬਹੁਤ ਪ੍ਰੇਸ਼ਾਨ ਹੈ। ਸਰਕਾਰ ਕੋਲ ਮੁਲਾਜ਼ਮਾਂ ਨੂੰ ਤਨਖਾਹ ਦੇਣ ਲਈ ਪੈਸੇ ਨਹੀਂ ਹਨ ਤੇ ਸਰਕਾਰੀ ਜ਼ਮੀਨਾਂ ਵੇਚ ਕੇ ਗੁਜ਼ਾਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਦਾ ਵਿਕਾਸ ਕਰਨਾ ਹੈ ਤਾਂ ਸੋਚ ਬਦਲਣੀ ਪਵੇਗੀ। ਉਨ੍ਹਾਂ ਦੋਸ਼ ਲਾਇਆ ਕਿ ਪੰਚਾਇਤ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿਚ ਪਹਿਲਾਂ ਸੂਬਾ ਸਰਕਾਰ ਨੇ ਵਿਰੋਧੀ ਉਮੀਦਵਾਰਾਂ ਦੇ ਕਾਗਜ਼ ਰੱਦ ਕਰਵਾਏ ਤੇ ਧੱਕੇ ਨਾਲ ਚੋਣਾਂ ਵਿਚ ਜਿੱਤ ਪ੍ਰਾਪਤ ਕੀਤੀ। ਇਸ ਦੇ ਬਾਵਜੂਦ ਕਈ ਥਾਵਾਂ 'ਤੇ ਵਿਰੋਧੀ ਧਿਰ ਦੇ ਉਮੀਦਵਾਰਾਂ ਨੇ ਜਿੱਤ ਪ੍ਰਾਪਤ ਕੀਤੀ। ਮੌਜੂਦਾ ਸਰਕਾਰ ਦੇ ਰਾਜ ਵਿਚ ਹਰ ਕਿਸੇ ਨੂੰ ਇਨਸਾਫ ਲੈਣ ਲਈ ਸੜਕਾਂ 'ਤੇ ਧਰਨੇ ਲਾਉਣੇ ਪੈ ਰਹੇ ਹਨ।

# ਕਲਕੱਤਾ ਨੂੰ ਅਕਾਲੀ ਦਲ (ਅ) ਵੱਲੋਂ ਸੱਦਾ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਵੱਖ-ਵੱਖ ਸਿੱਖ ਜਥੇਬੰਦੀਆਂ ਨਾਲ ਏਕਤਾ ਕਰਨ ਦੀ ਚੱਲ ਰਹੀ ਮੁਹਿੰਮ ਤਹਿਤ ਇਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸਕੱਤਰ ਮਨਜੀਤ ਸਿੰਘ ਕਲਕੱਤਾ ਨੂੰ ਪਾਰਟੀ ਵਿਚ ਸ਼ਾਮਲ ਕਰਨ ਦਾ ਮੁੜ ਯਤਨ ਕੀਤਾ ਗਿਆ ਹੈ। ਫਿਲਹਾਲ ਸ. ਕਲਕੱਤਾ ਨੇ ਇਸ ਬਾਰੇ ਕੋਈ ਹਾਮੀ ਨਹੀਂ ਭਰੀ। ਜਥੇਬੰਦੀ ਦੇ ਸਕੱਤਰ ਜਨਰਲ ਜਸਵੰਤ ਸਿੰਘ ਮਾਨ ਨੇ ਸ. ਕਲਕੱਤਾ ਨਾਲ ਮੁਲਾਕਾਤ ਕੀਤੀ।

ਮੁਲਾਕਾਤ ਮਗਰੋਂ ਸ. ਮਾਨ ਨੇ ਦਾਅਵਾ ਕੀਤਾ ਕਿ ਸ. ਕਲਕੱਤਾ ਨੂੰ ਜਥੇਬੰਦੀ ਵਿਚ ਪ੍ਰਮੁੱਖ ਸਲਾਹਕਾਰ ਦਾ ਅਹੁਦਾ ਦਿੱਤਾ ਗਿਆ ਹੈ ਤੇ ਉਹ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਜਥੇਬੰਦੀ ਵੱਲੋਂ ਹੋਰ ਅਕਾਲੀ ਦਲਾਂ ਨਾਲ ਏਕਤਾ ਲਈ ਯਤਨ ਜਾਰੀ ਹਨ ਤੇ ਜਲਦੀ ਹੀ ਸਾਰਥਿਕ ਸਿੱਟੇ ਸਾਹਮਣੇ ਆਉਣਗੇ। ਉਨ੍ਹਾਂ ਦਾਅਵਾ ਕੀਤਾ ਕਿ ਆਉਂਦੀਆਂ ਲੋਕ ਸਭਾ ਚੋਣਾਂ ਵਿਚ ਸਮੂਹ ਅਕਾਲੀ ਦਲ ਇਕ ਮੰਚ ਤੋਂ ਇਕੱਠੇ ਹੋ ਕੇ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਖ਼ਿਲਾਫ਼ ਆਪਣਾ ਸਾਂਝਾ ਉਮੀਦਵਾਰ ਖੜ੍ਹਾ ਕਰਨਗੇ।



ਸ. ਕਲਕੱਤਾ ਨੇ ਪੁਸ਼ਟੀ ਕੀਤੀ ਕਿ ਸ੍ਰੀ ਜਸਵੰਤ ਸਿੰਘ ਮਾਨ ਨਾਲ ਉਨ੍ਹਾਂ ਦੀ ਮੁਲਾਕਾਤ ਹੋਈ ਹੈ। ਉਨ੍ਹਾਂ ਕਿਹਾ ਕਿ ਸ. ਮਾਨ ਨੇ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਿਚ ਸ਼ਾਮਲ ਹੋਣ ਤੇ ਜਥੇਬੰਦੀ ਦੇ ਪ੍ਰਮੁੱਖ ਸਲਾਹਕਾਰ ਦਾ ਅਹੁਦਾ ਲੈਣ ਦੀ ਪੇਸ਼ਕਸ਼ ਕੀਤੀ ਹੈ। ਫਿਲਹਾਲ ਉਨ੍ਹਾਂ ਨੇ ਇਸ ਬਾਰੇ ਹਾਮੀ ਨਹੀਂ ਭਰੀ। ਉਨ੍ਹਾਂ ਆਖਿਆ ਕਿ ਜਦੋਂ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਇਸ ਬਾਰੇ ਲਿਖਤੀ ਰੂਪ ਵਿਚ ਕੋਈ ਪੇਸ਼ਕਸ਼ ਆਵੇਗੀ ਤਾਂ ਉਹ ਇਸ ਬਾਰੇ ਵਿਚਾਰ ਕਰਨਗੇ।

ਉਨ੍ਹਾਂ ਆਖਿਆ ਕਿ ਉਹ ਇਸ ਵੇਲੇ ਕਈ ਜਥੇਬੰਦੀਆਂ ਦੇ ਸਲਾਹਕਾਰ ਵਜੋਂ ਕੰਮ ਕਰ ਰਹੇ ਹਨ ਤੇ ਆਪਣੀਆਂ ਸੇਵਾਵਾਂ ਲੋੜ ਮੁਤਾਬਕ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੂੰ ਵੀ ਭੇਟ ਕਰ ਸਕਦੇ ਹਨ ਪਰ ਉਹ ਕਿਸੇ ਵੀ ਤਰ੍ਹਾਂ ਦਾ ਅਹੁਦਾ ਲੈਣ ਦੇ ਹੱਕ ਵਿਚ ਨਹੀਂ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਇਸ ਵਰ੍ਹੇ ਮਈ ਵਿਚ ਸ. ਕਲਕੱਤਾ ਨੂੰ ਪਾਰਟੀ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਸੀ ਪਰ ਖ਼ਾਲਿਸਤਾਨ ਦੇ ਮੁੱਦੇ ਨਾਲ ਸ. ਕਲਕੱਤਾ ਦੀ ਸਹਿਮਤੀ ਨਾ ਹੋਣ ਕਾਰਨ ਇਹ ਮਾਮਲਾ ਸਿਰੇ ਨਹੀਂ ਚੜ੍ਹ ਸਕਿਆ ਸੀ।

# ਇੰਗਲੈਂਡ ਵਿਚ ਪੰਜਾਬਣ ਦਾ ਕਤਲ

**ਨਵਾਂ ਸ਼ਹਿਰ:** ਵਿਆਹ ਕਰਵਾ ਕੇ ਇੰਗਲੈਂਡ ਗਈ ਵਰਖਾ (ਪੁੱਤਰੀ ਸੁਰਜੀਤ ਸਿੰਘ ਵਾਸੀ ਸ਼ਹੀਦ ਊਧਮ ਸਿੰਘ ਨਗਰ) ਦਾ ਸਹੁਰੇ ਪਰਿਵਾਰ ਵੱਲੋਂ ਕਤਲ ਕਰ ਦਿੱਤਾ ਗਿਆ। ਉਸ ਦੇ ਭਰਾ ਸੁਰਿੰਦਰ ਸੋਨੀ ਮੁਤਾਬਕ ਵਰਖਾ ਦਾ ਵਿਆਹ 28 ਮਾਰਚ, 2013 ਨੂੰ ਬਰਤਾਨੀਆ ਦੇ ਮਿਡਲੈਂਡ ਖੇਤਰ ਵਿਚ ਪੈਂਦੇ ਸ਼ਹਿਰ ਵਾਲਸਲ ਵਿਕਟਰੇ ਲੇਨ ਦੇ ਜਸਵੀਰ ਰਾਮ ਗੀਢੇ (ਪੁੱਤਰ ਪੱਪੂ ਰਾਮ ਗੀਢੇ) ਨਾਲ ਨਵਾਂ ਸ਼ਹਿਰ ਵਿਚ ਕੀਤਾ ਸੀ।

ਵਰਖਾ ਦੇ ਸਹੁਰੇ ਪਰਿਵਾਰ ਦਾ ਪਿਛੋਕੜ ਪਿੰਡ ਭੁੱਲਾਂਰਾਈ (ਫਗਵਾੜਾ) ਹੈ। ਵਰਖਾ 10 ਅਗਸਤ, 2013 ਨੂੰ ਭਾਰਤ ਤੋਂ ਆਪਣੇ ਪਤੀ ਕੋਲ ਇੰਗਲੈਂਡ ਗਈ ਸੀ। 13 ਸਤੰਬਰ ਨੂੰ ਇੰਗਲੈਂਡ ਤੋਂ ਫੋਨ ਆਇਆ ਕਿ ਲੜਕੀ 500 ਪੌਂਡ, ਇਕ ਕੱਪੜਿਆਂ ਦਾ ਅਟੈਚੀ ਲੈ ਕੇ ਕਿਧਰੇ ਚਲੀ ਗਈ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਆਪਣੇ ਦੂਸਰੇ ਰਿਸ਼ਤੇਦਾਰਾਂ ਕੋਲੋਂ ਪਤਾ ਕਰਕੇ ਵਰਖਾ ਦੇ ਸਹੁਰੇ ਪਰਿਵਾਰ ਨੂੰ ਮੁੜ ਫੋਨ ਕੀਤਾ ਤਾਂ ਉਨ੍ਹਾਂ ਦਾ ਰਵੱਈਆ ਠੀਕ ਨਾ ਲੱਗਾ। ਸ਼ੱਕ ਦੇ ਆਧਾਰ 'ਤੇ ਉਨ੍ਹਾਂ ਇੰਗਲੈਡ ਰਹਿੰਦੇ ਰਿਸ਼ਤੇਦਾਰਾਂ ਰਾਹੀਂ ਉਥੋਂ ਦੀ ਪੁਲੀਸ ਨੂੰ ਸ਼ਿਕਾਇਤ ਦਰਜ ਕਰਵਾਈ। ਇੰਗਲੈਂਡ ਦੀ ਪੁਲਿਸ ਨੇ ਸ਼ਿਕਾਇਤ ਦੇ ਆਧਾਰ ਕੁਝ ਸਮੇਂ ਬਾਅਦ ਵਰਖਾ ਦੀ ਲਾਸ਼ ਨੂੰ ਉਸ ਦੇ ਸਹੁਰੇ ਘਰ ਦੇ ਅੰਦਰ ਬਣੇ ਇਕ ਕਮਰੇ ਵਿਚੋਂ ਬਰਾਮਦ ਕਰ ਲਿਆ। ਘਰ ਵਿਚ ਮੌਜੂਦ ਪੰਜ ਔਰਤਾਂ ਤੇ ਪੰਜ ਮਰਦਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਹੈ। ਜਸਵੀਰ ਰਾਮ ਗੀਢੇ ਬਰਤਾਨੀਆ ਵਿਚ ਬੈਂਕ ਮੁਲਾਜ਼ਮ ਹੈ।

# ਚੰਡੀਗੜ੍ਹ 'ਤੇ ਪੰਜਾਬ ਦਾ ਦਾਅਵਾ ਹੁਣ ਕਮਜ਼ੋਰ: ਹੂਡਾ

**ਮੋਗਾ:** ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੂਡਾ ਨੇ ਦਾਅਵਾ ਕੀਤਾ ਹੈ ਕਿ 'ਚੰਡੀਗੜ੍ਹ ਹਮਾਰਾ ਥਾ ਔਰ ਹਮਾਰਾ ਹੀ ਰਹੇਗਾ।' ਲੰਘੇ ਦਿਨੀਂ ਇੱਥੇ ਪੰਜਾਬ ਮਹਿਲਾ ਕਾਂਗਰਸ ਪ੍ਰਧਾਨ ਡਾ. ਮਾਲਤੀ ਥਾਪਰ ਦੇ ਨਿਵਾਸ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਹੂਡਾ ਨੇ ਕਿਹਾ ਕਿ ਚੰਡੀਗੜ੍ਹ ਪਹਿਲਾਂ ਜ਼ਿਲ੍ਹਾ ਅੰਬਾਲਾ ਦਾ ਹਿੱਸਾ ਸੀ ਤੇ ਹੁਣ ਕੇਂਦਰੀ ਸ਼ਾਸਿਤ ਪ੍ਰਦੇਸ਼ ਹੈ। ਉਨ੍ਹਾਂ ਚੰਡੀਗੜ੍ਹ 'ਤੇ ਵੱਧ ਹੱਕ ਜਤਾਉਂਦੇ ਕਿਹਾ ਕਿ ਚੰਡੀਗੜ੍ਹ ਹਰਿਆਣਾ ਦਾ ਹੀ ਹਿੱਸਾ ਹੈ ਤੇ ਰਹੇਗਾ।

ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਨੇ ਨਵਾਂ ਚੰਡੀਗੜ੍ਹ ਵਸਾਉਣ ਦਾ ਜੋ ਸੁਪਨਾ ਲਿਆ ਹੈ, ਉਸ ਤੋਂ ਸਪਸ਼ਟ ਹੈ ਕਿ ਪੰਜਾਬ ਸਰਕਾਰ ਆਪਣਾ ਅਧਿਕਾਰ ਚੰਡੀਗੜ੍ਹ 'ਤੇ ਨਹੀਂ ਜਮਾਏਗੀ। ਪੰਜਾਬ ਸਰਕਾਰ ਆਪਣੇ ਬਹੁਤ ਸਾਰੇ ਦਫ਼ਤਰ ਚੰਡੀਗੜ੍ਹ ਤੋਂ ਤਬਦੀਲ ਕਰਕੇ ਪਹਿਲਾਂ ਹੀ ਮੁਹਾਲੀ ਵਿਚ ਲਿਜਾ ਚੁੱਕੀ ਹੈ। ਸ੍ਰੀ ਹੂਡਾ ਨੇ ਕਿਹਾ ਕਿ ਦਰਿਆਈ ਪਾਣੀਆਂ ਦਾ ਮੁੱਦਾ ਸੁਪਰੀਮ ਕੋਰਟ ਵਿਚ ਹੈ ਤੇ ਉਨ੍ਹਾਂ ਨੂੰ ਇਨਸਾਫ਼ ਮਿਲਣ ਦੀ ਆਸ ਹੈ। ਉਨ੍ਹਾਂ ਕਿਹਾ ਕਿ ਦਰਿਆਈ ਪਾਣੀਆਂ 'ਤੇ ਹਰਿਆਣਾ ਦਾ ਬਣਦਾ ਹੱਕ ਮਿਲਣਾ ਚਾਹੀਦਾ ਹੈ ਤੇ ਉਹ ਆਪਣਾ ਹੱਕ ਨਹੀਂ ਛੱਡਣਗੇ।

ਇਸ ਮੌਕੇ ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਨੇ ਪੰਜਾਬੀ ਕਿਸਾਨਾਂ ਦੇ ਹਿਤਾਂ ਦੀ ਰਾਖੀ ਕਰਦਿਆਂ ਉਨ੍ਹਾਂ ਨੂੰ 99 ਸਾਲਾ ਲੀਜ਼ ਦੇ ਹਕੂਕ ਦੇਣ ਲਈ ਵਿਧਾਨ ਸਭਾ ਵਿਚ ਮਤਾ ਪਾਸ ਕਰ ਦਿੱਤਾ ਹੈ ਜਿਸ ਨਾਲ ਇਨ੍ਹਾਂ ਕਾਸ਼ਤਕਾਰ ਕਿਸਾਨਾਂ ਨੂੰ ਮਾਲਕਾਨਾ ਹੱਕ ਦੇ ਕੇ ਵੱਡੀ ਰਾਹਤ ਦਿੱਤੀ ਹੈ ਕਿਉਂਕਿ ਉਨ੍ਹਾਂ ਦਾ ਹਰਿਆਣਾ ਦੇ ਵਿਕਾਸ ਵਿਚ ਵੱਡਾ ਯੋਗਦਾਨ ਹੈ।

ਉਨ੍ਹਾਂ ਕਿਹਾ ਕਿ ਹਰਿਆਣਾ ਰਾਜ ਪ੍ਰਤੀ ਵਿਅਕਤੀ ਆਮਦਨ ਮਾਮਲੇ ਵਿਚ ਦੇਸ਼ ਭਰ ਵਿਚ ਸਾਰੇ ਸੂਬਿਆਂ ਨਾਲੋਂ ਮੋਹਰੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਵਿਕਾਸ ਵਿਚ ਹਿੱਸਾ ਪਾਉਣ ਲਈ ਨਿਵੇਸ਼ਕਾਰਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਤੇ ਅੱਗੋਂ ਵੀ ਜਾਰੀ ਰਹਿਣਗੀਆਂ।

# ਹੁਣ ਪੰਜਾਬ 'ਚ ਲਾਗੂ ਹੋਵੇਗਾ ਨਵਾਂ ਕਿਰਾਇਆ ਕਾਨੂੰਨ

**ਚੰਡੀਗੜ੍ਹ:** ਪੰਜਾਬ ਵਿਚ ਨਵੇਂ ਕਿਰਾਇਆ ਕਾਨੂੰਨ ਦੇ ਲਾਗੂ ਹੋਣ ਦਾ ਰਾਹ ਪੱਧਰਾ ਹੋ ਗਿਆ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 'ਪੰਜਾਬ ਕਿਰਾਇਆ ਐਕਟ 2013' ਨੂੰ ਲਾਗੂ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਕਾਨੂੰਨ 60 ਸਾਲ ਪੁਰਾਣੇ ਕਿਰਾਇਆ ਕਾਨੂੰਨ ਦੀ ਥਾਂ ਲਵੇਗਾ। ਨਵਾਂ ਕਿਰਾਇਆ ਕਾਨੂੰਨ ਜਾਇਦਾਦ ਮਾਲਕਾਂ ਦੇ ਹਿੱਤ ਦੀ ਰਾਖੀ ਕਰਨ ਵਾਲਾ ਕਰਾਰ ਦਿੱਤਾ ਗਿਆ ਹੈ ਕਿਉਂਕਿ ਇਸ ਕਾਨੂੰਨ ਮੁਤਾਬਕ ਮਕਾਨ ਜਾਂ ਹੋਰ ਜਾਇਦਾਦ ਕਿਰਾਏਦਾਰ ਤੋਂ ਖਾਲੀ ਕਰਾਉਣ ਲਈ ਲੰਮੀ ਕਾਨੂੰਨੀ ਪ੍ਰਕਿਰਿਆ ਨਾਲ ਉਲਝਣਾ ਨਹੀਂ ਪਵੇਗਾ ਸਗੋਂ ਜਾਇਦਾਦ ਦੇ ਮਾਲਕ ਤੇ ਕਿਰਾਏਦਾਰ ਦਰਮਿਆਨ ਲਿਖਤੀ ਸਮਝੌਤੇ ਦੌਰਾਨ ਤੈਅ ਹੋਈਆਂ ਸ਼ਰਤਾਂ ਦੀ ਪਾਲਣਾ ਕਰਨੀ ਜ਼ਰੂਰੀ ਹੋਵੇਗੀ।

ਪੰਜਾਬ ਸਰਕਾਰ ਦੇ ਇਸ ਕਦਮ ਨੂੰ ਸ਼ਹਿਰੀ ਖੇਤਰ ਦੇ ਸੁਧਾਰਾਂ ਦੇ ਪ੍ਰੋਗਰਾਮ ਦਾ ਹਿੱਸਾ ਮੰਨਿਆ ਜਾਂਦਾ ਹੈ ਕਿਉਂਕਿ ਸ਼ਹਿਰੀ ਖੇਤਰ ਵਿਚ ਜਵਾਹਰ ਲਾਲ ਨਹਿਰੂ ਸ਼ਹਿਰੀ ਨਵੀਨੀਕਰਨ ਤਹਿਤ ਇਹ ਕਾਨੂੰਨ ਹੋਂਦ ਵਿਚ ਲਿਆਉਣ ਨੂੰ ਜ਼ਰੂਰੀ ਕਰਾਰ ਦਿੱਤਾ ਗਿਆ ਸੀ। ਇਸ ਕਾਨੂੰਨ ਦੇ ਲਾਗੂ ਹੋਣ ਨਾਲ ਜਾਇਦਾਦ ਮਾਲਕ ਸੁਰੱਖਿਅਤ ਮਹਿਸੂਸ ਕਰਨਗੇ। ਸਥਾਨਕ ਸਰਕਾਰ ਵਿਭਾਗ ਨੇ ਕਾਨੂੰਨ ਦੇ ਨਿਯਮ ਬਣਾਉਣ ਦਾ ਖ਼ਰੜਾ ਕਾਨੂੰਨੀ ਮਸ਼ੀਰ ਨੂੰ ਭੇਜ ਦਿੱਤਾ ਹੈ। ਐਲ.ਆਰ. ਦੀ ਪ੍ਰਵਾਨਗੀ ਤੋਂ ਬਾਅਦ ਕਾਨੂੰਨ ਲਾਗੂ ਹੋ ਜਾਵੇਗਾ।

ਇਸ ਕਾਨੂੰਨ ਤਹਿਤ ਕਿਰਾਏਦਾਰ ਤੇ ਜਾਇਦਾਦ ਦੇ ਮਾਲਕ ਦਰਮਿਆਨ ਲਿਖਿਆ ਜਾਣ ਵਾਲੀ ਰੈਂਟ ਡੀਡ ਨੂੰ ਤਹਿਸੀਲਦਾਰ ਕੋਲ ਰਜਿਸਟਰਡ ਕਰਾਇਆ ਜਾ ਸਕੇਗਾ। ਜੇ ਦੋਹਾਂ ਧਿਰਾਂ ਦਰਮਿਆਨ ਕੋਈ ਝਗੜਾ ਹੁੰਦਾ ਹੈ ਤਾਂ ਉਸ ਲਈ ਐਸ.ਡੀ.ਐਮ. ਨੂੰ ਰੈਂਟ ਅਥਾਰਟੀ ਐਲਾਨਿਆ ਗਿਆ ਹੈ ਤੇ ਪਹਿਲੀ ਅਪੀਲ ਐਸ.ਡੀ.ਐਮ. ਦੀ ਅਦਾਲਤ ਵਿਚ ਦਾਖ਼ਲ ਕੀਤੀ ਜਾ ਸਕੇਗੀ। ਐਸ.ਡੀ.ਐਮ. ਦੇ ਫੈਸਲੇ ਨੂੰ ਚੁਣੌਤੀ ਦੇਣ ਲਈ ਸਥਾਨਕ ਸਰਕਾਰ ਵਿਭਾਗ ਨੇ ਸੂਬੇ ਵਿਚ ਤਿੰਨ ਟ੍ਰਿਬਿਊਨਲ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਇਹ ਟ੍ਰਿਬਿਊਨਲ ਚੰਡੀਗੜ੍ਹ, ਅੰਮ੍ਰਿਤਸਰ ਤੇ ਬਠਿੰਡਾ ਵਿਚ ਸਥਾਪਤ ਹੋਣਗੇ। ਟ੍ਰਿਬਿਊਨਲ ਦੇ ਫੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਜਾ ਸਕਦੀ ਹੈ। ਇਸ ਐਕਟ ਤਹਿਤ ਰਜਿਸਟਰੇਸ਼ਨ ਅਤਿ ਜ਼ਰੂਰੀ ਹੈ।

# ਅਕਾਲੀਆਂ ਵੱਲੋਂ ਦਿੱਲੀ ਦੀਆਂ ਛੇ ਸੀਟਾਂ 'ਤੇ ਦਾਅਵਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਬਾਦਲ) ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਆਪਣੇ ਚੋਣ ਨਿਸ਼ਾਨ 'ਤੇ ਲੜੇਗਾ। ਪਾਰਟੀ ਛੇ ਸੀਟਾਂ 'ਤੇ ਚੋਣ ਲੜਨਾ ਚਾਹੁੰਦੀ ਹੈ ਜਿਨ੍ਹਾਂ ਵਿਚੋਂ ਬਹੁਤੀਆਂ ਪੱਛਮੀ ਦਿੱਲੀ ਵਿਚ ਪੈਂਦੀਆਂ ਹਨ।

ਤਿਲਕ ਨਗਰ ਤੇ ਰਾਜੌਰੀ ਗਾਰਡਨ ਹਲਕਿਆਂ ਵਿਚ 60 ਫੀਸਦੀ ਤੋਂ ਵੱਧ ਵਸੋਂ ਪੰਜਾਬੀ ਹੈ। ਹਰੀਨਗਰ ਹਲਕੇ ਦੀ ਵੀ ਬਹੁਗਿਣਤੀ ਵਸੋਂ ਪੰਜਾਬੀ ਹੈ। ਅਕਾਲੀ ਦਲ ਨੇ ਭਾਜਪਾ ਲੀਡਰਸ਼ਿਪ ਨੂੰ ਇਨ੍ਹਾਂ ਵਿਚੋਂ ਘੱਟੋ-ਘੱਟ ਦੋ ਸੀਟਾਂ ਦੇਣ ਦੀ ਬੇਨਤੀ ਕੀਤੀ ਹੈ। ਦਲ ਦੇ ਆਗੂ ਬਲਵੰਤ ਸਿੰਘ ਰਾਮੂਵਾਲੀਆ ਕਹਿਣਾ ਹੈ ਕਿ ਭਾਜਪਾ ਨੂੰ ਸਪਸ਼ਟ ਕਰ ਦਿੱਤਾ ਹੈ ਕਿ ਸ਼੍ਰੋਮਣੀ ਅਕਾਲ ਦਲ ਚੋਖੀ ਪੰਜਾਬੀ ਵਸੋਂ ਵਾਲੇ ਹਲਕਿਆਂ ਤੋਂ ਚੋਣ ਲੜਨ ਦਾ ਇੱਛੁਕ ਹੈ। ਦਲ ਨੇ ਦਿੱਲੀ ਵਿਚ ਮੈਂਬਰਸ਼ਿਪ ਮੁਹਿੰਮ ਵੀ ਸ਼ੁਰੂ ਕੀਤੀ ਹੋਈ ਹੈ। ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਮੈਂਬਰਾਂ ਦਾ ਡੇਟਾ, ਉਨ੍ਹਾਂ ਦੇ ਮੋਬਾਈਲ, ਫੋਟੋ ਤੇ ਹੋਰ ਵੇਰਵਿਆਂ ਸਹਿਤ ਡੇਟਾ ਪਾਰਟੀ ਦੀ ਵੈੱਬਸਾਈਟ 'ਤੇ ਪਾਇਆ ਜਾ ਰਿਹਾ ਹੈ।

*To Advertise with Punjab Times*
***Call: 847-359-0746***




**Global Multi Services**

1950 E. Miner Ave., Stockton, CA 95205

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ

ਸਟਾਕਟਨ ਇਲਾਕੇ 'ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ

ਇਸ ਮਹੀਨੇ ਸਪੈਸ਼ਲ ਆਫਰ

**2 steer tire Michellin 22.5 lp for 1150.00 including wheel balancing.**



*Repair Shop*

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰਮੰਤ ਤਸੱਲੀਬਖਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।

ਫੋਨ: 209-547-9210
ਫੈਕਸ: 209-547-9211

ਸਟਾਕਟਨ ਇਲਾਕੇ ਵਿਚ ਪੰਜਾਬੀ ਭਰਾਵਾਂ ਦੀ ਇਕੋ ਇਕ Allignment Shop

ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ

*Registration Services*

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।

ਫੋਨ: 209-982-9996 ਫੈਕਸ: 209-982-9997

e-mail: globalmultiservices123@yahoo.com

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ

6221-16th street Rio Linda (Sacramento) CA 95673, Phone 916-992-1710

ਲਖ ਖੁਸ਼ੀਆਂ ਪਾਤਿਸਾਹੀਆਂ ਜੇ ਸਤਿਗੁਰ ਨਦਰਿ ਕਰੇਇ॥

ਬਹੁਤ ਜਨਮ ਬਿਛੁਰੇ ਥੇ ਮਾਧਉ ਇਹ ਜਨਮੁ ਤੁਮ੍ਹਾਰੇ ਲੇਖੇ॥ ਕਹਿ ਰਵਿਦਾਸ ਆਸ ਲਗਿ ਜੀਵਉ॥ ਚਿਰ ਭਇਓ ਦਰਸਨੁ ਦੇਖੇ॥੨॥੧॥

## ਗੁਰੂ ਘਰ ਦੀ ਸਥਾਪਨਾ ਦੀ 21ਵੀਂ ਵਰ੍ਹੇਗੰਢ ਦੀ ਸਭ ਸੰਗਤਾਂ ਨੂੰ ਵਧਾਈ ਹੋਵੇ








ਗੁਰੂ ਘਰ ਦੀ ਨਵੀਂ ਬਣ ਰਹੀ ਇਮਾਰਤ ਦਾ ਮਾਡਲ

ਸੰਗਤਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੀ ਸਥਾਪਨਾ ਦੀ 21ਵੀਂ ਵਰ੍ਹੇਗੰਢ 29 ਸਤੰਬਰ 2013 ਨੂੰ ਇਕ ਸਮਾਗਮ ਦੇ ਰੂਪ ਵਿਚ ਮਨਾਈ ਜਾ ਰਹੀ ਹੈ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਹਿਤ ਇਸ ਸਮਾਗਮ ਵਿਚ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕਰੋ ਜੀ।

### ਪ੍ਰੋਗਰਾਮਾਂ ਦਾ ਵੇਰਵਾ

**ਸ਼ੁੱਕਰਵਾਰ 27 ਸਤੰਬਰ 2013**
ਅਰੰਭ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ

**ਐਤਵਾਰ 29 ਸਤੰਬਰ 2013**
ਨਿਸ਼ਾਨ ਸਾਹਿਬ ਦੀ ਸੇਵਾ: ਸਵੇਰੇ 10 ਵਜੇ
ਭੋਗ ਸ੍ਰੀ ਅਖੰਡ ਪਾਠ: ਸਵੇਰੇ 10:30 ਵਜੇ
**ਉਪਰੰਤ ਸ਼ਬਦ ਕੀਰਤਨ:** ਪੰਥ ਪ੍ਰਸਿਧ ਰਾਗੀ, ਢਾਡੀ ਜਥੇ ਅਤੇ ਕਥਾਕਾਰ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਕਥਾ ਵਿਆਖਿਆ ਰਾਹੀਂ ਨਿਹਾਲ ਕਰਨਗੇ।

**ਅਖੰਡ ਪਾਠ ਦੀ ਸੇਵਾ:** ਸੁਭਾਸ਼ ਬੰਗਾ, ਜੱਸੀ ਬੰਗਾ ਤੇ ਪਰਿਵਾਰ ਅਤੇ ਅਵਤਾਰ ਸਿੰਘ ਜੱਸਲ ਤੇ ਪਰਿਵਾਰ ਵਲੋਂ
**ਨਿਸ਼ਾਨ ਸਾਹਿਬ ਦੀ ਸੇਵਾ:** ਸੇਵਕ ਦਾਸ ਰੱਲੂ ਤੇ ਪਰਿਵਾਰ ਵਲੋਂ

ਵਿਸ਼ੇਸ਼ ਨੋਟ: ਜਿਵੇਂ ਕਿ ਸੰਗਤਾਂ ਜਾਣਦੀਆਂ ਹਨ, ਗੁਰੂ ਘਰ ਦੀ ਨਵੀਂ ਇਮਾਰਤ ਦੀ ਉਸਾਰੀ ਜਲਦ ਹੀ ਅਰੰਭੀ ਜਾ ਰਹੀ ਹੈ। ਸਮੂਹ ਸੰਗਤਾਂ ਨੂੰ ਪ੍ਰਬੰਧਕ ਕਮੇਟੀ ਵਲੋਂ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਕਾਰਜ ਵਿਚ ਵੱਧ ਤੋਂ ਵੱਧ ਤਨ, ਮਨ ਅਤੇ ਧਨ ਦੀ ਸੇਵਾ ਨਾਲ ਹਿੱਸਾ ਪਾਓ ਜੀ।

**ਜਾਰੀ ਕਰਤਾ : ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤ**

**ਫੋਨ: 916-992-1710**

## ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਸਭਾ, ਰਿਓਲਿੰਡਾ, ਸੈਕਰਾਮੈਂਟੋ (ਕੈਲੀਫੋਰਨੀਆ)

KINGS OF KABADDI

# ਕਿੰਗਜ਼ ਸਪੋਰਟਸ ਕਲੱਬ ਸੈਕਰਾ

## 29 ਸਤੰਬਰ 2013

## ਬਾਸਕਟਬਾਲ, ਵਾਲੀਬਾਲ ਖੇਡਾਂ 28 ਸਤੰਬਰ

### ਮੁੱਖ ਮਹਿਮਾਨ



ਸ. ਗੁਰਰੂਪ ਸਿੰਘ ਢਾਲਾ, ਸ. ਪਰਗਟ ਸਿੰਘ, ਸ. ਸਰਬੰਤ ਸਿੰਘ ਨਿੱਝਰ, ਸ. ਮਿਲਵੇਂਦ ਸਿੰਘ, ਸ੍ਰੀ ਸੁਰਜਨ ਸਿੰਘ ਚੱਠਾ, ਸ. ਬਲਵਿੰਦਰ ਸਿੰਘ ਢਿੱਲੋਂ, ਸ. ਦੀਦਾਰ ਸਿੰਘ ਬੈਂਸ

ਪਹੁੰਚ ਰਹੇ ਕਬੱਡੀ ਦੇ ਮਹਾਨ ਖਿਡਾਰੀ : ਸੰਦੀਪ ਨੰਗਲ ਅੰਬੀਆਂ, ਅਮਨ ਜੌਹਲ, ਮੰਗਾ ਮਿੱਠਾਪੁਰੀਆ, ਰੋਕ ਰਣਜੀਤ ਬੈਲਜੀਅਮ, ਕਿੰਦਾ ਬਿਹਾਰੀਪੁਰੀਆ, ਕੀਪਾ ਬੱਧਨੀਵਾਲਾ, ਲਾਡੀ ਪਰਸਰਾਮਪੁਰੀਆ, ਅਮਨ ਕੁਡੀ, ਬਲਜੀਤ ਸੈਦੋਕੇ, ਸੰਦੀਪ ਗੁਰਦਾਸਪੁਰੀਆ,, ਹਰਦੀਪ ਤਾਊ, ਪਿੰਦਾ ਗਿੱਦੜਵਿੰਡੀ, ਹੈਪੀ ਰੁੜਕਾ, ਪੰਮਾ ਝਨੇਰ, ਭੂਰਾ ਘੜੂੰਆਂ, ਜੱਸੀ ਨੌਲੇਵਾਲੀਆ, ਗੁਰਪ੍ਰੀਤ ਬੁਰਜਹਰੀ ਵਾਲਾ, ਕੁਲਜੀਤਾ ਮਲਸੀਆਂ, ਕੀਪਾ ਸੁਰਖਪੁਰੀਆ, ਪਰਮ ਢੇਸੀ, ਜੱਸੀ ਸਹੋਤਾ, ਮਿੰਨੂ, ਦਲਜਿੰਦਰ ਔਜਲਾ (ਮਠੱਡਾ), ਪੱਪੀ ਖੇਰਾ, ਸੋਨੀ ਸਵੱਦੀ, ਜੱਸਾ ਸਿੱਧਵਾਂ, ਸੁੱਖੀ ਸਰਾਵਾਂਵਾਲਾ, ਸੇਵਕ ਸਰਾਵਾਂਵਾਲਾ, ਗੁਰੀ, ਯੋਗੀ ਘੱਗਾ, ਨਵੀ ਜੌਹਲ, ਜੋਰਾ, ਡੋਨਟੇ, ਡੀ ਘੋੜਾ, ਤਾਰੀ ਢੇਸੀ, ਰੁਬਲ ਸੰਘਾ, ਬਲਜਿੰਦਰ ਨੀਲੋਂ, ਮੰਨਾ ਲੱਛਰ, ਦਵਿੰਦਰ ਨਿੱਝਰ, ਪਿੰਦੀ ਯਮੁਨਾਨਗਰ, ਬੱਲੀ ਯੂਬਾਸਿਟੀ

### First Prize Sponser
ਕਬੱਡੀ ਓਪਨ



ਹਰਨੇਕ ਸਿੰਘ ਅਟਵਾਲ
ਡਾਇਮੰਡ ਟਰਾਂਸਪੋਰਟ
ਪਿੰਕੀ ਅਟਵਾਲ
ਗੁਲਬਿੰਦਰ ਸਿੰਘ ਭਿੰਦਾ
ਕੁਲਜੀਤ ਸਿੰਘ ਨਿੱਝਰ

ਅਮੋਲਕ ਸਿੰਘ ਗਾਖਲ
A&I ਟਰਾਂਸਪੋਰਟੇਸ਼ਨ
ਇਕਬਾਲ ਸਿੰਘ ਗਾਖਲ
ਪਰਵਿੰਦਰ ਸਿੰਘ ਗਾਖਲ

### 2nd Prize Sponser
ਕਬੱਡੀ ਓਪਨ

ਜਸਪ੍ਰੀਤ ਸਿੰਘ (ਅਟਾਰਨੀ)
ਅਟਾਰਨੀ ਐਲ ਲਾਅ

1
Ka
ਗੁਰ
ਵੁੱਡ

ਚਾਹ-ਪਕੌੜੇ : ਡਾਇਮੰਡ ਕਲੱਬ ਆਫ਼ ਕੈਲੀਫੋਰਨੀਆ
ਪਾਣੀ ਦੀ ਸੇਵਾ : ਇਕਬਾਲ ਸਿੰਘ ਧਨੋਆ ਅਤੇ ਜਸਵੀਰ ਸਿੰਘ ਸਹੋਤਾ ਵੱਲੋਂ ਕੀਤੀ ਜਾਵੇਗੀ
ਜਲੇਬੀਆਂ ਦੀ ਸੇਵਾ : ਬਲਵੀਰ ਕੁਮਾਰ, ਸੁਰਜੀਤ ਸੁਮਨ, ਅੰਮ੍ਰਿਤਪਾਲ ਸਿੰਘ, ਸਟਾਰ ਟਰੱਕਿੰਗ ਐਕਸਪ੍ਰੈਸ ਇੰਕ ਯੂਬਾਸਿਟੀ ਵਾਲੇ ਕਰਨਗੇ।
ਗੁਰੂ ਦੇ ਲੰਗਰਾਂ ਦੀ ਸੇਵਾ ਇਕਬਾਲ ਸਿੰਘ ਔਜਲਾ ਸਮੂਹ ਪਰਿਵਾਰ ਵੱਲੋਂ ਕੀਤੀ ਜਾਵੇਗੀ।
ਬੱਚਿਆਂ ਵਾਸਤੇ ਖੇਡਾਂ ਦਾ ਖਾਸ ਪ੍ਰਬੰਧ ਹੈ




ਮੈਕਸੀਕੋ ਅਤੇ ਯੂਨਾਈਟਿਡ ਸਟੇਟ ਦੀਆਂ ਲੜਕੀਆਂ ਦੀਆਂ ਕਬੱਡੀ ਟੀਮਾਂ ਵਿਚ ਸਪੈਸ਼ਲ ਮੈਚ ਹੋਣਗੇ

**Platinum Spons**
Inc. Ceres), Pavit
Stop Stockton), S

**Diamond Spons**
Saleem,(Expo Fu
Trucking), Charn
Shahi(North We
Manteca) Ravin
Sahota, Gulinde
Banos),Tarlocha
Gupta (Golden C
Trucking),

**Gold Sponsors:**
Liquor), Kamalji
Paramjit Singh P
Stop Smog), Ku
Singh(Punjabi D
Singh, Manjit S.
Dharaminder Si
Manteca), Daljit
Bakhshis Singh(
Raja(MGM Who
tirth Singh, Bhin
Singh, Davinder
Sahota, Rajinde
Prince Hothi, A
Machhiwara, Pa
(Day&Night Tru

**Silver Sponsors**
Sercive, Bagga P
S. Braich, Amarj
Gurnam S. Saho
Shop), Kirandee
Paramjit Khangu

| Kabaddi Open: | Kabaddi Under 21: | Kabaddi Under 25 Show Match: | Kabaddi Women: |
|---|---|---|---|
| First Prize: $11,000 | First Prize: $3,100 | First Prize: $5,100 | First Prize: $4,100 |
| Second Prize: $9,000 | Second Prize: $2,100 | Second Prize: $4,100 | Second Prize: $3,100 |



ਪਹੁੰਚ ਰਹੀਆਂ ਕਬੱਡੀ ਟੀਮਾਂ : ਗੁਰੂ ਤੇਗ ਬਹਾਦਰ ਸਪੋਰਟਸ ਕਲੱਬ, ਇੰਡੀਆ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਕੈਨੇਡਾ ਈਸਟ, ਕੈਨੇਡਾ ਵੈਸਟ, ਇੰਗਲੈਂਡ, ਯੂਐਸਏ, ਸੀਅਰਾ ਲਿਓਨ

**ਕੁਮੈਂਟਰੀ :**



ਸੁਖਵਿੰਦਰ ਸਿੰਘ ਸਿੰਘੇੜਾ, ਪ੍ਰੋ. ਮੱਖਣ ਸਿੰਘ ਹਕੀਮਪੁਰੀ, ਮੁਹੰਮਦ ਕੁਸੈਮ (ਮੱਖਣ ਅਲੀ), ਰਾਜਵਿੰਦਰ ਸਿੰਘ ਰੰਡਿਆਲਾ

ਆਸ਼ਾ ਸ਼ਰਮਾ ਕੁੜੀਆਂ ਦੇ ਕਬੱਡੀ ਮੈਚ ਦੀ ਕੁਮੈਂਟਰੀ ਕਰਨਗੇ

**ਕਬੱਡੀ ਟੀਮਾਂ ਦੀ ਰੈਫਰੀ ਕਰਨਗੇ**
ਬੀਰੂ ਵੱਡੇ ਘਰ ਵਾਲਾ
ਮੰਦਰ ਲੰਡਿਆ ਵਾਲਾ
ਮਨਦੀਪ ਸਿੰਘ ਸਹੋਤਾ
ਲਹਿਬਰ ਸਿੰਘ ਸਿੱਧੂ

**ਜ਼ਰੂਰੀ ਸੂਚਨਾ :**
ਗੁਰੂਘਰ ਅੰਦਰ ਕਿਸੇ ਕਿਸਮ ਦਾ ਨਸ਼ਾ ਤੇ ਹਥਿਆਰ ਲਿਆਉਣ ਦੀ ਸਖਤ ਮਨਾਹੀ ਹੈ।
ਸਕਿਓਰਿਟੀ ਦਾ ਖਾਸ ਪ੍ਰਬੰਧ ਹੋਵੇਗਾ।
ਬੀਬੀਆਂ ਦੇ ਬੈਠਣ ਲਈ ਸਪੈਸ਼ਲ ਪ੍ਰਬੰਧ ਕੀਤੇ ਗਏ ਹਨ।

**ਬਾਸਕਟਬਾਲ ਸਪਾਂਸਰ**
**Fat Ducks Pizza & Ron Truck Wash**

ਹੋਰ ਜਾਣਕਾਰੀ ਲਈ ਸੰਪਰਕ :

## ਮੇਜਰ ਸਿੰਘ ਰੰਧਾਵਾ 916-747-0952, ਸੀਤਲ ਸਿੰਘ ਨਿੱਝਰ 916-417-

ਕਬੱਡੀ ਬਾਰੇ ਜਾਣਕਾਰੀ : ਕਿੰਦ ਰਮੀਦੀ : 916-870-3303, ਸੱਬੀ ਸੇਖੋਂ : 209-589-5664, ਬਾਸਕਟਬਾਲ ਸਬੰਧੀ ਜਾਣਕਾਰੀ ਲਈ : ਜਸਦੀਪ ਸਿੰਘ ਰੰਧਾਵਾ : 916-271-7069, ਹਰਪ੍ਰੀਤ ਸਿੰਘ ਤੱਤ : 916-

## ਰਜਬ ਅਲੀ ਦੇ ਰੰਗ-8



*ਬਾਬੂ ਰਜਬ ਅਲੀ ਖਾਨ (10 ਅਗਸਤ 1894-6 ਮਈ 1979) ਦਾ ਜਨਮ ਮੀਆਂ ਧਮਾਲੀ ਖਾਨ ਅਤੇ ਜਿਉਣੀ ਦੇ ਘਰ ਪਿੰਡ ਸਾਹੋਕੇ ਜ਼ਿਲ੍ਹਾ ਫਿਰੋਜ਼ਪੁਰ ਵਿਚ ਹੋਇਆ। ਉਨ੍ਹਾਂ ਨੇ ਸਿਵਲ ਇੰਜੀਨੀਅਰਿੰਗ ਦਾ ਡਿਪਲੋਮਾ (ਓਵਰਸੀਅਰੀ) ਪਾਸ ਕੀਤਾ ਅਤੇ ਸਿੰਜਾਈ ਵਿਭਾਗ ਵਿਚ ਨੌਕਰੀ ਕਰ ਲਈ, ਪਰ ਗਾਉਣ ਦੇ ਇਸ਼ਕ ਕਰ ਕੇ 1940 ਵਿਚ ਨੌਕਰੀ ਛੱਡ ਦਿੱਤੀ। 1947 ਦੀ ਵੰਡ ਵੇਲੇ ਉਨ੍ਹਾਂ ਨੂੰ ਪਾਕਿਸਤਾਨ ਜਾਣਾ ਪਿਆ, ਪਰ ਕਵੀਸ਼ਰ ਦਾ ਦਿਲ ਮਾਲਵੇ ਦੇ ਪਿੰਡਾਂ ਵਿਚ ਹੀ ਰਿਹਾ। ਲਹਿੰਦੇ ਪੰਜਾਬ ਵਿਚ ਉਨ੍ਹਾਂ ਨੂੰ ਓਕਾੜਾ ਜ਼ਿਲ੍ਹੇ ਵਿਚ ਚੱਕ ਨੂੰਬਰ 32/2 ਵਿਖੇ ਜ਼ਮੀਨ ਅਲਾਟ ਹੋਈ। ਉਹ ਕਵੀਸ਼ਰੀ ਦੇ ਬਾਦਸ਼ਾਹ ਵਜੋਂ ਮਸ਼ਹੂਰ ਹਨ। ਉਨ੍ਹਾਂ ਦਰਜਨਾਂ ਕਿੱਸੇ ਅਤੇ ਅਨੇਕਾਂ ਕਵਿਤਾਵਾਂ ਲਿਖੀਆਂ। ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਪੰਜਾਬ, ਖਾਸ ਕਰ ਮਾਲਵੇ ਦੀ ਰੂਹ ਝਲਕਦੀ ਹੈ। ਉਨ੍ਹਾਂ ਦਾ ਚਾਚਾ ਹਾਜੀ ਰਤਨ ਵੀ ਵਧੀਆ ਕਵੀਸ਼ਰ ਸੀ। ਉਨ੍ਹਾਂ ਦੀਆਂ ਰਚਨਾਵਾਂ ਦਾ ਰੰਗ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਉਨ੍ਹਾਂ ਦੀ ਕਵਿਤਾ ਲੜੀਵਾਰ ਛਾਪ ਰਹੇ ਹਾਂ। -ਸੰਪਾਦਕ*

# ਨੀਤੀ ਦੇ ਕਬਿੱਤ-2

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

੮

ਸੋਗ ਵਿਚ ਹਾਸਾ ਮਾੜਾ,
ਸੁਆਲੀ ਗਿਆ ਨਿਰਾਸਾ ਮਾੜਾ,
ਕੂੜ ਦਾ ਦਿਲਾਸਾ
ਤੇ ਗੰਡਾਸਾ ਮਾੜਾ ਜੰਡੀ ਨੂੰ।
ਹਾਕਮਾਂ ਨੂੰ ਬੋਬਾ ਮਾੜਾ,
ਗਾਉਂ ਵਿਚਾਲੇ ਟੋਭਾ ਮਾੜਾ,
ਸਿਆਣੇ ਕਹਿੰਦੇ ਖੋਭਾ ਮਾੜਾ,
ਹਰਨੀ ਤਰੰਡੀ ਨੂੰ।
ਅੜੀਦਾਰ ਘੋੜਾ ਮਾੜਾ,
ਯਾਰ ਦਾ ਵਿਛੋੜਾ ਮਾੜਾ,
ਕਾਲਜੇ 'ਚ ਫੋੜਾ,
ਤੇ ਝੰਜੋੜਾ ਬੀਣੀਂ ਗੰਢੀ ਨੂੰ।
ਹਲਕੇ ਨੂੰ ਆਬ,
'ਬਾਬੂ' ਸੌਣ 'ਚ ਜੁਲਾਬ ਮਾੜਾ,
ਕਾਜ਼ੀ ਨੂੰ ਸ਼ਰਾਬ
ਤੇ ਬਰਸਾਤ ਮਾੜੀ ਮੰਡੀ ਨੂੰ।

੯

ਲਾਗੀ ਨੂੰ ਮੜਕ ਮਾੜੀ,
ਜੁੱਤੀ ਨੂੰ ਸੜਕ ਮਾੜੀ,
ਅੱਖ ਨੂੰ ਰੜਕ
ਤੇ ਬੜ੍ਹਕ ਮਾੜੀ ਵੈਰਾਂ ਨੂੰ।
ਖੰਘ ਮਾੜੀ ਤਾਪ ਨੂੰ,
ਲਗਾਉਣਾ ਹੱਥ ਸਾਂਪ ਨੂੰ,
ਕੁੱਟਣ ਮਾੜਾ ਬਾਪ ਨੂੰ,
ਟੁੱਟਣ ਮਾੜਾ ਨਹਿਰਾਂ ਨੂੰ।
ਚੱਲੀ ਮਾੜੀ 'ਦੱਖਣ',
ਸੰਖੀਆ ਚੱਖਣ ਮਾੜਾ,
ਵੈਲੀ ਘਰੇ ਰੱਖਣ,
ਬਹਾਉਣਾ ਘਰੇ ਗ਼ੈਰਾਂ ਨੂੰ।
ਨਾਰ ਵਿੱਭਚਾਰ 'ਬਾਬੂ',
ਪਾਂਧੇ ਦਾ ਉਧਾਰ ਮਾੜਾ,
ਪਾਂਧੇ ਨੂੰ ਸ਼ਿਕਾਰ ਮਾੜਾ
ਤੇ ਅਚਾਰ ਮਾੜਾ ਸ਼ਾਇਰਾਂ ਨੂੰ।

੧੦

ਚੱਖਣਾ ਕੀ ਬਿੱਖ ਨੂੰ,
ਸਿਉਂਕ ਮਾੜੀ ਇੱਖ ਨੂੰ,
ਤਮਾਕੂ ਮਾੜਾ ਸਿੱਖ ਨੂੰ,
ਪਿੱਪਲ ਮਾੜਾ ਤਾਕਾਂ ਨੂੰ।
ਬਾਰ ਮੂਹਰੇ ਝਾੜ,
ਰਹੇ ਨਿਆਈਂ 'ਚ ਬਘਿਆੜ,
ਮਾੜਾ ਭਾਈਆਂ ਦਾ ਵਿਗਾੜ,
ਤੇ ਰਿਹਾੜ ਮਾੜੀ ਜੁਆਕਾਂ ਨੂੰ।
ਘੜੇ ਨੂੰ ਤਿੜਕ ਮਾੜੀ,
ਜੂਏ ਦੀ ਫਿੜਕ ਮਾੜੀ,
ਤੇ ਹੁੰਦੀ ਝਿੜਕ ਮਾੜੀ,
ਸੱਗੇ-ਰੱਤੇ ਸਾਕਾਂ ਨੂੰ।
'ਬਾਬੂ' ਬੈਲ ਮੱਠਾ ਮਾੜਾ,
ਤੇ ਗੁਰੂ ਨੂੰ ਠੱਠਾ ਮਾੜਾ,
ਭਲਵਾਨ ਢੱਠਾ ਮਾੜਾ,
ਖਾ ਕੇ ਤੇ ਖ਼ੁਰਾਕਾਂ ਨੂੰ।

੧੧

ਜਰ ਮਾੜੀ ਸੰਦ ਨੂੰ,
ਕਰੇੜਾ ਮਾੜਾ ਦੰਦ ਨੂੰ,
ਝੜੀ ਜ੍ਹੀ ਗ਼ੋਸ ਫ਼ੰਦ ਨੂੰ,
ਤਪਸ਼ ਮਾੜੀ ਮੀਮੀ ਨੂੰ।
ਚੋਟ ਮਾੜੀ ਬੰਗ ਨੂੰ,
ਵਡਿਆਉਣਾ ਮਾੜਾ ਨੰਗ ਨੂੰ,
ਸ਼ੱਕਰ ਮਾੜੀ ਖੰਘ ਨੂੰ,
ਖੱਟਿਆਈ ਮਾੜੀ 'ਫ਼ੀਮੀ ਨੂੰ।
ਤੂੰਬ ਨਵੇਂ ਥਾਨ ਨੂੰ,
ਲਤਾੜ ਮਾੜੀ ਵਾਣ ਨੂੰ,
ਫ਼ਲ੍ਹੇ ਜੁੜੌਣਾਂ ਸਾਨ੍ਹਾਂ ਨੂੰ,
ਸਫ਼ਰ ਮਾੜਾ ਤੀਮੀ ਨੂੰ।
ਕੱਚਾ ਧਾਤ ਖਾਧਾ 'ਬਾਬੂ',
ਬੇਹਾ ਪ੍ਰਸ਼ਾਦ ਮਾੜਾ,
ਤੇ ਭਰਾ ਤੇ ਵਾਧਾ ਮਾੜਾ,
ਲਾਲਚ ਹਕੀਮੀ ਨੂੰ।

੧੨

ਸਿਆਣਿਆਂ ਦੀ ਮੱਤ
ਕੰਮ ਆਂਵਦੀ ਉਮਰ ਸਾਰੀ,
ਹਾਕਮਾਂ ਦੇ ਕੋਲੇ ਜਾ
ਸੁਣਾਈਏ ਗੱਲ ਕੱਬੀ ਨਾ।
ਮਾਇਆ ਤੇ ਜ਼ਮੀਨ
ਤੇ ਭਰਾਵਾਂ ਦਾ ਨਾ ਜ਼ੋਰ ਹੋਵੇ,
ਐਵੇਂ ਵਿਚ ਪਿੰਡ ਦੇ
ਸਦਾਈਏ ਖ਼ਾਨ ਖੱਬੀ ਨਾ।
ਆਪ ਦੀ ਜ਼ਨਾਨੀ ਪਾਸ,
ਹੱਸੀਏ ਨਾ ਹੋਰ ਨਾਲ,
ਖੇਲਣੇ ਕੋ ਬਾਲ ਕੋ,
ਫੜਾਈਏ 'ਫ਼ੀਮੀ ਡੱਬੀ ਨਾ।
ਜਾਣਾ ਪਰਦੇਸ
ਦਮ ਦੂਣੇ ਲੈ ਜ਼ਰੂਰਤਾਂ ਤੋਂ,
ਹਲ ਵਾਹੁੰਦੇ 'ਬਾਬੂ ਜੀ'
ਹੰਢਾਈਏ ਪੱਗ ਛੱਬੀ ਨਾ।

੧੩

ਕੁੱਤੇ ਨਾ ਯਾਰ ਹਰਨ ਦੇ,
ਪਾਂਧਾ ਨਾ ਮਾਸ ਧਰਨ ਦੇ,
ਗੁਰੂ ਨਾ ਚੌੜ ਕਰਨ ਦੇ,
ਸੱਯਦ ਨਾ ਘਰ ਵੜਨ ਦੇ।
ਪੈਸੇ ਨੂੰ ਦੱਬੇ ਜੁਆਰੀ ਨਾ,
ਦਿਨੇਂ ਮੁੜੇ ਸ਼ਿਕਾਰੀ ਨਾ,
ਸਿਆਣਾ ਬੇਟੀ ਕੁਆਰੀ ਨਾ,
ਬੰਦਿਆਂ 'ਚ ਖੜ੍ਹਨ ਦੇ।
ਤੀਵੀਂ ਸੇ ਭੇਤ ਖੋਲ੍ਹੇ ਨਾ,
ਹੱਟੀ 'ਤੇ ਪੂਰਾ ਤੋਲੇ ਨਾ,
ਖਾੜੇ 'ਚ ਸਿਆਣਾ ਬੋਲੇ ਨਾ,
ਨੇਰ੍ਹੀ ਨਾ ਗੁੱਡੀ ਚੜ੍ਹਨ ਦੇ।
ਹਟੇ ਨਾ ਸ਼ੇਰ ਗੱਜਣੋਂ,
ਟੱਲੀ ਨਾ ਟਲੇ ਵੱਜਣੋਂ,
'ਰਜਬ ਅਲੀ' ਸੱਜਣੋਂ,
ਰੱਦੀ ਨਾ ਕਿੱਸਾ ਪੜ੍ਹਨ ਦੇ।

੧੪

ਖੰਘ ਨੂੰ ਮੁਲੱਠੀ
ਤੇ ਜਵੈਣ ਖੋਲ੍ਹੇ ਕਬਜ਼ੀ,
ਰਸੌਂਤ ਗੰਦੇ ਮੈਲੇ
ਤੇ ਕੁਨੈਣ ਮਾਰੇ ਤੱਪ ਨੂੰ।
ਘੋੜਿਆਂ ਨੂੰ ਸੂਲ
ਤੇ ਮਲ੍ਹਮ ਮਾਰੇ ਫੋੜਿਆਂ ਨੂੰ,
ਬੱਕਰੀ ਨੂੰ ਝੜੀ
ਤੇ ਕਲਹਿਰੀ ਮੋਰ ਸੱਪ ਨੂੰ।
ਬਲੀ ਜੋਧੇ ਸੂਰਮੇ
ਦਗ਼ੇ ਦੇ ਨਾਲ ਮਾਰੇ ਸਾਰੇ,
'ਬਾਲੀ' ਮਾਰਿਆ ਰਾਮ ਨੇ,
ਰਸਾਲੂ ਸਿਰ ਕੱਪ ਨੂੰ।
ਝੂਠ ਮਾਰੇ ਆਪ ਨੂੰ,
ਤੇ ਸ਼ਾਨ ਮਾਰੇ ਦੂਸਰੇ ਨੂੰ,
'ਰਜਬ ਅਲੀ' ਮਾਰਦਾ
ਖ਼ੁਦਾ ਦਾ ਨਾਮ ਗੱਪ ਨੂੰ।




# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 5 ਅਕਤੂਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-84



ਤਸਵੀਰ: ਰਵਿੰਦਰ ਰਵੀ

**ਭੰਡਾ ਭੰਡਾਰੀਆ ਬਹੁਤ ਹੋਇਆ ਭਾਰ,**
**ਬਾਪੂ ਝੂਰੀ ਜਾਵੇ ਵੇਖ ਹੁੰਦੀਆਂ ਉਡਾਰ।**
**ਮੌਸਮ ਬੇਰੁਖਾ ਜਿਹਾ ਦਿਨੋ ਦਿਨ ਹੋ ਰਿਹੈ,**
**ਡਰ ਲੱਗੇ ਪੈਰ ਘਰੋਂ ਕੱਢਣੇ ਤੋਂ ਬਾਹਰ।**
**ਮੁੱਕੀਆਂ ਨੂੰ ਛੱਡ ਹੁਣ ਵੱਟ ਲਈਏ ਹੂਰੇ,**
**ਫੁੱਲਾਂ ਨਾਲੋਂ ਵੱਡੇ ਵੱਡੇ ਹੋਈ ਜਾਂਦੇ ਖਾਰ।**

## ਕੈਪਸ਼ਨ ਮੁਕਾਬਲਾ-82



ਨਾਲ ਡੱਕੇ ਦੇ ਧਰਤੀ ਉਪਰ,
ਡੱਬੇ ਬਾਰਾਂ ਬਣ ਜਾਂਦੇ ਸੀ।
ਬਾਰਾਂ ਬਾਰਾਂ ਰੱਖ ਡੀਟੀਆਂ,
ਦੋਨੋ ਪਾਸੇ ਤਣ ਜਾਂਦੇ ਸੀ।
ਬਾਰਾਂ ਡੀਟੀ ਖੇਡ ਸੱਥ ਦੀ,
ਸਭ ਦੇ ਮਨ ਨੂੰ ਭਾਉਂਦੀ ਸੀ।
ਵਿੱਸਰ ਗਈ ਉਹ ਖੇਡ ਪਿਆਰੀ,
ਜੋ ਸਿਖ਼ਰ ਦੁਪਹਿਰ ਲੰਘਾਉਂਦੀ ਸੀ
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਗੁਜ਼ਰ ਗਿਆ ਉਹ ਜ਼ਮਾਨਾ
ਬਹਿੰਦੇ ਸੀ ਜਦ ਰਲ ਮਿਲ ਹਾਣੀ।
ਕੋਈ ਖੇਡਦਾ ਸੀ ਤਾਸ਼ ਦੇ ਪੱਤੇ
ਕੋਈ ਖੇਡਦਾ ਸੀ ਬਾਰਾਂ ਟਾਹਣੀ।
ਬਚਨਾ, ਪੂਰਨ ਤੇ ਫੁੰਮਣ ਬਾਬਾ,
ਬਣਾ ਲੈਂਦੇ ਸੀ ਆਪਣੀ ਢਾਹਣੀ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

---

ਬਚਪਨ ਦੀ ਗੱਲ ਯਾਦ ਆ ਗਈ,
ਜਦੋਂ ਅਸੀਂ ਸੀ ਪੜ੍ਹਦੇ।
ਮਾਂ ਬਾਪੂ ਨੇ ਪੜ੍ਹਨ ਭੇਜਣਾ,
ਅਸੀਂ ਡਰਦੇ ਸਕੂਲ ਨਾ ਵੜਦੇ।
ਇਕ ਦਿਨ ਬਾਹਰ ਘੇਰ ਲਿਆ ਤਾਏ ਨੇ,
ਕਹਿੰਦਾ ਇਹ ਡਿਪਟੀ ਨਹੀਂ ਬਣਦੇ।
ਦੂਜੇ ਦਿਨ ਹੀ ਤੋਰ'ਤਾ ਡੰਗਰ ਚਾਰਨ,
ਫਿਰ ਸਾਰਾ ਦਿਨ ਮੌਜਾਂ ਕਰਦੇ।
ਬਾਰਾਂ ਟਾਹਣੀ, ਬਾਂਦਰ ਕਿੱਲਾ, ਟੰਗ ਪਲੰਘਾ,
ਖਿੱਦੋ-ਖੂੰਡੀ ਨਿੱਤ ਖੇਡਦੇ ਰਹਿੰਦੇ।
ਕਾਸ਼! ਅਸੀਂ ਵੀ ਪੜ੍ਹ ਲਿਖ ਜਾਂਦੇ,
ਅੱਜ ਖੇਡਾਂ ਟੀ.ਵੀ. 'ਤੇ ਵਿੰਹਦੇ।
***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ***

---

## ਕੈਪਸ਼ਨ ਮੁਕਾਬਲਾ-81

ਗਲੀ ਗਲੀ ਮੈਂ ਹੋਕਾ ਦੇਵਾਂ
ਭਾਂਡੇ ਕਲੀ ਕਰਾ ਲੋ ਜੀ।
ਘਸਮੈਲੇ ਜੇ ਹੋ ਗਏ ਬਰਤਨ
ਕਲੀ ਨਾਲ ਚਮਕਾ ਲੋ ਜੀ।
ਸੜਕ ਦੇ ਉਤੇ ਲਾਇਆ ਡੇਰਾ
ਆਪਣੇ ਭਾਂਡੇ ਫੜਾ ਦੋ ਜੀ।
ਕਲੀ ਪਿਛੋਂ ਭਾਂਡੇ ਚਮਕਣਗੇ
ਕਾਗਜ਼ 'ਤੇ 'ਗੂਠਾ ਲਵਾ ਲੋ ਜੀ।
***-ਪਰਸ਼ੋਤਮ ਸਿੰਘ ਯੂਬਾ ਸਿਟੀ***

---

ਲੰਬੀ ਗਲੀ ਦੀ ਇਕ ਨੁੱਕਰ ਵਿਚ,
ਕਲੀ ਵਾਲੇ ਨੇ ਆਣ ਡੇਰਾ ਲਾਇਆ।
ਭਾਂਡੇ ਕਲੀ ਕਰਾ ਲਓ ਦਾ ਹੋਕਾ ਫਿਰ,
ਗਲੀ ਗਲੀ ਵਿਚ ਲਾਇਆ।
ਸੰਤੋ, ਬੰਤੋ ਅਤੇ ਬਚਨੀ ਨੇ ਫਿਰ
ਕਲੀ ਕਰਾਉਣ ਦਾ ਮਤਾ ਪਕਾਇਆ।
ਬੈਠ ਇਕੱਠੀਆਂ ਸੱਦ ਭਾਈ ਨੂੰ ਫਿਰ,
ਭਾਅ ਉਸ ਨਾਲ ਮੁਕਾਇਆ।
ਪੂਰੇ ਦੋ ਦਿਨ ਦਾ ਕੰਮ ਦੇ ਉਸ ਨੂੰ,
ਰੋਜ਼ੀ ਰੋਟੀ ਦਾ ਪ੍ਰਬੰਧ ਕਰਾਇਆ।
ਪਰ ਚੰਦਰੀ ਸਟੀਲ ਰਾਣੀ ਨੇ,
ਗਰੀਬ ਦਾ ਧੰਦਾ ਹੀ ਚੌਪਟ ਕਰਾਇਆ।
***-ਸੇਵਾ ਸਿੰਘ ਨੂਰਪੁਰੀ***


ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ ਵੱਲੋਂ
KINGS OF KABADDI
ਸਲਾਨਾ ਆਲ ਸਟਾਰ
4th ਵਰਲਡ ਕਬੱਡੀ ਕੱਪ
ਬਾਸਕਟਬਾਲ, ਵਾਲੀਬਾਲ ਖੇਡਾਂ 28 ਸਤੰਬਰ 2013 ਗੁਰਦੁਆਰਾ ਬਰਾਡਸ਼ਾਅ ਸਪੋਰਟਸ ਕੰਪਲੈਕਸ 7676 ਬਰਾਡਸ਼ਾਅ ਰੋਡ, ਸੈਕਰਾਮੈਂਟੋ, ਕੈਲੀਫੋਰਨੀਆ 95829
ਸਪਾਂਸਰ
ਕਬੱਡੀ ਟੀਮਾਂ ਦੇ ਸਪਾਂਸਰ
ਹਰਵਿੰਦਰ ਰਿਆੜ
Jus Punjabi TV
ਸਪੈਸ਼ਲ ਕਬੱਡੀ ਮੈਚ ਦੇਖਣ ਲਈ ਪਹੁੰਚ ਰਹੇ ਹਨ
ਪਹੁੰਚ ਰਹੇ ਕਬੱਡੀ ਖਿਡਾਰੀ
ਯੂਕੇ ਕਬੱਡੀ ਫੈਡਰੇਸ਼ਨ ਦੇ ਪਹੁੰਚ ਰਹੇ ਮੈਂਬਰ ਵਿਦ ਟੀਮ
ਕੁਲਵੀਰ ਸਿਘ ਵਿਰਦੀ
ਅਮਰੀਕ ਸਿਘ ਸਹੋਤਾ
ਦਲਜੀਤ ਸਿਘ (ਮੋਹਣਾ)
ਸੁਖਦੇਵ ਸਿਘ ਸੇਖੋਂ
ਹੋਰ ਜਾਣਕਾਰੀ ਲਈ ਸੰਪਰਕ:
ਮੇਜਰ ਸਿੰਘ ਰੰਧਾਵਾ 916-747-0952, ਸੀਤਲ ਸਿੰਘ ਨਿੱਝਰ 916-417-8897, ਗੁਰਨੇਕ ਸਿੰਘ ਢਿੱਲੋਂ 916-201-1863
ਕਬੱਡੀ ਬਾਰੇ ਜਾਣਕਾਰੀ : ਕਿੰਦੂ ਰਮੀਦੀ : 916-870-3303, ਸੁੱਖੀ ਸੇਖੋਂ : 209-589-5664,
ਬਾਸਕਟਬਾਲ ਸਬੰਧੀ ਜਾਣਕਾਰੀ ਲਈ : ਜਸਦੀਪ ਸਿੰਘ ਰੰਧਾਵਾ : 916-271-7069, ਗੁਰਪ੍ਰੀਤ ਸਿੰਘ ਤੂਰ : 916-617-6836,
ਬਾਲੀਵਾਲ ਸਬੰਧੀ ਜਾਣਕਾਰੀ ਲਈ : ਸੰਤੋਖ ਸਿੰਘ ਦੁਸਾਂਝ : 916-439-0081, ਨਰਿੰਦਰ ਸਿੰਘ : 916-257-8658

# ਪੰਜਾਬ ਦੇ ਲੋਹਾ ਉਦਯੋਗ ਦਾ ਭੱਠਾ ਬੈਠਿਆ

## ਸੈਂਕੜੇ ਉਦਯੋਗਾਂ ਨੇ ਬਿਜਲੀ ਕੁਨੈਕਸ਼ਨ ਕਟਵਾਏ



**ਚੰਡੀਗੜ੍ਹ:** ਇਕ ਪਾਸੇ ਰਿਜ਼ਰਵ ਬੈਂਕ ਆਫ ਇੰਡੀਆ ਦੀ ਰਿਪੋਰਟ ਹੈ ਕਿ ਦੇਸ਼ ਵਿਚ ਨਿਵੇਸ਼ ਲਈ ਸਭ ਤੋਂ ਪਸੰਦੀਦਾ ਸਥਾਨਾਂ ਦੇ ਮਾਮਲੇ ਵਿਚ ਪੰਜਾਬ, ਗੁਜਰਾਤ ਨੂੰ ਵੀ ਪਿੱਛੇ ਛੱਡ ਗਿਆ ਹੈ ਤੇ ਉਸ ਦਾ ਸਥਾਨ ਦੇਸ਼ ਵਿਚ ਉੜੀਸਾ ਤੇ ਮਹਾਰਾਸ਼ਟਰ ਤੋਂ ਬਾਅਦ ਤੀਜੇ ਨੰਬਰ 'ਤੇ ਹੈ ਪਰ ਇਸ ਦੇ ਉਲਟ ਆਰ.ਟੀ.ਆਈ. ਤਹਿਤ ਹਾਸਲ ਜਾਣਕਾਰੀ ਅਨੁਸਾਰ ਪੰਜਾਬ ਵਿਚ ਲੋਹਾ ਉਦਯੋਗਾਂ ਦਾ ਭੱਠਾ ਬੈਠ ਰਿਹਾ ਹੈ।

ਪੰਜਾਬ ਦੀ ਸਰਕਾਰੀ ਬਿਜਲੀ ਸੰਸਥਾ ਪਾਵਰਕੌਮ ਵੱਲੋਂ ਆਲ ਇੰਡੀਆ ਸਟੀਲ ਰੀ ਰੋਲਰਜ਼ ਐਸੋਸੀਏਸ਼ਨ ਨੂੰ ਆਰ.ਟੀ.ਆਈ. ਤਹਿਤ ਦਿੱਤੀ ਜਾਣਕਾਰੀ ਅਨੁਸਾਰ ਜਨਵਰੀ 2012 ਤੋਂ ਲੈ ਕੇ ਜੂਨ 2013 ਤੱਕ 101 ਲੋਹਾ ਉਦਯੋਗ ਜਿਨ੍ਹਾਂ ਵਿਚ ਫਰਨਸ ਮਿੱਲਾਂ, ਰੋਲਿੰਗ ਮਿੱਲਾਂ ਤੇ ਪਾਈਪ ਪਲਾਂਟ ਸ਼ਾਮਲ ਵੀ ਹਨ, ਨੇ ਆਪਣੇ ਬਿਜਲੀ ਦੇ ਕੁਨੈਕਸ਼ਨ ਹੀ ਕਟਵਾ ਦਿੱਤੇ ਹਨ। ਬਿਜਲੀ ਕੁਨੈਕਸ਼ਨ ਕਟਵਾਉਣ ਵਾਲੀਆਂ ਉਦਯੋਗਕ ਇਕਾਈਆਂ ਵਿਚ ਮੰਡੀ ਗੋਬਿੰਦਗੜ੍ਹ ਦੀਆਂ 89, ਖੰਨਾ ਦੀਆਂ ਨੌਂ ਤੇ ਸਰਹਿੰਦ ਦੀਆਂ ਤਿੰਨ ਇਕਾਈਆਂ ਸ਼ਾਮਲ ਹਨ।

ਆਲ ਇੰਡੀਆ ਸਟੀਲ ਰੀ ਰੋਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਵਿਨੋਦ ਵਸ਼ਿਸ਼ਟ ਨੇ ਦਾਅਵਾ ਕੀਤਾ ਕਿ ਇਹ 101 ਉਦਯੋਗ ਤਾਂ ਉਹ ਹਨ ਜਿਨ੍ਹਾਂ ਨੇ ਸਥਾਈ ਤੌਰ 'ਤੇ ਬਿਜਲੀ ਦੇ ਕੁਨੈਕਸ਼ਨ ਕਟਵਾ ਦਿੱਤੇ ਹਨ ਜਦੋਂਕਿ ਇਸ ਤੋਂ ਇਲਾਵਾ 100 ਦੇ ਕਰੀਬ ਹੋਰ ਉਦਯੋਗਕ ਇਕਾਈਆਂ ਅਜਿਹੀਆਂ ਹਨ ਜੋ ਜਾਂ ਤਾਂ ਬੰਦ ਪਈਆਂ ਹਨ ਜਾਂ ਫਿਰ ਹਫ਼ਤੇ ਵਿਚ ਸਿਰਫ ਇਕ ਦੋ ਦਿਨ ਚੱਲ ਰਹੀਆਂ ਹਨ। ਪੰਜਾਬ ਦੇ ਬਹੁਤੇ ਲੋਹਾ ਉਦਯੋਗ ਵੀ ਘਾਟੇ ਵਿਚ ਹੀ ਚਲ ਰਹੇ ਹਨ ਤੇ ਕਿਸੇ ਵੇਲੇ ਵੀ ਬੰਦ ਹੋ ਸਕਦੇ ਹਨ।

ਸਮਾਲ ਸਕੇਲ ਸਟੀਲ ਰੋਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਰਾਜੀਵ ਸੂਦ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਦੇ ਆਪਣੇ ਹੀ ਵਿਭਾਗ ਪਾਵਰਕੌਮ ਵੱਲੋਂ ਲੋਹਾ ਉਦਯੋਗ ਦੀਆਂ 101 ਇਕਾਈਆਂ ਦੇ ਬੰਦ ਹੋਣ ਦੀ ਪੁਸ਼ਟੀ ਕਰਨ ਤੋਂ ਬਾਅਦ ਰਿਜ਼ਰਵ ਬੈਂਕ ਦੀ ਰਿਪੋਰਟ ਉਪਰ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਪੰਜਾਬ ਦੇਸ਼ ਵਿਚ ਨਿਵੇਸ਼ ਕਰਨ ਦੇ ਮਾਮਲੇ ਵਿਚ ਤੀਸਰੇ ਸਥਾਨ 'ਤੇ ਖੜ੍ਹਾ ਹੈ। ਆਲ ਇੰਡੀਆ ਸਟੀਲ ਰੀ ਰੋਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਵਿਨੋਦ ਵਸ਼ਿਸ਼ਟ, ਉਪ ਪ੍ਰਧਾਨ ਹਰਮੇਸ਼ ਜੈਨ ਤੇ ਸਮਾਲ ਸਕੇਲ ਸਟੀਲ ਰੋਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਰਾਜੀਵ ਸੂਦ ਨੇ ਮੰਗ ਕੀਤੀ ਕਿ ਜੇਕਰ ਪੰਜਾਬ ਦੇ ਲੋਹਾ ਉਦਯੋਗ ਨੂੰ ਬਚਾਉਣਾ ਹੈ ਤਾਂ ਪੰਜਾਬ ਸਰਕਾਰ ਲੋਹੇ ਤੇ ਵੈਟ ਦੋ ਫ਼ੀਸਦੀ ਤੇ ਕੇਂਦਰੀ ਸਰਕਾਰ ਉਤਪਾਦਨ ਕਰ ਅੱਠ ਫ਼ੀਸਦੀ ਕਰੇ।

# ਘਰੋਂ ਭੱਜੀਆਂ ਭੈਣਾਂ ਨੇ ਮਾਪਿਆਂ ਤੋਂ ਮੰਗੇ ਚਾਰ ਕਰੋੜ

**ਨਵੀਂ ਦਿੱਲੀ:** ਦੋ ਪੰਜਾਬੀ ਮੁਟਿਆਰਾਂ ਨੇ ਦਿੱਲੀ ਦੀ ਇਕ ਅਦਾਲਤ ਵਿਚ ਪਹੁੰਚ ਕਰਕੇ ਆਪਣੀ ਪੜ੍ਹਾਈ ਪੂਰੀ ਕਰਨ ਤੇ ਦਿੱਲੀ ਵਿਚ ਰਹਿਣ-ਸਹਿਣ ਦੇ ਖਰਚਿਆਂ ਲਈ ਪ੍ਰਤੀ ਸਾਲ ਚਾਰ ਕਰੋੜ ਤੋਂ ਵੱਧ ਰਾਸ਼ੀ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਮਾਪਿਆਂ ਵੱਲੋਂ ਕੁੱਟਮਾਰ ਤੇ ਤੰਗ-ਪ੍ਰੇਸ਼ਾਨ ਕੀਤੇ ਜਾਣ ਮਗਰੋਂ 2010 ਵਿਚ ਉਹ ਘਰੋਂ ਚਲੀਆਂ ਗਈਆਂ ਸਨ। ਪੰਜਾਬ ਦੇ ਲੁਧਿਆਣਾ ਸ਼ਹਿਰ ਦੀਆਂ ਰਹਿਣ ਵਾਲੀਆਂ ਦੋਵੇਂ ਭੈਣਾਂ ਨੇ ਮੈਟਰੋਪਾਲੇਟਿਨ ਮੈਜਿਸਟਰੇਟ ਮੋਨਿਕਾ ਸਰੋਹਾ ਦੀ ਅਦਾਲਤ ਵਿਚ ਪਟੀਸ਼ਨ ਪਾਉਂਦਿਆਂ ਦੋਸ਼ ਲਾਏ ਹਨ ਕਿ ਉਨ੍ਹਾਂ 'ਤੇ ਮਾਪਿਆਂ ਵੱਲੋਂ ਤਸ਼ੱਦਦ ਕੀਤਾ ਜਾਂਦਾ ਸੀ।

**ਕੁੱਟ-ਮਾਰ ਤੇ ਤੰਗ ਪ੍ਰੇਸ਼ਾਨ ਕਰਨ ਦੇ ਦੋਸ਼ ਵੀ ਲਾਏ**

ਸਿਵਲ ਸੇਵਾ ਪ੍ਰੀਖਿਆ ਦੀ ਤਿਆਰੀ ਕਰ ਰਹੀ ਛੋਟੀ ਭੈਣ ਨੇ ਜੱਜ ਨੂੰ ਦੱਸਿਆ ਕਿ ਉਹ ਦੋਵੇਂ ਵਿਦਿਆਰਥਣਾਂ ਹਨ ਤੇ ਪੜ੍ਹਾਈ ਤੇ ਰਹਿਣ-ਸਹਿਣ ਦੇ ਖਰਚੇ ਕਰਨ ਲਈ ਉਨ੍ਹਾਂ ਕੋਲ ਆਮਦਨ ਦਾ ਕੋਈ ਸਾਧਨ ਨਹੀਂ ਹੈ। ਲੜਕੀਆਂ ਦੇ ਵਕੀਲ ਸ਼ਾਨ ਮੋਹਨ ਨੇ ਅਦਾਲਤ ਵਿਚ ਕਿਹਾ ਕਿ ਦੋਵੇਂ ਭੈਣਾਂ ਪੜ੍ਹਨਾ ਚਾਹੁੰਦੀਆ ਹਨ ਪਰ ਉਨ੍ਹਾਂ ਦਾ ਪਿਤਾ ਜਾਣਬੁੱਝ ਕੇ ਲੜਕੀਆਂ ਨੂੰ ਖਰਚਾ ਨਹੀਂ ਦੇ ਰਿਹਾ ਤੇ ਉਨ੍ਹਾਂ ਨਾਲ ਆਰਥਿਕ ਤੇ ਘਰੇਲੂ ਹਿੰਸਾ ਕਰਦਾ ਰਿਹਾ ਹੈ।

ਅਦਾਲਤ ਨੇ ਅਗਲੇ ਸਾਲ ਜਨਵਰੀ ਦੀ ਤਾਰੀਖ ਪਾ ਕੇ ਲੜਕੀਆਂ ਦੇ ਪਿਤਾ ਨੂੰ ਨੋਟਿਸ ਜਾਰੀ ਕੀਤਾ ਹੈ। ਲੜਕੀਆ ਨੇ ਅਦਾਲਤ ਵਿਚ ਦੱਸਿਆ ਕਿ ਇਹ ਸਾਰਾ ਝਗੜਾ ਉਦੋਂ ਸ਼ੁਰੂ ਹੋਇਆ ਜਦੋਂ ਬੀ.ਕਾਮ. ਫਾਈਨਲ ਵਿਚ ਪੜ੍ਹਦੀ ਵੱਡੀ ਭੈਣ ਨੇ ਦੁਕਾਨਦਾਰ ਪਿਤਾ ਨੂੰ ਐਮ.ਬੀ.ਏ. ਕਰਨ ਦਾ ਆਪਣਾ ਇਰਾਦਾ ਦੱਸਿਆ। ਬੀ.ਕਾਮ. ਭਾਗ ਪਹਿਲਾ ਵਿਚ ਪੜ੍ਹ ਰਹੀ ਛੋਟੀ ਭੈਣ ਵੀ ਐਮ.ਬੀ.ਏ. ਕਰਨੀ ਚਾਹੁੰਦੀ ਹੈ ਪਰ ਪਿਤਾ ਉਨ੍ਹਾਂ ਨੂੰ ਪੜ੍ਹਨੋਂ ਹਟਾਉਣ ਦੇ ਡਰਾਵੇ ਦੇਣ ਲੱਗ ਪਿਆ।

ਲੜਕੀਆਂ ਨੇ ਧੱਕੇਸ਼ਾਹੀਆਂ ਦੇ ਦੋਸ਼ ਲਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਪਰਿਵਾਰਕ ਮੈਂਬਰਾਂ ਤੋਂ ਧਮਕੀਆਂ ਦਿਵਾਈਆਂ ਜਾਂਦੀਆਂ ਹਨ ਤੇ ਮਰਿਆਦਾ ਦੇ ਨਾਂ 'ਤੇ ਹੱਤਿਆ ਕਰਨ ਦੇ ਡਰਾਵੇ ਦਿੱਤੇ ਜਾ ਰਹੇ ਹਨ। ਘਰ ਵਿਚ ਬੰਦ ਕਰਨ ਦੇ ਡਰੋਂ ਇਹ ਲੜਕੀਆਂ ਫਰਵਰੀ 2010 ਵਿਚ ਕਿਸੇ ਪਰਿਵਾਰਕ ਮਿੱਤਰ ਨਾਲ ਦਿੱਲੀ ਭੱਜ ਆਈਆਂ ਸਨ ਤੇ ਇਥੇ ਇਕ ਕਾਲਜ ਵਿਚ ਦਾਖਲਾ ਲੈ ਲਿਆ ਸੀ। ਇਸ ਤੋਂ ਪਹਿਲਾਂ ਦਿੱਲੀ ਹਾਈ ਕੋਰਟ ਉਨ੍ਹਾਂ ਨੂੰ ਪੁਲਿਸ ਸੁਰੱਖਿਆ ਵੀ ਦਿਵਾ ਚੁੱਕੀ ਹੈ।

# ਸਿੱਖਿਆ ਮੰਤਰੀ ਦੀ ਨੂੰਹ ਆਈ.ਏ.ਐਸ. ਦੀ ਦੌੜ ਵਿਚ ਪਛੜੀ

**ਚੰਡੀਗੜ੍ਹ:** ਪੰਜਾਬ ਵਿਚ ਨਾਨ ਪੀ.ਸੀ.ਐਸ. ਕੋਟੇ ਦੇ ਅਫ਼ਸਰਾਂ ਵਿਚੋਂ ਭਰੀ ਜਾਣ ਵਾਲੀ ਆਈ.ਏ.ਐਸ. ਦੀ ਅਸਾਮੀ ਲਈ ਰਾਜ ਸਰਕਾਰ ਨੇ ਪੰਜ ਅਫਸਰਾਂ ਦੇ ਨਾਂ ਯੂ.ਪੀ.ਐਸ.ਸੀ. ਨੂੰ ਭੇਜ ਦਿੱਤੇ ਹਨ। ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਪਰਮਪਾਲ ਕੌਰ ਜੋ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਦੇ ਦਫ਼ਤਰ ਵਿਚ ਜ਼ਿੰਮੇਵਾਰੀ ਵਾਲੇ ਅਹੁਦੇ 'ਤੇ ਤਾਇਨਾਤ ਹਨ, ਆਈ.ਏ.ਐਸ. ਅਫ਼ਸਰ ਬਣਨ ਦੀ ਦੌੜ ਵਿਚੋਂ ਬਾਹਰ ਹੋ ਗਏ ਹਨ। ਮੁੱਖ ਸਕੱਤਰ ਰਾਕੇਸ਼ ਸਿੰਘ ਦੀ ਅਗਵਾਈ ਵਾਲੀ ਕਮੇਟੀ ਨੇ ਪਰਮਪਾਲ ਕੌਰ ਦੇ ਨਾਂ 'ਤੇ ਸਹਿਮਤੀ ਨਹੀਂ ਦਿੱਤੀ।

ਸਰਕਾਰ ਵੱਲੋਂ ਯੂ.ਪੀ.ਐਸ.ਸੀ. ਨੂੰ ਜਿਨ੍ਹਾਂ ਅਫ਼ਸਰਾਂ ਦੇ ਨਾਂ ਭੇਜੇ ਗਏ ਹਨ, ਉਨ੍ਹਾਂ ਵਿਚ ਵਿਧਾਨ ਸਭਾ ਦੇ ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ ਦੇ ਪੁੱਤਰ ਡਾ. ਸ਼ਿਵਕਰਨ ਸਿੰਘ ਕਾਹਲੋਂ, ਪੰਜਾਬ ਰਾਜ ਸਹਿਕਾਰੀ ਬੈਂਕ ਦੇ ਪ੍ਰਬੰਧਕੀ ਡਾਇਰੈਕਟਰ ਕਮਲਜੀਤ ਸਿੰਘ ਸੰਘਾ, ਤਕਨੀਕੀ ਸਿੱਖਿਆ ਵਿਭਾਗ ਦੇ ਵਧੀਕ ਡਾਇਰੈਕਟਰ ਮੋਹਨਬੀਰ ਸਿੰਘ, ਰਾਜ ਸਰਕਾਰ ਦੇ ਆਰਥਿਕ ਸਲਾਹਕਾਰ ਮੋਹਨ ਲਾਲ ਸ਼ਰਮਾ ਤੇ ਡਾ. ਪੁਨੀਤ ਗਿਰਧਰ ਸ਼ਾਮਲ ਹਨ। ਸ੍ਰੀਮਤੀ ਪਰਮਪਾਲ ਕੌਰ ਨੇ ਆਈ.ਏ.ਐਸ. ਬਣਨ ਲਈ ਜ਼ੋਰ ਲਾਇਆ ਹੋਇਆ ਸੀ ਪਰ ਸਰਕਾਰ ਵੱਲੋਂ ਬਣਾਏ ਨਿਯਮ ਹੀ ਉਨ੍ਹਾਂ ਦੀ ਚੋਣ ਵਿਚ ਅੜਿੱਕਾ ਬਣ ਗਏ।

ਸਰਕਾਰੀ ਨਿਯਮਾਂ ਮੁਤਾਬਕ ਉਸੇ ਅਫਸਰ ਦੀ ਆਈ.ਏ.ਐਸ. ਲਈ ਚੋਣ ਕੀਤੀ ਜਾ ਸਕਦੀ ਹੈ ਜੋ ਆਪਣੀ ਸੇਵਾ ਦੌਰਾਨ ਪਿਛਲੇ 8 ਸਾਲਾਂ ਤੋਂ ਡਿਪਟੀ ਕੁਲੈਕਟਰ ਰੈਂਕ ਦੇ ਤਨਖਾਹ ਸਕੇਲ ਵਿਚ ਕੰਮ ਕਰ ਰਿਹਾ ਹੋਵੇ। ਸਾਬਕਾ ਸਪੀਕਰ ਦੇ ਪੁੱਤਰ ਵੱਲੋਂ ਵੀ ਜ਼ੋਰ ਲਾਇਆ ਜਾ ਰਿਹਾ ਹੈ। ਡਾ. ਕਾਹਲੋਂ ਹਰਿਆਣਾ ਸਰਕਾਰ ਵਿਚ ਡਾਕਟਰ ਵਜੋਂ ਭਰਤੀ ਹੋਏ ਸਨ ਤੇ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਪੰਜਾਬ ਦੀਆਂ ਮੈਡੀਕਲ ਸੇਵਾਵਾਂ 'ਚ ਸ਼ਾਮਲ ਕੀਤਾ। ਸਰਕਾਰ ਨੇ ਆਈ.ਏ.ਐਸ. ਬਾਰੇ ਭੇਜੀ ਸੂਚੀ ਵਿਚ ਵੀ ਉਨ੍ਹਾਂ ਦਾ ਨਾਂ ਸ਼ਾਮਲ ਕਰ ਲਿਆ ਹੈ।

# ਰੇਤ ਮਾਫੀਆ ਉਤੇ ਬਾਦਲਾਂ ਦੀ ਛਤਰ ਛਾਇਆ

**ਚੰਡੀਗੜ੍ਹ:** ਪੰਜਾਬ ਵਿਚ ਰੇਤੇ ਤੇ ਬਜਰੀ ਦੀ ਮਾਈਨਿੰਗ 'ਤੇ ਪਾਬੰਦੀ ਦੇ ਬਾਵਜੂਦ ਰੇਤ ਮਾਫ਼ੀਆ ਦੇ ਹੌਸਲੇ ਬੁਲੰਦ ਹਨ। ਪੰਜਾਬ ਵਿਚ ਪਹਿਲੀ ਵਾਰੀ ਹੈ ਕਿ ਰੇਤ ਦੇ ਭਾਅ ਬਜਰੀ ਨੂੰ ਮਾਤ ਦੇ ਗਏ। ਹਾਸਲ ਜਾਣਕਾਰੀ ਮੁਤਾਬਕ ਸੂਬੇ ਵਿਚ ਰੇਤ ਦੇ ਭਾਅ 3500 ਤੋਂ ਚਾਰ ਹਜ਼ਾਰ ਰੁਪਏ ਪ੍ਰਤੀ 100 ਫੁੱਟ ਤੇ ਬਜਰੀ ਦੇ ਭਾਅ 3000 ਰੁਪਏ ਪ੍ਰਤੀ 100 ਫੁੱਟ ਹੋ ਗਏ ਹਨ। ਇਕ ਸਾਲ ਪਹਿਲਾਂ ਰੇਤ ਦੇ ਭਾਅ 1100 ਰੁਪਏ ਪ੍ਰਤੀ 100 ਫੁੱਟ ਸਨ ਤੇ ਬਜਰੀ ਦਾ ਭਾਰ 2300 ਰੁਪਏ ਪ੍ਰਤੀ 100 ਫੁੱਟ ਸੀ।

ਸੂਬੇ ਦੇ ਮਾਈਨਿੰਗ ਵਿਭਾਗ ਮੁਤਾਬਕ ਬੇਸ਼ੱਕ 27 ਛੋਟੀਆਂ ਖੱਡਾਂ ਦੀ ਨਿਲਾਮੀ ਹੋਣ ਤੋਂ ਬਾਅਦ ਹੀ ਰੇਤ ਦੀ ਨਿਕਾਸੀ ਹੋ ਰਹੀ ਹੈ ਪਰ ਸਿਆਸੀ ਸਰਪ੍ਰਸਤੀ ਹੇਠ ਰੇਤ ਦੀ ਨਿਕਾਸੀ ਦਾ ਕੰਮ ਧੜੱਲੇ ਨਾਲ ਚੱਲ ਰਿਹਾ ਹੈ। ਮਹੱਤਵਪੂਰਨ ਤੱਥ ਇਹ ਹੈ ਕਿ ਕਪੂਰਥਲਾ, ਹੁਸ਼ਿਆਰਪੁਰ, ਫਿਰੋਜ਼ਪੁਰ, ਮੋਗਾ ਤੇ ਪਠਾਨਕੋਟ ਜ਼ਿਲ੍ਹਿਆਂ ਵਿਚ ਪੁਲਿਸ ਨੇ ਵੀ ਰੇਤ ਕੱਢਣ ਵਾਲਿਆਂ ਤੋਂ ਵਸੂਲੀ ਸ਼ੁਰੂ ਕਰ ਦਿੱਤੀ ਹੈ। ਰੇਤ ਦੇ ਕੰਮ ਨਾਲ ਜੁੜੇ ਵਿਅਕਤੀਆਂ ਨੇ ਦੱਸਿਆ ਕਿ ਇਨ੍ਹਾਂ ਜ਼ਿਲ੍ਹਿਆਂ ਵਿਚ ਪੁਲਿਸ ਕਰਮਚਾਰੀਆਂ ਵੱਲੋਂ ਸਫ਼ੇਦ ਕੱਪੜਿਆਂ ਵਿਚ ਨਿੱਜੀ ਕਾਰਾਂ ਰਾਹੀਂ ਨਾਕਾਬੰਦੀ ਕੀਤੀ ਜਾਂਦੀ ਹੈ। ਫਗਵਾੜਾ ਵਿਚ ਲਗਦੇ ਮਾਫ਼ੀਆ ਦੇ ਨਾਕੇ ਦੀ ਇਸ ਮਾਮਲੇ ਵਿਚ ਚਰਚਾ ਭਾਰੂ ਹੈ।

ਸੂਤਰਾਂ ਮੁਤਾਬਕ ਹੁਸ਼ਿਆਰਪੁਰ ਤੇ

**ਬਜਰੀ ਨਾਲੋਂ ਰੇਤਾ ਹੋਇਆ ਮਹਿੰਗਾ**

ਪਠਾਨਕੋਟ ਵਿਚ ਚੱਲਦੀਆਂ ਰੇਤ ਦੀਆਂ ਖੱਡਾਂ ਤੋਂ ਇਸ ਸਮੇਂ 1400 ਰੁਪਏ ਪ੍ਰਤੀ ਸੈਂਕੜਾ (100 ਫੁੱਟ ਰੇਤ) ਵਸੂਲੀ ਕੀਤੀ ਜਾਂਦੀ ਹੈ। ਇਨ੍ਹਾਂ ਖੱਡਾਂ 'ਤੇ 400 ਰੁਪਏ ਪ੍ਰਤੀ ਸੈਂਕੜਾ ਭਰਾਈ ਦਾ ਖਰਚਾ, ਇਕ ਹਜ਼ਾਰ ਰੁਪਏ ਮਾਫ਼ੀਆ ਦੀ ਵਸੂਲੀ ਤੇ 800 ਰੁਪਏ ਪ੍ਰਤੀ ਸੈਂਕੜਾ ਡੀਜ਼ਲ ਤੇਲ ਦਾ ਖਰਚ ਪੈਂਦਾ ਹੈ। ਇਸੇ ਤਰ੍ਹਾਂ ਮਾਲਵੇ ਦੇ ਜ਼ਿਲ੍ਹਿਆਂ ਫਿਰੋਜ਼ਪੁਰ, ਮੋਗਾ ਤੇ ਫਾਜ਼ਿਲਕਾ ਵਿਚ ਰੇਤ ਦੇ ਭਾਅ ਮਾਫ਼ੀਆ ਨੇ ਉੱਕੇ ਪੁੱਕੇ ਹੀ ਮਿਥ ਦਿੱਤੇ ਹਨ। ਇਨ੍ਹਾਂ ਜ਼ਿਲ੍ਹਿਆਂ ਵਿਚ 10 ਹਜ਼ਾਰ ਰੁਪਏ ਤੋਂ 12 ਹਜ਼ਾਰ ਰੁਪਏ ਤੱਕ ਰੇਤ ਦੀ ਭਰੀ ਟਰਾਲੀ ਦੇ ਵਸੂਲੇ ਜਾਂਦੇ ਹਨ। ਇਨ੍ਹਾਂ ਜ਼ਿਲ੍ਹਿਆਂ ਵਿਚ ਪੁਲਿਸ ਦੇ ਨਾਕਿਆਂ 'ਤੇ ਉਗਰਾਹੀ ਜ਼ਰੂਰ ਹੁੰਦੀ ਹੈ ਪਰ ਮਾਫ਼ੀਆ ਨੂੰ ਠੇਕੇਦਾਰਾਂ ਵੱਲੋਂ ਹੀ ਅਦਾਇਗੀ ਕੀਤੀ ਜਾਂਦੀ ਹੈ। ਰੇਤ ਦੇ ਵਧੇ ਇਸ ਭਾਅ ਕਾਰਨ ਚਾਰੇ ਪਾਸੇ ਹਾਹਾਕਾਰ ਮਚੀ ਹੋਈ ਹੈ। ਉਸਾਰੀ ਦੇ ਕੰਮਾਂ ਨੂੰ ਬਰੇਕਾਂ ਲੱਗ ਗਈਆਂ ਹਨ ਤੇ ਸੀਮਿੰਟ ਰੇਤ ਤੋਂ ਬਣਨ ਵਾਲੀਆਂ ਵਸਤਾਂ ਖਾਸ ਕਰ ਸੀਮਿੰਟ ਦੇ ਪਾਈਪ ਦੇ ਭਾਅ ਵਿਚ ਵਾਧਾ ਹੋ ਗਿਆ ਹੈ।

ਹਾਈ ਕੋਰਟ ਨੇ ਰੇਤ ਦੀ ਨਿਕਾਸੀ 'ਤੇ ਬੇਸ਼ੱਕ ਪਾਬੰਦੀ ਲਾਈ ਹੋਈ ਹੈ ਪਰ ਪੁਲਿਸ ਦੀ ਮਿਲੀਭੁਗਤ ਨਾਲ ਸਭ ਰਿਹਾ ਹੈ। ਮਾਫ਼ੀਆ ਵੱਲੋਂ ਮਾਈਨਿੰਗ ਵਿਚ ਅੜਿੱਕਾ ਖੜ੍ਹਾ ਕਰਨ ਵਾਲੇ ਸਰਕਾਰੀ ਮੁਲਾਜ਼ਮਾਂ ਤੇ ਅਧਿਕਾਰੀਆਂ ਨੂੰ ਸ਼ਿਕਾਰ ਬਣਾਇਆ ਜਾਂਦਾ ਹੈ। ਲੰਘੇ ਦਿਨੀਂ ਫਿਰੋਜ਼ਪੁਰ ਵਿਚ ਪੰਜਾਬ ਪੁਲਿਸ ਦੇ ਥਾਣੇਦਾਰ 'ਤੇ ਹਮਲਾ ਹੋਇਆ। ਇਸ ਤੋਂ ਪਹਿਲਾਂ ਮਾਈਨਿੰਗ ਵਿਭਾਗ ਦੇ ਅਫਸਰ ਜਾਂ ਕਰਮਚਾਰੀ ਮਾਫ਼ੀਆ ਦੀ ਕੁੱਟਮਾਰ ਦਾ ਸ਼ਿਕਾਰ ਹੁੰਦੇ ਸਨ।

# ਸੜਕ ਹਾਦਸਿਆਂ ਦੌਰਾਨ ਮੌਤਾਂ ਦੇ ਮਾਮਲੇ ਵਿਚ ਪੰਜਾਬ ਦਾ ਤੀਜਾ ਸਥਾਨ

## ਸਾਲ ਵਿਚ 4820 ਵਿਅਕਤੀ ਚੜ੍ਹੇ ਸੜਕ ਹਾਦਸਿਆਂ ਦੀ ਬਲੀ



**ਚੰਡੀਗੜ੍ਹ:** ਪੰਜਾਬ ਵਿਚ ਸੜਕ ਹਾਦਸਿਆਂ ਦੌਰਾਨ ਮੌਤਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਪੰਜਾਬ ਹੁਣ ਦੇਸ਼ ਵਿਚ ਸਭ ਤੋਂ ਵੱਧ ਸੜਕ ਹਾਦਸਿਆਂ ਦੌਰਾਨ ਹੋਈਆਂ ਮੌਤਾਂ ਵਾਲੇ ਪਹਿਲੇ ਤਿੰਨ ਸੂਬਿਆਂ ਵਿਚ ਸ਼ਾਮਲ ਹੋ ਗਿਆ ਹੈ। ਸਿਰਫ ਪਿਛਲੇ ਦੋ ਮਹੀਨਿਆਂ ਦੌਰਾਨ ਹੀ ਪੰਜਾਬ ਵਿਚ 42 ਮੌਤਾਂ ਸੜਕ ਹਾਦਸਿਆਂ ਦੌਰਾਨ ਹੋਈਆਂ।

ਕੇਂਦਰੀ ਸੜਕ ਮੰਤਰਾਲੇ ਦੇ ਖੋਜ ਵਿੰਗ ਵੱਲੋਂ ਜਾਰੀ ਤਾਜ਼ਾ ਰਿਪੋਰਟ 'ਰੋਡ ਐਕਸੀਡੈਂਟਸ ਇਨ ਇੰਡੀਆ' ਵਿਚ ਖੁਲਾਸੇ ਹੋਇਆ ਹੈ ਕਿ ਇਕ ਸਾਲ ਦੇ ਵਕਫੇ ਦੌਰਾਨ ਪੰਜਾਬ ਵਿਚ 4820 ਵਿਅਕਤੀਆਂ ਨੂੰ ਸੜਕ ਹਾਦਸਿਆਂ ਦੌਰਾਨ ਜਾਨ ਤੋਂ ਹੱਥ ਧੋਣੇ ਪਏ। ਦੇਸ਼ ਦੇ 50 ਵੱਡੇ ਸ਼ਹਿਰਾਂ ਵਿਚੋਂ ਅੰਮ੍ਰਿਤਸਰ ਤੇ ਲੁਧਿਆਣਾ ਸ਼ਹਿਰ ਅਜਿਹੇ ਹਨ ਜਿਨ੍ਹਾਂ ਦੀਆਂ ਸੜਕਾਂ 'ਤੇ ਸਭ ਤੋਂ ਵੱਧ ਹਾਦਸੇ ਹੋਏ ਹਨ। ਹਾਲਾਂਕਿ ਸੂਬਾ ਸਰਕਾਰ ਨੇ ਸੜਕੀ ਮੌਤਾਂ ਦੇ ਮੱਦੇਨਜ਼ਰ ਕਦੇ ਪੰਜਾਬ ਰਾਜ ਸੜਕ ਸੁਰੱਖਿਆ ਕੌਂਸਲ ਦਾ ਗਠਨ ਕੀਤਾ ਸੀ ਪਰ ਇਸ ਕੌਂਸਲ ਦੀ ਹੋਂਦ ਪੰਜਾਬ ਸਰਕਾਰ ਦੀ ਸਰਕਾਰੀ ਡਾਇਰੀ ਵਿਚ ਹੀ ਨਜ਼ਰ ਆਉਂਦੀ ਹੈ।

ਇਸ ਤੋਂ ਇਲਾਵਾ ਕਿਸੇ ਵੇਲੇ ਸੜਕੀ ਮੌਤਾਂ ਬਾਰੇ ਪੰਜਾਬ ਵਿਧਾਨ ਸਭਾ ਕਮੇਟੀ ਤੇ ਪੰਜਾਬ ਪ੍ਰਸ਼ਾਸਕੀ ਸੁਧਾਰ ਕਮਿਸ਼ਨ ਨੇ ਸਰਕਾਰ ਨੂੰ ਕੁਝ ਸਿਫ਼ਾਰਸ਼ਾਂ ਕੀਤੀਆਂ ਸਨ ਜੋ ਅਜੇ ਤੱਕ ਫਾਈਲਾਂ ਵਿਚ ਹੀ ਕਿਧਰੇ ਦਫ਼ਨ ਹਨ। ਰਿਪੋਰਟ ਅਨੁਸਾਰ ਸਾਲ 2012 ਵਿਚ ਸ਼ਹਿਰੀ ਖੇਤਰਾਂ ਦੀਆਂ ਸੜਕਾਂ 'ਤੇ ਹੋਏ ਹਾਦਸਿਆਂ ਕਾਰਨ 1320 ਮੌਤਾਂ ਹੋਈਆਂ ਜਦਕਿ ਪੇਂਡੂ ਖੇਤਰਾਂ ਦੀਆਂ ਸੜਕਾਂ 'ਤੇ ਹੋਏ ਹਾਦਸੇ 3500 ਵਿਅਕਤੀਆਂ ਦੀ ਜਾਨ ਲੈ ਗਏ।

ਇਨ੍ਹਾਂ ਹਾਦਸਿਆਂ ਦੀ ਲਪੇਟ ਵਿਚ ਆ ਕੇ ਪੈਦਲ ਤੁਰਨ ਵਾਲੇ 468 ਵਿਅਕਤੀ ਮੌਤ ਦੇ ਮੂੰਹ ਜਾ ਪਏ, ਸੜਕਾਂ 'ਤੇ ਜਾਂਦੇ 287 ਸਾਈਕਲ ਸਵਾਰ ਵਿਅਕਤੀ ਵੀ ਇਸ ਸਾਲ ਵਿਚ ਹੀ ਮੌਤ ਦੇ ਘੇਰੇ ਵਿਚ ਆ ਗਏ। ਇਸ ਸਮੇਂ ਦੌਰਾਨ ਸੂਬੇ ਵਿਚ 556 ਬੱਸ ਹਾਦਸੇ ਹੋਏ ਜਿਨ੍ਹਾਂ ਵਿਚ 403 ਵਿਅਕਤੀਆਂ ਦੀ ਮੌਤ ਹੋਈ ਜਦਕਿ 410 ਵਿਅਕਤੀ ਜ਼ਖ਼ਮੀ ਹੋਏ। 200 ਸੜਕ ਹਾਦਸੇ ਆਟੋ ਰਿਕਸ਼ਿਆਂ ਦੇ ਸਨ ਜਿਨ੍ਹਾਂ ਵਿਚ 171 ਵਿਅਕਤੀਆਂ ਦੀ ਮੌਤ ਹੋ ਗਈ।

ਰਾਜ ਵਿਚ ਕਾਰਾਂ/ਟੈਕਸੀਆਂ ਦੇ 1584 ਸੜਕ ਹਾਦਸੇ ਹੋਏ ਜਿਨ੍ਹਾਂ ਵਿਚ 1121 ਵਿਅਕਤੀਆਂ ਦੀ ਮੌਤ ਹੋ ਗਈ। ਇਸ ਤੋਂ ਇਲਾਵਾ ਟਰੱਕਾਂ, ਟੈਂਪੂਆਂ ਤੇ ਟਰੈਕਟਰ-ਟਰਾਲੀਆਂ ਦੇ 1567 ਹਾਦਸਿਆਂ ਵਿਚ 1256 ਵਿਅਕਤੀਆਂ ਨੂੰ ਮੌਤ ਲੈ ਗਏ। ਦੋ ਪਹੀਆ ਵਾਹਨਾਂ ਜਾਂ ਕਾਰਾਂ-ਬੱਸਾਂ ਦੇ ਡਰਾਈਵਰਾਂ ਦੇ ਨਸ਼ੇ ਵਿਚ ਹੋਣ ਕਾਰਨ 328 ਵਿਅਕਤੀਆਂ ਦੀ ਮੌਤ ਹੋਈ। ਰਿਪੋਰਟ ਅਨੁਸਾਰ ਪੰਜਾਬ ਪ੍ਰਤੀ ਲੱਖ ਆਬਾਦੀ ਪਿੱਛੇ ਸਭ ਤੋਂ ਵੱਧ ਸੜਕੀ ਮੌਤਾਂ ਵਾਲੇ ਦੇਸ਼ ਦੇ ਪਹਿਲੇ ਤਿੰਨ ਸੂਬਿਆਂ ਵਿਚ ਸ਼ੁਮਾਰ ਹੋ ਗਿਆ ਹੈ। ਬਾਕੀ ਦੋ ਰਾਜ ਤਾਮਿਲਨਾਡੂ ਤੇ ਆਂਧਰਾ ਪ੍ਰਦੇਸ਼ ਹਨ।

# ਧਰਮ ਚਿੰਨ੍ਹਾਂ 'ਤੇ ਪਾਬੰਦੀ ਬਾਰੇ ਨਰਮ ਹੋਈ ਕਿਊਬੈਕ ਸਰਕਾਰ

**ਟੋਰਾਂਟੋ:** ਮਹੀਨੇ ਭਰ ਤੋਂ ਧਾਰਮਿਕ ਖਿੱਚੋਤਾਣ ਤੇ ਸਿਆਸੀ ਤਣਾਤਣੀ ਬਾਅਦ ਕੈਨੇਡਾ ਦੇ ਕਿਊਬੈਕ ਸੂਬੇ ਦੀ ਸਰਕਾਰ ਦੀ ਧਾਰਮਿਕ ਚਿੰਨ੍ਹਾਂ 'ਤੇ ਸੁਰ ਕੁਝ ਨਰਮ ਪੈਂਦੀ ਜਾਪਦੀ ਹੈ। ਹੁਕਮਰਾਨ ਪਾਰਟੀ ਕਿਬੈਕਵਾ ਨੇ ਹੁਣ ਇਸ ਮਸਲੇ ਦਾ ਹੱਲ ਲੱਭਣ ਲਈ ਸਲਾਹਾਂ ਮੰਗਣ ਦਾ ਵਿਚਾਰ ਬਣਾਇਆ ਹੈ। ਸਰਕਾਰ ਨੇ ਲੋਕਾਂ ਨੂੰ ਧਰਮ ਨਿਰਪੱਖ ਚਾਰਟਰ ਲਾਗੂ ਕਰਨ ਤੋਂ ਪਹਿਲਾਂ ਆਪੋ ਆਪਣੀ ਰਾਏ ਦੇਣ ਲਈ ਕਿਹਾ ਹੈ।

ਪਿਛਲੇ ਦਿਨੀਂ ਸਰਕਾਰ ਨੇ ਵਿਵਾਦਤ ਧਰਮ ਨਿਰਪੱਖ ਕਦਰਾਂ ਕੀਮਤਾਂ ਵਾਲਾ ਚਾਰਟਰ ਜਾਰੀ ਕਰ ਦਿੱਤਾ ਸੀ ਤੇ ਜੇਕਰ ਇਹ ਵਿਧਾਨ ਸਭਾ ਵਿਚ ਪਾਸ ਹੋ ਜਾਂਦਾ ਹੈ ਤਾਂ ਸੂਬਾਈ ਦਫਤਰਾਂ, ਅਦਾਲਤਾਂ, ਸਕੂਲਾਂ ਤੇ ਹਸਪਤਾਲਾਂ ਵਿਚੋਂ ਪੱਗਾਂ, ਬੁਰਕੇ ਤੇ ਹੋਰ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ ਦਾ ਕਾਨੂੰਨ ਬਣ ਜਾਵੇਗਾ। ਉਧਰ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਵੀ ਕਿਹਾ ਹੈ ਕਿ ਅਜਿਹਾ ਕਾਨੂੰਨ ਬਣਨ ਦੀ ਬਹੁਤੀ ਸੰਭਾਵਨਾ ਨਹੀਂ। ਇਸ ਦੇ ਨਾਲ ਹੀ ਮੁਲਕ ਦੇ ਬਹੁ




ਸੱਭਿਆਚਾਰ ਮੰਤਰੀ ਜੇਸਨ ਕੈਨੀ ਨੇ ਦੁਹਰਾਇਆ ਕਿ ਉਹ ਇਸ ਵਿਵਾਦਤ ਬਿੱਲ ਨੂੰ ਰੋਕਣ ਲਈ ਅਦਾਲਤ ਤੱਕ ਜਾਣਗੇ।

ਅਸਲ ਵਿਚ ਕੈਨੇਡਾ ਭਰ ਵਿਚ ਕਿਊਬਕ ਦੇ ਚਾਰਟਰ ਖਿਲਾਫ਼ ਹੋਏ ਜ਼ਬਰਦਸਤ ਰੋਸ ਮੁਜ਼ਾਹਰਿਆਂ ਤੇ ਤਿੱਖੇ ਵਿਰੋਧ ਮਗਰੋਂ ਹੀ ਪਾਰਟੀ ਕਿਊਬਕ ਸਰਕਾਰ ਵਿਵਾਦਗ੍ਰਸਤ ਬਿੱਲ 101 ਵਿਚ ਸੋਧ ਕਰਨ ਲਈ ਰਾਜ਼ੀ ਹੋਈ ਹੈ। ਇਸ ਦਾ ਸੰਕੇਤ ਕਿਊਬਕ ਦੇ ਮੰਤਰੀ ਜਾਂ ਫਰੈਂਸਿਸ ਲੀਜ਼ੇ ਵੱਲੋਂ ਮਾਂਟਰੀਅਲ ਵਿਚ ਦਿੰਦਿਆਂ ਕਿਹਾ ਗਿਆ ਹੈ ਕਿ ਉਹ ਪ੍ਰਸਤਾਵ ਵਿਚ ਲੋੜੀਂਦੀ ਸੋਧ ਬਾਰੇ ਸੋਚ ਰਹੇ ਹਨ।

ਉਨ੍ਹਾਂ ਮੰਨਿਆ ਕਿ ਪਿਛਲੇ ਇਕ ਹਫ਼ਤੇ ਤੋਂ ਉਹ ਲੋਕਾਂ ਦੇ ਵਿਚਾਰ ਸੁਣ ਰਹੇ ਹਨ ਤੇ ਉਨ੍ਹਾਂ ਨੂੰ ਧਿਆਨ ਵਿਚ ਰੱਖਦਿਆਂ ਪ੍ਰਸਤਾਵਿਤ ਬਿੱਲ ਵਿਚ ਧਾਰਮਿਕ ਖਰੜੇ ਪੱਖੋਂ ਲੋੜੀਂਦੀ ਤਬਦੀਲੀ ਕਰਕੇ ਹੀ ਇਸ ਵਿਧਾਨ ਸਭਾ ਵਿਚ ਲਿਆਂਦਾ ਜਾਵੇਗਾ। ਚਾਹੇ ਕਿਊਬਕ ਦੇ ਮੰਤਰੀ ਨੇ ਚਾਰਟਰ ਵਿਚ ਹੋਣ ਵਾਲੇ ਸੋਧ ਬਾਰੇ ਜਾਣਕਾਰੀ ਦੇਣ ਤੋਂ ਇਨਕਾਰ ਕੀਤਾ ਹੈ ਪਰ ਮੰਨਿਆ ਜਾ ਰਿਹਾ ਹੈ ਕਿ ਇਹ ਸਿੱਧੇ ਤੌਰ 'ਤੇ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ ਲਾਉਣ ਵਾਲੀ ਮਦ ਨੂੰ ਬਦਲੇ ਜਾਣ ਨਾਲ ਸਬੰਧਧਤ ਹੋਵੇਗੀ। ਕਿਊਬਕ ਦੀਆਂ ਵਿਰੋਧੀ ਸਿਆਸੀ ਪਾਰਟੀਆਂ ਵੱਲੋਂ ਵੀ ਇਸ ਖਰੜੇ ਦਾ ਜ਼ੋਰਦਾਰ ਵਿਰੋਧ ਕੀਤਾ ਗਿਆ ਹੈ। ਕੈਨੇਡਾ ਵਾਸੀ ਕਿਊਬਕ ਦੇ ਵੈਲਿਊਜ਼ ਚਾਰਟਰ ਨੂੰ ਨਸਲਵਾਦ ਫੈਲਾਉਣ ਵਾਲਾ ਕਦਮ ਕਰਾਰ ਦੇ ਰਹੇ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਕਿਹਾ ਹੈ ਕਿ ਕਿਊਬਕ ਚਾਰਟਰ ਨੂੰ ਲੋਕਾਂ ਦਾ ਸਮਰਥਨ ਨਹੀਂ ਮਿਲੇਗਾ ਤੇ ਪ੍ਰਸਤਾਵਿਤ ਵਿਵਾਦ-ਗ੍ਰਸਤ ਬਿੱਲ ਵਿਧਾਨ ਸਭਾ ਵਿਚ ਫੇਲ੍ਹ ਹੋ ਜਾਵੇਗਾ। ਵੈਨਕੂਵਰ ਵਿਚ ਪੱਤਰਕਾਰ ਸੰਮੇਲਨ ਦੌਰਾਨ ਹਾਰਪਰ ਨੇ ਕਿਹਾ ਕਿ ਹੋਰ ਕੈਨੇਡੀਅਨਾਂ ਵਾਂਗ ਕਿਊਬਕ ਵਾਸੀਆਂ ਲਈ ਵੀ ਪਹਿਲ ਆਰਥਿਕਤਾ, ਨੌਕਰੀਆਂ ਪੈਦਾ ਕਰਨ ਤੇ ਆਪਣੇ ਬੱਚਿਆਂ ਨੂੰ ਜੁਰਮ ਤੋਂ ਬਚਾਉਣ ਦੀ ਹੈ, ਨਾ ਕਿ ਬੇਲੋੜੇ ਵਿਵਾਦ ਦੀ। ਕੈਨੇਡਾ ਸਰਕਾਰ ਵੱਲੋਂ ਪਹਿਲਾਂ ਹੀ ਸਪੱਸ਼ਟ ਕੀਤਾ ਜਾ ਚੁੱਕਿਆ ਹੈ ਕਿ ਦਸਤਾਰ, ਹਿਜਾਬ ਤੇ ਬੁਰਕੇ ਸਮੇਤ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ ਲਾਉਣ ਵਾਲਾ ਚਾਰਟਰ ਵੈਲਿਊਜ਼ 101 ਬਿੱਲ ਜੇਕਰ ਪਾਸ ਹੋ ਜਾਂਦਾ ਹੈ ਤਾਂ ਉਸ ਨੂੰ ਕੈਨੇਡਾ ਦੀ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਜਾਵੇਗੀ।

## ਰਾਮਦੇਵ ਨੂੰ ਹੀਥਰੋ ਹਵਾਈ ਅੱਡੇ 'ਤੇ ਰੋਕਿਆ

**ਲੰਡਨ:** ਬ੍ਰਿਟਿਸ਼ ਅਧਿਕਾਰੀਆਂ ਨੇ ਯੋਗ ਗੁਰੂ ਰਾਮਦੇਵ ਨੂੰ ਬ੍ਰਿਟੇਨ ਵਿਚ ਆਪਣੀਆਂ ਸਰਗਰਮੀਆਂ ਨਿਰਵਿਘਨ ਚਲਾਉਣ ਦੀ ਖੁੱਲ੍ਹ ਦੇ ਦਿੱਤੀ। ਇਹ ਖੁੱਲ੍ਹ ਇਥੋਂ ਦੇ ਹੀਥਰੋਅ ਹਵਾਈ ਅੱਡੇ 'ਤੇ ਰਾਮਦੇਵ ਤੋਂ ਪੁੱਛਗਿੱਛ ਮਗਰੋਂ ਦਿੱਤੀ ਗਈ। ਬਾਬਾ ਰਾਮਦੇਵ ਨੂੰ ਹੀਥਰੋਅ ਹਵਾਈ ਅੱਡੇ 'ਤੇ ਅਧਿਕਾਰੀਆਂ ਨੇ ਛੇ ਘੰਟੇ ਰੋਕੀ ਰੱਖਿਆ ਸੀ ਤੇ ਲੰਬੀ ਪੁੱਛਗਿੱਛ ਕੀਤੀ ਸੀ।

ਰਾਮਦੇਵ ਦਾ ਕਹਿਣਾ ਹੈ ਕਿ ਭਾਵੇਂ ਉਸ ਨੂੰ ਹਰ ਤਰ੍ਹਾਂ ਨਾਲ ਬਰੀ ਕਰ ਦਿੱਤਾ ਗਿਆ ਹੈ ਪਰ ਅਜੇ ਤਕ ਇਹ ਨਹੀਂ ਦੱਸਿਆ ਗਿਆ ਕਿ ਛੇ ਘੰਟੇ ਕਿਉਂ ਡੱਕੀ ਰੱਖਿਆ ਗਿਆ। ਬ੍ਰਿਟਿਸ਼ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਮੀਗ੍ਰੇਸ਼ਨ ਅਧਿਕਾਰੀ ਇਹ ਜਾਣਨਾ ਚਾਹੁੰਦੇ ਸਨ ਕਿ ਰਾਮਦੇਵ ਵਿਜ਼ਟਰਜ਼ ਵੀਜ਼ੇ 'ਤੇ ਕਿਉਂ ਆਇਆ, ਬਿਜ਼ਨਸ ਵੀਜ਼ੇ 'ਤੇ ਕਿਉਂ ਨਹੀਂ। ਜਦੋਂ ਰਾਮਦੇਵ ਦੁਬਾਰਾ ਪੁੱਛਗਿੱਛ ਲਈ ਹੀਥਰੋਅ 'ਤੇ ਆਇਆ ਤਾਂ ਉਸ ਨਾਲ ਭਾਰਤੀ ਮੂਲ ਦਾ ਬ੍ਰਿਟਿਸ਼ ਸੰਸਦ ਮੈਂਬਰ ਕੀਥ ਵਾਜ਼ ਸੀ। ਦੋਵੇਂ ਮੁੱਖ ਇਮੀਗ੍ਰੇਸ਼ਨ ਅਧਿਕਾਰੀ ਨੂੰ ਮਿਲੇ। ਬਾਅਦ ਵਿਚ ਮੀਡੀਆ ਨਾਲ ਗੱਲਬਾਤ ਦੌਰਾਨ ਰਾਮਦੇਵ ਨੇ ਦੋਸ਼ ਲਾਇਆ ਕਿ ਉਸ ਨੂੰ ਹਵਾਈ ਅੱਡੇ 'ਤੇ ਰੋਕੇ ਜਾਣ ਵਿਚ ਭਾਰਤ ਸਰਕਾਰ ਦਾ ਹੱਥ ਸੀ।

## *ਭਾਰਤ ਵਿਚ ਦਹਾਕੇ ਦੌਰਾਨ ਦੰਗਿਆਂ ਵਿਚ 2500 ਮੌਤਾਂ*

**ਨਵੀਂ ਦਿੱਲੀ:** ਦੇਸ਼ ਵਿਚ ਲੋਕਾਂ ਅੰਦਰ ਧਾਰਮਿਕ ਅਸਹਿਣਸ਼ੀਲਤਾ ਇੰਨੀ ਵਧ ਗਈ ਹੈ ਕਿ ਬੀਤੇ ਇਕ ਦਹਾਕੇ ਦੌਰਾਨ ਸਾਲ 2002 ਤੋਂ ਹੁਣ ਤੱਕ ਹੋਏ ਦੰਗਿਆਂ ਨੇ 2500 ਵਿਅਕਤੀਆਂ ਦੀ ਜਾਨ ਲੈ ਲਈ ਤੇ 28 ਹਜ਼ਾਰ ਲੋਕ ਫੱਟੜ ਹੋ ਗਏ। ਇਸ ਸਾਲ ਵਿਚ ਹੀ ਹੁਣ ਤੱਕ ਦੰਗਿਆਂ ਕਾਰਨ 107 ਮੌਤਾਂ ਹੋਈਆਂ। ਬੀਤੇ ਇਕ ਦਹਾਕੇ ਦੌਰਾਨ ਦੇਸ਼ ਵਿਚ 8473 ਫਿਰਕੂ ਦੰਗੇ ਹੋਏ ਜਿਨ੍ਹਾਂ ਵਿਚ 2502 ਵਿਅਕਤੀ ਮਾਰੇ ਗਏ। ਇਸੇ ਨਾਲ 28,668 ਲੋਕ ਫੱਟੜ ਹੋਏ।

ਮੁਜ਼ੱਫਰਨਗਰ ਸਣੇ ਇਸ ਸਾਲ 15 ਸਤੰਬਰ ਤੱਕ 479 ਦੰਗੇ ਹੋ ਚੁੱਕੇ ਹਨ ਜਿਨ੍ਹਾਂ ਵਿਚ 107 ਵਿਅਕਤੀ ਮਾਰੇ ਗਏ ਹਨ। ਇਨ੍ਹਾਂ ਨਾਲ 1697 ਵਿਅਕਤੀ ਫੱਟੜ ਹੋਏ। ਬੀਤੇ ਸਾਲ ਦੇਸ਼ ਵਿਚ ਫਿਰਕੂ ਦੰਗਿਆਂ ਦੀਆਂ 668 ਘਟਨਾਵਾਂ ਹੋਈਆਂ ਜਿਨ੍ਹਾਂ ਵਿਚ 94 ਜਾਨਾਂ ਗਈਆਂ ਤੇ 3117 ਫੱਟੜ ਹੋਏ। ਬੀਤੇ ਸਾਲ ਹੀ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਅਤਿਵਾਦੀ ਘਟਨਾਵਾਂ ਵਿਚ 245 ਜਾਨਾਂ ਗਈਆਂ। ਸਾਲ 2011 ਵਿਚ 580 ਫਿਰਕੂ ਦੰਗਿਆਂ ਵਿਚ 91 ਵਿਅਕਤੀ ਮਾਰੇ ਗਏ ਤੇ 1899 ਫੱਟੜ ਹੋਏ।

ਇਸੇ ਸਾਲ ਅਤਿਵਾਦੀ ਘਟਨਾਵਾਂ ਵਿਚ 419 ਵਿਅਕਤੀ ਮਾਰੇ ਗਏ। ਸਾਲ 2010 ਵਿਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ 701 ਵਾਰ ਦੰਗੇ ਹੋਏ ਜਿਨ੍ਹਾਂ ਵਿਚ 116 ਵਿਅਕਤੀ ਮਰੇ ਤੇ 2138 ਫੱਟੜ ਹੋਏ।

ਇਸੇ ਸਾਲ ਅਤਿਵਾਦੀ ਵਾਰਦਾਤਾਂ ਵਿਚ 537 ਵਿਅਕਤੀ ਮਰੇ। ਦਹਾਕੇ ਵਿਚ ਸਭ ਤੋਂ ਵੱਧ ਮੌਤਾਂ 2002 ਦੌਰਾਨ ਹੋਈਆਂ ਜਦੋਂ ਗੁਜਰਾਤ ਵਿਚ ਦੰਗੇ ਭੜਕੇ। ਇਸ ਸਾਲ ਦੇਸ਼ ਵਿਚ 722 ਵਾਰ ਦੰਗੇ ਹੋਏ ਤੇ 1,130 ਜਾਨਾਂ ਗਈਆਂ ਤੇ 4,375 ਵਿਅਕਤੀ ਫੱਟੜ ਹੋਏ।

ਦੇਸ਼ ਵਿਚ ਫਿਰਕੂ ਦੰਗਿਆਂ ਤੋਂ ਸਰਕਾਰ ਡਾਢੀ ਪ੍ਰੇਸ਼ਾਨ ਤੇ ਚਿੰਤਤ ਹੈ। ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਕੁਝ ਦਿਨ ਪਹਿਲਾਂ ਇਥੋਂ ਤੱਕ ਆਖ ਦਿੱਤਾ ਸੀ ਕਿ ਦੇਸ਼, ਇਤਿਹਾਸ ਤੋਂ ਸਬਕ ਨਹੀਂ ਲੈ ਰਿਹਾ ਕਿਉਂਕਿ ਜੇਕਰ ਉਹ ਅਜਿਹਾ ਕਰਦਾ ਤਾਂ ਦੰਗਿਆਂ ਵਰਗੀਆਂ ਦੁਖਦਾਈ ਗ਼ਲਤੀਆਂ ਵਾਰ-ਵਾਰ ਨਾ ਕਰਦਾ। ਬੀਤੇ ਦਿਨ ਉਨ੍ਹਾਂ ਕਿਹਾ ਕਿ ਹੁਣ ਬਹੁਤ ਹੋ ਗਿਆ ਹੈ ਕਿ ਅਜਿਹੀਆਂ ਘਟਨਾਵਾਂ ਰੋਕਣੀਆਂ ਹੋਣਗੀਆਂ। ਮਨੁੱਖਤਾ ਅਜਿਹਾ ਹੋਰ ਬਰਦਾਸ਼ਤ ਨਹੀਂ ਕਰ ਸਕਦੀ। ਮਨੁੱਖਤਾ ਨੂੰ ਬਚਾਉਣ ਲਈ ਕਦਮ ਚੁੱਕਣੇ ਹੀ ਪੈਣਗੇ। ਅਜਿਹਾ ਸੰਸਦ ਜਾਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਇਕੱਲੀਆਂ ਨਹੀਂ ਕਰ ਸਕਦੀਆਂ। ਇਸ ਵਾਸਤੇ ਸਾਰਿਆਂ ਨੂੰ ਰਲ਼ ਕੇ ਹੰਭਲਾ ਮਾਰਨਾ ਪਵੇਗਾ।

## ਪਰਵਾਸੀ ਭਾਰਤੀ ਟੈਕਸ ਧੋਖਾਧੜੀ ਵਿਚ ਫਸਿਆ

**ਵਾਸ਼ਿੰਗਟਨ (ਬਿਊਰੋ):** ਇਕ ਭਾਰਤੀ-ਅਮਰੀਕੀ ਨੂੰ ਆਮਦਨ ਕਰ ਰਿਟਰਨਾਂ ਵਿਚ ਆਪਣੀ ਪੂਰੀ ਆਮਦਨ ਨਾ ਦਿਖਾਉਣ ਦਾ ਦੋਸ਼ੀ ਪਾਇਆ ਗਿਆ ਹੈ ਜਿਸ ਕਰਕੇ ਦੇਸ਼ ਨੂੰ ਚਾਰ ਲੱਖ ਤੋਂ 10 ਲੱਖ ਡਾਲਰ ਤਕ ਦਾ ਮਾਲੀ ਘਾਟਾ ਪੈਣ ਦਾ ਅੰਦਾਜ਼ਾ ਹੈ।

ਰਿਚਮੰਡ ਹਿੱਲ ਨਿਊ ਯਾਰਕ ਦੇ ਵਾਸੀ ਗੁਰਮੇਲ ਸਿੰਘ ਨੂੰ ਈਸਟਰਨ ਡਿਸਟ੍ਰਿਕਟ ਆਫ ਨਿਊ ਯਾਰਕ ਦੀ ਜ਼ਿਲ੍ਹਾ ਅਦਾਲਤ ਨੇ ਦੋਸ਼ੀ ਪਾਇਆ ਹੈ। ਇਸ ਕਾਰਨ ਗੁਰਮੇਲ ਸਿੰਘ ਨੂੰ ਤਿੰਨ ਸਾਲ ਤਕ ਦੀ ਕੈਦ ਤੇ 250,000 ਡਾਲਰ ਜੁਰਮਾਨਾ ਹੋ ਸਕਦਾ ਹੈ। ਉਸ ਨੇ ਆਪਣੀ ਫੈਂਸੀ ਐਂਡ ਵਿੱਕੀ ਕੰਸਟਰੱਕਸ਼ਨ ਕੰਪਨੀ ਇੰਕ. ਦੀ ਆਮਦਨ ਲੁਕੋਈ ਸੀ।

# ਨਸਲੀ ਹਮਲੇ ਅਤੇ ਅਸੀਂ

ਇੰਡੀਆਨਾ ਦੇ ਸ਼ਹਿਰ ਐਲਕ ਹਰਟ ਦੇ ਇਕ ਗਰੌਸਰੀ ਸਟੋਰ ਵਿਚ 5 ਸਤੰਬਰ ਨੂੰ ਸਵੇਰੇ ਦੋ ਦਰਿੰਦਿਆਂ ਨੇ ਸਟੋਰ ਵਿਚ ਦਾਖ਼ਲ ਹੋ ਕੇ ਦੋ ਕੀਮਤੀ ਜਾਨਾਂ ਲੈ ਲਈਆਂ। ਇਹ ਸਨ ਸਟੋਰ ਦਾ ਮਾਲਕ ਜਗਤਾਰ ਸਿੰਘ ਭੱਟੀ (55) ਸਾਲ ਅਤੇ ਦੂਜਾ 20 ਸਾਲਾ ਪਵਨਪ੍ਰੀਤ ਸਿੰਘ। ਇਹ ਦੋਨੋਂ ਪੰਜਾਬ ਤੋਂ ਸੁਨਹਿਰੇ ਭਵਿੱਖ ਦੀ ਉਮੀਦ ਨਾਲ

**ਇੰਦਰਜੀਤ ਸਿੰਘ**
**ਫੋਨ: 616-856-3076**

ਅਮਰੀਕਾ ਦੀ ਧਰਤੀ ਉਤੇ ਆਏ ਸਨ ਪਰ ਬਕਸਿਆਂ ਵਿਚ ਬੰਦ ਹੋ ਕੇ ਵਾਪਸ ਚਲੇ ਗਏ। ਇਹ ਦੋਵੇਂ ਤਾਂ ਇਉਂ ਵਾਪਸ ਚਲੇ ਗਏ ਪਰ ਪਿੱਛੇ ਅਨੇਕਾਂ ਸਵਾਲ ਛੱਡ ਗਏ।

11 ਸਤੰਬਰ ਬੁੱਧਵਾਰ ਸ਼ਾਮ 5 ਤੋਂ 7 ਵਜੇ ਤੱਕ ਇਨ੍ਹਾਂ ਦੇ ਸਰੀਰਾਂ ਦੇ ਅੰਤਮ ਦਰਸ਼ਨ ਕਰਨ ਵਾਸਤੇ ਅਨੇਕਾਂ ਹੀ ਪ੍ਰਾਣੀ ਫਿਊਨਰਲ ਹੋਮ ਆਏ। ਇਨ੍ਹਾਂ ਦੀਆਂ ਮੌਤਾਂ ਬਾਰੇ ਤੇ ਇਸ ਤਰ੍ਹਾਂ ਦੀਆਂ ਹੋਰ ਘਟਨਾਵਾਂ ਬਾਰੇ ਕਈ ਸਵਾਲ ਉਠੇ ਅਤੇ ਵਿਚਾਰਾਂ ਹੋਈਆਂ ਪਰ ਸਾਡੀ ਬਦਕਿਸਮਤੀ ਇਹ ਹੈ ਕਿ ਅਸੀਂ ਵਿਚਾਰਾਂ ਤੱਕ ਹੀ ਸੀਮਤ ਰਹਿ ਜਾਂਦੇ ਹਾਂ। ਇਨ੍ਹਾਂ ਵਿਚਾਰਾਂ ਤੋਂ ਨਿਕਲੇ ਨਤੀਜੇ ਲਾਗੂ ਨਹੀਂ ਕਰਦੇ।

ਸਭ ਤੋਂ ਪਹਿਲਾ ਸਵਾਲ ਇਹ ਹੈ ਕਿ ਇਸ ਤਰ੍ਹਾਂ ਦੀਆਂ ਵਾਰਦਾਤਾਂ ਦੇ ਸ਼ਿਕਾਰ ਜ਼ਿਆਦਾਤਰ ਸਾਡੇ ਹੀ ਲੋਕ ਕਿਉਂ ਹੁੰਦੇ ਹਨ? ਅਮਰੀਕਾ ਵਿਚ ਅਨੇਕਾਂ ਹੀ ਸਟੋਰ ਹਨ ਅਤੇ ਇਨ੍ਹਾਂ ਵਿਚ ਹਰ ਤਰ੍ਹਾਂ ਦੀ ਨਸਲ ਦੇ ਲੋਕ ਕੰਮ ਕਰਦੇ ਹਨ। ਇਨ੍ਹਾਂ ਵਿਚ ਗੋਰੇ, ਕਾਲੇ, ਚੀਨੇ, ਹਿਸਪੈਨਿਕ-ਹਰ ਨਸਲ ਦੇ ਲੋਕ ਸ਼ਾਮਲ ਹਨ। ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਘਟਨਾਵਾਂ ਦੇ ਜ਼ਿਆਦਾ ਸ਼ਿਕਾਰ ਪੰਜਾਬੀ ਹੀ ਹੁੰਦੇ ਹਨ। ਕਿਉਂ? ਕੀ ਇਹ ਸਿੱਖਿਆ ਦੀ ਕਮੀ ਹੈ ਜਾਂ ਸਾਡਾ ਸੁਭਾਅ!

ਲੁੱਟ ਦੀਆਂ ਜ਼ਿਆਦਾਤਰ ਵਾਰਦਾਤਾਂ ਕੰਪਨੀਆਂ ਦੇ ਸਟੋਰਾਂ 'ਤੇ ਹੁੰਦੀਆਂ ਹਨ। ਇਨ੍ਹਾਂ ਵਿਚ 7-11 ਸਟੋਰ ਅਤੇ ਇਸ ਤਰ੍ਹਾਂ ਦੀਆਂ ਹੋਰ ਕੰਪਨੀਆਂ ਦੇ ਸਟੋਰਾਂ ਦੀ ਗਿਣਤੀ ਜ਼ਿਆਦਾ ਹੈ ਪਰ ਇਨ੍ਹਾਂ ਘਟਨਾਵਾਂ ਵਿਚ ਮੌਤਾਂ ਹੋਣ ਜਾਂ ਲੜਾਈ ਹੋਣ ਦੀ ਦਰ ਬਹੁਤ ਘੱਟ ਹੈ। ਏਸ਼ੀਅਨ ਮੂਲ ਦੇ ਮਾਲਕਾਂ ਖਾਸ ਕਰ ਪੰਜਾਬੀਆਂ ਦੇ ਸਟੋਰਾਂ 'ਤੇ ਇਹ ਦਰ ਬਹੁਤ ਜ਼ਿਆਦਾ ਹੈ। ਕਿਉਂ? ਕਿਉਂਕਿ ਕੰਪਨੀਆਂ ਵਾਲੇ ਆਪਣੇ ਸਟਾਫ਼ ਨੂੰ ਬਾਕਾਇਦਾ ਟਰੇਨਿੰਗ ਦਿੰਦੇ ਹਨ ਪਰ ਅਸੀਂ ਟਰੇਨਿੰਗ ਵਰਗੇ ਲਫ਼ਜ਼ ਤੋਂ ਵੀ ਕੋਹਾਂ ਦੂਰ ਹਾਂ।

ਦੂਜੀ ਗੱਲ ਹੈ ਸੁਭਾਅ ਦੀ। ਜੇ ਅਸੀਂ ਆਪਣੇ ਪਿਛੋਕੜ ਵੱਲ ਝਾਤ ਮਾਰੀਏ ਤਾਂ ਆਮ ਤੌਰ 'ਤੇ ਅਸੀਂ ਕਿਸਾਨ ਪਿਛੋਕੜ ਤੋਂ ਹਾਂ। ਅਸੀਂ ਖੁਲ੍ਹੇ-ਡੁੱਲ੍ਹੇ ਪੰਜਾਬੀਆਂ ਵਾਂਗੂ ਜੀਵਨ ਬਤੀਤ ਕੀਤਾ ਹੈ। ਦੁਕਾਨ ਚਲਾਉਣੀ ਸਾਡੇ ਸੁਭਾਅ ਵਿਚ ਨਹੀਂ ਸੀ। ਇਸ ਕੰਮ ਲਈ ਪਿੰਡਾਂ ਵਿਚ ਮਹਾਜਨ, ਖੱਤਰੀ ਜਾਂ ਹੋਰ ਜਿਨ੍ਹਾਂ ਨੂੰ ਬਾਣੀਏ ਕਹਿੰਦੇ ਹਾਂ, ਹੁੰਦੇ ਹਨ। ਇਹ ਬਾਣੀਏ ਨਿਮਰਤਾ, ਹਲੀਮੀ ਅਤੇ ਪਿਆਰ ਨਾਲ ਸਾਡੀ ਜਿਣਸ ਅਤੇ ਪੈਸੇ ਨਾਲ ਸ਼ਾਹੂਕਾਰ ਬਣ ਜਾਂਦੇ ਹਨ। ਚਾਹੇ ਇਨ੍ਹਾਂ ਕੋਲ ਜਿੰਨਾ ਮਰਜ਼ੀ ਪੈਸਾ ਆ ਜਾਵੇ ਪਰ ਇਹ ਨਿਮਰਤਾ ਨੂੰ ਮਰਨ ਨਹੀਂ ਦਿੰਦੇ। ਕੋਈ ਬਾਣੀਆ ਜਦੋਂ ਕਿਸੇ ਜ਼ਿਮੀਦਾਰ ਨੂੰ ਮਿਲਦਾ ਹੈ ਤਾਂ ਦੋਵੇਂ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਉਂਦਾ ਹੈ-ਸਤਿ ਸ੍ਰੀ ਅਕਾਲ ਸਰਦਾਰ ਜੀ, ਕੀ ਹਾਲ ਹੈ; ਭਾਵੇਂ ਜਵਾਬ ਦੇਣ ਵਾਲਾ ਗਰੀਬ ਕਿਸਾਨ ਹੀ ਹੋਵੇ। ਹੁਣ ਅਸੀਂ ਅਮਰੀਕਾ ਆ ਕੇ ਬਾਣੀਏ ਵਾਲਾ ਕੰਮ ਤਾਂ ਸ਼ੁਰੂ ਕਰ ਲਿਆ ਹੈ ਪਰ ਉਸ ਦਾ ਸੁਭਾਅ ਨਹੀਂ ਅਪਨਾਇਆ; ਭਾਵ ਅਸੀਂ ਅਜੇ ਵੀ ਉਹੀ ਜ਼ਿਮੀਦਾਰ ਸੁਭਾਅ ਦੇ ਮਾਲਕ ਹਾਂ। ਗਾਹਕ ਨਾਲ ਗੱਲਬਾਤ ਅਤੇ ਮੇਲ-ਮਿਲਾਪ ਦੇ ਬਾਣੀਆਂ ਵਾਲੇ ਤਰੀਕੇ ਤੋਂ ਅਸੀਂ ਅਜੇ ਦੂਰ ਹਾਂ। ਅਸੀਂ ਜੋ ਪਿੱਛੇ ਗੁਆ ਲਿਆ ਹੈ, ਉਸ ਤੋਂ ਸਬਕ ਲੈਂਦੇ ਹੋਏ ਇਸ ਬਾਰੇ ਵਿਚਾਰ ਕਰੀਏ ਕਿ ਇਸ ਤੋਂ ਕਿਸ ਤਰ੍ਹਾਂ ਬਚੀਏ।

ਸਭ ਤੋਂ ਪਹਿਲਾਂ ਤਾਂ ਇਹ ਗੱਲ ਪੱਲੇ ਬੰਨ੍ਹ ਲਈ ਜਾਵੇ ਕਿ ਜਾਨ ਤੋਂ ਜ਼ਿਆਦਾ ਕੀਮਤੀ ਹੋਰ ਕੋਈ ਸ਼ੈਅ ਨਹੀਂ ਹੈ। ਅਸੀਂ ਹਰ ਹਾਲਤ ਵਿਚ ਜਾਨ ਦੀ ਰੱਖਿਆ ਕਰਨੀ ਹੈ ਕਿਉਂਕਿ ਸਾਡੀ ਇਕ ਜਾਨ ਨਾਲ ਹੋਰ ਅਨੇਕਾਂ ਜਾਨਾਂ ਜੁੜੀਆਂ ਹੋਈਆਂ ਹਨ। ਇਥੇ ਕੁਝ ਨੁਕਤੇ ਹਨ, ਜਿਨ੍ਹਾਂ ਨੂੰ ਵਿਚਾਰਨ ਅਤੇ ਲਾਗੂ ਕਰਨ ਦੀ ਲੋੜ ਹੈ:

-ਗਾਹਕ ਨਾਲ ਇੱਜ਼ਤ ਨਾਲ ਪੇਸ਼ ਆਵੋ। ਉਸ ਨਾਲ ਕਿਸੇ ਵੀ ਹਾਲਤ ਵਿਚ ਉਲਝਣ ਦੀ ਲੋੜ ਨਹੀਂ ਹੈ।

-ਜੇ ਗਾਹਕ ਮੰਦਾ ਬੋਲਦਾ ਹੈ ਤਾਂ ਜਵਾਬ ਵਿਚ ਮੰਦਾ ਨਾ ਬੋਲੋ। ਲੜਾਈ ਟਾਲਣ ਦੀ ਕੋਸ਼ਿਸ਼ ਕਰੋ।

-ਆਪਣੇ ਜਾਂ ਆਪਣੇ ਮਾਲਕ ਬਾਰੇ ਵਧਾ-ਚੜ੍ਹਾਅ ਕੇ ਗੱਲ ਨਾ ਕਰੋ; ਭਾਵ ਸ਼ੇਖੀਆਂ ਨਾ ਮਾਰੋ।

-ਆਪਣੇ ਘਰ, ਕਾਰਾਂ, ਪੈਸਿਆਂ ਅਤੇ ਸੋਨੇ ਬਾਰੇ ਬਹੁਤੀ ਗੱਲ ਨਾ ਕਰੋ।

-ਸਾਦੇ ਅਤੇ ਸਾਫ਼ ਸੁਥਰੇ ਕੱਪੜਿਆਂ ਦੀ ਵਰਤੋਂ ਕਰੋ।

-ਅੰਗਰੇਜ਼ੀ ਭਾਸ਼ਾ ਦਾ ਪੂਰਾ ਗਿਆਨ ਪ੍ਰਾਪਤ ਕਰੋ।

-ਬਿਨਾਂ ਜ਼ਰੂਰਤ ਤੋਂ ਸਟੋਰਾਂ ਦੇ ਸਮੇਂ ਵਿਚ ਵਾਧਾ ਨਾ ਕਰੋ।

-ਸਕਿਉਰਿਟੀ ਕੈਮਰੇ ਹਰ ਕੋਨੇ ਵਿਚ ਲਗਵਾਓ ਅਤੇ ਹਰ ਵੇਲੇ ਇਹ ਚਲਦੇ ਹੋਣੇ ਚਾਹੀਦੇ ਹਨ।

-ਜਦੋਂ ਕੋਈ ਲੁਟੇਰਾ ਆਉਂਦਾ ਹੈ ਤਾਂ ਉਸ ਨਾਲ ਮੁਕਾਬਲਾ ਕਰਨ ਦੀ ਕੋਸ਼ਿਸ਼ ਨਾ ਕਰੋ। ਸਾਡੇ ਸਾਰਿਆਂ ਕੋਲ ਇੰਸ਼ੋਰੈਂਸ ਹੁੰਦੀ ਹੈ। ਸਾਡਾ ਨੁਕਸਾਨ ਪੂਰਾ ਹੋ ਜਾਂਦਾ ਹੈ ਪਰ ਜੇ ਜਾਨ ਚਲੀ ਜਾਵੇ ਤਾਂ ਇਹ ਵਾਪਸ ਨਹੀਂ ਮਿਲਦੀ।

ਇਸ ਤੋਂ ਇਲਾਵਾ ਹੋਰ ਵੀ ਕਈ ਨੁਕਤੇ ਹਨ। ਇਸ ਦੇ ਨਾਲ ਹੀ ਸਾਨੂੰ ਜਥੇਬੰਦ ਹੋਣਾ ਚਾਹੀਦਾ ਹੈ ਤਾਂ ਕਿ ਸਾਂਝੇ ਹਿਤਾਂ ਲਈ ਕੰਮ ਕੀਤਾ ਜਾਏ ਅਤੇ ਜੇ ਕਿਤੇ ਲੋੜ ਪਵੇ ਤਾਂ ਕਿਸੇ ਦੀ ਮਦਦ ਵੀ ਕੀਤੀ ਜਾ ਸਕੇ।

## ਕੈਨੇਡਾ ਵਿਚ ਡਾਕ ਰਾਹੀਂ ਪਹੁੰਚ ਰਹੇ ਨੇ ਹਥਿਆਰ ਤੇ ਨਸ਼ੇ

**ਟੋਰਾਂਟੋ:** ਅਪਰਾਧ ਮੰਡੀ ਵੱਲੋਂ ਹੁਣ ਕੈਨੇਡਾ ਦੇ ਡਾਕ ਵਿਭਾਗ ਦੀ ਦੁਰਵਰਤੋਂ ਕੀਤੀ ਜਾਣ ਲੱਗੀ ਹੈ। ਪਾਰਸਲਾਂ ਰਾਹੀਂ ਗਰਨੇਡ, ਹਥਿਆਰ, ਨਸ਼ੇ, ਘਾਤਕ ਰਸਾਇਣ ਭੇਜੇ ਜਾ ਰਹੇ ਹਨ। ਇਥੋਂ ਤੱਕ ਕਿ ਡਾਕ ਰਾਹੀਂ ਪਹੁੰਚਿਆ ਇਕ ਰਾਕਟ ਲਾਂਚਰ ਵੀ ਬਰਾਮਦ ਹੋਇਆ ਹੈ। ਮੁਲਕ ਦੀ ਕੌਮੀ ਪੁਲਿਸ ਆਰਸੀਐਮਪੀ ਨੇ ਆਪਣੀ ਤਾਜ਼ਾ ਰਿਪੋਰਟ ਵਿਚ ਇਹ ਇੰਕਸ਼ਾਫ ਕੀਤਾ ਹੈ। ਬਾਹਰੋਂ ਆਉਂਦੀ ਡਾਕ ਦੀ ਵੈਨਕੂਵਰ ਤੇ ਟੋਰਾਂਟੋ ਦੇ ਹਵਾਈ ਅੱਡਿਆਂ ਉਪਰ ਨਿਗਰਾਨੀ ਕੈਨੇਡਾ ਬਾਰਡਰ ਏਜੰਸੀ ਤੇ ਦਰਜਨਾਂ ਹੋਰ ਪੁਲਿਸ ਯੂਨਿਟਾਂ ਕਰਦੀਆਂ ਹਨ। ਕੈਨੇਡਾ ਦਾ ਡਾਕ ਮਹਿਕਮਾ ਹਰ ਸਾਲ ਇਕ ਕਰੋੜ 50 ਲੱਖ ਪਤਿਆਂ 'ਤੇ 10.6 ਅਰਬ ਪਾਰਸਲ/ਚਿੱਠੀਆਂ ਪਹੁੰਚਾਉਂਦਾ ਹੈ। ਵਿਦੇਸ਼ੀ ਡਾਕ ਟੋਰਾਂਟੋ, ਮਾਂਟਰੀਅਲ ਤੇ ਵੈਨਕੂਵਰ ਦੇ ਵੱਡੇ ਪਲਾਂਟਾਂ ਵਿਚ ਛਾਂਟੀ ਜਾਂਦੀ ਹੈ। ਇਨ੍ਹਾਂ ਵਿਚੋਂ ਸ਼ੱਕੀ ਡਾਕ ਅੱਗੋਂ ਬਾਰਡਰ ਏਜੰਸੀ (ਸੀ.ਬੀ.ਐਸ.ਏ.) ਨੂੰ ਜਾਂਚ ਲਈ ਭੇਜੀ ਜਾਂਦੀ ਹੈ।

ਸੂਚਨਾ ਅਧਿਕਾਰਾਂ ਤਹਿਤ ਕੈਨੇਡੀਅਨ ਪ੍ਰੈਸ ਨੇ ਆਰ.ਸੀ.ਐਮ.ਪੀ. ਤੋਂ ਇਹ ਜਾਣਕਾਰੀ ਲਈ ਹੈ ਕਿ ਕਈ ਪਾਰਸਲਾਂ ਵਿਚ 'ਸਲਫਰ'



'ਐਸੀਟੋਨ' ਜਾਂ 'ਡਾਈਨਾਮਾਈਟ' ਵੀ ਆਉਂਦੀ ਹੈ ਜਿਸ ਨੂੰ ਨਸ਼ਟ ਕਰਨ ਲਈ ਕਈ ਵਾਰ ਪੁਲਿਸ ਦਾ ਸਪੈਸ਼ਲ ਦਸਤਾ ਬੁਲਾਉਣਾ ਪੈਂਦਾ ਹੈ। ਨਕਲੀ ਬਰਾਂਡ ਦਾ ਸਾਮਾਨ, ਪਰਸ, ਘੜੀਆਂ, ਜਾਅਲੀ ਕਰੰਸੀ, ਦਵਾਈਆਂ, ਪਾਸਪੋਰਟ ਦੀ ਭਰਮਾਰ ਹੁੰਦੀ ਹੈ। ਵੈਨਕੂਵਰ ਓਲਿੰਪਕ ਤੋਂ ਐਨ ਪਹਿਲਾਂ 14000 ਨਕਲੀ ਹਾਕੀ ਜਰਸੀਆਂ ਫੜੀਆਂ ਗਈਆਂ ਸਨ।

# ਫਜ਼ੂਲ ਖਰਚੀ ਖਿਲਾਫ ਕੱਸਿਆ ਸ਼ਿਕੰਜਾ

## ਪੰਜ ਤਾਰਾ ਹੋਟਲਾਂ ਵਿਚ ਮੀਟਿੰਗਾਂ ਕਰਨ ਤੋਂ ਵਰਜਿਆ

**ਨਵੀਂ ਦਿੱਲੀ:** ਸਰਕਾਰ ਨੇ 2013-14 ਦੌਰਾਨ ਵਿੱਤੀ ਘਾਟੇ ਨਾਲ ਨਜਿੱਠਣ ਲਈ ਸਰਫ਼ਾ ਮੁਹਿੰਮ ਆਰੰਭੀ ਹੈ। ਖਰਚਿਆਂ ਵਿਚ 10 ਫੀਸਦੀ ਕਟੌਤੀ ਲਈ ਸਰਕਾਰ ਵੱਲੋਂ ਸਾਰੇ ਸਰਕਾਰੀ ਵਿਭਾਗਾਂ ਨੂੰ ਪੰਜ ਤਾਰਾ ਹੋਟਲਾਂ ਵਿਚ ਮੀਟਿੰਗਾਂ ਕਰਨ ਤੇ ਅਧਿਕਾਰੀਆਂ ਨੂੰ ਹਵਾਈ ਜਹਾਜ਼ਾਂ ਦੀ ਐਗਜ਼ੈਕਟਿਵ ਕਲਾਸ ਵਿਚ ਸਫ਼ਰ ਕਰਨ 'ਤੇ ਪਾਬੰਦੀ ਲਾ ਦਿੱਤੀ ਗਈ ਹੈ। ਵਿੱਤੀ ਘਾਟਾ ਕੁੱਲ ਘਰੇਲੂ ਉਤਪਾਦਨ ਦੇ 4.8 ਫੀਸਦੀ ਤੱਕ ਸੀਮਤ ਰੱਖਣ ਦੇ ਟੀਚੇ ਨਾਲ ਵਿੱਤ ਮੰਤਰਾਲੇ ਨੇ ਸਾਰੇ ਮੰਤਰਾਲਿਆਂ ਤੇ ਵਿਭਾਗਾਂ ਨੂੰ ਹੁਕਮ ਦਿੱਤੇ ਹਨ ਕਿ ਨਾ ਉਹ ਨਵੇਂ ਵਾਹਨ ਖਰੀਦਣ, ਨਾ ਨਵੀਆਂ ਨੌਕਰੀਆਂ ਪੈਦਾ ਕਰਨ ਤੇ ਨਾ ਹੀ ਇਕ ਸਾਲ ਤੋਂ ਵੱਧ ਸਮੇਂ ਤੋਂ ਖਾਲੀ ਪਈਆਂ ਅਸਾਮੀਆਂ ਭਰਨ।

ਇਸ ਦੇ ਨਾਲ ਹੀ ਹੁਕਮ ਜਾਰੀ ਕੀਤੇ ਗਏ ਹਨ ਕਿ ਵਿਦੇਸ਼ ਜਾਣ ਵਾਲੇ ਵਫ਼ਦਾਂ ਦੇ ਮੈਂਬਰਾਂ ਦੀ ਗਿਣਤੀ ਘੱਟ ਤੋਂ ਘੱਟ ਰੱਖੀ ਜਾਵੇ। ਸਰਕਾਰ 2008-09 ਤੋਂ ਸੰਜਮ ਅਪਣਾ ਰਹੀ ਹੈ ਤੇ ਨਵੰਬਰ 2012 ਵਿਚ ਇਸ ਅਮਲ ਵਿਚ ਤੇਜ਼ੀ ਲਿਆਂਦੀ ਗਈ ਸੀ। ਵਿੱਤ ਮੰਤਰਾਲੇ ਦਾ ਕਹਿਣਾ ਹੈ ਕਿ ਇਹ ਉਪਰਾਲੇ ਸਰਾਕਾਰੀ ਕੰਮਕਾਜੀ ਸਮਰੱਥਾ ਘਟਾਏ ਬਿਨਾਂ ਵਿੱਤੀ ਅਨੁਸ਼ਾਸਨ ਬਣਾ ਕੇ ਰੱਖਣ ਲਈ ਕੀਤੇ ਜਾ ਰਹੇ ਹਨ। ਚਾਲੂ ਵਿੱਤੀ ਹਾਲਤ ਵਿਚ ਖਰਚੇ ਤਰਕਸੰਗਤ ਰੱਖਣ ਤੇ ਸਰੋਤਾਂ



ਦੀ ਵੱਧ ਤੋਂ ਵੱਧ ਚੰਗੇ ਢੰਗ ਨਾਲ ਵਰਤੋਂ ਕਰਨੀ ਲਾਜ਼ਮੀ ਹੈ।

ਇਸ ਤੋਂ ਪਹਿਲਾਂ ਵਿੱਤ ਮੰਤਰੀ ਪੀ. ਚਿਦੰਬਰਮ ਨੇ ਕਿਹਾ ਸੀ ਕਿ ਉਨ੍ਹਾਂ ਨੇ ਲਾਲ ਲਕੀਰ ਖਿੱਚਦਿਆਂ ਫੈਸਲਾ ਕੀਤਾ ਹੈ ਕਿ ਉਹ ਵਿੱਤੀ ਘਾਟੇ ਨੂੰ 4.8 ਫੀਸਦੀ ਤੋਂ ਨਹੀਂਵਧਣ ਦੇਣਗੇ।ਪਿਛਲੇ ਵਿੱਤੀ ਸਾਲ ਦੌਰਾਨ ਅਜਿਹੇ ਸਾਦਗੀ ਤੇ ਸੰਜਮ ਦੇ ਉਪਰਾਲੇ ਸਰਕਾਰ ਲਈ ਕਾਫੀ ਸਹਾਈ ਰਹੇ ਸਨ ਤੇ ਸਰਕਾਰ ਵਿੱਤੀ ਘਾਟਾ ਜੀ.ਡੀ.ਪੀ ਦਾ 4.9 ਫੀਸਦੀ ਰੱਖਣ ਵਿਚ ਸਫਲ ਰਹੀ ਸੀ। ਉਂਜ ਸਰਕਾਰ ਦਾ ਟੀਚਾ 5.1 ਫੀਸਦੀ ਸੀ।

ਇਹ ਸਰਕੂਲਰ ਸਭ ਨੂੰ ਮਿਲਣ ਤੋਂ ਇਕ ਦਿਨ ਪਹਿਲਾਂ ਵਿੱਤ ਮੰਤਰੀ ਚਿਦੰਬਰਮ ਨੇ ਵੱਖ-ਵੱਖ ਮੰਤਰਾਲਿਆਂ ਦੇ ਵਿੱਤ ਸਲਾਹਕਾਰਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਇਸ ਲੋੜ ਲਈ ਮਨਾਇਆ ਸੀ। ਵਿੱਤ ਮੰਤਰਾਲੇ ਦਾ ਕਹਿਣਾ ਹੈ ਕਿ ਸੰਜਮ ਦਾ ਇਹ ਉਪਰਾਲਾ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ (ਏਮਜ਼) ਤੇ ਆਲ ਇੰਡੀਆ ਰੇਡੀਓ ਜਿਹੇ ਖੁਦਮੁਖਤਿਆਰ ਅਦਾਰਿਆਂ ਲਈ ਵੀ ਹੋਵੇਗਾ ਤੇ ਉਹ ਬਜਟ ਤੋਂ ਬਾਹਰ ਜਾ ਕੇ ਕੋਈ ਨਵੇਂ ਖਰਚੇ ਨਾ ਛੇੜਨ।

ਸਰਕਾਰ ਨੇ ਘੁੱਟ ਕੇ ਚੱਲਣ ਦੇ ਇਸ ਵਰਤਾਰੇ ਸਦਕਾ ਹੋ ਸਕਣ ਵਾਲੀ ਬਚਤ ਦਾ ਖੁਲਾਸਾ ਨਹੀਂ ਕੀਤਾ। ਮੰਤਰਾਲੇ ਨੇ ਕਿਹਾ ਕਿ ਯੋਜਨਾਬੱਧ ਖਰਚਿਆਂ ਵਿਚ ਲਾਜ਼ਮੀ 10 ਫੀਸਦੀ ਕਟੌਤੀ ਵਿਚ ਵਿਆਜ ਦੇ ਭੁਗਤਾਨ, ਕਰਜ਼ੇ ਦੀ ਅਦਾਇਗੀ, ਰੱਖਿਆ, ਪੂੰਜੀ, ਤਨਖਾਹਾਂ, ਪੈਨਸ਼ਨਾਂ ਤੇ ਰਾਜਾਂ ਦੀਆਂ ਗਰਾਂਟਾਂ ਸ਼ਾਮਲ ਨਹੀਂ ਹੋਣਗੀਆਂ। ਮੰਤਰਾਲੇ ਨੇ ਸਖ਼ਤੀ ਨਾਲ ਕਿਹਾ ਹੈ ਕਿ ਗ਼ੈਰ-ਯੋਜਨਾਬੱਧ ਖਰਚਿਆਂ ਵਿਚ ਹੋਰ ਇਮਦਾਦ ਕਿਸੇ ਵੀ ਕੀਮਤ 'ਤੇ ਨਹੀਂ ਮਿਲੇਗੀ। ਚਾਲੂ ਵਿੱਤੀ ਸਾਲ ਦਾ ਕੁੱਲ ਖਰਚ 16.65 ਲੱਖ ਕਰੋੜ ਰੁਪਏ ਰੱਖਿਆ ਗਿਆ ਹੈ ਜਿਸ ਵਿਚੋਂ 11.09 ਲੱਖ ਕਰੋੜ ਗ਼ੈਰ-ਯੋਜਨਾਬੱਧ ਹੈ।

# ਸਾਬਕਾ ਥਲ ਸੈਨਾ ਮੁਖੀ ਵਿਰੁੱਧ ਜਾਂਚ ਰਿਪੋਰਟ ਦਾ ਮਾਮਲਾ ਭਖਿਆ

**ਨਵੀਂ ਦਿੱਲੀ:** ਆਪਣੇ ਕਾਰਜਕਾਲ ਦੌਰਾਨ ਭਾਰਤੀ ਥਲ ਸੈਨਾ ਦੇ ਸਾਬਕਾ ਮੁਖੀ ਜਨਰਲ ਵੀ.ਕੇ ਸਿੰਘ ਵੱਲੋਂ ਫੌਜ ਦੀ ਬਣਾਈ ਗਈ ਇੰਟੈਲੀਜੈਂਸ ਯੂਨਿਟ ਵੱਲੋਂ ਅਣ-ਅਧਿਕਾਰਤ ਕਾਰਵਾਈਆਂ ਤੇ ਖੁਫੀਆ ਫੰਡਾਂ ਦੀ ਗਲਤ ਵਰਤੋਂ ਕੀਤੇ ਜਾਣ ਦਾ ਖ਼ੁਲਾਸਾ ਹੋਣ ਨਾਲ ਕਾਂਗਰਸ ਤੇ ਭਾਜਪਾ ਵਿਚਾਲੇ ਤੋਹਮਤਬਾਜ਼ੀ ਸ਼ੁਰੂ ਹੋ ਗਈ ਹੈ। ਦੱਸਿਆ ਜਾਂਦਾ ਹੈ ਕਿ ਇਸ ਵਿਵਾਸਗ੍ਰਸਤ ਟੈਕਨੀਕਲ ਸਰਵਿਸਿਜ਼ ਡਿਵੀਜ਼ਨ (ਟੀ.ਐਸ.ਡੀ) ਵੱਲੋਂ ਜੰਮੂ-ਕਸ਼ਮੀਰ ਦੀ ਉਮਰ ਅਬਦੁੱਲਾ ਸਰਕਾਰ ਨੂੰ ਡੇਗਣ ਤੇ ਥਲ ਸੈਨਾ ਦੇ ਮੌਜੂਦਾ ਮੁਖੀ ਜਨਰਲ ਬਿਕਰਮ ਸਿੰਘ ਨੂੰ ਮੁਖੀ ਬਣਨ ਤੋਂ ਰੋਕਣ ਲਈ ਫੰਡਾਂ ਦੀ ਦੁਰਵਰਤੋਂ ਕੀਤੀ ਗਈ। ਸਰਕਾਰ ਨੇ ਕਿਸੇ ਵੀ ਮੌਜੂਦਾ ਜਾਂ ਰਿਟਾਇਰਡ ਅਧਿਕਾਰੀ ਦੇ ਦੋਸ਼ੀ ਪਾਏ ਜਾਣ 'ਤੇ ਸਖ਼ਤ ਕਾਰਵਾਈ ਦਾ ਭਰੋਸਾ ਦਿੱਤਾ ਹੈ।

ਦੂਜੇ ਪਾਸੇ ਇਕ ਕੇਂਦਰੀ ਮੰਤਰੀ ਨੇ ਆਪਣਾ ਨਾਂ ਗੁਪਤ ਰੱਖਦਿਆਂ ਕਿਹਾ ਕਿ ਇਸ ਮਾਮਲੇ ਵਿਚ ਸੀ.ਬੀ.ਆਈ ਜਾਂਚ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਰੱਖਿਆ ਮੰਤਰਾਲੇ ਨੇ ਕਿਹਾ ਹੈ ਕਿ ਟੀ.ਐਸ.ਡੀ ਬਾਰੇ ਫੌਜ ਦੀ ਖੁਫੀਆ ਰਿਪੋਰਟ 'ਤੇ ਕੋਈ ਵੀ ਕਾਰਵਾਈ ਰਿਪੋਰਟ ਨੂੰ ਚੰਗੀ ਤਰ੍ਹਾਂ ਘੋਖਣ ਤੋਂ ਬਾਅਦ ਹੀ ਕੀਤੀ ਜਾਵੇਗੀ। ਮੰਤਰਾਲੇ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇਹ ਮਾਮਲਾ ਕੌਮੀ ਸਲਾਮਤੀ ਨਾਲ ਜੁੜਿਆ ਹੋਇਆ ਹੈ ਪਰ ਇਸ ਦੀ ਸੀ.ਬੀ.ਆਈ. ਜਾਂਚ ਦਾ ਹਾਲੇ ਫੈਸਲਾ ਨਹੀਂ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਜਨਰਲ ਵੀ ਕੇ ਸਿੰਘ ਦਾ ਥਲ ਸੈਨਾ ਮੁਖੀ ਵਜੋਂ ਆਪਣਾ ਕਾਰਜਕਾਲ ਵੀ ਵੱਖ-ਵੱਖ ਕਾਰਨਾਂ ਕਰਕੇ ਵਿਵਾਦਾਂ ਵਿਚ ਘਿਰਿਆ ਰਿਹਾ ਸੀ। ਭਾਜਪਾ ਨੇ ਰਿਪੋਰਟ ਬਾਰੇ ਖੁਲਾਸੇ ਉੱਤੇ ਸਵਾਲ ਖੜ੍ਹਾ ਕਰਦਿਆਂ ਦੋਸ਼ ਲਾਇਆ ਹੈ ਕਿ ਜਨਰਲ ਵੀ.ਕੇ ਸਿੰਘ ਨੂੰ ਇਸ ਕਾਰਨ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਕਿਉਂਕਿ ਉਨ੍ਹਾਂ ਨੇ ਪਿਛਲੇ ਦਿਨੀਂ ਹਰਿਆਣਾ ਵਿਚ ਰੇਵਾੜੀ ਵਿਖੇ ਭਾਜਪਾ ਆਗੂ ਨਰਿੰਦਰ ਮੋਦੀ ਨਾਲ ਇਕ ਰੈਲੀ ਵਿਚ ਮੰਚ ਸਾਂਝਾ ਕੀਤਾ ਸੀ। ਪਾਰਟੀ ਨੇ ਕਿਹਾ ਕਿ ਸਰਕਾਰ ਨੇ ਇਸ ਤੋਂ ਪਹਿਲਾਂ ਲੰਬਾ ਸਮਾਂ ਰਿਪੋਰਟ ਨੂੰ ਕਿਉਂ ਦੱਬੀ ਰੱਖਿਆ।

# ਫੁਰਤੀਲੇ ਰਹਿਣ ਲਈ ਅੱਧਾ ਘੰਟਾ ਕਸਰਤ ਜ਼ਰੂਰੀ ਕਰਾਰ

**ਕੋਪਨਹੈਗਨ:** ਰੋਜ਼ਾਨਾ 30 ਮਿੰਟ ਕਸਰਤ ਕਰਨ ਨਾਲ ਸਰੀਰ ਵਿਚ ਊਰਜਾ ਆਉਂਦੀ ਹੈ ਤੇ ਇਸ ਨਾਲ ਲੋਕਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਕਾਇਮ ਰੱਖਣ ਵਿਚ ਹੁਲਾਰਾ ਮਿਲਦਾ ਹੈ।ਇਹ ਦਾਅਵਾ ਇਕ ਨਵੇਂ ਅਧਿਐਨ ਵਿਚ ਕੀਤਾ ਗਿਆ ਹੈ। ਯੂਨੀਵਰਸਿਟੀ ਆਫ਼ ਕੋਪਨਹੈਗਨ ਵਿਚ ਵੱਖ-ਵੱਖ ਵਿਭਾਗਾਂ ਦੀ ਸਾਂਝੀ ਖੋਜ ਦੌਰਾਨ ਸਾਹਮਣੇ ਆਇਆ ਹੈ ਕਿ ਹਲਕੀ ਜਿਹੀ ਕਸਰਤ, ਕਰੜਾਈ ਭਰੀ ਕਸਰਤ ਤੋਂ ਬਹੁਤ ਬਿਹਤਰ ਤੇ ਉਤਸ਼ਾਹ ਵਰਧਕ ਹੁੰਦੀ ਹੈ। ਇਸ ਬਾਰੇ ਸੈਂਕਡੇਨੇਵੀਆਈ ਜਰਨਲ ਵਿਚ ਰਿਪੋਰਟ ਛਪੀ ਹੈ।

ਰਿਪੋਰਟ ਮੁਤਾਬਕ ਮੋਟਾਪੇ ਦੀ ਮਹਾਂਮਾਰੀ ਦੇ ਬਹੁਤ ਜ਼ਿਆਦਾ ਸਮਾਜਕ-ਆਰਥਿਕ ਪ੍ਰਭਾਵ ਪੈ ਰਹੇ ਹਨ ਤੇ ਦਹਾਕਿਆਂ ਤੋਂ ਸ਼ੁਰੂ ਕੀਤੀਆਂ ਸਿਹਤ ਮੁਹਿੰਮਾਂ ਕੋਈ ਅਸਰ ਨਹੀਂ ਛੱਡ ਰਹੀਆਂ। ਕੋਪਨਹੈਗਨ ਯੂਨੀਵਰਸਿਟੀ ਵਿਚ ਖੋਜੀ ਟੀਮਾਂ ਅਜਿਹੇ ਨਵੇਂ ਢੰਗ ਤਰੀਕੇ ਲੱਭ ਰਹੀਆਂ ਹਨ ਜੋ ਇਸ ਵਿਆਪਕ ਅਸਰ ਵਾਲੀ ਅਲਾਮਤ ਨੂੰ ਰੋਕ ਸਕਣ ਜਾਂ ਇਸ ਦਾ ਇਲਾਜ ਕਰ ਸਕਣ।

ਖੋਜੀ ਟੀਮ ਦਾ ਕਹਿਣਾ ਹੈ ਕਿ ਮੋਟਾਪਾ ਇਕ ਸਮਾਜਕ ਗੁੰਝਲ ਹੈ ਜਿਸ ਲਈ ਬਹੁ ਅਨੁਸ਼ਾਸਨੀ ਪਹੁੰਚ ਅਪਣਾਉਣ ਦੀ ਲੋੜ ਹੈ। ਨਵੀਂ ਵਿਗਿਆਨਕ ਰਿਪੋਰਟ ਵਿਚ ਉਨ੍ਹਾਂ ਨੇ ਕੁਝ ਲੋਕਾਂ ਦੇ ਬਾਇਓਮੈਡੀਕਲ ਅਧਿਐਨਾਂ ਦਾ ਡੈਟਾ ਵੀ ਸ਼ਾਮਲ ਕੀਤਾ ਹੈ।

# ਹਿਟਲਰ ਦੇ ਜ਼ੁਲਮਾਂ ਬਾਰੇ ਬਣੀ ਫਿਲਮ ਲੱਭੀ

**ਬ੍ਰਸਲਜ਼:** ਬ੍ਰਸਲਜ਼ ਦੇ ਫ਼ਿਲਮ ਪੁਰਾਲੇਖ ਭਵਨ ਵਿਚੋਂ ਅਡੋਲਫ ਹਿਟਲਰ ਦੇ ਨਾਜ਼ੀ ਸ਼ਾਸਨ ਦੇ ਖ਼ਤਰਿਆਂ ਬਾਰੇ ਬਣੀ ਪਹਿਲੀ ਅਮਰੀਕੀ ਫ਼ਿਲਮ ਮਿਲੀ ਹੈ ਤੇ 75 ਸਾਲ ਇਸ ਬਾਰੇ ਕਿਸੇ ਨੇ ਗੌਲਿਆ ਹੀ ਨਹੀਂ। 'ਹਿਟਲਰ'ਜ਼ ਰੇਨ ਆਫ਼ ਟੈਰਰ' ਦਾ ਨਿਰਮਾਣ ਕੌਰਨੇਲੀਅਸ ਵੈਂਡਰਬਿਲਟ ਨੇ ਕੀਤਾ ਸੀ ਜੋ ਅਮਰੀਕਾ ਦੇ ਸਨਅਤਕਾਰ ਪਰਿਵਾਰ ਦਾ ਵਾਰਸ ਸੀ ਤੇ 1933 ਦੀਆਂ ਚੋਣਾਂ ਵਿਚ ਹਿਟਲਰ ਦੀ ਜਿੱਤ ਤੋਂ ਬਾਅਦ ਉਸ ਨੇ ਜਰਮਨੀ ਦਾ ਦੌਰਾ ਕੀਤਾ ਸੀ। ਇਹ ਫ਼ਿਲਮ ਉਸ ਫੁਟੇਜ ਦੁਆਲੇ ਘੁੰਮਦੀ ਹੈ ਜੋ ਵੈਂਡਰਬਿਲਟ ਨੇ ਗੁਪਤ ਤੌਰ 'ਤੇ ਸ਼ੂਟ ਕਰਕੇ ਲਿਆਂਦੀ ਸੀ ਤੇ ਜਿਸ ਵਿਚ ਨਾਜ਼ੀ ਪਾਰਟੀ ਦੀਆਂ ਰੈਲੀਆਂ, ਕਿਤਾਬਾਂ ਤੇ ਯਹੂਦੀਆਂ ਦੀਆਂ ਦੁਕਾਨਾਂ ਦੀ ਭੰਨਤੋੜ ਤੇ ਸਾੜ-ਫੂਕ ਦਿਖਾਈ ਗਈ ਸੀ। ਬੈਲਜਿਆਈ ਫ਼ਿਲਮ ਪੁਰਾਲੇਖ ਘਰ 'ਸਿਨੇਮਾ ਥੇਕ' ਦੇ ਡਿਜੀਟਲ ਸੰਗ੍ਰਹਿ ਦੇ ਮੁਖੀ ਬਰੂਨੋ ਮੇਸਟਡਾਮ ਨੇ ਕਿਹਾ ਕਿ ਇਸ ਫ਼ਿਲਮ ਦਾ ਪ੍ਰੀਮੀਅਰ 1934 ਵਿਚ ਨਿਊਯਾਰਕ ਵਿਚ ਕੀਤਾ ਗਿਆ ਸੀ ਤੇ ਫ਼ਿਲਮ ਬੇਹੱਦ ਸਫ਼ਲ ਹੋਈ ਸੀ। ਉਨ੍ਹਾਂ ਦੱਸਿਆ ਕਿ ਜਰਮਨ ਦੂਤਾਵਾਸ ਨੇ ਫ਼ਿਲਮ ਬਾਰੇ ਅਮਰੀਕਾ ਕੋਲ ਇਤਰਾਜ਼ ਪ੍ਰਗਟ ਕੀਤਾ ਸੀ ਜਿਸ ਕਰਕੇ ਇਸ 'ਤੇ ਪਾਬੰਦੀ ਲਾ ਦਿੱਤੀ ਗਈ ਤੇ ਮਗਰੋਂ ਇਸ ਵਿਚ ਸੋਧਾਂ ਕੀਤੀਆਂ ਗਈਆਂ। ਇਸ ਨੂੰ ਕੁਝ ਹੋਰ ਸ਼ਹਿਰਾਂ ਵਿਚ ਦਿਖਾਇਆ ਗਿਆ ਪਰ ਇਹ ਬਹੁਤੀ ਸਫ਼ਲ ਨਹੀਂ ਰਹੀ। 1970ਵਿਆਂ ਵਿਚ ਇਹ ਇਸ ਸੰਗ੍ਰਹਿਆਲੇ ਵਿਚ ਪੁੱਜ ਗਈ ਜਿਥੇ 70000 ਫ਼ਿਲਮਾਂ ਦੇ ਟਾਈਟਲ ਪਏ ਹਨ ਜਿਨ੍ਹਾਂ ਵਿਚੋਂ 80 ਫੀਸਦੀ ਵਿਦੇਸ਼ੀ ਫ਼ਿਲਮਾਂ ਹਨ। ਸਾਂਭ-ਸੰਭਾਲ ਕਰਨ ਵਾਲੇ ਕਰਮੀਆਂ ਨੂੰ ਦੋ ਕੁ ਸਾਲ ਪਹਿਲਾਂ ਪਤਾ ਚੱਲਿਆ ਸੀ ਕਿ 'ਹਿਟਲਰ'ਜ਼ ਰੇਨ ਆਫ਼ ਟੈਰਰ' ਦੀ ਇਹ ਇਕੋ-ਇਕ ਕਾਪੀ ਬਚੀ ਹੈ। ਹੁਣ ਇਸ ਫ਼ਿਲਮ ਦੀ ਸੱਜਧੱਜ ਕਰਨ ਤੋਂ ਬਾਅਦ ਅਕਤੂਬਰ ਵਿਚ ਨਿਊਯਾਰਕ ਦੇ ਆਧੁਨਿਕ ਕਲਾ ਅਜਾਇਬਘਰ ਵਿਚ ਦਿਖਾਇਆ ਜਾਵੇਗਾ।

# ਪਰਮਾਣੂ ਮੁੱਦੇ 'ਤੇ ਸਮਝੌਤੇ ਬਾਰੇ ਢਿਲਾ ਪਿਆ ਇਰਾਨ

**ਵਾਸ਼ਿੰਗਟਨ:** ਇਰਾਨੀ ਰਾਸ਼ਟਰਪਤੀ ਹਸਨ ਰੂਹਾਨੀ ਨੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਉਨ੍ਹਾਂ ਨੂੰ ਲਿਖੇ ਪੱਤਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਪੱਛਮੀ ਦੇਸ਼ਾਂ ਨਾਲ ਪਰਮਾਣੂ ਸੰਧੀ 'ਤੇ ਵਿਚਾਰ-ਚਰਚਾ ਕਰਨ ਲਈ ਪੂਰਾ ਅਖਤਿਆਰ ਰੱਖਦੇ ਹਨ। ਅਮਰੀਕਾ ਤੇ ਇਰਾਨ ਦੇ ਰਾਸ਼ਟਰਪਤੀਆਂ ਦੀ ਨਿਊਯਾਰਕ ਵਿਚ ਸੰਯੁਕਤ ਰਾਸ਼ਟਰ ਜਨਰਲ ਅਸੰਬਲੀ ਦੇ ਹੋਣ ਵਾਲੇ ਇਜਲਾਸ ਮੌਕੇ ਮੀਟਿੰਗ ਹੋਣ ਦੇ ਵੀ ਆਸਾਰ ਹਨ। 'ਕੂਟਨੀਤਕ ਸ਼ੇਖ' ਵਜੋਂ ਜਾਣੇ ਜਾਂਦੇ ਸ੍ਰੀ ਰੂਹਾਨੀ ਨੇ ਵਚਨ ਦਿੱਤਾ ਕਿ ਇਰਾਨ ਕਿਸੇ ਵੀ ਹਾਲ ਵਿਚ ਪਰਮਾਣੂ ਹਥਿਆਰ ਨਹੀਂ ਬਣਾਵੇਗਾ। ਇਰਾਨ ਰਾਸ਼ਟਰਪਤੀ ਨੇ ਕਿਹਾ ਕਿ ਉਨ੍ਹਾਂ ਨੂੰ ਸ੍ਰੀ ਓਬਾਮਾ ਦਾ ਪੱਤਰ ਮਿਲਿਆ ਹੈ ਜਿਸ ਵਿਚ ਉਨ੍ਹਾਂ ਦੇ ਰਾਸ਼ਟਰਪਤੀ ਚੁਣੇ ਜਾਣ 'ਤੇ ਮੁਬਾਰਕਵਾਦ ਦਿੱਤੀ ਹੈ ਤੇ ਕੁਝ ਹੋਰ ਮੁੱਦਿਆਂ ਨੂੰ ਛੂਹਿਆ ਹੈ।

ਸੰਯੁਕਤ ਰਾਸ਼ਟਰ ਮਹਾਸਭਾ ਦੇ ਇਜਲਾਸ ਵਿਚ ਸ਼ਾਮਲ ਹੋਣ ਲਈ ਜਾਣ ਤੋਂ ਪਹਿਲਾਂ ਅਮਰੀਕੀ ਟੀ.ਵੀ ਚੈਨਲ ਐਨ.ਬੀ.ਸੀ ਨਿਊਜ਼ ਨਾਲ ਮੁਲਾਕਾਤ ਵਿਚ 64 ਸਾਲਾ ਰੂਹਾਨੀ ਨੇ ਕਿਹਾ ਕਿ ਸ੍ਰੀ ਓਬਾਮਾ ਦੇ ਖ਼ਤ ਦੀ ਸੁਰ ਬਹੁਤ ਹੀ ਹਾਂਪੱਖੀ ਤੇ ਉਸਾਰੂ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਅਹਿਮ ਭਵਿੱਖ ਲਈ ਇਕ ਛੋਟਾ ਜਿਹਾ ਕਦਮ ਹੋ ਸਕਦਾ ਹੈ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਸਾਰੇ ਦੇਸ਼ਾਂ ਦੇ ਆਗੂਆਂ ਨੂੰ ਆਪਣੇ ਕੌਮੀ ਹਿੱਤਾਂ ਦਾ ਫਿਕਰ ਹੁੰਦਾ ਹੈ ਤੇ ਇਹ ਇੰਤਹਾਪਸੰਦ ਦਬਾਓ ਗਰੁੱਪਾਂ ਦੇ ਹੱਥੇ ਨਹੀਂ ਚੜ੍ਹਨੇ ਚਾਹੀਦੇ। 1979 ਦੀ ਇਸਲਾਮੀ ਕ੍ਰਾਂਤੀ ਤੋਂ ਬਾਅਦ ਅਮਰੀਕਾ ਤੇ ਇਰਾਨ ਵਿਚਕਾਰ ਕੋਈ ਕੂਟਨੀਤਕ ਸਬੰਧ ਨਹੀਂ ਹਨ। ਇਸ ਦੌਰਾਨ ਵ੍ਹਾਈਟ ਹਾਊਸ ਦੇ ਬੁਲਾਰੇ ਜੇਅ ਕਾਰਨੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਰਾਨ ਨਾਲ ਕੂਟਨੀਤੀ ਦਾ ਨਵਾਂ ਮੌਕਾ ਪੈਦਾ ਹੋਇਆ ਹੈ।

# ਅਮਰੀਕੀ ਸਨਅਤੀ ਰਿਆਇਤਾਂ ਨਾਲ ਭਾਰਤੀ ਬਾਜ਼ਾਰ ਵਿਚ ਉਤਸ਼ਾਹ

**ਮੁੰਬਈ:** ਅਮਰੀਕਾ ਵਿਚ ਸਨਅਤੀ ਰਿਆਇਤਾਂ ਜਾਰੀ ਰੱਖਣ ਨਾਲ ਭਾਰਤੀ ਬਾਜ਼ਾਰ ਵਿਚ ਕਾਫੀ ਉਛਾਲ ਆਇਆ। ਅਮਰੀਕਾ ਦੀ ਫੈਡਰਲ ਰਿਜ਼ਰਵ ਬੈਂਕ ਵੱਲੋਂ ਹਰੇਕ ਮਹੀਨੇ 85 ਅਰਬ ਡਾਲਰ ਦੇ ਬਾਂਡ ਖਰੀਦਣ ਦੀ ਨੀਤੀ ਫਿਲਹਾਲ ਬਰਕਰਾਰ ਰੱਖਣ ਦੇ ਐਲਾਨ ਨਾਲ ਹੀ ਜਿਥੇ ਬੀ.ਐਸ.ਈ ਸੈਂਸੈਕਸ 685 ਅੰਕ ਉਛਲ ਕੇ 20646.64 ਹੋ ਗਿਆ, ਉਥੇ ਡਾਲਰ ਮੁਕਾਬਲੇ ਰੁਪਏ ਵਿਚ ਹੋਰ 161 ਪੈਸੇ ਦੀ ਮਜ਼ਬੂਤੀ ਆਈ ਤੇ ਭਾਅ 61.77 ਹੋ ਗਿਆ। ਸੋਨੇ ਦਾ ਪ੍ਰਤੀ ਦਸ ਗ੍ਰਾਮ ਭਾਅ 410 ਰੁਪਏ ਵਧਣ ਨਾਲ 30810 ਹੋ ਗਿਆ ਜਦੋਂਕਿ ਚਾਂਦੀ ਵਿਚ ਪ੍ਰਤੀ ਕਿਲੋ 990 ਰੁਪਏ ਉਛਾਲ ਆਉਣ ਨਾਲ ਭਾਅ 51,200 ਰੁਪਏ ਹੋ ਗਿਆ।

ਅਮਰੀਕਰਨ ਫੈਡਰਲ ਬੈਂਕ ਨੇ ਮੀਟਿੰਗ ਵਿਚ ਫੈਸਲਾ ਲਿਆ ਕਿ ਉਹ ਸਨਅਤਾਂ ਨੂੰ ਆਰਥਿਕ ਰਿਆਇਤਾਂ ਘਟਾਉਣ ਬਾਰੇ ਫੈਸਲਾ ਲੈਣ ਤੋਂ ਪਹਿਲਾਂ ਦੇਸ਼ ਦੀ ਵਿਕਾਸ ਗਤੀ ਸੁਧਰ ਰਹੀ ਹੋਣ ਦੇ ਹੋਰ ਸਬੂਤ ਚਾਹੁੰਦੀ ਹੈ। ਅਮਰੀਕਾ ਦੀ ਫੈਡਰਲ ਬੈਂਕ ਵੱਲੋਂ ਐਲਾਨੀ ਨਵੀਂ ਨੀਤੀ ਨਾਲ ਨਿਵੇਸ਼ਕਾਰਾਂ ਨੂੰ ਭਰੋਸਾ ਹੋ ਗਿਆ ਕਿ ਵਿਦੇਸ਼ੀ ਸੰਸਥਾਵਾਂ ਆਪਣੀ ਪੂੰਜੀ ਸ਼ੇਅਰਾਂ ਵਿਚੋਂ ਨਹੀਂ ਕੱਢਣਗੀਆਂ।

# ਫਿਰਕਾਪ੍ਰਸਤੀ ਫੈਲਾਉਣ ਵਾਲੇ ਸੋਸ਼ਲ ਮੀਡੀਆ ਨੂੰ ਠੱਲ੍ਹਣ ਦਾ ਹੋਕਾ

## ਕੌਮੀ ਏਕਤਾ ਕੌਂਸਲ ਦੀ ਮੀਟਿੰਗ ਵਿਚ ਸਿੱਖ ਕਤਲੇਆਮ ਦਾ ਮੁੱਦਾ ਵੀ ਉਠਿਆ

**ਨਵੀਂ ਦਿੱਲੀ:** ਕੌਮੀ ਏਕਤਾ ਕੌਂਸਲ ਦੀ ਮੀਟਿੰਗ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਫਿਰਕੂ ਹਿੰਸਾ ਦੀਆਂ ਵਾਰਦਾਤਾਂ ਵਧਣ 'ਤੇ ਫਿਕਰ ਜ਼ਾਹਰ ਕਰਦਿਆਂ ਰਾਜਸੀ ਪਾਰਟੀਆਂ ਨੂੰ ਸਿਆਸੀ ਲਾਹੇ ਲਈ ਇਨ੍ਹਾਂ ਦੀ ਵਰਤੋਂ ਤੋਂ ਗੁਰੇਜ਼ ਕਰਨ ਲਈ ਕਿਹਾ। ਫਿਰਕੂ ਹਿੰਸਾ ਦੀਆਂ ਕਈ ਹਾਲੀਆ ਵਾਰਦਾਤਾਂ ਵਿਚ ਕਿਸੇ ਭਾਈਚਾਰੇ ਖ਼ਿਲਾਫ਼ ਨਫ਼ਰਤ ਫੈਲਾਉਣ ਦੇ ਮੰਤਵ ਨਾਲ ਜਾਅਲੀ ਵੀਡੀਓ ਜਾਂ ਹੋਰ ਇਤਰਾਜ਼ਯੋਗ ਸਮੱਗਰੀ ਪ੍ਰਸਾਰਤ ਕਰਨ ਲਈ ਸੋਸ਼ਲ ਮੀਡੀਆ ਦੀ ਵਰਤੋਂ ਕੀਤੀ ਗਈ ਹੈ। ਪਿਛਲੇ ਸਾਲ ਉੱਤਰ ਪੂਰਬ ਵਿਚ ਵੀ ਅਜਿਹਾ ਦੇਖਣ ਨੂੰ ਮਿਲਿਆ ਸੀ ਜਿਸ ਕਾਰਨ ਵੱਡੇ ਪੱਧਰ 'ਤੇ ਲੋਕਾਂ ਦਾ ਉਜਾੜਾ ਹੋਇਆ ਸੀ। ਪ੍ਰਧਾਨ ਮੰਤਰੀ ਨੇ ਵੱਖ-ਵੱਖ ਰਾਜਾਂ ਨੂੰ ਫਿਰਕੂ ਹਿੰਸਾ ਦੀ ਰੋਕਥਾਮ ਲਈ ਸਖ਼ਤ ਕਦਮ ਚੁੱਕਣ ਲਈ ਵੀ ਕਿਹਾ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਸੋਸ਼ਲ ਮੀਡੀਆ ਨੌਜਵਾਨਾਂ ਨੂੰ ਨਵੀਂ ਜਾਣਕਾਰੀ ਤੇ ਨਵੇਂ ਵਿਚਾਰ ਹਾਸਲ ਕਰਨ ਵਿਚ ਮਦਦਗਾਰ ਸਾਬਤ ਹੁੰਦਾ ਹੈ। ਇਸ ਦੀ ਵਰਤੋਂ ਆਪਸੀ ਭਾਈਚਾਰਾ ਤੇ ਇਕਸੁਰਤਾ ਵਧਾਉਣ ਲਈ ਕੀਤੀ ਜਾਣੀ




ਚਾਹੀਦੀ ਹੈ। ਸੋਸ਼ਲ ਮੀਡੀਆ 'ਤੇ ਲੋਕਾਂ ਵੱਲੋਂ ਰਾਏ ਦੇਣ ਤੇ ਵਿਚਾਰ ਪ੍ਰਗਟ ਕਰਨ ਵਿਚ ਆਜ਼ਾਦੀ ਬਰਕਰਾਰ ਰੱਖਣੀ ਜ਼ਰੂਰੀ ਹੈ ਪਰ ਇਸ ਦੇ ਨਾਲ ਹੀ ਇਹ ਵੀ ਅਹਿਮ ਹੈ ਕਿ ਸ਼ਰਾਰਤੀਆਂ ਤੇ ਗੜਬੜ ਫੈਲਾਉਣ ਵਾਲਿਆਂ ਨੂੰ ਸੋਸ਼ਲ ਮੀਡੀਆ ਦੀ ਕੁਵਰਤੋਂ ਨਾ ਕਰਨ ਦਿੱਤੀ ਜਾਵੇ। 148 ਮੈਂਬਰੀ ਸੰਸਥਾ ਦੀ ਇਸ ਮੀਟਿੰਗ ਵਿਚ ਕਈ ਕੇਂਦਰੀ ਮੰਤਰੀ, ਪਾਰਲੀਮੈਂਟ ਵਿਚ ਵਿਰੋਧੀ ਧਿਰ ਦੇ ਆਗੂ, ਕਈ ਰਾਜਾਂ ਦੇ ਮੁੱਖ ਮੰਤਰੀ, ਕੌਮੀ ਤੇ ਖੇਤਰੀ ਪਾਰਟੀਆਂ ਦੇ ਆਗੂ, ਮੀਡੀਆ, ਕਾਰੋਬਾਰ ਤੇ ਜਨਤਕ ਜੀਵਨ ਨਾਲ ਜੁੜੀਆਂ ਸ਼ਖ਼ਸੀਅਤਾਂ ਸ਼ਾਮਲ ਹੋਈਆਂ। ਭਾਜਪਾ ਦੇ ਸ਼ਾਸਨ ਵਾਲੇ ਤਿੰਨ ਰਾਜਾਂ ਗੁਜਰਾਤ, ਮੱਧ ਪ੍ਰਦੇਸ਼ ਤੇ ਗੋਆ ਦੇ ਮੁੱਖ ਮੰਤਰੀ ਮੀਟਿੰਗ ਵਿਚ ਸ਼ਾਮਲ ਨਹੀਂ ਹੋਏ। ਇਸ ਮੌਕੇ 1984 ਦੇ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਵਿਚ ਵਿਵਸਥਾ ਦੀ ਅਸਫਲਤਾ ਨੂੰ ਦਰੁਸਤ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਵਿਸ਼ਵਾਸ ਦੀ ਬਹਾਲੀ ਲਈ ਫਿਰਕੂ ਹਿੰਸਾ ਉਪਰੰਤ ਨਿਆਂ ਨੂੰ ਯਕੀਨੀ ਬਣਾਉਣ ਦੀ ਜ਼ੋਰਦਾਰ ਵਕਾਲਤ ਕੀਤੀ ਹੈ। ਮੀਟਿੰਗ ਵਿਚ ਪੰਜਾਬ ਦੀ ਨੁਮਾਇੰਦਗੀ ਕਰਦਿਆਂ ਸੂਚਨਾ ਤੇ ਲੋਕ ਸੰਪਰਕ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਵਿਚ ਅਸਫਲਤਾ ਤੇ ਉਸ ਉਪਰੰਤ ਕਾਤਲਾਂ ਨੂੰ ਉੱਚ ਅਹੁਦਿਆਂ ਨਾਲ ਨਵਾਜ ਕੇ ਕਿਸੇ ਵੀ ਸੂਰਤ ਵਿਚ ਅਮਨ, ਆਪਸੀ ਭਾਈਚਾਰੇ ਤੇ ਕੌਮੀ ਏਕਤਾ ਨੂੰ ਪ੍ਰਫੁਲਤ ਨਹੀਂ ਕੀਤਾ ਜਾ ਸਕਦਾ ਹੈ। ਸਿਆਸੀ ਆਗੂਆਂ ਦੀ ਸੰਜੀਦਗੀ ਤੇ ਨਿਰਪੱਖਤਾ ਦਾ ਵਿਸ਼ਵਾਸ ਲੋਕ ਮਨਾਂ ਅੰਦਰ ਪੈਦਾ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਨੇ ਮਿਸਾਲੀ ਅਗਵਾਈ ਤੇ ਅਸਰਦਾਰ ਪੁਲਿਸ ਵਿਵਸਥਾ ਦੀ ਕਾਇਮੀ ਦੀ ਵੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਪਿਛਲੇ ਦੋ ਸਾਲਾਂ ਦੌਰਾਨ ਦੇਸ਼ ਦੇ ਤਕਰੀਬਨ 20 ਸੂਬਿਆਂ ਵਿਚ ਸੈਂਕੜੇ ਵਿਅਕਤੀ ਫਿਰਕੂ ਟਕਰਾਅ ਦੀ ਭੇਟ ਚੜ੍ਹੇ ਹਨ ਤੇ ਹਜ਼ਾਰਾਂ ਹੋਰ ਜ਼ਖ਼ਮੀ ਹੋਏ ਹਨ ਪਰ ਪੰਜਾਬ ਅਜਿਹੀ ਕਿਸੇ ਵੀ ਘਟਨਾ ਤੋਂ ਮੁਕਤ ਰਿਹਾ ਹੈ।

## ਨੋਕ-ਝੋਕ



ਐਸ. ਅਸ਼ੋਕ ਭੌਰਾ

# ਧਰਤੀ ਭੁੱਬਾਂ ਮਾਰਦੀ ਲੁੱਚੇ ਬਣ ਗਏ ਸਾਧ...

*ਬੰਦਾ ਜਿੰਨਾ ਮਰਜ਼ੀ ਸੁਚੇਤ ਹੋਵੇ, ਕਈ ਹਾਦਸੇ ਫਿਰ ਵੀ ਵਾਪਰ ਜਾਂਦੇ ਹਨ। ਕਈਆਂ ਨੇ ਗੁਨਾਹ ਇਕ ਵੀ ਨਹੀਂ ਕੀਤਾ ਪਰ ਵਿਆਹ ਕਰਵਾ ਕੇ ਉਮਰ ਭਰ ਲਈ ਕੈਦੀ ਬਣੇ ਰਹੇ। ਕਈਆਂ ਦੇ ਉਪਰ ਦੀ ਮਾਲ ਗੱਡੀ ਲੰਘ ਗਈ ਹੁੰਦੀ ਐ ਪਰ ਮਰਨ ਦੀ ਖ਼ਬਰ ਫਿਰ ਵੀ ਨਹੀਂ ਆਉਂਦੀ। ਚਿੜੀ ਵਿਚਾਰੀ ਨੂੰ ਕਾਂ ਅੱਖ ਮਾਰ ਕੇ ਦੂਜੀ ਟਾਹਣੀ 'ਤੇ ਬੈਠ ਗਿਆ ਪਰ ਉਹ ਹੋਰ ਦਿਸ਼ਾ 'ਚ ਉਡ ਗਈ; ਉਂਜ ਉਸ ਨੂੰ ਸਮਝ ਆ ਗਈ ਸੀ ਕਿ ਇਹ ਕਿਸੇ ਸਾਧ ਦੇ ਡੇਰੇ ਤੋਂ ਉਹਦੀ ਜੂਠ ਖਾ ਕੇ ਆਇਆ ਲਗਦਾ। ਸ਼ਰੀਫ਼ ਇਸ ਕਰ ਕੇ ਹੋਰ ਚੁੱਪ ਹੋਈ ਜਾਂਦੇ ਨੇ ਕਿ ਬਚਣ ਦਾ ਹੋਰ ਕੋਈ ਹੀਲਾ ਨਹੀਂ ਰਿਹਾ। ਬਜਾਜੀ ਦੀ ਦੁਕਾਨ 'ਤੇ ਇਕ ਪੜ੍ਹੀ-ਲਿਖੀ ਬੀਬੀ ਨੇ ਦੁਕਾਨਦਾਰ ਨੂੰ ਕਿਹਾ, 'ਦੋ ਚੋਲਿਆਂ ਲਈ ਭਗਵਾਂ ਅੱਠ ਗਜ਼ ਕੱਪੜਾ ਦੇ ਦੇ।' ਕੋਲ ਬੈਠਾ ਭੋਲਾ ਜਿਹਾ ਬੰਦਾ ਉਠ ਕੇ ਚਲਾ ਗਿਆ ਕਿ ਸਾਨੂ ਹੁਣ ਉਸ ਦੇ ਸ਼ਹਿਰ ਵਿਚ ਆ ਗਏ ਨੇ। ਕਈਆਂ ਨੇ ਉਚੀ-ਉਚੀ ਰੋਣ ਵਿਚ ਵਿਸ਼ਵਾਸ ਇਸ ਕਰ ਕੇ ਬਣਾਈ ਰੱਖਿਆ ਕਿ ਮਨ ਹੌਲਾ ਹੋ ਜਾਵੇਗਾ ਪਰ ਜਿਨ੍ਹਾਂ ਦੇ ਪੱਲੇ ਰੋਣਾ ਸਾਰੀ ਉਮਰ ਦਾ ਪਿਆ ਰਿਹਾ, ਉਹ ਹੌਕੇ ਲੈਣ 'ਚ ਹੀ ਯਕੀਨ ਕਰਨ ਲੱਗ ਪਏ। ਜਿਨ੍ਹਾਂ ਨੇ ਮਕਾਨਾਂ ਨੂੰ ਘਰਾਂ ਵਰਗਾ ਰੂਪ ਤਾਂ ਦੇ ਲਿਆ ਸੀ ਪਰ ਇਕੱਲੇ ਹੋਣ ਕਰ ਕੇ ਬਾਲ ਖਿਡਾਉਣ ਲਈ ਘਰੇ ਕਮੰਡਲੀਆਂ ਤੇ ਕਾਸਿਆਂ ਵਾਲਿਆਂ ਨੂੰ ਬੁਲਾਉਣ ਲੱਗ ਪਏ। ਉਨ੍ਹਾਂ ਨੂੰ ਬਹੁਤ ਦੇਰ ਬਾਅਦ ਪਤਾ ਲੱਗਾ ਕਿ ਇੱਜ਼ਤਾਂ ਚੋਰੀ ਹੋ ਜਾਂਦੀਆਂ ਤਾਂ ਕੋਈ ਗੱਲ ਨਹੀਂ ਸੀ, ਇਨ੍ਹਾਂ ਨੂੰ ਸੰਨ੍ਹ ਲੱਗਣ ਲੱਗ ਪਈ ਹੈ। ਰਾਜਨੀਤਕ ਲੋਕ ਲੁੱਚਿਆਂ ਦੇ ਡੇਰਿਆਂ 'ਤੇ ਜਾ ਕੇ ਹੱਥ ਤਾਂ ਜੋੜਨ ਲੱਗ ਪਏ ਹਨ ਕਿ ਸਿਰਫ਼ ਵੋਟਾਂ ਮੰਗਣ ਦੇ ਕੰਮ 'ਚ ਹੀ ਫਰਕ ਹੈ, ਉਂਜ ਧੰਦਾ ਦੋਹਾਂ ਦਾ ਸਾਂਝਾ ਜਿਹਾ ਹੀ ਹੋਈ ਜਾ ਰਿਹਾ ਹੈ। ਇਸੇ ਲਈ ਪਰਜਾ ਦੀ ਕਿਸਮਤ ਬਦਲਣ ਦੇ ਲਾਰੇ ਲਾਉਣ ਵਾਲੇ ਆਪਣੇ ਮੁਕੱਦਰਾਂ 'ਤੇ ਟਿੱਕਾ ਲੁਆਉਣ ਲਈ ਜਨਤਾ ਨੂੰ ਦੂਜੀ ਵਾਰ ਮੂਰਖ ਬਣਾਉਣ ਦਾ ਸਫ਼ਲ ਯਤਨ ਕਰ ਰਹੇ ਹਨ। ਮੂੰਹ ਛੋਟੇ ਤੇ ਬੁਰਕੀਆਂ ਵੱਡੀਆਂ ਅੰਦਰ ਪਾਉਣ ਕਰ ਕੇ ਡੱਬੂ ਕੰਧ ਤੋਂ ਉਤਰ ਕੇ ਪੁੱਛਣ ਲੱਗੇ ਨੇ, 'ਮੇਰਾ ਆਈਡੀਆ ਚੋਰੀ ਕਰ ਲਿਆ।' ਖ਼ੈਰ! ਵਕਤ ਦੀਆਂ ਲੱਤਾਂ ਕੰਬ ਰਹੀਆਂ ਹਨ, ਫਿਰ ਵੀ ਭਾਰ ਸਾਰਾ ਚੁੱਕਿਆ ਹੋਇਆ ਹੈ। ਜਵਾਨੀ ਤਾਂ ਚਲੋ ਸਾਰਿਆਂ ਦੀ ਮਸਤਾਨੀ ਹੁੰਦੀ ਹੈ ਪਰ ਸਾਧਾਂ ਦਾ ਬੁਢਾਪਾ ਵੀ ਰੰਗੀਨ ਹੁੰਦਾ ਜਾ ਰਿਹਾ ਹੈ।*

ਜਿਨ੍ਹਾਂ ਨੇ ਇਸ ਯੁੱਗ ਵਿਚ ਲਾਲਚ ਤਿਆਗ ਦਿੱਤਾ ਹੈ, ਵਿਚਾਰ ਕਰ ਕੇ ਵੇਖਿਓ, ਇਹ ਲੋਕ ਸਭ ਤੋਂ ਵੱਡੇ ਲੋਭੀ ਹਨ ਕਿਉਂਕਿ ਉਹ ਸਵਰਗ ਜਾਣ ਦਾ ਲਾਲਚ ਕਰੀ ਬੈਠੇ ਹਨ। ਭਗਵੇਂ ਪਾ ਕੇ ਜਿਹੜੇ ਦੁਨੀਆਂ ਤੋਂ ਪਾਖੰਡ ਦੇ ਦਾਅ-ਪੇਚ ਕਰ ਕੇ ਹਰ ਸ਼ੈਅ ਖੋਹ ਲੈਣਾ ਚਾਹੁੰਦੇ ਨੇ, ਉਹ ਸੰਸਾਰ ਨੂੰ ਮੂਰਖ ਬਣਾਉਣਾ ਸਿੱਖ ਗਏ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਇਸ ਉਮਰ ਵਿਚ ਐਸ਼ ਕਰੋ, ਅੱਗਾ ਕੀਹਨੇ ਵੇਖਿਆ ਹੈ? ਕਿਸੇ ਸਤਿਸੰਗ ਵਿਚ ਕੋਈ ਕਲਯੁੱਗੀ ਪਖੰਡੀ ਪ੍ਰਵਚਨ ਕਰ ਰਿਹਾ ਸੀ, ਸੰਗਤਾਂ ਨੂੰ ਉਪਦੇਸ਼ ਦੇ ਰਿਹਾ ਸੀ, 'ਇਹ ਜ਼ਮੀਨਾਂ-ਜਾਇਦਾਦਾਂ ਇਥੇ ਹੀ ਰਹਿ ਜਾਣਗੀਆਂ... ਸਾਢੇ ਤਿੰਨ ਹੱਥ ਧਰਤੀ ਤੇਰੀ ਬਹੁਤੀਆਂ ਜਗੀਰਾਂ ਵਾਲਿਆ...।' ਅਨਭੋਲ ਲੋਕਾਂ ਨੂੰ ਫਿਰ ਵੀ ਪਤਾ ਨਹੀਂ ਲੱਗ ਰਿਹਾ ਸੀ ਕਿ ਇਸੇ ਮਹਾਂਪੁਰਸ਼ ਨੂੰ ਲੋਕਾਂ ਦੀਆਂ ਜ਼ਮੀਨਾਂ 'ਤੇ ਨਾਜ਼ਾਇਜ਼ ਕਬਜ਼ੇ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕਰਨ ਲਈ ਪੁਲਿਸ ਡੇਰੇ ਤੋਂ ਬਾਹਰ ਉਡੀਕ ਕਰ ਰਹੀ ਸੀ।

ਗਲਤੀਆਂ ਲੋਕ ਕਰ ਰਹੇ ਨੇ, ਭੀੜ ਸਾਧਾਂ ਦੀ ਵਧ ਰਹੀ ਹੈ। ਇਲਜ਼ਾਮ ਉਨ੍ਹਾਂ ਉਤੇ ਨਸ਼ਾ ਕਰਨ ਦੇ ਹੀ ਨਹੀਂ, ਕਾਮ ਉਕਸਾਉਣ ਲਈ ਖੇਹ-ਸੁਆਹ ਖਾਣ ਦੇ ਲੱਗ ਰਹੇ ਹਨ; ਤਾਂ ਕਿਵੇਂ ਕਹਿ ਸਕਦੇ ਹਾਂ ਕਿ 'ਜੋਗ' ਦਾਗੀ ਹੋਣ ਤੋਂ ਬਚਿਆ ਰਹੇਗਾ! ਹੁਣ ਧਿਆਨ ਦੀ ਖੇਡ ਹੇਠ ਅੱਖਾਂ ਬੰਦ ਹਨ ਪਰ ਅੰਦਰ ਸ਼ੈਤਾਨ ਖੌਰੂ ਪਾ ਰਿਹਾ ਹੈ। ਖ਼ੂਬਸੂਰਤੀ ਨਜ਼ਰਾਂ ਨਾਲ ਨਹੀਂ, ਬੈਟਰੀਆਂ ਮਾਰ ਮਾਰ ਕੇ ਲੱਭੀ ਜਾ ਰਹੀ ਹੈ। ਜਦੋਂ ਚੇਲੇ ਤੇ ਚੇਲੀਆਂ ਅੰਨ੍ਹੀ ਸ਼ਰਧਾ ਵਾਲੇ ਲੋਕਾਂ ਨਾਲ ਜਿਸਮਾਨੀ ਖੇਡ ਖੇਡਣ ਲਈ ਸਾਧਾਂ ਦੇ ਦਲਾਲ ਬਣ ਰਹੇ ਹਨ, ਤਾਂ ਲਗਦਾ ਨਹੀਂ ਇਨ੍ਹਾਂ ਲੋਕਾਂ ਨੇ ਸ਼ਰੀਫ਼ ਦੀ ਇੱਜ਼ਤ ਵੱਟੋ-ਵੱਟ ਪਾ ਲਈ ਹੈ। ਕਵੀ ਤਾਂ ਸੋਹਣੇ ਚਿਹਰੇ ਵੇਖ ਕੇ ਕਵਿਤਾ ਲਿਖਦੇ ਹੁੰਦੇ ਸਨ, ਅੱਜ ਦੇ ਯੁੱਗ ਵਿਚ ਸਾਧ ਅਜਿਹੇ ਮੁਖੜੇ ਤੱਕ ਕੇ ਇਮਾਨ, ਇਖਲਾਕ ਸਭ ਕੁਝ ਇਕੋ ਤੀਲ ਨਾਲ ਫੂਕਣ ਦਾ ਯਤਨ ਕਰਨ ਵਿਚ ਲੱਗੇ ਹੋਏ ਹਨ। ਇੱਦਾਂ ਦੇ ਹਾਲਾਤ ਬਣ ਗਏ ਨੇ ਕਿ ਨ੍ਹੇਰੀ ਚੱਲ ਰਹੀ ਹੈ ਪਰ ਦਰਖ਼ਤ ਸ਼ਾਂਤ ਹਨ; ਮੀਂਹ ਪੈ ਰਿਹਾ ਹੈ ਪਰ ਪਪੀਹਾ ਤੇ ਧਰਤੀ ਪਾਣੀ ਦੀ ਬੂੰਦ-ਬੂੰਦ ਲਈ 'ਕੱਠੇ ਦੁਹੱਥੜੀਂ ਪਿੱਟ ਰਹੇ ਹਨ। ਪਹਿਲਾਂ ਪਿਆਜ ਕੱਟਦਿਆਂ ਅੱਖਾਂ 'ਚੋਂ ਪਾਣੀ ਵਗਣ ਲਗਦਾ ਸੀ, ਅੱਜਕੱਲ੍ਹ ਅੰਬ ਕੱਟਣ ਵੇਲੇ ਵੀ ਅੱਖਾਂ ਤਿੱਪ-ਤਿੱਪ ਚੋਣ ਲੱਗ ਪਈਆਂ ਹਨ। ਸੰਖ ਰੱਬ ਕੋਲ ਫਰਿਆਦ ਕਰ ਰਿਹਾ ਹੈ, 'ਰੱਬਾ! ਲੁੱਚਿਆਂ ਨੂੰ ਰੋਕ, ਮੇਰੇ ਅੰਦਰ ਫੂਕਾਂ ਨਾ ਮਾਰਨ ਕਿਉਂਕਿ ਸ਼ਰਧਾ ਮੁੱਕਣ ਕਰ ਕੇ ਲੋਕ ਮੈਨੂੰ ਵੀ ਖ਼ਤਰੇ ਦਾ ਘੁੱਗੂ ਕਹਿਣ ਲੱਗ ਪਏ ਹਨ।'

ਸੋਹਣੇ ਲੀੜੇ ਪਾਉਣ ਵਾਲੀ ਔਰਤ ਜਦੋਂ ਬਜਾਜੀ ਦਾ ਕੰਮ ਕਰਨ ਵਾਲਿਆਂ ਦੇ ਘਰੀਂ ਵਿਆਹੀ ਜਾਵੇ ਤਾਂ ਉਹ ਅੰਦਰੋ-ਅੰਦਰ ਚਾਵਾਂ ਦਾ ਚਰਖਾ ਕੱਤ ਰਹੀ ਹੁੰਦੀ ਹੈ ਕਿ 'ਹੁਣ ਇਕ ਲਾਹਵਾਂਗੀ, ਇਕ ਪਾਵਾਂਗੀ।' ਆਸ਼ੋ ਮਾਪਿਆਂ ਦੀ 'ਕੱਲੀ ਧੀ ਹੀ ਨਹੀਂ ਸੀ, ਉਸ ਨੂੰ ਮਾਂ-ਬਾਪ ਤਾਂ ਕੀ ਸਾਰਾ ਆਂਢ-ਗੁਆਂਢ ਵੀ ਰੱਜ ਕੇ ਪਿਆਰ ਇਸ ਕਰ ਕੇ ਕਰਦਾ ਸੀ ਕਿ ਉਹ ਹਰ ਵੇਲੇ ਰੱਬ ਰੱਬ ਕਰਦੀ ਰਹਿੰਦੀ ਸੀ। ਪਿੰਡ ਦੇ ਹਰ ਧਰਮੀ ਕਾਰਜ ਵਿਚ ਸਭ ਤੋਂ ਅੱਗੇ ਹੁੰਦੀ ਸੀ। ਕਈ ਵਾਰ ਮਾਂ ਬਾਪ ਸੋਚਦੇ ਸਨ ਕਿ ਇਹਨੂੰ ਇੰਨਾ ਚੰਗਾ ਵਰ ਕਿਥੋਂ ਲੱਭ ਕੇ ਦਿਆਂਗੇ! ਖ਼ੈਰ! ਆਸ਼ੋ ਉਡਾਰ ਹੁੰਦੀ ਗਈ ਪਰ ਉਹਦੇ ਸ਼ਰਧਾਮਈ ਖਿਆਲਾਂ ਵਿਚ ਤਬਦੀਲੀ ਨਾ ਆਈ। ਜੁਆਨੀ ਦੇ ਪਹਿਲੇ ਪੰਜ-ਸੱਤ ਸਾਲਾਂ ਵਿਚ ਰਿਸ਼ਤਿਆਂ ਦੀ ਵਾਛੜ ਹੋਈ ਪਰ ਉਹਨੂੰ ਤਾਂ ਕੀ, ਮਾਪਿਆਂ ਨੂੰ ਵੀ ਆਸ਼ੋ ਦੇ ਸੰਤ ਸੁਭਾਅ ਵਰਗਾ ਕੋਈ ਮੁੰਡਾ ਨਾ ਲੱਭੇ। ਇਸੇ ਉਡੀਕ ਵਿਚ ਉਹ ਪੈਂਤੀਆਂ ਨੂੰ ਲੰਘ ਗਈ ਸੀ। ਟਿਕਟ ਤਾਂ ਖਰੀਦੀ ਨਹੀਂ ਸੀ ਪਰ ਅਚਾਨਕ ਲਾਟਰੀ ਨਿਕਲ ਆਈ। ਇਕ ਐਸੇ ਮੁੰਡੇ ਦੀ ਦੱਸ ਪਈ ਕਿ ਉਮਰ ਤਾਂ ਚਾਲੀਆਂ ਤੋਂ ਉਪਰ ਸੀ ਪਰ 'ਨਾਂਹ-ਨਾਂਹ' ਕਰਦੇ ਨੇ ਹੀ ਜੁਆਨੀ ਦੀ ਵੱਤ ਲੰਘਾ ਲਈ ਸੀ।... ਸੀ ਉਂਜ ਉਹ ਵੀ ਆਸ਼ੋ ਵਰਗਾ ਰੱਬ ਦਾ ਰੱਬ ਵਰਗਾ ਹੀ ਬੰਦਾ। ਪਹਿਲਾਂ ਨਾਂਹ-ਨੁੱਕਰ ਆਮ ਕੁੜੀਆਂ ਵਾਂਗ, ਤੇ ਫਿਰ ਚੁੰਨੀ ਦੇ ਲੜ ਹੇਠ ਸ਼ਰਮਾਉਂਦਿਆਂ 'ਹਾਂ' ਵਿਚ ਸਿਰ ਹਿਲਾ ਗਿਆ। ਇਕ ਕਿੱਲਾ ਜ਼ਮੀਨ, 'ਕੱਲਾ ਈ ਪੁੱਤ ਤੇ ਨਿੱਕੀ ਜਿਹੀ ਕਰਿਆਨੇ ਦੀ ਦੁਕਾਨ; ਤੇ ਸਭ ਤੋਂ ਅਹਿਮ ਗੱਲ ਇਹ ਸੀ ਕਿ ਰੂਟ ਵੀ ਟਰੇਨ ਦਾ ਜਿਵੇਂ ਇਕ ਹੋ ਗਿਆ ਸੀ, ਤੇ ਸ਼ਾਨ-ਏ-ਪੰਜਾਬ ਦਾ ਡੱਬਾ ਵੀ ਜਿਵੇਂ ਸ਼ਾਨ-ਏ-ਪੰਜਾਬ ਨਾਲ ਹੀ ਜੁੜ ਗਿਆ ਹੋਵੇ।

ਆਸ਼ੋ ਤੇ ਉਹਦੇ ਮਸਤ ਮੌਲਾ ਪਤੀ ਬਲਵੰਤ ਦੀ ਗ੍ਰਿਹਸਥੀ ਜ਼ਿੰਦਗੀ ਤਾਂ ਖੁਸ਼ੀ-ਖੁਸ਼ੀ ਇੱਦਾਂ ਤੁਰ ਪਈ ਸੀ ਜਿਵੇਂ ਚੰਦ ਨੇ ਪੱਕੇ ਤੌਰ 'ਤੇ ਹੀ ਧਰਤੀ ਉਤੇ ਉਤਰ ਕੇ ਚਕੋਰ ਨਾਲ ਰਹਿਣ ਦਾ ਫੈਸਲਾ ਕਰ ਲਿਆ ਹੋਵੇ ਪਰ ਇਕ ਚਾਅ ਮੱਸਿਆ ਦੀ ਰਾਤ ਵਾਂਗ ਪੂਰਾ ਨਾ ਹੋਣ ਕਰ ਕੇ ਕਿਤੇ-ਕਿਤੇ ਦਿਨੇ ਵੀ ਨ੍ਹੇਰ ਜਿਹਾ ਪਾਈ ਰੱਖਦਾ ਸੀ। ਆਸ਼ੋ ਸਨੁੱਖੀ ਸੀ ਰੱਜ ਕੇ, ਤੇ ਬਲਵੰਤ ਜਿਵੇਂ ਯੂਸਫ ਦੀ ਮਾਸੀ ਦਾ ਪੁੱਤ ਹੋਵੇ ਪਰ ਘਰ ਦੇ ਵਿਹੜੇ ਵਿਚ ਜੁਆਕ ਦੀਆਂ ਰੌਣਕਾਂ ਘੰਟੀ ਵਜਾ ਹੀ ਨਹੀਂ ਰਹੀਆਂ ਸਨ। ਉਧਰ ਬਲਵੰਤ ਜਦੋਂ ਪੰਜਾਹਾਂ ਨੂੰ ਟੱਪ ਗਿਆ ਤਾਂ ਆਪਣੇ ਵੀ ਓਪਰਿਆਂ ਵਾਂਗ ਕਹਿਣ ਲੱਗ ਪਏ ਸਨ, 'ਗੱਲ ਹੁਣ ਬਣਦੀ ਨ੍ਹੀਂ ਲਗਦੀ।'

ਆਸ਼ੋ ਪਹਿਲਾਂ ਪਹਿਲ ਤਾਂ ਆਪਣੇ ਸੁਭਾਅ ਕਰ ਕੇ ਅਜਿਹੀਆਂ ਗੱਲਾਂ ਨੂੰ ਬੇਤੁਕੀਆਂ ਸਮਝ ਕੇ ਸਿਰ ਤੋਂ ਲੰਘਾ ਦਿੰਦੀ, ਫਿਰ ਉਹਨੂੰ ਲੱਗਣ ਲੱਗ ਪਿਆ ਸੀ ਕਿ ਮਾਂ ਬਣੇ ਬਿਨਾਂ ਸਮਾਜ ਔਰਤ ਨੂੰ ਭਾਰ ਹੀ ਸਮਝਦਾ ਰਹਿੰਦਾ। ਦੋਹਾਂ ਨੂੰ ਸਮਝ ਲੱਗ ਗਈ ਸੀ ਕਿ ਔਲਾਦ ਬਿਨਾਂ ਜ਼ਿੰਦਗੀ ਐਵੇਂ ਹੀ ਰਹੇਗੀ। ਫਿਰ ਸ਼ੁਰੂ ਹੋ ਗਿਆ ਵੈਦਾਂ-ਹਕੀਮਾਂ ਦੀਆਂ ਦੇਸੀ ਜੜ੍ਹੀ-ਬੂਟੀਆਂ ਦਾ ਕੁੱਖ ਵੱਲ ਸਿੱਧਾ ਇਲਾਜ। ਫਿਰ ਰੱਬ ਦੇ ਬੰਦੇ ਹੋ ਕੇ ਵੀ ਸਿਆਣਿਆਂ 'ਚੋਂ ਰੱਬ ਲੱਭਣ ਤੁਰੇ ਰਹੇ... ਡਾਕਟਰਾਂ ਦੀਆਂ ਵਪਾਰੀ ਦੁਕਾਨਾਂ ਵੀ ਬੜੀਆਂ ਵੇਖੀਆਂ ਪਰ ਲਾਹੌਰ ਦਾ ਪਾਣੀ ਸਰਬਤ ਵਰਗਾ ਹੋ ਨਾ ਸਕਿਆ। ਆਸਾਂ ਨੂੰ ਫੂਕਣ ਤੋਂ ਪਹਿਲਾਂ ਬਿਨਾਂ ਬੱਦਲਾਂ ਤੋਂ ਬਿਜਲੀ ਲਿਸ਼ਕ ਪਈ। ਕਿਸੇ ਨੇ ਸੱਦੂ ਬਾਬੇ ਦੇ ਡੇਰੇ ਦੀ ਦੱਸ ਪਾਈ। ਕਈਆਂ ਨੇ ਤਸਦੀਕ ਕਰ'ਤਾ ਕਿ ਉਥੋਂ ਦਾਤ ਹੀ ਨਹੀਂ ਮਿਲਦੀ, ਦਾਤ ਵੀ ਪੁੱਤ ਦੀ ਮਿਲਦੀ ਹੈ। ਬਲਵੰਤ ਤੇ ਆਸ਼ੋ ਉਥੇ ਜਾਣ ਲੱਗ ਪਏ। ਬਾਬਾ ਸੱਦੂ ਪਹਿਲੇ ਦਿਨ ਤੋਂ ਹੀ ਓਪਰੀਆਂ ਨਜ਼ਰਾਂ ਨਾਲ ਨਹੀਂ ਵੇਖਦਾ ਸੀ। ਦੋ-ਚਾਰ ਮਹੀਨੇ ਦੋਹਾਂ ਦਾ ਆਉਣਾ ਜਾਣਾ ਬਣਿਆ ਰਿਹਾ ਪਰ ਇਕ ਦਿਨ ਨ੍ਹੇਰੇ 'ਚ ਇਸ ਡੇਰੇ ਤੋਂ ਪਰਤਦਿਆਂ ਉਨ੍ਹਾਂ ਦਾ ਸਕੂਟਰ ਇਕ ਟਰਾਲੀ ਨਾਲ ਟਕਰਾ ਗਿਆ ਤੇ ਰੱਬ ਜਿਵੇਂ ਆਪ ਚੋਰੀ ਕਰਨ ਆ ਗਿਆ ਹੋਵੇ। ਬਲਵੰਤ ਦੀ ਮੌਤ ਹੋ ਗਈ। ਸ਼ਰਾਫ਼ਤ ਦੀ ਪੂਣੀ ਆਸ਼ੋ ਨੂੰ ਉਸ ਦਿਨ ਅਹਿਸਾਸ ਹੋ ਗਿਆ ਸੀ ਕਿ ਰੱਬ ਸੱਚੀ ਗੁੰਝਲਦਾਰ ਬੁਝਾਰਤ ਹੀ ਹੈ। ਜਿਸ ਕੁੱਖ ਲਈ ਉਹ ਭੱਜੀ ਫਿਰਦੀ ਸੀ, ਉਹਨੂੰ ਲੱਗਾ ਸੀ ਅੰਗੂਰਾਂ ਦੀ ਵੇਲ ਅੱਕ ਬਣ ਗਈ ਸੀ। ਆਸ਼ੋ ਦੀ ਜ਼ਿੰਦਗੀ ਫਿਰ ਉਦਾਸੀ 'ਚ ਘਿਰ ਗਈ ਸੀ ਜਿਵੇਂ ਗੁਲਮੋਹਰ ਦੇ ਲਾਗੇ ਕਿਸੇ ਨੇ ਕਿੱਕਰ ਬੀਜ ਦਿੱਤੀ ਹੋਵੇ। ਫਿਰ ਉਹਦੇ ਕਈ ਵਰ੍ਹੇ ਹਾਉਕਿਆਂ ਦੇ ਤੰਦ, ਲੀਰਾਂ ਹੋਈ ਸੱਧਰਾਂ ਦੀ ਫੁਲਕਾਰੀ 'ਤੇ ਪਾਉਣ ਦੇ ਯਤਨਾਂ ਵਿਚ ਲੰਘ ਗਏ।

ਇਕ ਦਿਨ ਸੱਦੂ ਬਾਬੇ ਦਾ ਚੇਲਾ ਆਸ਼ੋ ਦੇ ਆਂਗਣ ਤੱਕ ਪੁੱਜ ਗਿਆ ਪਰ ਹੁਣ ਉਹਨੇ ਬਾਬੇ ਤੋਂ ਲੈਣਾ ਕੀ ਸੀ! ਉਹਨੂੰ ਡੇਰੇ ਬੁਲਾਇਆ ਗਿਆ ਸੀ। ਹਾਲਾਂਕਿ ਉਹ ਜਾਣਦੀ ਸੀ ਕਿ ਨਿੰਮ ਨੂੰ ਆਨਾਰ ਨਹੀਂ ਲੱਗਦੇ, ਕਦਮਾਂ ਨੇ ਉਹਨੂੰ ਉਸ ਪਾਸੇ ਖਿੱਚ ਲਿਆ। ਉਹ ਨਿੱਕੇ-ਨਿੱਕੇ ਪੈਰਾਂ ਨਾਲ ਵੱਡੀਆਂ ਪੁਲਾਂਘਾਂ ਪੁੱਟ ਤਾਂ ਨਹੀਂ ਸੀ ਸਕਦੀ, ਫਿਰ ਵੀ ਸੱਦੂ ਦੇ ਚਰਨੀਂ ਜਾ ਲੱਗੀ। ਬਾਬੇ ਨੇ ਗਲ ਨਾਲ ਲਾਇਆ... ਤੇ ਕੌਡਾ ਤਾਂ ਨਹੀਂ ਸਨ ਪਰ ਸ਼ਤਰੰਜ ਖੇਡੀ ਜਾ ਚੁੱਕੀ ਸੀ!

'ਆਸ਼ੋ! ਬਲਵੰਤ ਤਾਂ ਹੁਣ ਕਦੇ ਨਹੀਂ ਆਵੇਗਾ ਪਰ ਹੁਣ ਅਸੀਂ ਸੋਚਿਆ, ਸਾਡੇ ਕੋਲ ਇਕ ਬਾਲ ਹੈ... ਜੋਗ ਲਈ ਕੋਈ ਸਾਡੀ ਝੋਲੀ ਪਾ ਗਿਆ ਸੀ... ਉਹ ਅੱਜ ਤੋਂ ਤੇਰਾ। ਮਨ੍ਹਾਂ ਨਾ ਕਰੀਂ।'

ਆਸ਼ੋ ਨੂੰ ਲੱਗਾ, ਸੇਵੀਆਂ ਛਾਂਵੇਂ ਹੀ ਸੁੱਕਣ ਤਾਂ ਠੀਕ ਹੈ। ਰੱਬ ਜਿਵੇਂ ਇਕ ਵਾਰ ਉਹਦੇ ਰਾਹ 'ਚ ਆ ਗਿਆ ਹੋਵੇ! ਉਹਨੇ ਹਾਂ 'ਚ ਸਿਰ ਨੀਵਾਂ ਵੀ ਕਰ ਦਿੱਤਾ।

'ਤੇਰੇ ਕੋਲ ਇਕ ਜ਼ਮੀਨ ਹੈ, ਭਲਕੇ ਉਹ ਡੇਰੇ ਦੇ ਨਾਂ ਕਰਵਾ ਦਈਂ। ਇਹ ਪ੍ਰਗਣ ਪੁੱਤ ਹੁਣ ਤੋਂ ਤੇਰਾ। ਸਮਾਂ ਆਉਣ 'ਤੇ ਇਹ ਉਥੇ ਤਪ ਕਰੇਗਾ, ਦੁਨੀਆਂ ਦੇ ਦੁੱਖ ਸੁਣੇਗਾ।'

ਕੋਰੇ ਕਾਗਜ਼ ਵਰਗੀ ਆਸ਼ੋ ਸ਼ਰਧਾ ਦੀ ਬੁੱਕਲ ਵਿਚ ਲੁਕ ਗਈ। ਪ੍ਰਗਣ ਨੂੰ ਪੁੱਤ ਬਣਾ ਕੇ ਨਾਲ ਤੋਰਨ ਲੱਗੀ ਤਾਂ ਸੱਦੂ ਨੇ ਰੋਕ ਕੇ ਕਿਹਾ, 'ਇਹਦੀ ਇਕ ਲੱਤ ਜਮਾਂਦਰੂ ਛੋਟੀ ਹੈ ਤੇ ਕੰਨ ਵੀ ਇਕ ਹੈ, ਉਪਰ ਵਾਲੇ ਨੇ ਕੋਈ ਖਾਸ ਰੂਹ ਤੇਰੇ ਪੱਲੇ 'ਚ ਪਾਈ ਐ, ਖਿਆਲ ਰੱਖੀਂ।'

ਤੇ ਅਗਲੇ ਕੁਝ ਦਿਨਾਂ 'ਚ ਆਸ਼ੋ ਰਹਿੰਦੀ ਤਾਂ ਆਪਣੇ ਘਰ 'ਚ ਪ੍ਰਗਣ ਨਾਲ ਪਰ ਖੁਸ਼ੀ 'ਚ ਬੌਣੀ ਇਸ ਕਰ ਕੇ ਹੋ ਗਈ ਸੀ ਕਿ ਬਲਵੰਤ ਦੀ ਹੱਕ ਦੀ ਕਮਾਈ ਨਾਲ ਬਣਾਈ ਜ਼ਮੀਨ ਸਹੀ ਟਿਕਾਣੇ 'ਤੇ ਲੱਗ ਗਈ ਹੈ ਤੇ ਹੁਣ ਲੋਕ ਵੀ ਉਲਾਂਭਾ ਨਹੀਂ ਦੇ ਸਕਦੇ ਕਿ ਮੇਰੀ ਕੁੱਖ ਸੁਲੱਖਣੀ ਨਹੀਂ।

ਆਸ਼ੋ ਦਾ ਡੇਰੇ ਆਉਣਾ ਜਾਣਾ ਬਣਿਆ ਰਹਿਣਾ ਸੀ। ਪ੍ਰਗਣ ਦਸ ਬਾਰਾਂ ਸਾਲਾਂ ਦਾ ਹੋ ਗਿਆ ਸੀ। ਸ਼ਾਮ ਨੂੰ ਜਦੋਂ ਉਹ ਉਥੋਂ ਘਰ ਨੂੰ ਤੁਰਨ ਲੱਗੀ ਤਾਂ ਸੱਦੂ ਨੇ ਉਹਨੂੰ ਰੋਕ ਕੇ ਕਿਹਾ, 'ਆਸ਼ੋ, ਅੱਜ ਤੂੰ ਇਥੇ ਰਾਤ ਰਹਿ।'

ਉਹ ਰੁਕ ਗਈ ਤੇ ਬਾਬੇ ਦੀ ਸੇਵਾਦਾਰ ਬੀਬੀ ਜੋ ਆਸ਼ੋ ਨੂੰ ਵੱਡੀ ਭੈਣ ਵਾਂਗ ਪਿਆਰ ਕਰਦੀ ਸੀ, ਉਹਨੂੰ ਆਪਣੇ ਕਮਰੇ ਵਿਚ ਲੈ ਗਈ। ਹੌਲੀ ਦੇਣੀ ਬੋਲੀ, 'ਆਸ਼ੋ, ਤੂੰ ਘਰੇ ਚਲੀ ਜਾਂਦੀ?'

'ਬਾਬਾ ਜੀ ਨੇ ਰੋਕ ਲਿਐ।'

ਕੁਝ ਦੇਰ ਚੁੱਪ ਰਹਿ ਕੇ ਉਹ ਫਿਰ ਸਿਸਕੀ ਜਿਹੀ ਲੈ ਕੇ ਕਹਿਣ ਲੱਗੀ, ਪਿਆਰੀ ਦੀਆਂ ਸੱਤ ਚੌਂਕੀਆਂ ਮੁੱਕ ਗਈਆਂ ਸਨ, ਬੀਰਾਂ ਅਗਲੇ ਮੰਗਲਵਾਰ ਆਵੇਗੀ। ਚਲੋ ਬਾਬਿਆਂ ਦੀ ਮੌਜ।

'ਮੈਂ ਸਮਝੀ ਨ੍ਹੀਂ... ।'

'ਆਸ਼ੋ ਕਲਯੁੱਗ 'ਚ ਰਮਜ਼ਾਂ ਕਿਤੇ ਸਮਝ ਆਉਂਦੀਆਂ ਨੇ ਆਪ ਬੰਦੇ ਨੂੰ।'

ਆਸ਼ੋ ਵੱਡੀ ਚੇਲੀ ਦੇ ਕਮਰੇ ਵਿਚ ਸੌਂ ਗਈ। ਇਕ ਹੋਰ ਮੰਜੇ 'ਤੇ ਪ੍ਰਗਣ ਸੌਂ ਗਿਆ ਸੀ। ਅੱਧੀ ਰਾਤ ਲੰਘੀ ਤਾਂ ਸੰਖ ਉਚੀ ਦੇਣੀ ਵੱਜਿਆ ਤਾਂ ਚੇਲੀ ਨੇ ਹੌਲੀ ਦੇਣੀ ਪੁੱਛਿਆ, 'ਆਸ਼ੋ ਸੌਂ ਗਈ।' ਉਹ ਬੋਲੀ ਨਾ। ਉਹਨੇ ਬੱਤੀ ਜਗਾਈ। ਆਸ਼ੋ ਘੂਕ ਸੁੱਤੀ ਪਈ ਸੀ। ਉਹਦਾ ਚਿਹਰਾ ਵੇਖ ਕੇ ਉਹ ਅੰਦਰੋਂ ਉਦਾਸ ਹੋਣ ਲੱਗੀ।

ਸੰਖ ਜਦੋਂ ਵਾਰ-ਵਾਰ ਵੱਜੀ ਜਾ ਰਿਹਾ ਸੀ ਤਾਂ ਆਸ਼ੋ ਵੀ ਉਠ ਕੇ ਬੈਠ ਗਈ।...ਬਾਬਾ ਅੱਜ ਇਸ ਵੇਲੇ ਜਾਗਦੈ। ਸੰਖ ਕਿਉਂ ਵਜਾ ਰਹੇ ਨੇ ਵਾਰ-ਵਾਰ?

ਅੱਧਖੜ ਉਮਰ ਦੀ ਚੇਲੀ ਉਠ ਕੇ ਉਹਦੇ ਸਿਰਾਹਣੇ ਖੜ੍ਹੀ ਹੋ ਗਈ। ਦੋ ਪਲ ਬੁੱਤ ਬਣ ਕੇ ਚੁੱਪ ਰਹੀ, ਫਿਰ ਜਿਵੇਂ ਹਿਮਾਲਾ ਪਰਬਤ ਪੁੱਠਾ ਹੋ ਗਿਆ ਹੋਵੇ। ਉਹਦੇ ਅੰਦਰਲੀ ਨਾਰੀ ਦੇਵੀ ਜਿਵੇਂ ਸੰਖ ਦੀ ਧੁਨ ਨਾਲ ਕੁਰਲਾ ਉਠੀ ਹੋਵੇ, 'ਨੀ ਆਸ਼ੋ, ਜਾਹ ਚਲੀ ਜਾਹ! ਛੱਡ ਦੇ ਇਹ ਕੁਰਕਸ਼ੇਤਰ ਦੀ ਲਾਲ ਧਰਤੀ...ਅਨਰਥ ਹੋਣ ਵਾਲੈ। ਇਹ ਸੰਖ ਨਹੀਂ, ਸੱਦੂ ਬਾਬਾ ਵਾਜਾਂ ਮਾਰ ਕੇ ਮੈਨੂੰ ਕਹਿ ਰਿਹੈ, ਆਸ਼ੋ ਨੂੰ ਮੇਰੀ ਕੁਟੀਆ ਵਿਚ ਛੱਡ ਜਾ। ਇਹ ਡੇਰਾ ਨਹੀਂ, ਨਰਕ ਦਾ ਕੁੰਡ ਐ। ਪਤਾ ਨਹੀਂ ਮੈਂ ਕਿੰਨੀਆਂ ਕੁ ਨੂੰ ਸਾਧ ਕੋਲ ਹਵਸ ਦਾ ਸ਼ਿਕਾਰ ਬਣਾਉਣ ਲਈ ਆਪ ਛੱਡ ਕੇ ਆਈ ਆਂ। ਤੂੰ ਨ੍ਹੀਂ ਜਾਣਦੀ ਭੋਲੀਏ! ਇਨ੍ਹਾਂ ਸੰਤ-ਚੌਂਕੀਆਂ ਵਿਚ ਕੀਹਦਾ ਕੀਹਦਾ ਜਤ ਤੇ ਸਤ ਲੁੱਟਿਆ ਜਾ ਚੁੱਕਾ ਹੈ। ਅੱਜ ਤੈਨੂੰ ਪਾਪ ਦੇ ਉਬਲਦੇ ਕੜਾਹੇ 'ਚ ਉਬਾਲ ਦਿੱਤਾ ਜਾਵੇਗਾ।'

'ਤੂੰ ਕੀ ਕਹਿ ਰਹੀ ਏਂ?'

'ਪਤਾ ਨ੍ਹੀਂ ਇਹ ਸੱਚ ਮੇਰੀ ਜ਼ੁਬਾਨ 'ਚੋਂ ਕਿਵੇਂ ਨਿਕਲ ਰਿਹਾ ਏ। ਮੈਂ ਆਪਣੀ ਭਰਜਾਈ ਨੂੰ ਬਹੁਤ ਰੋਕਿਆ, ਨਾ ਮੰਗ ਇਹਤੋਂ ਪੁੱਤ ਪਰ ਉਹ ਇਕ ਵੀ ਸੁਣਨ ਲਈ ਰਾਜ਼ੀ ਨਾ ਹੋਈ...।'

'ਇਹ ਮੇਰੇ ਪਿਉ ਸਮਾਨ ਏ।'

'ਇਸ ਬੁੱਢੇ ਨੂੰ ਕਿਸੇ ਲਹਿੰਦੀ ਚੜ੍ਹਦੀ ਦਾ ਨ੍ਹੀਂ ਪਤਾ। ਇਹ ਤੇਰੇ ਜੋਬਨ 'ਤੇ ਬੜੇ ਚਿਰ ਦਾ ਸ਼ੁਦਾਈ ਹੋਇਆ ਫਿਰਦੈ। ਬਚ ਲੈ ਇਸ ਸ਼ਿਕਾਰੀ ਤੋਂ, ਨਿੱਕਲ ਜਾ...ਖੜਾਕ ਨਾ ਕਰੀਂ।'

'ਤੇ ਮੇਰਾ ਪੁੱਤ...?'

'ਇਹਨੂੰ ਪੁੱਤ ਕਹਿੰਦੀ ਏਂ। ਇਹਦੇ ਨਾਂ 'ਤੇ ਤੈਥੋਂ ਲਈ ਜ਼ਮੀਨ ਇਹਨੇ ਵੇਚ ਕੇ ਖਾ ਲਈ ਏ। ਇਹ 'ਫੀਮ ਖਾ ਕੇ ਹੁਣ ਸਾਧ ਨ੍ਹੀਂ, ਸਾਂਡ ਬਣਿਆ ਫਿਰਦੈ... ਤੇ ਜੀਹਨੂੰ ਪੁੱਤ ਆਖਦੀ ਏ... ਇਹ ਇਸੇ ਦੀ ਚੇਲੀ ਦਾ ਬੱਚਾ ਏ, ਸਾਧ ਦੀ ਨਾਜਾਇਜ਼ ਔਲਾਦ। ਇਹਨੇ ਗਰਭ ਗਿਰਾਉਣ ਲਈ ਬੜਾ ਕੁਝ ਉਹਨੂੰ ਦਿੱਤਾ, ਇਸੇ ਲਈ ਇਹ ਲੂੰਜਾ ਵਿਚਾਰਾ, ਇਕ ਕੰਨਵਾਲਾ। ਉਹ ਵਿਚਾਰੀ ਇਹ ਪਾਪ ਇਹਦੇ ਸਿਰ ਮਾਰ ਕੇ ਭੱਜ ਗਈ ਸੀ। ਭੰਨ ਦੇ ਇਹ ਪਾਪ ਦਾ ਭਾਂਡਾ ਇਥੇ ਹੀ ਇਹਦੇ ਸਿਰ। ਦੂਰ ਚਲੇ ਜਾਈਂ, ਕਿਤੇ ਫੇਰ ਨਾ ਆਵੀਂ...।'

ਆਸ਼ੋ ਸੁੱਤੇ ਪਏ ਪ੍ਰਗਣ ਦਾ ਮੂੰਹ ਦੇਖ ਕੇ ਬਾਹਰ ਨਿਕਲ ਗਈ। ਸੰਖ ਵੱਜੀ ਜਾ ਰਿਹਾ ਸੀ ਪਰ ਬਾਹਰਲੇ ਗੇਟ 'ਚੋਂ ਨਿਕਲਣ ਤੋਂ ਪਹਿਲਾਂ ਹੀ ਉਹ ਭਗਤਣੀ ਵੀ ਉਹਦੇ ਨਾਲ ਆ ਰਲੀ ਸੀ।

'ਤੂੰ ਕਿਉਂ ਆ ਗਈ?'

'ਬਘਿਆੜ ਜਦੋਂ ਭੁੱਖਾ ਹੋਵੇ ਤਾਂ ਉਹ ਕਦੇ ਨਹੀਂ ਵੇਖਦਾ ਲੇਲਾ ਹੈ ਕਿ ਉਹਦੀ ਮਾਂ।'

ਤੇ ਉਹ ਦੋਵੇਂ ਜਣੀਆਂ ਨ੍ਹੇਰੇ 'ਚ ਗੁੰਮ ਹੋ ਗਈਆਂ।

ਆਸ਼ੋ ਬੜੀ ਦੂਰ ਆਪਣੀ ਭੈਣ ਕੋਲ ਬੀਕਾਨੇਰ ਚਲੀ ਗਈ ਸੀ।

ਫਿਰ ਕਈ ਸਾਲ ਬੀਤ ਗਏ।

ਉਥੇ ਵੀ ਇਕ ਸਾਧ ਦੀ ਮਹਿਮਾ ਹੋ ਰਹੀ ਸੀ ਕਿ ਬੇਔਲਾਦਿਆਂ ਦੀਆਂ ਝੋਲੀਆਂ ਭਰਦੈ ਸਾਧ ਬਾਬਾ ਪੱਪੀ ਦਾਸ।

ਆਸ਼ੋ ਦੀ ਭੈਣ ਉਸ ਨੂੰ ਦੱਸਿਆ ਕਰੇ ਕਿ ਸੱਤ ਚੌਂਕੀਆਂ ਭਰਨੀਆਂ ਪੈਂਦੀਆਂ ਨੇ ਹਰ ਮੰਗਲਵਾਰ ਰਾਤ ਨੂੰ। ਵੱਡੇ-ਵੱਡੇ ਅਫ਼ਸਰ ਆਉਂਦੇ ਨੇ ਔਲਾਦ ਵਿਹੂਣੇ, ਆਪਣੀਆਂ ਪਤਨੀਆਂ ਨੂੰ ਲੈ ਕੇ, ਲਾਲ ਬੱਤੀਆਂ ਵਾਲੀਆਂ ਗੱਡੀਆਂ 'ਚ ਬਹਾ ਕੇ।

ਆਸ਼ੋ ਮਨ 'ਚ ਸੋਚਦੀ ਸੀ ਕਿ ਕੀ ਦੱਸਾਂ ਭੈਣਾਂ ਨੂੰ, ਕਲਯੁੱਗ ਦਾ ਜੰਡ ਇਥੇ ਵੀ ਉਗ ਪਿਆ ਲਗਦੈ।

ਅਗਲੇ ਦਿਨ ਖ਼ਬਰ ਆ ਗਈ ਸੀ ਕਿ ਝੂਠ ਦਾ ਭਾਂਡਾ ਫੁੱਟ ਗਿਆ ਚੌਰਾਹੇ ਵਿਚ, ਖੁੱਲ੍ਹ ਗਈ ਝੂਠ ਦੀ ਪੰਡ!... ਵੱਢ'ਤਾ ਕਿਸੇ ਨੇ ਸੁੱਤਾ ਪਿਆ ਪੱਪੀ ਦਾਸ।

ਉਹ ਆਪਣੀ ਭੈਣ ਨਾਲ ਵਾਹੋ-ਦਾਹੀ ਲਾਸ਼ ਵੇਖਣ ਜਾ ਰਹੀ ਸੀ। ਮੁੜ ਕੇ ਆਉਂਦੇ ਲੋਕ ਗੱਲਾਂ ਕਰਦੇ ਸਨ, ਕਿਸੇ ਨੇ ਵੇਖ ਲਿਆ ਸੀ ਇੱਜ਼ਤ ਨਾਲ ਖੇਡਦਾ...ਕਰ ਗਏ ਰਾਤ-ਬਰਾਤੇ ਕੰਮ!

ਆਸ਼ੋ ਪਹੁੰਚੀ, ਸਿਰ ਤੋਂ ਧੜ ਅਲੱਗ ਸੀ। ਭਗਵਾਂ ਖੂਨ ਨਾਲ ਗਹਿਗੱਚ ਸੀ। ਉਹਦੇ ਸੁੱਕੀ ਲੱਤ ਨਜ਼ਰੀਂ ਪਈ। ਸਿਰ ਉਲੱਦ ਕੇ ਵੇਖਿਆ, ਕੰਨ ਵੀ ਇਕ ਨਹੀਂ ਸੀ ਪਰ ਉਹ ਦੱਸੇ ਕੀਹਨੂੰ ਕਿ ਇਹ ਪੱਪੀ ਦਾਸ ਨਹੀਂ, ਪ੍ਰਗਣ ਦਾਸ ਹੈ। ਸੋਚਦੀ ਸੀ, ਚੰਗਾ ਹੋਇਆ ਉਦਣ ਇਹਨੂੰ ਸੁੱਤੇ ਨੂੰ ਛੱਡ ਆਈ...ਜੇ ਕੁੱਖ ਨੂੰ ਭਾਗ ਨਹੀਂ ਲੱਗੇ ਤਾਂ ਦਾਗ ਵੀ ਨਹੀਂ ਪਿਆ।

ਅਸਲ ਵਿਚ ਸੱਪਣੀ ਦੇ ਆਂਡਿਆਂ 'ਚੋਂ ਸਪੋਲੀਏ ਨਿਕਲਣੇ ਹੀ ਹੁੰਦੇ ਹਨ!

## ਕਾਵਿ-ਜਗਤ

### ਜਗਾ ਦੇ ਮੋਮਬੱਤੀਆਂ

ਇਹ ਤਾਂ ਏਥੇ ਵਗਦੀਆਂ ਹੀ ਰਹਿਣੀਆਂ
ਹਵਾਵਾਂ ਕੁਪੱਤੀਆਂ
ਉਠ ਜਗਾ ਦੇ ਮੋਮਬੱਤੀਆਂ
ਹਨੇਰ ਨਾ ਸਮਝੇ ਕਿ ਚਾਨਣ ਡਰ ਗਿਆ ਹੈ
ਰਾਤ ਨਾ ਸੋਚੇ ਕਿ ਸੂਰਜ ਮਰ ਗਿਆ ਹੈ
ਬਾਲ ਜੋਤਾਂ ਜ਼ਿੰਦਗੀ ਦੇ ਮਾਣ ਮੱਤੀਆਂ
ਉਠ ਜਗਾ ਦੇ ਮੋਮਬੱਤੀਆਂ
ਤੂੰ ਜਗਾ ਦੇ ਮੋਮਬੱਤੀਆਂ।

ਮੰਨਿਆ ਕਿ ਰਾਜ ਹਨੇਰੇ ਦਾ ਹਠੀਲਾ
ਪਰ ਅਜੇ ਜੀਉਂਦਾ ਏ ਕਿਰਨਾਂ ਦਾ ਕਬੀਲਾ
ਕਾਲਿਆਂ ਸਫਿਆਂ 'ਤੇ ਸਤਰਾਂ ਲਾਲ ਰੱਤੀਆਂ
ਉਠ ਜਗਾ ਦੇ ਮੋਮਬੱਤੀਆਂ
ਤੂੰ ਜਗਾ ਦੇ ਮੋਮਬੱਤੀਆਂ।

ਪੌਣ ਵਿਚ ਵਧ ਰਹੀ ਵਿਸ ਤੋਂ ਨਾ ਡਰਦੇ
ਬਿਰਖ ਬੂਟੇ ਰੋਜ਼ ਆਪਣਾ ਕਰਮ ਕਰਦੇ
ਜ਼ਹਿਰ ਨੂੰ ਅਮ੍ਰਿਤ 'ਚ ਬਦਲੀ ਜਾਣ ਪੱਤੀਆਂ
ਉਠ ਜਗਾ ਦੇ ਮੋਮਬੱਤੀਆਂ
ਤੂੰ ਜਗਾ ਦੇ ਮੋਮਬੱਤੀਆਂ।

ਵਾਵਰੋਲੇ ਉਠਦੇ ਹੀ ਰਹਿੰਦੇ ਨੇ ਤੱਤੇ
ਪੱਤਝੜਾਂ ਨੇ ਝਾੜ ਦੇਣੇ ਆ ਕੇ ਪੱਤੇ
ਪਰ ਇਸ ਦਾ ਮਤਲਬ ਇਹ ਨਹੀਂ
ਕਿ ਪੁੰਗਰਨ ਨਾ ਪੱਤੀਆਂ
ਉਠ ਜਗਾ ਦੇ ਮੋਮਬੱਤੀਆਂ।

**-ਸੁਰਜੀਤ ਪਾਤਰ**

**ਗੁਰਮਤਿ ਵਿਚਾਰ**

# ਜੋਤਿ ਓਹਾ ਜੁਗਤਿ ਸਾਇ



ਡਾ. ਗੁਰਨਾਮ ਕੌਰ, ਕੈਨੇਡਾ

ਕਿਸੇ ਵੀ ਧਰਮ ਦੀ ਵਿਲੱਖਣਤਾ ਕਿਨ੍ਹਾਂ ਕਾਰਨਾਂ ਵਿਚ ਛੁਪੀ ਹੁੰਦੀ ਹੈ, ਇਸ ਦਾ ਖੁਲਾਸਾ ਕਰਦਿਆਂ ਡਾ. ਅਵਤਾਰ ਸਿੰਘ ਨੇ ਏ.ਈ. ਟਾਇਲਰ (A.E. Taylor) ਦਾ ਹਵਾਲਾ ਦਿੱਤਾ ਹੈ ਕਿ "ਕੋਈ ਵੀ ਜੀਵੰਤ ਧਰਮ ਵਿਗਿਆਨ (ਥਿਆਲੋਜੀ) ਕਦੇ ਵੀ ਕੇਵਲ ਬੌਧਿਕ ਉਤਸੁਕਤਾ ਵਿਚੋਂ ਪੈਦਾ ਨਹੀਂ ਹੋਇਆ ਅਤੇ ਗੰਭੀਰ ਧਰਮ ਵਿਗਿਆਨ ਸਦਾ ਹੀ ਹੰਢਾਏ ਹੋਏ ਅਤੇ ਅਮਲੀ ਧਰਮਾਂ 'ਤੇ ਵਿਚਾਰ ਦੇ ਫਲ ਵਜੋਂ ਹੋਂਦ ਵਿਚ ਆਉਂਦਾ ਹੈ।" ਕੋਈ ਵੀ ਨਵਾਂ ਧਰਮ ਪੁਰਾਣੇ ਧਰਮਾਂ ਅਤੇ ਪਰੰਪਰਾਵਾਂ ਦੇ ਵਿਸ਼ਾ-ਵਸਤੂ ਨੂੰ ਅਪਨਾਉਂਦਿਆਂ ਉਨ੍ਹਾਂ ਦੇ ਬਹੁਤ ਹੀ ਨੇੜੇ ਜਾਪਦਾ ਹੈ ਪਰ ਇਸ ਦੀ ਸ਼ਖ਼ਸੀਅਤ ਅਤੇ ਵਿਲੱਖਣਤਾ ਦੀ ਨਿਸ਼ਾਨਦੇਹੀ ਉਸ ਵਿਚੋਂ ਹੁੰਦੀ ਹੈ ਜੋ ਉਹ ਪੁਰਾਣੇ ਦਾ ਨਕਾਰਦਾ ਹੈ ਅਤੇ ਆਪਣੇ ਵੱਲੋਂ ਨਵਾਂ ਦਿੰਦਾ ਹੈ, ਇਸ ਤਰ੍ਹਾਂ ਇੱਕ ਨਵੀਂ ਢਾਅ ਲਾਉਂਦਾ ਹੈ। ਜਦੋਂ ਵੱਖਰੇਵੇਂ ਇਸ ਅਵਸਥਾ 'ਤੇ ਪਹੁੰਚ ਜਾਣ ਕਿ ਨਵੀਂ ਪਰਵਿਰਤੀ ਅਟੱਲ ਹੋ ਜਾਵੇ ਤਾਂ ਫਿਰ ਨਾ ਹੀ ਇਹ ਜ਼ਰੂਰੀ ਹੁੰਦਾ ਹੈ ਅਤੇ ਨਾ ਹੀ ਸੰਭਵ ਕਿ ਉਸ ਨੂੰ ਪਹਿਲੀਆਂ ਪਰੰਪਰਾਵਾਂ ਤੱਕ ਘਟਾ ਦਿੱਤਾ ਜਾਵੇ, ਜਿਨ੍ਹਾਂ ਦਾ ਉਹ ਕਈ ਤਰ੍ਹਾਂ ਨਾਲ ਰਿਣੀ ਹੋਵੇ (ਇਹ ਨੁਕਤਾ ਖ਼ਾਸ ਧਿਆਨ ਦੇਣ ਯੋਗ ਹੈ)। ਸਿੱਖ ਧਰਮ ਵੀ ਪੁਰਾਣੇ ਧਰਮ ਵਿਗਿਆਨਾਂ ਦਾ ਧੰਨਵਾਦੀ ਹੈ, ਜਿਨ੍ਹਾਂ 'ਤੇ ਆਲੋਚਨਾਤਮਕ ਵਿਚਾਰ ਨੇ, ਅਤੇ ਦਸ ਗੁਰੂ ਸਾਹਿਬਾਨ ਦੀ ਅਨੁਭਵੀ ਪ੍ਰਤਿਭਾ ਰਾਹੀਂ ਆਪਣੀ ਵਿਲੱਖਣ ਹੋਂਦ ਨੂੰ ਜਨਮ ਦਿੱਤਾ। ਇਸ ਦੇ ਸਾਹਿਤਕ ਸਰੋਤਾਂ ਦੇ ਨਜ਼ਰੀਏ ਤੋਂ ਇਸ ਦੀਆਂ ਵੱਖ ਵੱਖ ਅਵਸਥਾਵਾਂ ਦਾ ਵਿਕਾਸ ਦੇਖਿਆ ਜਾ ਸਕਦਾ ਹੈ।

ਸਿੱਖ ਧਰਮ ਦਾ ਪ੍ਰਕਾਸ਼ ਗੁਰੂ ਨਾਨਕ ਸਾਹਿਬ ਦੇ ਵੇਈਂ ਨਦੀ ਪ੍ਰਵੇਸ਼ ਤੋਂ ਮੰਨਿਆ ਜਾਂਦਾ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਭਗਤਾਂ ਦੀ ਬਾਣੀ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਵੀ ਪਹਿਲਾਂ ਤੱਕ ਪਹੁੰਚ ਜਾਂਦੀ ਹੈ। ਜਿਨ੍ਹਾਂ ਭਗਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ, ਉਹ ਭਗਤ ਹਿੰਦੂ ਅਤੇ ਮੁਸਲਿਮ-ਦੋਹਾਂ ਭਾਈਚਾਰਿਆਂ ਦੇ ਸਨ। ਇਨ੍ਹਾਂ ਭਗਤਾਂ ਦਾ ਸਮਾਂ ਬਹੁਤ ਲੰਬਾ ਹੈ: ਭਗਤ ਜੈਦੇਵ (1170) ਤੋਂ ਭਗਤ ਕਬੀਰ (1440-1518) ਤੱਕ, ਬਾਬਾ ਸ਼ੇਖ ਫਰੀਦ (1173-1266) ਦਾ ਸਮਾਂ ਤਾਂ ਪਤਾ ਹੈ ਪਰ ਅਜਿਹੇ ਹੋਰ ਭਗਤਾਂ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ, ਜਿਨ੍ਹਾਂ ਦਾ ਸਹੀ ਸਮਾਂ ਪਤਾ ਨਹੀਂ ਹੈ ਕਿ ਉਨ੍ਹਾਂ ਨੇ ਆਪਣੇ ਵਿਚਾਰਾਂ ਦਾ ਕਦੋਂ ਪ੍ਰਚਾਰ ਕੀਤਾ। ਇਨ੍ਹਾਂ ਭਗਤਾਂ ਦੀਆਂ ਰਚਨਾਵਾਂ ਦੀ ਚੋਣ ਉਨ੍ਹਾਂ ਦੀ ਵਿਚਾਰਧਾਰਾ ਦੇ ਆਧਾਰ 'ਤੇ ਕੀਤੀ ਗਈ। ਇਸ ਤੋਂ ਸੰਕੇਤ ਮਿਲਦਾ ਹੈ ਕਿ ਸਿੱਖ ਧਰਮ ਨੇ ਬਹੁਤ ਸਾਰੇ ਉਨ੍ਹਾਂ ਸੰਤਾਂ ਨਾਲ ਵਖਰੇਵਾਂ ਜ਼ਾਹਰ ਕੀਤਾ ਜਿਨ੍ਹਾਂ ਦੀਆਂ ਰਚਨਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਨਹੀਂ ਕੀਤੀਆਂ।

ਇਹ ਸਮਾਂ ਪੁਰਾਣੀਆਂ ਰਵਾਇਤਾਂ ਦੇ ਸਮਕਾਲੀ ਵਿਖੰਡਨ ਅਤੇ ਧਾਰਮਿਕ ਨਵਯੁਗ ਦੇ ਉਠ ਰਹੇ ਮਾਨਵਵਾਦ ਦੇ ਅਰੰਭ ਦਾ ਸੰਕੇਤ ਹੈ। ਇਸ ਸਮੇਂ ਦੀ ਖ਼ਾਸੀਅਤ ਇਸ ਤੱਥ ਵਿਚ ਹੈ ਕਿ ਮਨੁੱਖਾਂ, ਜਿਹੜੇ ਬੰਜਰ ਕਰਮ-ਕਾਂਡ ਦੇ ਹੱਦੋਂ ਵੱਧ ਆਦੀ ਹੋ ਗਏ ਸਨ, ਨੂੰ ਪੁਰਾਣੀਆਂ ਰਵਾਇਤਾਂ ਦੀ ਉਪਯੋਗਤਾ ਵੱਲੋਂ ਵਾਰਸ ਦੇਣ ਅਤੇ ਰਾਹਨੁਮਾਈ ਕਰਨ ਵਿਚੋਂ ਆਸ ਖ਼ਤਮ ਹੋ ਗਈ ਸੀ। ਫਿਰ ਵੀ, ਮਨੁੱਖ ਦੀ ਏਕਤਾ ਦੀ ਜਾਮਨੀ ਵਿਚੋਂ ਇੱਕ ਮੱਧਮ ਪਰ ਨਿਸ਼ਚਿਤ ਤੂਤੀ ਸੁਣੀ ਜਾ ਸਕਦੀ ਸੀ, ਜੋ ਇੱਕ ਨਵੀਂ ਮਾਨਵਵਾਦੀ ਜਾਗ੍ਰਿਤੀ ਦੀ ਪੁਨਰ-ਸੁਰਜੀਤੀ ਦਾ ਐਲਾਨ ਸੀ। ਅਲੱਗ ਤਰ੍ਹਾਂ ਦੀ ਜੀਵਨ-ਜੁਗਤ ਅਤੇ ਧਾਰਮਿਕ ਵਿਸ਼ਵਾਸ ਦੇ ਸੰਚਾਰ ਕਾਰਨ ਜੋ ਭਾਰਤ ਤੋਂ ਬਾਹਰਲੀਆਂ ਜੇਤੂ ਫੌਜਾਂ ਨਾਲ ਆਏ ਸੀ, ਹਾਲਾਤ ਸਿਰ ਭਾਰ ਡਿਗ ਪਏ ਸਨ। ਮਨੁੱਖ ਨੂੰ ਸਮਾਂ ਵਿਹਾ ਚੁੱਕੀਆਂ ਰੀਤਾਂ ਅਤੇ ਜਾਤੀ ਵਿਸ਼ੇਸ਼ਤਾਵਾਂ ਕਾਰਨ ਬੁਣੇ ਗਏ ਸਾਹ-ਘੁਟਵੇਂ ਜਾਲ ਤੋਂ ਆਜ਼ਾਦ ਕਰਾਉਣ ਲਈ ਇੱਕ ਨੈਤਿਕ ਅਤੇ ਧਾਰਮਿਕ ਸੰਘਰਸ਼ ਅੰਦਰੇ ਅੰਦਰ ਧੁੱਖ ਰਿਹਾ ਸੀ। ਹਰ ਚੀਜ਼ ਮਾਨਵਵਾਦ ਦੇ ਐਲਾਨ ਦਾ ਸਹਾਰਾ ਬਣਦੀ ਜਾਪਦੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ, ਇਸ ਸਮੇਂ ਦੀ ਬਾਣੀ ਨੇ ਧਾਰਮਿਕ ਰੰਗਣ ਵਾਲੇ ਮਾਨਵਵਾਦੀ ਆਦਰਸ਼ਾਂ ਦੇ ਪੁਨਰ-ਉਥਾਨ ਦਾ ਸੰਕੇਤ ਪੈਦਾ ਕੀਤਾ। ਇਸ ਨੂੰ ਸੰਭਾਵੀ ਸਿੱਖ ਧਰਮ ਦਾ ਨਾਮ ਦਿੱਤਾ ਜਾ ਸਕਦਾ ਹੈ।

ਸਿੱਖ ਧਰਮ ਤੇ ਬਹੁਤ ਹੀ ਵਿਆਪਕ ਸਾਹਿਤ, ਜੋ ਇਸ ਦਾ ਬੁਨਿਆਦੀ ਅਤੇ ਕੇਂਦਰੀ ਸਰੋਤ ਵੀ ਹੈ, ਗੁਰੂਆਂ ਰਾਹੀਂ ਪ੍ਰਗਟ ਹੋਣ ਨਾਲ ਸਬੰਧਤ ਹੈ। ਕੇਂਦਰੀ ਅਤੇ ਮੁੱਖ ਸਰੋਤ ਆਦਿ ਗ੍ਰੰਥ ਹੈ, ਜਿਸ ਦਾ ਸੰਕਲਨ 1604 ਈਸਵੀ ਵਿਚ ਪੰਜਵੇਂ ਗੁਰੂ ਅਰਜਨ ਦੇਵ ਨੇ ਕੀਤਾ, ਜਿਸ ਨੂੰ ਪਹਿਲਾਂ 'ਗ੍ਰੰਥ ਸਾਹਿਬ' ਕਿਹਾ ਜਾਂਦਾ ਸੀ। ਪਰ ਪਿੱਛੋਂ 'ਦਸਮ ਗ੍ਰੰਥ' (ਜਿਸ ਨੂੰ ਗੁਰੂ ਗੋਬਿੰਦ ਸਿੰਘ ਦੇ ਨਾਮ ਨਾਲ ਜੋੜਿਆ ਜਾਂਦਾ ਹੈ) ਤੋਂ ਨਿਖੇੜਨ ਲਈ 'ਆਦਿ ਗ੍ਰੰਥ' ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਕਿਹਾ ਜਾਣ ਲੱਗਿਆ, ਜਿਸ ਤੋਂ ਪਤਾ ਲਗਦਾ ਹੈ ਕਿ ਇਹ ਸਿੱਖਾਂ ਦਾ ਵਰਤਮਾਨ ਗੁਰੂ ਹੈ। ਇਸ ਵਿਚ ਛੇ ਗੁਰੂ ਸਾਹਿਬਾਨ-ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਲ ਹੈ।

ਕਈ ਵਿਦਵਾਨ ਨੌਵੇਂ ਪਾਤਿਸ਼ਾਹ ਦੇ ਸਲੋਕਾਂ ਵਿਚ ਸ਼ਾਮਲ ਇੱਕ ਸਲੋਕ ਨੂੰ ਗੁਰੂ ਗੋਬਿੰਦ ਸਿੰਘ ਦਾ ਦੱਸਦੇ ਹਨ। ਗੁਰੂ ਸਾਹਿਬਾਨ ਦੀ ਬਾਣੀ ਤੋਂ ਬਿਨਾ ਸੰਤਾਂ ਅਤੇ ਭਗਤਾਂ ਦੀ ਬਾਣੀ ਵੀ ਸ਼ਾਮਲ ਹੈ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ ਆਪਣੀ ਕੋਈ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਨਹੀਂ ਕੀਤੀ, ਜਿਸ ਕਾਰਨ ਵਿਦਵਾਨਾਂ ਵਿਚ ਵੱਖੋ ਵੱਖਰੀਆਂ ਕਿਆਸ-ਅਰਾਈਆਂ ਹਨ। ਇਹ ਗੱਲ ਧਿਆਨ ਦੇਣ ਯੋਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਖ਼ਰੀ ਬੀੜ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਗੁਰੂ ਗੋਬਿੰਦ ਸਿੰਘ ਨੇ ਸ਼ਾਮਲ ਕੀਤੀ ਅਤੇ ਇਹ ਗੁਰੂ ਗੋਬਿੰਦ ਸਿੰਘ ਸਨ ਜਿਨ੍ਹਾਂ ਨੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ 'ਗ੍ਰੰਥ ਸਾਹਿਬ' ਨੂੰ ਗੁਰੂ ਦਾ ਦਰਜਾ ਦਿੱਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ 1430 ਪੰਨੇ ਦਾ ਵੱਡਾ ਗ੍ਰੰਥ ਹੈ, ਜਿਸ ਵਿਚ ਮੁਲਕ ਦੇ ਵੱਖ ਵੱਖ ਖ਼ਿੱਤਿਆਂ ਤੋਂ ਆਈ ਭਗਤ ਬਾਣੀ ਦੇ ਕਾਰਨ ਇੱਕ ਤੋਂ ਵੱਧ ਬੋਲੀਆ ਹਨ ਆਮ ਲੋਕਾਂ ਦੀ ਬੋਲੀ ਵਿਚ ਵਿਸ਼ਵਾਸ ਲਿਆਉਣ ਲਈ ਗ੍ਰੰਥ ਸਾਹਿਬ ਦੀ ਬਾਣੀ ਆਮ ਲੋਕਾਂ ਦੀ ਬੋਲ-ਚਾਲ ਦੀ ਭਾਸ਼ਾ ਵਿਚ ਹੈ, ਜਿਹੜੀ ਕਿ ਬਹੁਤ ਛੇਤੀ ਬਦਲ ਜਾਂਦੀ ਹੈ। ਹਾਲਤ ਇਹ ਹੋ ਗਈ ਹੈ ਕਿ ਆਮ ਲੋਕਾਂ ਦੀ ਇਸ ਤੱਕ ਰਸਾਈ ਨਹੀਂ ਰਹੀ, ਜਿਨ੍ਹਾਂ ਲਈ ਇਹ ਰਚਿਆ ਗਿਆ ਸੀ। ਸਿੱਟਾ ਇਹ ਨਿਕਲਿਆ ਹੈ ਕਿ ਇਹ ਉਪਰਾਲਾ ਫਿਰ ਪੁਜਾਰੀਆਂ, ਵਿਦਵਾਨਾਂ ਅਤੇ ਵਿਆਖਿਆਕਾਰਾਂ ਦੇ ਹੱਥ ਆ ਗਿਆ ਹੈ। ਗੁਰੂ ਸਾਹਿਬਾਨ ਨੇ ਕਵਿਤਾ ਨੂੰ ਆਪਣਾ ਮਾਧਿਅਮ ਬਣਾਇਆ ਅਤੇ ਵਿਚਾਰਧਾਰਾ ਦੇ ਨਾਲ ਨਾਲ ਸੁਰ ਅਤੇ ਤਾਲ ਨੂੰ ਵੀ ਧਿਆਨ ਵਿਚ ਰੱਖਿਆ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਰਾਗਾਂ ਵਿਚ ਹੈ। ਕਵਿਤਾ ਵਿਚ ਨਿਹਿਤ ਦਰਸ਼ਨ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਕਰਨਾ ਔਖਾ ਹੁੰਦਾ ਹੈ, ਕਿਉਂਕਿ ਆਮ ਤੌਰ 'ਤੇ ਰਚਨਾਕਾਰ ਵੱਲੋਂ ਆਪਣੇ ਵਿਚਾਰ ਅਤੇ ਅਨੁਭਵ ਨੂੰ ਦੱਸਣ ਲਈ ਚਿੰਨ੍ਹਾਂ ਅਤੇ ਪ੍ਰਤੀਕਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਦੇ ਅਰਥ ਕਈ ਵਾਰ ਇੱਕ ਤੋਂ ਵੱਧ ਹੁੰਦੇ ਹਨ। ਜਦੋਂ ਇਸ ਵਿਚਾਰ ਅਤੇ ਅਨੁਭਵ ਦਾ ਸੁਭਾ ਰਹੱਸਾਤਮਕ ਅੰਤਰ-ਦ੍ਰਿਸ਼ਟੀ ਵਾਲਾ ਹੋਵੇ ਤਾਂ ਪ੍ਰਤੀਕਾਂ ਅਤੇ ਚਿੰਨ੍ਹਾਂ ਰਾਹੀਂ ਸੰਚਾਰ ਕੀਤਾ ਸੰਦੇਸ਼ ਅਕਸਰ ਅਸਪਸ਼ਟ ਹੀ ਸਮਝ ਪੈਂਦਾ ਹੈ। ਇਥੇ ਅਕਸਰ ਅੰਤਰਮਨ ਭਾਵੇਂ ਇਸ ਬਾਰੇ ਪੂਰੀ ਤਰ੍ਹਾਂ ਜਾਣਦਾ ਜਾਪਦਾ ਹੈ, ਪਰ ਵਿਚਾਰ ਫਿਰ ਵੀ ਮੂਲ ਲਈ ਭਾਲਦਾ ਨਜ਼ਰ ਆਉਂਦਾ ਹੈ। ਆਲੋਚਨਾਤਮਕ ਅਤੇ ਦਾਰਸ਼ਨਿਕ ਵਿਸ਼ਲੇਸ਼ਣ ਦੀ ਮੁਸ਼ਕਿਲ ਨੂੰ ਸੋਚਿਆ ਹੀ ਜਾ ਸਕਦਾ ਹੈ, ਦੱਸਿਆ ਨਹੀਂ ਜਾ ਸਕਦਾ। ਫਿਰ ਵੀ, ਉਪਰ ਦੱਸੀ ਮੁਸ਼ਕਿਲ ਕੋਈ ਅਜਿੱਤ ਨਹੀਂ ਹੈ ਕਿਉਂਕਿ ਧੀਰਜ ਅਤੇ ਸਾਂਝੇ ਉਦਮ ਨਾਲ ਸੁਨੇਹੇ ਤੱਕ ਪਹੁੰਚ ਸਕਣਾ ਸੰਭਵ ਹੈ।

ਗੁਰੂ ਸਹਿਬਾਨ ਦੂਰ-ਦਰਸ਼ੀ ਸਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਉਨ੍ਹਾਂ ਦੀਆਂ ਨੈਤਿਕ-ਅਧਿਆਤਮਕ ਅੰਤਰ-ਦ੍ਰਿਸ਼ਟੀਆਂ ਨਾਲ ਭਰਪੂਰ ਹੈ। ਉਹ ਮਨੁੱਖ ਦੇ ਸਮਾਜਿਕ-ਕੁਦਰਤੀ ਚੌਗਿਰਦੇ ਪ੍ਰਤੀ ਸੰਵੇਦਨਸ਼ੀਲ ਸਨ। ਗੁਰੂ ਨਾਨਕ ਸਾਹਿਬ ਨੇ ਬਾਬਰ ਦੇ ਹਮਲੇ ਸਮੇਂ ਖ਼ੂਨ-ਖ਼ਰਾਬਾ ਦੇਖਿਆ ਅਤੇ ਐਲਾਨ ਕੀਤਾ, "ਹੋਰ ਭੀ ਉਠਸੀ ਮਰਦ ਕਾ ਚੇਲਾ!" ਉਹ ਕਿਸੇ ਰਾਜੇ ਜਾਂ ਬਾਦਸ਼ਾਹ ਦੀ ਚੜ੍ਹਤ ਜਾਂ ਗਿਰਾਵਟ ਦੀ ਭਵਿੱਖਵਾਣੀ ਨਹੀਂ ਸੀ ਕਰ ਰਹੇ। ਉਹ ਤਾਂ ਸਿੱਧੇ ਤੌਰ 'ਤੇ ਉਸ ਸੰਕਟਮਈ ਹਾਲਾਤ ਵੱਲ ਇਸ਼ਾਰਾ ਕਰ ਰਹੇ ਸਨ ਜੋ ਮਨੁੱਖੀ ਆਤਮਾ ਦੀਆਂ ਜੰਜ਼ੀਰਾਂ ਕੱਟਣ ਅਤੇ ਮਾਨਵਤਾਵਾਦੀ ਯੁੱਗ ਦੇ ਪ੍ਰਕਾਸ਼ਨ ਦਾ ਅਰੰਭ ਹੋਵੇਗਾ।

ਗੁਰੂ ਸਾਹਿਬਾਨ ਦੇ ਸਮੇਂ ਵਿਚ ਹੀ ਸਿੱਖ ਧਰਮ ਤੇ ਹੋਰ ਸਾਹਿਤ ਰਚਿਆ ਗਿਆ, ਜਿਨ੍ਹਾਂ ਵਿਚ ਮੁੱਖ ਤੌਰ 'ਤੇ ਭਾਈ ਗੁਰਦਾਸ ਦਾ ਨਾਮ ਆਉਂਦਾ ਹੈ। ਭਾਈ ਗੁਰਦਾਸ ਉਹ ਲਿਖਾਰੀ ਹਨ ਜਿਨ੍ਹਾਂ ਨੂੰ ਗੁਰੂ ਅਰਜਨ ਦੇਵ ਜੀ ਨੇ 'ਗ੍ਰੰਥ ਸਾਹਿਬ' ਦੀ ਬਾਣੀ ਬੋਲ ਬੋਲ ਕੇ ਪਹਿਲੀ ਬੀੜ ਲਿਖਵਾਈ। ਨਤੀਜੇ ਵਜੋਂ ਉਨ੍ਹਾਂ ਦਾ ਨਿਜੀ ਯੋਗਦਾਨ ਉਚ ਦਰਜੇ ਦੀ ਪ੍ਰਮਾਣਕਤਾ ਦਾ ਦਾਅਵੇਦਾਰ ਹੈ। ਭਾਈ ਗੁਰਦਾਸ ਦੀਆਂ ਰਚਨਾਵਾਂ 'ਵਾਰਾਂ' ਅਤੇ 'ਕਬਿੱਤ ਸਵਯੀਏ' ਹਨ। ਭਾਈ ਗੁਰਦਾਸ ਦੀਆਂ ਵਾਰਾਂ ਸਾਦੀ ਭਾਸ਼ਾ ਵਿਚ ਗੁਰੂ ਸਾਹਿਬਾਨ ਵੱਲੋਂ ਸਿੱਖ ਧਰਮ ਨੂੰ ਦਿੱਤੇ ਨੈਤਿਕ ਗੁਣਾਂ ਅਤੇ ਕੀਮਤਾਂ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਹਨ। ਨੈਤਿਕ ਉਪਦੇਸ਼ਾਂ ਦੇ ਸਰੋਤ ਦੀ ਪੇਸ਼ਕਾਰੀ ਦੀ ਖੋਜ ਵਿਚ, ਉਹ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦੀ ਛਾਣਬੀਣ ਕਰਦੇ ਹਨ ਅਤੇ ਨੈਤਿਕ ਨਿਯਮਾਂ ਨੂੰ ਪੇਸ਼ ਕਰਦੇ ਹੋਏ ਉਹ ਉਸ ਦਾ ਸਬੰਧ ਮਨੁੱਖ ਅਤੇ ਉਸ ਦੇ ਕੁਦਰਤੀ ਚੌਗਿਰਦੇ ਨਾਲ ਜੋੜਨ ਲਈ ਗੰਭੀਰ ਲਗਾਉ ਦਾ ਪ੍ਰਦਰਸ਼ਨ ਕਰਦੇ ਹਨ। 'ਵਾਰਾਂ' ਤੋਂ ਪਤਾ ਲਗਦਾ ਹੈ ਕਿ ਭਾਵੇਂ ਉਹ ਨੈਤਿਕ ਉਪਦੇਸ਼ਾਂ ਨੂੰ ਬਿਆਨ ਕਰਨ ਵਿਚ ਉਤਸੁਕਤਾ ਅਤੇ ਸਿੱਧੇ ਰੂਪ ਵਿਚ ਦਿਲਚਸਪੀ ਰੱਖਦੇ ਸਨ, ਫਿਰ ਵੀ ਕਈ ਵਾਰ ਉਨ੍ਹਾਂ ਦਾ ਖ਼ਾਸ ਨੈਤਿਕ ਗੁਣਾਂ ਅਤੇ ਕੀਮਤਾਂ ਨੂੰ ਸਾਦਾ ਬਿਆਨ ਕਰਨ ਜਾਂ ਨਿਰਦੇਸ਼ਨ ਦੇਣ ਦਾ ਤਰੀਕਾ 'ਰਾਹ' ਦਿਖਾਉਣ ਦੇ ਤੁਰੰਤ ਕਾਰਜ ਦਾ ਆਦੀ ਸੀ, ਸਿੱਖ ਧਰਮ ਨੂੰ ਉਨ੍ਹਾਂ ਨੇ 'ਗਾਡੀ ਰਾਹ' ਦਾ ਨਾਮ ਦਿੱਤਾ,

ਬਾਰਹ ਪੰਥ ਸਧਾਇ ਕੈ
ਗੁਰਮੁਖਿ ਗਾਡੀ ਰਾਹ ਚਲਾਇਆ॥
(7/12)

ਭਾਈ ਗੁਰਦਾਸ ਦੀਆਂ ਰਚਨਾਵਾਂ ਦੀ ਪੜਚੋਲ ਤੋਂ ਪਤਾ ਲਗਦਾ ਹੈ ਕਿ ਹੋਰ ਨੈਤਿਕ ਅਤੇ ਧਾਰਮਿਕ ਸਿਧਾਂਤਾਂ ਦੇ ਨਾਲ ਨਾਲ ਉਹ ਵਿਸ਼ੇਸ਼ ਤੌਰ 'ਤੇ ਬਹੁਤ ਸਾਰੇ ਕੇਂਦਰੀ ਨੈਤਿਕ ਸਿਧਾਂਤਾਂ ਵੱਲ ਆਕਰਸ਼ਤ ਸਨ ਜਿਵੇਂ ਹਉਮੈ ਦਾ ਤਿਆਗ ਕਰਨਾ, ਹਲੀਮੀ ਦਾ ਗੁਣ ਪੈਦਾ ਕਰਨਾ ਅਤੇ ਪਰਉਪਕਾਰ ਕਰਨਾ ਆਦਿ। ਉਨ੍ਹਾਂ ਦੀਆਂ ਵਾਰਾਂ ਦੀਆਂ ਬਹੁਤ ਸਾਰੀਆਂ ਪਉੜੀਆਂ ਇਸ ਦਿਸ਼ਾ ਵਿਚ ਕੀਤੀ ਵਿਆਖਿਆ ਨਾਲ ਭਰਪੂਰ ਮਿਲਦੀਆਂ ਹਨ। ਉਦਾਹਰਣ ਲਈ ਭਾਈ ਗੁਰਦਾਸ ਦੱਸਦੇ ਹਨ ਕਿ ਪਾਣੀ ਜੀਵਨ ਲਈ ਬਹੁਤ ਜ਼ਰੂਰੀ ਅਤੇ ਮਹੱਤਵਪੂਰਨ ਹੈ ਪਰ ਫਿਰ ਵੀ ਉਹ ਨਿਵਾਣ ਵੱਲ ਵਗਦਾ ਹੈ, ਉਸ ਦੇ ਮੁਕਾਬਲੇ ਸਿੰਮਲ ਦਾ ਰੁੱਖ ਹੈ ਜੋ ਉਚਾ ਅਤੇ ਸਥਿਰ ਖੜ੍ਹਾ ਰਹਿੰਦਾ ਹੈ ਪਰ ਬੇਕਾਰ ਹੈ ਕਿਉਂਕਿ ਉਹ ਕੋਈ ਫਲ ਨਹੀਂ ਦਿੰਦਾ। ਬਾਂਸ ਦਾ ਦਰੱਖ਼ਤ ਜੋ ਸਿੱਧਾ ਖੜ੍ਹਾ ਰਹਿੰਦਾ ਹੈ, ਇਸ ਲਈ ਨਿੰਦਿਆ ਜਾਂਦਾ ਹੈ ਕਿ ਉਸ ਵਿਚ ਅੱਗ ਹੁੰਦੀ ਹੈ। ਉਨ੍ਹਾਂ ਦਰੱਖ਼ਤਾਂ ਦਾ ਜ਼ਿਕਰ ਹੈ ਜੋ ਪੱਥਰ ਮਾਰਨ 'ਤੇ ਵੀ ਫਲ ਦਿੰਦੇ ਹਨ। ਲੱਕੜ ਦਾ ਦ੍ਰਿਸ਼ਟਾਂਤ ਦਿੱਤਾ ਹੈ ਜੋ ਬੇੜੀ ਦੇ ਰੂਪ ਵਿਚ ਮਨੁੱਖਾਂ ਨੂੰ ਪਾਰ ਲੈ ਜਾਂਦੀ ਹੈ ਭਾਵੇਂ ਬੇੜੀ ਦੇ ਮਾਲਕ ਨੇ ਉਸ ਨੂੰ ਬੇੜੀ ਦਾ ਰੂਪ ਦੇਣ ਲਈ ਕੱਟਿਆ ਅਤੇ ਆਰੇ ਨਾਲ ਚੀਰਿਆ ਹੁੰਦਾ ਹੈ। ਇਹ ਉਦਾਹਰਣਾਂ ਭਾਈ ਗੁਰਦਾਸ ਨੇ ਹਲੀਮੀ, ਪਰਉਪਕਾਰ ਆਦਿ ਨੈਤਿਕ ਗੁਣਾਂ ਨੂੰ ਦੱਸਣ ਲਈ ਦਿੱਤੀਆਂ ਹਨ। ਉਨ੍ਹਾਂ ਨੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਔਗੁਣਾਂ 'ਤੇ ਕਾਬੂ ਪਾਉਣ 'ਤੇ ਵੀ ਜ਼ੋਰ ਦਿੱਤਾ ਹੈ। ਕੁਝ ਉਦਾਹਰਣਾਂ ਹਨ,

ਧਰਤੀ ਅੰਦਰਿ ਜਲ ਵਸੈ
ਜਲ ਬਹੁ ਰੰਗੀਂ ਰਸੀਂ ਮਿਲੰਦਾ।
ਜਿਉਂ ਜਿਉਂ ਕੋਇ ਚਲਾਇਦਾ
ਨੀਵਾਂ ਹੋਇ ਨੀਵਾਣਿ ਚਲੰਦਾ।
ਧੁਪੈ ਤਤਾ ਹੋਇ ਕੈ
ਛਾਵੈਂ ਠੰਢਾ ਹੋਇ ਰਹੰਦਾ।
ਨਾਵਣੁ ਜੀਵਦਿਆਂ ਮੁਇਆਂ
ਪੀਤੈ ਸਾਂਤਿ ਸੰਤੋਖੁ ਹੋਵੰਦਾ।
ਨਿਰਮਲ ਕਰਦਾ ਮੈਲਿਆਂ
ਨੀਵੈ ਸਰਵਰ ਜਾਇ ਟਿਕੰਦਾ।
ਗੁਰਮੁਖਿ ਸੁਖ ਫਲੁ ਭਾਉ ਭਉ
ਸਹਜੁ ਬੈਰਾਗੁ ਸਦਾ ਵਿਗਸੰਦਾ॥2॥
(16/2)

ਅਤੇ

ਵਣ ਵਣ ਵਿਚਿ ਵਣਾਸਪਤਿ
ਇਕੋ ਧਰਤੀ ਇਕੋ ਪਾਣੀ।
ਰੰਗ ਬਿਰੰਗੀ ਫੁਲ ਫਲ
ਸਾਦ ਸੁਗੰਧ ਸਨਬੰਧ ਵਿਡਾਣੀ।
ਉਚਾ ਸਿੰਮਲੁ ਝੰਟੁਲਾ ਨਿਹਫਲ
ਚੀਲੁ ਚੜ੍ਹੈ ਅਸਮਾਣੀ।
ਜਲਦਾ ਵਾਂਸੁ ਵਡਾਈਐ
ਵੰਝੁਲੀਆਂ ਵਜਨਿ ਬਿਬਾਣੀ।
ਚੰਦਨ ਵਾਸੁ ਵਣਾਸਪਤਿ ਵਾਸੁ
ਰਹੈ ਨਿਰਗੰਧ ਰਵਾਣੀ।
ਸਾਧਸੰਗਤਿ ਗੁਰ ਸਬਦੁ ਸੁਣਿ
ਰਿਦੈ ਨ ਵਸੈ ਅਭਾਗ ਪਰਾਣੀ।
ਹਉਮੈ ਅੰਦਰਿ ਭਰਮਿ ਭੁਲਾਣੀ॥5॥
(17/5)

ਭਾਈ ਗੁਰਦਾਸ ਦੀਆਂ ਕੁੱਝ ਵਾਰਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਖ਼ਰੀ ਬੀੜ ਦੇ ਲਿਖਾਰੀ, ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਨੇ ਬੋਲ ਕੇ ਬੀੜ ਲਿਖਵਾਈ, ਭਾਈ ਮਨੀ ਸਿੰਘ ਨੇ ਭਗਤ ਰਤਨਾਵਲੀ ਅਤੇ ਗਿਆਨ ਰਤਨਾਵਲੀ ਵਿਚ ਵਿਆਖਿਆ ਅਤੇ ਟਿਪਣੀਆਂ ਕੀਤੀਆਂ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਦਸਮ ਪਾਤਿਸ਼ਾਹ ਦੇ ਵੇਲੇ ਤੱਕ ਵੀ ਉਨ੍ਹਾਂ ਹੀ ਨੈਤਿਕ ਨਿਯਮਾਂ ਅਤੇ ਕੀਮਤਾਂ ਦੀ ਨਿਰੰਤਰਤਾ ਹੈ, ਜੋ ਪਹਿਲੇ ਗੁਰੂ ਸਾਹਿਬਾਨ ਦੇ ਜੀਵਨ-ਕਾਲ ਵਿਚ ਪ੍ਰਚੱਲਤ ਸਨ (ਇਹ ਨੁਕਤਾ ਧਿਆਨ ਦੀ ਮੰਗ ਕਰਦਾ ਹੈ)।

ਭਾਈ ਗੁਰਦਾਸ ਨੇ ਆਪਣੀਆਂ ਲਿਖਤਾਂ ਨੂੰ ਧਾਰਮਿਕ ਆਦਰਸ਼ਾਂ ਅਤੇ ਮਾਨਵਵਾਦੀ ਉਪਦੇਸ਼ਾਂ ਨਾਲ ਸੰਯੁਕਤ ਕੀਤਾ ਹੈ। ਉਨ੍ਹਾਂ ਦਾ ਪੂਰਾ ਧਿਆਨ ਲਗਾਤਾਰ ਮਨੁੱਖ ਦੇ ਨੈਤਿਕ ਚਰਿੱਤਰ ਅਤੇ ਰਹਿਤ ਉਤੇ ਸੀ। ਇਸ ਲਈ, ਇਸ ਵਿਚ ਹੈਰਾਨ ਹੋਣ ਵਾਲੀ ਗੱਲ ਨਹੀਂ ਕਿ ਉਨ੍ਹਾਂ ਦੀਆਂ 'ਵਾਰਾਂ' ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ 'ਕੁੰਜੀ' ਕਿਹਾ ਜਾਂਦਾ ਹੈ। ਸਿੱਖ ਧਰਮ 'ਸੰਗਤੀ' ਧਰਮ ਹੈ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਹ ਨੁਕਤਾ ਵਾਰ ਵਾਰ ਸਾਹਮਣੇ ਆਉਂਦਾ ਹੈ ਕਿ ਸਿੱਖ ਲਈ ਸਾਧ-ਸੰਗਤਿ ਵਿਚ ਜਾ ਕੇ ਗੁਰੂ ਦੇ ਸ਼ਬਦ ਨੂੰ ਸਰਵਣ ਕਰਨਾ ਅਤੇ ਉਸ ਦਾ ਅਨੁਸਾਰੀ ਹੋ ਕੇ ਚੱਲਣਾ ਹੀ ਸਿੱਖੀ ਦਾ ਜਾਂ ਗੁਰਮੁਖ ਦਾ ਮਾਰਗ ਹੈ,

ਗਿਆਰਹ ਗੇੜਾ ਸਿਖੁ ਸੁਣਿ
ਗੁਰ ਸਿਖੁ ਲੈ ਗੁਰਸਿਖੁ ਸਦਾਇਆ॥
ਸਾਧਸੰਗਤਿ ਗੁਰ ਸਬਦ ਵਸਾਇਆ॥11॥
(7/11)

**ਗੁਰਬਾਣੀ ਗਿਆਨ**

# ਚਰਨ ਕਮਲ ਸਿਉ ਜਾ ਕਾ ਮਨੁ ਲੀਨਾ...

**ਸੋਰਠਿ ਮਹਲਾ ੫**
ਚਰਨ ਕਮਲ ਸਿਉ ਜਾ ਕਾ ਮਨੁ ਲੀਨਾ
ਸੇ ਜਨ ਤ੍ਰਿਪਤਿ ਅਘਾਈ॥
ਗੁਣ ਅਮੋਲ ਜਿਸੁ ਰਿਦੈ ਨ ਵਸਿਆ
ਤੇ ਨਰ ਤ੍ਰਿਸਨ ਤ੍ਰਿਖਾਈ॥੧॥
ਹਰਿ ਆਰਾਧੇ ਅਰੋਗ ਅਨਦਾਈ॥
ਜਿਸ ਨੋ ਵਿਸਰੈ ਮੇਰਾ ਰਾਮ ਸਨੇਹੀ
ਤਿਸੁ ਲਾਖ ਬੇਦਨ ਜਣੁ ਆਈ॥ਰਹਾਉ॥
ਜਿਹ ਜਨ ਓਟ ਗਹੀ ਪ੍ਰਭ ਤੇਰੀ
ਸੇ ਸੁਖੀਏ ਪ੍ਰਭ ਸਰਣੇ॥
ਜਿਹ ਨਰ ਬਿਸਰਿਆ ਪੁਰਖੁ ਬਿਧਾਤਾ
ਤੇ ਦੁਖੀਆ ਮਹਿ ਗਨਣੇ॥੨॥
ਜਿਹ ਗੁਰ ਮਾਨਿ ਪ੍ਰਭੂ ਲਿਵ ਲਾਈ
ਤਿਹ ਮਹਾ ਅਨੰਦ ਰਸੁ ਕਰਿਆ॥
ਜਿਹ ਪ੍ਰਭੂ ਬਿਸਾਰਿ ਗੁਰ ਤੇ ਬੇਮੁਖਾਈ
ਤੇ ਨਰਕ ਘੋਰ ਮਹਿ ਪਰਿਆ॥੩॥
ਜਿਤੁ ਕੋ ਲਾਇਆ ਤਿਤ ਹੀ ਲਾਗਾ
ਤੈਸੋ ਹੀ ਵਰਤਾਰਾ॥
ਨਾਨਕ ਸਹ ਪਕਰੀ ਸੰਤਨ ਕੀ
ਰਿਦੈ ਭਏ ਮਗਨ ਚਰਨਾਰਾ॥੪॥

ਸਾਹਿਬ ਗੁਰਦੇਵ ਜੀ ਬਖ਼ਸ਼ਿਸ਼ ਕਰਦੇ ਹਨ- ਚਰਨ ਕਮਲ ਸਿਉ ਜਾ ਕਾ ਮਨੁ ਲੀਨਾ, ਭਾਵ ਜਿਨ੍ਹਾਂ ਵਡਭਾਗੇ ਜੀਵਾਂ ਦਾ ਮਨ ਉਸ ਮਿਹਰਬਾਨ ਪ੍ਰਭੂ ਜੀ ਦੇ ਕਮਲ ਫੁੱਲ ਜੈਸੇ ਅਤਿ ਕੋਮਲ ਚਰਨਾਂ ਨਾਲ ਜੁੜ ਜਾਂਦਾ ਹੈ; ਸੇ ਜਨ ਤ੍ਰਿਪਤਿ ਅਘਾਈ, ਭਾਵ ਉਹ ਜੀਵ ਸੰਸਾਰ ਨਾਲੋਂ ਟੁੱਟ ਕੇ ਪੂਰਨ ਤੌਰ 'ਤੇ ਸੰਤੋਖ ਵਿਚ ਰਹਿੰਦੇ ਹਨ; ਗੁਣ ਅਮੋਲ ਜਿਸੁ ਰਿਦੈ ਨ ਵਸਿਆ, ਭਾਵ ਜਿਸ ਦੇ ਅੰਦਰ ਵਡਮੁੱਲਾ ਪ੍ਰਭੂ ਦਾ ਨਾਮ ਨਹੀਂ ਵੱਸਿਆ, ਉਹ ਜੀਵ ਸਦਾ ਹੀ ਮਾਇਆ ਰੂਪੀ ਤ੍ਰਿਸ਼ਨਾ ਦੀ ਪਿਆਸ ਵਿਚ ਭਟਕਦੇ ਰਹਿੰਦੇ ਹਨ।

ਹਰਿ ਆਰਾਧੇ ਅਰੋਗ ਅਨਦਾਈ॥
ਜਿਸ ਨੋ ਵਿਸਰੈ ਮੇਰਾ ਰਾਮ ਸਨੇਹੀ
ਤਿਸੁ ਲਾਖ ਬੇਦਨ ਜਣੁ ਆਈ॥ਰਹਾਉ॥

ਗੁਰਦੇਵ ਜੀ ਆਖਦੇ ਹਨ-ਹਰਿ ਆਰਾਧੇ ਅਰੋਗ ਅਨਦਾਈ, ਭਾਵ ਹੇ ਜਗਤ ਦੇ ਲੋਕੋ! ਉਸ ਮਿਹਰਬਾਨ ਪ੍ਰਭੂ ਜੀ ਦੇ ਨਾਮ ਦਾ ਸਿਮਰਨ ਕਰਨ ਨਾਲ ਜੀਵ ਨਵਾਂ ਨਰੋਆ ਹੋ ਜਾਂਦਾ ਹੈ ਅਤੇ ਇਸ ਦੇ ਅੰਦਰ ਉਚੀ ਆਤਮਿਕ ਅਵਸਥਾ ਦਾ ਅਨੰਦ ਭੀ ਬਣਿਆ ਰਹਿੰਦਾ ਹੈ; ਜਿਸ ਨੋ ਵਿਸਰੈ ਮੇਰਾ ਰਾਮ ਸਨੇਹੀ, ਭਾਵ ਜਿਸ ਜੀਵ ਨੂੰ ਉਹ ਮਿਹਰਬਾਨ ਪ੍ਰਭੂ ਜੀ ਭੁੱਲ ਜਾਂਦਾ ਹੈ; ਤਿਸੁ ਲਾਖ ਬੇਦਨ ਜਣੁ ਆਈ, ਭਾਵ ਉਸ ਉਤੇ ਤਾਂ ਜਿਵੇਂ ਲੱਖਾਂ ਹੀ ਦੁੱਖ ਤੇ ਪੀੜਾਂ 'ਕੱਠੇ ਹੋ ਕੇ ਆ ਜਾਂਦੇ ਹਨ। ਇਸ ਲਈ ਨਾਮ ਸਿਮਰਨ ਕਰੋ।

ਜਿਹ ਜਨ ਓਟ ਗਹੀ ਪ੍ਰਭ ਤੇਰੀ
ਸੇ ਸੁਖੀਏ ਪ੍ਰਭ ਸਰਣੇ॥
ਜਿਹ ਨਰ ਬਿਸਰਿਆ ਪੁਰਖੁ ਬਿਧਾਤਾ
ਤੇ ਦੁਖੀਆ ਮਹਿ ਗਨਣੇ॥੨॥

ਗੁਰਦੇਵ ਪਿਤਾ ਸਾਡਾ ਮਾਰਗ ਦਰਸ਼ਨ ਕਰਦੇ ਆਖਦੇ ਹਨ-ਜਿਹ ਨਰ ਓਟ ਗਹੀ ਪ੍ਰਭ ਤੇਰੀ, ਭਾਵ ਹੇ ਮੇਰੇ ਸੋਹਣੇ ਪ੍ਰਭ ਜੀਉ! ਜਿਨ੍ਹਾਂ ਨੇ ਤੇਰਾ ਆਸਰਾ ਲੈ ਲਿਆ, ਉਹ ਤੇਰੀ ਸ਼ਰਨ ਵਿਚ ਰਹਿ ਕੇ ਸੁੱਖ ਆਨੰਦ ਮਾਣਦੇ ਹਨ; ਜਿਹ ਨਰ ਬਿਸਰਿਆ ਪੁਰਖੁ ਬਿਧਾਤਾ, ਭਾਵ ਹੇ ਭਾਈ ਜਿਨ੍ਹਾਂ ਜੀਵਾਂ ਨੇ ਸੰਸਾਰ ਦੇ ਮਾਲਕ ਸਰਬ ਵਿਆਪਕ ਪ੍ਰਭੂ ਨੂੰ ਵਿਸਾਰ ਕੇ ਗੁਰੂ ਵੱਲੋਂ ਵੀ ਮੂੰਹ ਮੋੜੀ ਰੱਖਿਆ; ਤੇ ਦੁਖੀਆ ਮਹਿ ਗਨਣੇ, ਭਾਵ ਉਹ ਜੀਵ ਤਾਂ ਦੁਖੀਆਂ ਦੀ ਗਿਣਤੀ ਵਿਚ ਹੀ ਆਉਣਗੇ।

ਜਿਹ ਗੁਰ ਮਾਨਿ ਪ੍ਰਭੂ ਲਿਵ ਲਾਈ
ਤਿਹ ਮਹਾ ਅਨੰਦ ਰਸੁ ਕਰਿਆ॥
ਜਿਹ ਪ੍ਰਭੂ ਬਿਸਾਰਿ ਗੁਰ ਤੇ ਬੇਮੁਖਾਈ
ਤੇ ਨਰਕ ਘੋਰ ਮਹਿ ਪਰਿਆ॥੩॥

ਹੁਣ ਇਥੇ ਗੁਰਦੇਵ ਹੁਕਮ ਮੰਨਣ ਲਈ ਆਖ ਰਹੇ ਹਨ-ਜਿਹ ਗੁਰ ਮਾਨਿ ਪ੍ਰਭੂ ਲਿਵ ਲਾਈ, ਭਾਵ ਹੇ ਭਾਈ! ਜਿਨ੍ਹਾਂ ਜੀਵਾਂ ਨੇ ਗੁਰੂ ਦਾ ਹੁਕਮ ਮੰਨ ਕੇ ਸੰਸਾਰ ਦੇ ਮਾਲਕ ਪ੍ਰਭ ਜੀ ਦੇ ਚਰਨਾਂ ਨਾਲ ਆਪਣੀ ਲਿਵ ਲਾ ਲਈ; ਤਹਿ ਮਹਾ ਅਨੰਦ ਰਸੁ ਕਰਿਆ, ਭਾਵ ਉਨ੍ਹਾਂ ਨੇ ਅਨੰਦ ਰਸ ਨੂੰ ਰੱਜ ਕੇ ਮਾਣਿਆ; ਜਿਹ ਪ੍ਰਭੂ ਬਿਸਾਰਿ ਗੁਰ ਤੇ ਬੇਮੁਖਾਈ, ਭਾਵ ਜੋ ਜੀਵ ਪ੍ਰਭੂ ਨੂੰ ਬਿਸਾਰ ਕੇ ਗੁਰੂ ਤੋਂ ਵੀ ਬੇਮੁਖ ਰਹੇ; ਤੇ ਨਰਕ ਘੋਰ ਮਹਿ ਪਰਿਆ, ਭਾਵ ਉਹ ਸਦਾ ਹੀ ਨਰਕ ਦੀ ਅੱਗ ਵਿਚ ਸੜਦੇ ਰਹੇ।

ਜਿਤੁ ਕੋ ਲਾਇਆ ਤਿਤ ਹੀ ਲਾਗਾ
ਤੈਸੋ ਹੀ ਵਰਤਾਰਾ॥
ਨਾਨਕ ਸਹ ਪਕਰੀ ਸੰਤਨ ਕੀ
ਰਿਦੈ ਭਏ ਮਗਨ ਚਰਨਾਰਾ॥੪॥

ਹੁਣ ਗੁਰਦੇਵ ਅਰਦਾਸ ਵਿਚ ਜੁੜਦੇ ਹਨ-ਜਿਤੁ ਕੋ ਲਾਇਆ ਤਿਤ ਹੀ ਲਾਗਾ, ਭਾਵ ਜਿਸ ਜੀਵ ਨੂੰ ਪ੍ਰਭੂ ਜਿਸ ਕੰਮ 'ਤੇ ਲਾ ਰਹੇ ਹਨ, ਜੀਵ ਤਾਂ ਉਸੇ ਕੰਮ 'ਤੇ ਲੱਗਾ ਹੋਇਆ ਹੈ; ਤੈਸੋ ਹੀ ਵਰਤਾਰਾ, ਭਾਵ ਜੀਵ ਉਹੋ ਜਿਹਾ ਹੀ ਵਰਤਾਉ ਕਰਦਾ ਹੈ। ਨਾਨਕ ਸਰ ਪਕਰੀ ਸੰਤਨ ਕੀ, ਭਾਵ ਇਹ ਨਾਨਕ ਆਖਦਾ ਹੈ ਕਿ ਪ੍ਰਭੂ ਦੀ ਕ੍ਰਿਪਾ ਸਦਕਾ ਜਿਨ੍ਹਾਂ ਜੀਵਾਂ ਨੇ ਵੀ ਪ੍ਰਭੂ ਦੇ ਪਿਆਰੇ ਸੰਤ ਜਨਾਂ ਦਾ ਆਸਰਾ ਲਿਆ ਹੈ; ਰਿਦੈ ਭਏ ਮਗਨ ਚਰਨਾਰਾ, ਭਾਵ ਉਹ ਅੰਦਰੋਂ ਪ੍ਰਭੂ ਦੇ ਚਰਨਾਂ ਵਿਚ ਜੁੜ ਕੇ ਮਗਨ ਰਹਿੰਦੇ ਹਨ।

ਆਉ ਗੁਰੂ ਪਿਆਰਿਓ! ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਸ਼ਹੀਦ ਭਗਤ ਸਿੰਘ ਨੂੰ ਚੇਤੇ ਕਰਦਿਆਂ!

**ਜਨਮ ਦਿਨ 'ਤੇ ਵਿਸ਼ੇਸ਼**

ਵਪਾਰ ਦੇ ਬਹਾਨੇ ਹਿੰਦੁਸਤਾਨ ਆਏ ਅੰਗਰੇਜ਼ਾਂ ਨੇ ਝੂਠ, ਚਲਾਕੀ, ਦਗਾਬਾਜ਼ੀ ਤੇ ਮੱਕਾਰੀ ਜਿਹਾ ਹਰ ਤਰੀਕਾ ਵਰਤ ਕੇ ਅਤੇ ਇਕ ਦੂਜੇ ਨੂੰ ਦੇਖ ਨਾ ਸੁਖਾਂਦੇ ਦੇਸੀ ਰਾਜਿਆਂ ਦੀ ਫੁੱਟ ਦਾ ਫਾਇਦਾ ਉਠਾ ਕੇ ਹੌਲੀ ਹੌਲੀ ਲਗਭਗ ਸਾਰੇ ਦੇਸ ਉਤੇ ਕਬਜ਼ਾ ਕਰ ਲਿਆ। ਹਿੰਦੁਸਤਾਨ ਵਰਗੇ ਵੱਡੇ ਦੇਸ ਨੂੰ ਫਤਿਹ ਕਰ ਕੇ ਅੰਗਰੇਜ਼ ਇਕ ਅਜਿਹਾ ਸਾਮਰਾਜ ਕਾਇਮ ਕਰਨ ਵਿਚ ਸਫਲ ਹੋ ਗਏ, ਜਿਸ ਬਾਰੇ ਇਹ ਕਹਾਵਤ ਪ੍ਰਚੱਲਤ ਹੋ ਗਈ ਕਿ ਉਸ ਵਿਚ ਸੂਰਜ ਕਦੇ ਨਹੀਂ ਛਿਪਦਾ। ਇਸ ਦਾ ਭਾਵ ਸੀ ਕਿ ਭੂਗੋਲਕ ਪੱਖੋਂ ਉਹ ਏਨਾ ਫੈਲਿਆ ਹੋਇਆ ਸੀ ਕਿ ਚੌਵੀ ਘੰਟੇ ਉਹਦੇ ਕਿਸੇ ਨਾ ਕਿਸੇ ਹਿੱਸੇ ਉਤੇ ਸੂਰਜ ਚਮਕਦਾ ਹੀ ਰਹਿੰਦਾ ਸੀ। ਇਸ ਤੋਂ ਅੰਗਰੇਜ਼ ਹਾਕਮਾਂ ਅਤੇ ਉਨ੍ਹਾਂ ਦੇ ਚਾਪਲੂਸਾਂ ਨੇ ਇਹ ਪ੍ਰਭਾਵ ਦੇਣਾ ਵੀ ਸ਼ੁਰੂ ਕਰ ਦਿੱਤਾ ਕਿ ਇਹ ਅਜਿਹਾ ਤਾਕਤਵਰ ਸਾਮਰਾਜ ਹੈ ਜਿਸ ਦਾ ਆਪਣਾ ਸੂਰਜ ਵੀ ਕਦੇ ਛਿਪੇਗਾ ਨਹੀਂ।



ਗੁਰਬਚਨ ਸਿੰਘ ਭੁੱਲਰ
ਫੋਨ:91-11-65736868

ਆਜ਼ਾਦੀ ਦੀ ਪਹਿਲੀ ਲੜਾਈ ਦੇ ਨਾਂ ਨਾਲ ਜਾਣੀ ਜਾਂਦੀ 1857 ਦੀ ਬਗ਼ਾਵਤ ਦੀ ਹਾਰ ਮਗਰੋਂ ਸਾਹਸਹੀਣ ਹੋਏ ਦੇਸ ਨੂੰ ਦੇਖ ਕੇ ਲਗਦਾ ਵੀ ਇਉਂ ਹੀ ਸੀ ਕਿ ਅੰਗਰੇਜ਼ ਹਕੂਮਤ ਦਾ ਸੂਰਜ ਕਦੀ ਛਿਪੇਗਾ ਨਹੀਂ। ਪਰ ਵੀਹਵੀਂ ਸਦੀ ਦੇ ਚੜ੍ਹਦਿਆਂ ਹੀ ਪੰਜਾਬ ਵਿਚ ਅਜਿਹੀ ਜਾਗ੍ਰਤੀ ਆਉਣ ਲੱਗੀ ਜਿਸ ਨੇ ਅਡੋਲ ਅਤੇ ਮਹਾਂਬਲੀ ਦਿਸਦੇ ਇਸ ਸਾਮਰਾਜ ਦੀਆਂ ਡੂੰਘੀਆਂ ਜੜਾਂ ਹਿਲਾ ਕੇ ਰੱਖ ਦਿੱਤੀਆਂ, ਜਿਨ੍ਹਾਂ ਦਾ ਅੰਤ ਕੁਛ ਦਹਾਕਿਆਂ ਵਿਚ ਹੀ ਉਖੜ ਜਾਣ ਦੇ ਰੂਪ ਵਿਚ ਹੋਇਆ। ਇਸ ਸੰਗਰਾਮ ਵਿਚ ਬੜੀਆਂ ਕੁਰਬਾਨੀਆਂ ਦੀ ਲੋੜ ਪਈ, ਜਿਸ ਵਿਚ ਅਨੇਕ ਲੋਕਾਂ ਨੂੰ ਜਾਨਾਂ ਵੀ ਵਾਰਨੀਆਂ ਪਈਆਂ। ਇਨ੍ਹਾਂ ਸ਼ਹੀਦਾਂ ਵਿਚੋਂ ਹਰ ਇਕ ਦੀ ਜੀਵਨ-ਗਾਥਾ, ਬਿਨਾਂ-ਸ਼ੱਕ, ਆਜ਼ਾਦੀ ਦੇ ਸੰਗਰਾਮ ਦੇ ਇਤਿਹਾਸ ਦਾ ਇਕ ਬੇਮਿਸਾਲ ਅਤੇ ਪ੍ਰੇਰਨਾਦਾਇਕ ਕਾਂਡ ਹੈ। ਤਾਂ ਵੀ ਇਨ੍ਹਾਂ ਵਿਚੋਂ ਇਕ ਗਾਥਾ ਅਜਿਹੀ ਹੈ ਜੋ ਲਿਖਣ ਵਾਲੇ ਨੇ ਆਪਣੇ ਲਹੂ ਵਿਚ ਉਂਗਲ ਡੋਬ ਕੇ ਆਪ ਲਿਖੀ। ਇਹ ਹੈ ਸ਼ਹੀਦ ਭਗਤ ਸਿੰਘ ਦੀ ਗਾਥਾ।

ਹਰ ਸ਼ਹੀਦ ਨੇ ਗੁਲਾਮੀ ਦੇ ਹਨੇਰੇ ਨੂੰ ਦੂਰ ਕਰਨ ਵਾਸਤੇ ਆਪਣੇ ਲਹੂ ਦਾ ਦੀਵਾ ਬਾਲਿਆ ਪਰ ਜੋ ਸੂਰਜ ਬਣ ਕੇ ਭਗਤ ਸਿੰਘ ਉਦੈ ਹੋਇਆ, ਉਹ ਆਪਣੇ ਆਪ ਵਿਚ ਇਕ ਕਰਾਮਾਤ ਸੀ। ਉਹ ਇਕ ਅਜਿਹੀ ਮਿਸਾਲ ਅਤੇ ਮਸ਼ਾਲ ਬਣਿਆ, ਜਿਸ ਨੇ ਆਜ਼ਾਦੀ ਸੰਗਰਾਮ ਦੇ ਆਪਣੇ ਰਾਹ ਤੁਰਨ ਲਈ ਅਨੇਕ ਹੋਰਾਂ ਨੂੰ ਪ੍ਰੇਰਿਆ।

ਭਗਤ ਸਿੰਘ ਨੂੰ ਕੁਰਬਾਨੀ ਦੀ ਪ੍ਰੇਰਨਾ ਕਿਤੋਂ ਬਾਹਰੋਂ ਲੈਣ ਦੀ ਲੋੜ ਨਹੀਂ ਪਈ। ਇਹ ਭਾਵਨਾ ਤਾਂ ਦੇਸ਼ ਭਗਤ ਪਰਿਵਾਰ ਵਿਚ ਨਿੰਮਣ-ਜੰਮਣ ਸਮੇਂ ਹੀ ਉਹਦੇ ਲਹੂ ਵਿਚ ਘੁਲ ਗਈ ਸੀ। ਉਹਦੇ ਦਾਦਾ ਜੀ, ਅਰਜਨ ਸਿੰਘ ਇਕ ਜਾਗ੍ਰਿਤ ਵਿਅਕਤੀ ਸਨ। ਪਰਿਵਾਰ ਦੇ ਸੰਗਰਾਮੀਆ ਮਾਹੌਲ ਦਾ ਅੰਦਾਜ਼ਾ ਇਥੋਂ ਲਾਇਆ ਜਾ ਸਕਦਾ ਹੈ ਕਿ ਪਿਤਾ ਕਿਸ਼ਨ ਸਿੰਘ ਅਤੇ ਚਾਚਾ ਅਜੀਤ ਸਿੰਘ ਤੇ ਸਵਰਨ ਸਿੰਘ, ਤਿੰਨੇ ਸਬੱਬ ਨਾਲ 28 ਸਤੰਬਰ 1907 ਨੂੰ ਹੋਏ ਭਗਤ ਸਿੰਘ ਦੇ ਜਨਮ ਸਮੇਂ ਹੀ ਅੰਗਰੇਜ਼ਾਂ ਦੀ ਕੈਦ ਵਿਚੋਂ ਛੁੱਟ ਕੇ ਆਏ ਸਨ।

ਚਾਚਾ ਸਵਰਨ ਸਿੰਘ ਤਾਂ 24 ਸਾਲ ਦੀ ਉਮਰ ਵਿਚ 1910 ਵਿਚ ਹੀ ਪੂਰਾ ਹੋ ਗਿਆ ਸੀ। ਅਜੀਤ ਸਿੰਘ ਕਾਲੋਨਾਇਜ਼ੇਸ਼ਨ ਐਕਟ ਵਿਰੁਧ 1906-07 ਦੀ 'ਪਗੜੀ ਸੰਭਾਲ ਜੱਟਾ' ਲਹਿਰ ਦੇ ਮੋਹਰੀਆਂ ਵਿਚੋਂ ਸੀ। ਜਦੋਂ ਭਗਤ ਸਿੰਘ ਦੋ ਸਾਲ ਦਾ ਸੀ, 1909 ਵਿਚ ਅਜੀਤ ਸਿੰਘ ਦੇਸੋਂ ਬਾਹਰ ਚਲਿਆ ਗਿਆ ਅਤੇ ਅਗਲੇ 38 ਸਾਲ ਉਹਨੇ ਪਰਦੇਸਾਂ ਵਿਚ, ਖਾਸ ਕਰਕੇ ਲਾਤੀਨੀ ਅਮਰੀਕੀ ਦੇਸਾਂ ਵਿਚ ਹਿੰਦੁਸਤਾਨੀਆਂ ਨੂੰ ਜਾਗ੍ਰਿਤ ਕਰਦਿਆਂ ਗੁਜ਼ਾਰੇ। ਇਧਰ ਭਗਤ ਸਿੰਘ ਲਗਭਗ ਅਣਦੇਖੇ ਚਾਚੇ ਦੀਆਂ ਕਰਨੀਆਂ ਸੁਣ ਕੇ ਬਹੁਤ ਪ੍ਰਭਾਵਿਤ ਸੀ, ਉਧਰ ਅਜੀਤ ਸਿੰਘ ਗੋਦ ਖਿਡਾਏ ਭਤੀਜੇ ਦਾ ਇਨਕਲਾਬੀ ਵਿਕਾਸ ਜਾਣ ਕੇ ਖ਼ੁਸ਼ ਸੀ। 1930ਵਿਆਂ ਵਿਚ ਅਰਜਨਟੀਨਾ ਰਹੇ ਬਾਬਾ ਭਗਤ ਸਿੰਘ ਬਿਲਗਾ ਅਨੁਸਾਰ ਅਜੀਤ ਸਿੰਘ ਕੋਲ ਭਗਤ ਸਿੰਘ ਦੀਆਂ ਤਿੰਨ ਚਿੱਠੀਆਂ ਸਨ ਜਿਨ੍ਹਾਂ ਨੂੰ ਉਹ ਬੜੇ ਮੋਹ ਨਾਲ ਦੇਖਦਾ ਸੀ। ਅਜੀਤ ਸਿੰਘ ਆਜ਼ਾਦੀ ਤੋਂ ਐਨ ਪਹਿਲਾਂ ਦੇਸ ਪਰਤਿਆ ਅਤੇ ਆਜ਼ਾਦੀ ਵਾਲੇ ਦਿਨ, 15 ਅਗਸਤ 1947 ਨੂੰ ਡਲਹੌਜ਼ੀ ਵਿਚ ਪੂਰਾ ਹੋਇਆ।

ਭਗਤ ਸਿੰਘ ਨੂੰ ਇਕ ਵਿਧਵਾ ਤੇ ਦੂਜੀ ਵਿਧਵਾ ਵਰਗੀ, ਦੋਵਾਂ ਚਾਚੀਆਂ ਨਾਲ ਬਹੁਤ ਮੋਹ ਸੀ। ਸੋਚਿਆ ਜਾ ਸਕਦਾ ਹੈ ਕਿ ਇਹ ਉਨ੍ਹਾਂ ਦੇ ਜੀਵਨ ਵੱਲ ਦੇਖ ਕੇ ਹੀ ਸੀ ਕਿ ਉਹਨੇ ਵਿਆਹ ਕਰਵਾ ਕੇ ਘਰ ਵਿਚ ਇਕ ਹੋਰ ਵਿਧਵਾ ਦਾ ਵਾਧਾ ਨਾ ਕਰਨ ਦਾ ਫੈਸਲਾ ਕੀਤਾ।

ਇਹ ਘਰ-ਪਰਿਵਾਰ ਦੇ ਇਸੇ ਮਾਹੌਲ ਦਾ ਅਸਰ ਸੀ ਕਿ ਆਜ਼ਾਦੀ ਸੰਗਰਾਮੀਏ ਮਹਿਤਾ ਆਨੰਦ ਕਿਸ਼ੋਰ ਦੇ ਪੁੱਛਿਆਂ ਚਾਰ ਸਾਲ ਦੇ ਭਗਤ ਸਿੰਘ ਨੇ 'ਦਮੂਖਾਂ ਬੀਜ ਰਿਹਾ ਹਾਂ' ਕਿਹਾ ਸੀ। ਉਹ ਕੁੱਲ ਬਾਰ੍ਹਾਂ ਸਾਲ ਦਾ ਸੀ ਜਦੋਂ ਜਲ੍ਹਿਆਂਵਾਲੇ ਬਾਗ ਦਾ ਸਾਕਾ ਸੁਣ ਕੇ ਉਥੋਂ ਸ਼ਹੀਦਾਂ ਦੇ ਲਹੂ ਨਾਲ ਭਿੱਜੀ ਮਿੱਟੀ ਬੜੇ ਅਦਬ ਨਾਲ ਘਰ ਲੈ ਆਇਆ ਸੀ। ਪਹਿਲੀ ਸੰਸਾਰ ਜੰਗ ਦੀ ਭਿਆਨਕ ਖ਼ੂਨਖਾਰੀ ਨੇ ਸਾਮਰਾਜ ਵਿਰੁਧ ਉਹਦੀ ਨਫਰਤ ਹੋਰ ਵਧਾ ਦਿੱਤੀ।

ਬੱਬਰ ਲਹਿਰ, ਗਦਰ ਲਹਿਰ, ਅਕਾਲੀ ਲਹਿਰ ਆਦਿ ਕੋਈ ਅੰਗਰੇਜ਼-ਵਿਰੋਧੀ ਲਹਿਰ ਅਜਿਹੀ ਨਹੀਂ ਸੀ, ਜਿਸ ਦੇ ਪ੍ਰਭਾਵ ਤੋਂ ਉਹ ਅਣਭਿੱਜ ਰਿਹਾ ਹੋਵੇ। ਪਰ ਉਸ ਉਤੇ ਸਭ ਤੋਂ ਬਹੁਤਾ ਪ੍ਰਭਾਵ ਰੂਸ ਦੇ ਇਨਕਲਾਬ ਦਾ ਪਿਆ। ਪਹਿਲੇ ਸਭ ਇਨਕਲਾਬ ਮੁੜ ਕੇ ਰਾਜਸ਼ਾਹੀ ਵੱਲ ਤਿਲ੍ਹਕਦੇ ਰਹੇ ਸਨ, ਰੂਸੀ ਇਨਕਲਾਬ ਨੇ ਸਹੀ ਅਰਥਾਂ ਵਿਚ ਲੋਕਾਂ ਦਾ ਰਾਜ ਕਾਇਮ ਕਰ ਦਿੱਤਾ ਸੀ। ਮਾਰਕਸ, ਏਂਗਲਜ਼, ਬਾਕੂਨਿਨ, ਲੈਨਿਨ, ਟਰਾਟਸਕੀ ਆਦਿ ਦੇ ਅਧਿਐਨ ਨੇ ਉਹਦੇ ਵਿਚਾਰ ਸਾਣ ਚਾੜ੍ਹ ਦਿੱਤੇ।

ਸੰਸਾਰ ਦੇ ਅਨੇਕ ਇਨਕਲਾਬੀਆਂ ਦਾ ਪ੍ਰਸੰਸਕ ਤੇ ਕਦਰਦਾਨ ਹੁੰਦਿਆਂ ਭਗਤ ਸਿੰਘ ਨੂੰ ਕਰਤਾਰ ਸਿੰਘ ਸਰਾਭਾ ਨਾਲ ਬਹੁਤ ਮੋਹ ਸੀ। ਉਹ 7-8 ਸਾਲ ਦਾ ਸੀ, ਜਦੋਂ ਸਰਾਭਾ ਉਹਦੇ ਪਿਤਾ ਨੂੰ ਮਿਲਣ ਆਇਆ ਕਰਦਾ ਸੀ। ਉਹ ਉਹਨੂੰ ਗੁਰੂ, ਦੋਸਤ ਤੇ ਸਾਥੀ ਆਖਦਾ ਅਤੇ ਉਹਦੀ ਤਸਵੀਰ ਜੇਬ ਵਿਚ ਰਖਦਾ। ਉਹਨੇ ਲਿਖਿਆ, "ਉਹ 19 ਸਾਲ ਦੀ ਉਮਰ ਵਿਚ ਕੀ ਕੁਛ ਕਰ ਗੁਜ਼ਰਿਆ, ਆਦਮੀ ਸੋਚ ਕੇ ਦੰਗ ਰਹਿ ਜਾਂਦਾ ਹੈ। ਏਨੀ ਦਲੇਰੀ! ਏਨਾ ਆਤਮ-ਵਿਸ਼ਵਾਸ! ਏਨਾ ਆਪਾ-ਵਾਰੂ ਜਜ਼ਬਾ ਤੇ ਏਨਾ ਅਡੋਲ ਸਿਦਕ-ਸਿਰੜ ਪਹਿਲਾਂ ਘੱਟ ਹੀ ਦੇਖਣ ਵਿਚ ਆਇਆ ਹੈ। ਹਿੰਦੁਸਤਾਨ ਵਿਚ ਅਜਿਹੇ ਆਦਮੀ ਕੋਈ ਬਹੁਤੇ ਨਹੀਂ ਹੋਏ ਜਿਨ੍ਹਾਂ ਨੂੰ ਸਹੀ ਅਰਥਾਂ ਵਿਚ ਬਾਗੀ ਕਿਹਾ ਜਾ ਸਕੇ। ਤੇ ਉਨ੍ਹਾਂ ਗਿਣਤੀ ਦੇ ਆਗੂਆਂ ਵਿਚ ਕਰਤਾਰ ਸਿੰਘ ਦਾ ਨਾਂ ਪਹਿਲੇ ਸਥਾਨ ਉਤੇ ਆਉਂਦਾ ਹੈ।"

ਚੌਰੀ ਚੌਰਾ ਦੀ ਹਿੰਸਕ ਘਟਨਾ ਪਿਛੋਂ ਗਾਂਧੀ ਜੀ ਵੱਲੋਂ ਨਾਮਿਲਵਰਤਣ ਅੰਦੋਲਨ ਵਾਪਸ ਲਏ ਜਾਣ ਨੇ ਬਹੁਤ ਸਾਰੇ ਨੌਜਵਾਨਾਂ ਵਾਂਗ ਭਗਤ ਸਿੰਘ ਦਾ ਵੀ ਅਹਿੰਸਕ ਰਾਹ ਤੋਂ ਮੋਹ ਭੰਗ ਕਰ ਦਿੱਤਾ। ਉਹ ਅਰਾਜਕਤਾਵਾਦ ਵੱਲ ਝੁਕ ਗਿਆ, ਪਰ ਕੁਛ ਸਾਥੀਆਂ ਦੀ ਸੰਗਤ ਨੇ ਉਹਨੂੰ ਮਾਰਕਸੀ ਵਿਚਾਰਧਾਰਾ ਵੱਲ ਪ੍ਰੇਰ ਕੇ ਸਮਾਜਵਾਦ ਦੇ ਨਿਸ਼ਾਨੇ ਨਾਲ ਜੋੜ ਦਿੱਤਾ। ਇਹ ਸਤੰਬਰ 1928 ਵਿਚ ਉਹਦੇ ਜ਼ੋਰ ਦੇਣ ਸਦਕਾ ਹੀ ਸੀ ਕਿ ਜਥੇਬੰਦੀ ਦੇ ਨਾਂ 'ਹਿੰਦੁਸਤਾਨ ਰੀਪਬਲਿਕਨ ਐਸੋਸੀਏਸ਼ਨ' ਵਿਚ ਸ਼ਬਦ 'ਸੋਸ਼ਲਿਸਟ' ਜੋੜਿਆ ਗਿਆ। ਉਹਦੇ ਸਾਥੀ ਸ਼ਿਵ ਵਰਮਾ ਨੇ ਲਿਖਿਆ ਹੈ, "ਭਗਤ ਸਿੰਘ ਨੂੰ ਅਰਾਜਕਤਾਵਾਦ ਤੋਂ ਸਮਾਜਵਾਦ ਵੱਲ ਪ੍ਰੇਰਨ ਦਾ ਸਿਹਰਾ ਦੋ ਵਿਅਕਤੀਆਂ ਨੂੰ ਜਾਂਦਾ ਹੈ-ਸਾਥੀ ਸੋਹਨ ਸਿੰਘ ਜੋਸ਼ ਅਤੇ ਲਾਲਾ ਛਬੀਲਦਾਸ ਨੂੰ।"

ਭਗਤ ਸਿੰਘ ਚੜ੍ਹਦੀ ਉਮਰ ਤੋਂ ਹੀ ਇਨਕਲਾਬੀ ਸਾਹਿਤ ਪੜ੍ਹਨ ਦਾ ਅਤੇ ਆਪਣੇ ਵਿਚਾਰ ਅਖ਼ਬਾਰਾਂ-ਰਸਾਲਿਆਂ ਰਾਹੀਂ ਲੋਕਾਂ ਤੱਕ ਪੁਜਦੇ ਕਰਨ ਦਾ ਮਹੱਤਵ ਸਮਝ ਗਿਆ ਸੀ। ਉਹਦੀ ਇਹੋ ਸੋਚ ਉਹਨੂੰ ਇਸ ਨਤੀਜੇ ਉਤੇ ਲੈ ਗਈ ਕਿ ਜੋ ਵੀ ਕਾਰਵਾਈ ਕੀਤੀ ਜਾਵੇ, ਇਸ ਢੰਗ ਨਾਲ ਕੀਤੀ ਜਾਵੇ ਕਿ ਉਹ ਲੋਕਾਂ ਨੂੰ ਜਾਗ੍ਰਿਤ ਕਰਨ ਵਿਚ ਵੱਧ ਤੋਂ ਵੱਧ ਹਿੱਸਾ ਪਾ ਸਕੇ। ਇਸੇ ਕਰਕੇ ਸਾਈਮਨ-ਵਿਰੋਧੀ ਮੁਜ਼ਾਹਰੇ ਵਿਚ ਲੱਗੀਆਂ ਸੱਟਾਂ ਨਾਲ ਹੋਈ ਲਾਲਾ ਲਾਜਪਤ ਰਾਇ ਦੀ ਮੌਤ ਦੇ ਜਵਾਬ ਵਿਚ ਇਸ ਲਾਠੀਚਾਰਜ ਦਾ ਹੁਕਮ ਦੇਣ ਵਾਲੇ ਪੁਲਿਸ ਅਧਿਕਾਰੀ ਜੇਮਜ਼ ਸਕਾਟ ਨੂੰ ਭਰੇ-ਬਾਜ਼ਾਰ ਮਾਰਨ ਦਾ ਫੈਸਲਾ ਕੀਤਾ ਗਿਆ। ਭਾਵੇਂ ਭੁਲੇਖੇ ਨਾਲ ਐਨ ਉਸੇ ਸਮੇਂ ਨਿਕਲਿਆ ਸਾਂਡਰਸ ਮਾਰਿਆ ਗਿਆ, ਪਰ ਲੋਕਾਂ ਵਿਚ ਉਤਸਾਹ ਅਤੇ ਜੋਸ਼ ਭਰਨ ਦਾ ਭਗਤ ਸਿੰਘ ਅਤੇ ਸਾਥੀਆਂ ਦਾ ਮਨੋਰਥ ਪੂਰਾ ਹੋ ਗਿਆ।

ਸਾਂਡਰਸ ਨੂੰ ਮਾਰਨ ਮਗਰੋਂ ਬਚ ਨਿਕਲੇ ਭਗਤ ਸਿੰਘ ਨੇ ਇਸ ਉਤਸਾਹ ਅਤੇ ਜੋਸ਼ ਨੂੰ ਹੋਰ ਤੇਜ਼ ਕਰਨ ਵਾਸਤੇ ਬਟੁਕੇਸ਼ਵਰ ਦੱਤ ਨਾਲ ਮਿਲ ਕੇ ਸੈਂਟਰਲ ਲੈਜਿਸਲੇਟਿਵ ਅਸੈਂਬਲੀ ਵਿਚ ਫੋਕੇ ਬੰਬ ਅਤੇ ਪਰਚੇ ਸੁੱਟਣ ਮਗਰੋਂ ਗ੍ਰਿਫਤਾਰੀ ਦੇਣ ਦਾ ਫੈਸਲਾ ਕੀਤਾ। ਦੋ ਫੋਕੇ ਬੰਬਾਂ ਨਾਲ ਉਨ੍ਹਾਂ ਨੇ ਅੰਗਰੇਜ਼ ਨੂੰ ਇਹ ਤਾਂ ਸਪੱਸ਼ਟ ਕੀਤਾ ਹੀ ਕਿ ਸਾਡਾ ਇਰਾਦਾ ਲੋਕਾਂ ਨੂੰ ਮਾਰਨ ਦਾ ਨਹੀਂ, ਨਾਲ ਹੀ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਤੁਹਾਡੀਆਂ ਗੋਲੀਆਂ ਵੀ ਸਾਨੂੰ ਮਾਰ ਨਹੀਂ ਸਕਣਗੀਆਂ।

'ਇਨਕਲਾਬ, ਜ਼ਿੰਦਾਬਾਦ' ਦੇ ਗੂੰਜਵੇਂ ਨਾਅਰਿਆਂ ਨਾਲ ਉਥੇ ਸੁੱਟੇ ਗਏ ਦੁਵਰਕੇ ਵਿਚ ਉਨ੍ਹਾਂ ਨੇ ਲਿਖਿਆ, "ਬੰਦਿਆਂ ਨੂੰ ਮਾਰਨਾ ਸੌਖਾ ਹੈ, ਪਰ ਵਿਚਾਰਾਂ ਨੂੰ ਮਾਰਿਆ ਨਹੀਂ ਜਾ ਸਕਦਾ। ਵੱਡੇ ਵੱਡੇ ਸਾਮਰਾਜ ਢਹਿ ਕੇ ਢੇਰੀ ਹੋ ਗਏ, ਜਦੋਂਕਿ ਵਿਚਾਰ ਬਚੇ ਰਹੇ!"

ਹੁਣ ਭਗਤ ਸਿੰਘ ਦਾ ਮੁੱਖ ਨਿਸ਼ਾਨਾ ਕੈਦ, ਮੁਕੱਦਮੇ ਅਤੇ ਮੌਤ ਨੂੰ ਆਪਣੇ ਵਿਚਾਰਾਂ ਦੇ ਪ੍ਰਚਾਰ ਲਈ ਅਤੇ ਲੋਕਾਂ ਵਿਚ ਅੰਗਰੇਜ਼-ਵਿਰੋਧੀ ਰੋਹ ਦੀ ਜਵਾਲਾ ਪ੍ਰਚੰਡ ਕਰਨ ਲਈ ਵੱਧ ਤੋਂ ਵੱਧ ਵਰਤਣਾ ਸੀ। ਸਿਆਸੀ ਕੈਦੀਆਂ ਨੂੰ ਉਨ੍ਹਾਂ ਦਾ ਹੱਕੀ ਦਰਜਾ, ਭਾਵ ਸਿਆਸੀ ਕੈਦੀਆਂ ਵਾਲਾ ਦਰਜਾ ਦੁਆਉਣ ਅਤੇ ਅੰਗਰੇਜ਼ ਤੇ ਭਾਰਤੀ ਕੈਦੀਆਂ ਦੇ ਹੱਕਾਂ ਦੀ ਬਰਾਬਰੀ ਜਿਹੀਆਂ ਹੋਰ ਮੰਗਾਂ ਵਾਸਤੇ ਭੁੱਖ ਹੜਤਾਲ ਕਰ ਦਿੱਤੀ ਗਈ। ਇਸ ਕਾਰਨ ਜਤਿੰਦਰ ਨਾਥ ਦਾਸ 63 ਦਿਨਾਂ ਮਗਰੋਂ 13 ਸਤੰਬਰ 1929 ਨੂੰ ਕੈਦ ਵਿਚ ਹੀ ਸ਼ਹੀਦ ਹੋ ਗਿਆ। ਭੁੱਖ ਹੜਤਾਲ ਦੇਸ ਲਈ ਇਕ ਵੱਡਾ ਮੁੱਦਾ ਬਣ ਗਈ।

ਮੁਹੰਮਦ ਅਲੀ ਜਿਨਾਹ ਨੇ ਅਸੈਂਬਲੀ ਵਿਚ ਕਿਹਾ, "ਜੋ ਆਦਮੀ ਭੁੱਖ ਹੜਤਾਲ ਕਰਦਾ ਹੈ, ਉਹਦੀ ਆਤਮਾ ਜਾਗ ਰਹੀ ਹੁੰਦੀ ਹੈ। ਉਹਨੂੰ ਇਹ ਆਤਮਾ ਝੰਜੋੜਦੀ ਹੈ। ਤੇ ਉਹਨੂੰ ਆਪਣੇ ਉਦੇਸ਼ ਦੇ ਹੱਕੀ ਹੋਣ ਦਾ ਯਕੀਨ ਹੁੰਦਾ ਹੈ।...ਇਨ੍ਹਾਂ ਨੌਜਵਾਨਾਂ ਦੀ ਤੁਸੀਂ ਕਿੰਨੀ ਵੀ ਨੁਕਤਾਚੀਨੀ ਕਰੋ ਅਤੇ ਕਿੰਨਾ ਵੀ ਉਨ੍ਹਾਂ ਨੂੰ ਕੁਰਾਹੀਏ ਕਹੋ, ਇਹ ਸਿਸਟਮ, ਰਾਜ ਕਰਨ ਦਾ ਲਾਅਨਤੀ ਸਿਸਟਮ ਹੈ ਜੋ ਲੋਕਾਂ ਦਾ ਕਰੋਧ ਜਗਾਉਂਦਾ ਹੈ।"

ਜਵਾਹਰ ਲਾਲ ਨਹਿਰੂ ਨੇ ਕੈਦ ਵਿਚ ਭਗਤ ਸਿੰਘ ਅਤੇ ਹੋਰ ਭੁੱਖ-ਹੜਤਾਲੀ ਸਾਥੀਆਂ ਨੂੰ ਮਿਲਣ ਮਗਰੋਂ ਕਿਹਾ, "ਮੈਨੂੰ ਇਨ੍ਹਾਂ ਸੂਰਮਿਆਂ ਦਾ ਕਸ਼ਟ ਦੇਖ ਕੇ ਬਹੁਤ ਹੀ ਦੁੱਖ ਹੋਇਆ ਹੈ। ਇਸ ਸੰਗਰਾਮ ਵਿਚ ਉਨ੍ਹਾਂ ਨੇ ਆਪਣੀਆਂ ਜਾਨਾਂ ਹਥੇਲੀ ਉਤੇ ਰੱਖ ਲਈਆਂ ਹਨ। ਉਹ ਚਾਹੁੰਦੇ ਹਨ ਕਿ ਸਿਆਸੀ ਕੈਦੀਆਂ ਨੂੰ ਸਿਆਸੀ ਕੈਦੀ ਹੀ ਸਮਝਿਆ ਜਾਵੇ। ਮੈਨੂੰ ਪੂਰੀ ਉਮੀਦ ਹੈ ਕਿ ਉਨ੍ਹਾਂ ਦੀ ਕੁਰਬਾਨੀ ਜ਼ਰੂਰ ਰੰਗ ਲਿਆਵੇਗੀ।"



ਸ਼ਹੀਦ ਭਗਤ ਸਿੰਘ

ਫਾਂਸੀ ਤੋਂ ਇਕ ਦਿਨ ਪਹਿਲਾਂ, 22 ਮਾਰਚ 1931 ਨੂੰ ਭਗਤ ਸਿੰਘ ਨੇ ਕੈਦ ਵਿਚਲੇ ਆਪਣੇ ਕੁਛ ਸਾਥੀਆਂ ਨਾਲ ਆਪਣੀ ਤਸੱਲੀ ਸਾਂਝੀ ਕੀਤੀ, "ਮੇਰਾ ਨਾਂ ਇਨਕਲਾਬ ਦਾ ਚਿੰਨ੍ਹ ਬਣ ਗਿਆ ਹੈ। ਇਨਕਲਾਬੀ ਪਾਰਟੀ ਦੇ ਆਦਰਸ਼ਾਂ ਅਤੇ ਕੁਰਬਾਨੀਆਂ ਨੇ ਮੈਨੂੰ ਬਹੁਤ ਉਚਾ ਚੁੱਕ ਦਿੱਤਾ ਹੈ। ਮੇਰਾ ਸਥਾਨ ਏਨਾ ਉਚਾ ਹੋ ਗਿਆ ਹੈ ਕਿ ਜੇ ਮੈਂ ਜਿਉਂਦਾ ਵੀ ਰਹਾਂ, ਮੈਂ ਕਿਵੇਂ ਵੀ ਇਸ ਨਾਲੋਂ ਹੋਰ ਉਚਾ ਨਹੀਂ ਹੋ ਸਕਦਾ। ਮੇਰੇ ਨਾਲੋਂ ਵੱਧ ਖੁਸ਼ਕਿਸਮਤ ਕੌਣ ਹੋਵੇਗਾ! ਇਨ੍ਹੀਂ ਦਿਨੀਂ ਮੈਨੂੰ ਆਪਣੇ ਆਪ ਉਤੇ ਬਹੁਤ ਮਾਣ ਹੁੰਦਾ ਹੈ!"

ਕਥਿਤ 'ਲਾਹੌਰ ਸਾਜ਼ਿਸ਼ ਕੇਸ' ਦੇ ਫੈਸਲੇ ਅਨੁਸਾਰ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ 24 ਮਾਰਚ ਨੂੰ ਦਿੱਤੀ ਜਾਣੀ ਸੀ ਪਰ ਦੇਸ਼ ਦੇ ਪ੍ਰਤੀਕਰਮ ਤੋਂ ਡਰਦਿਆਂ ਆਪਣੇ ਹੀ ਨੇਮ-ਕਾਨੂੰਨਾਂ ਦੀਆਂ ਧੱਜੀਆਂ ਉਡਾ ਕੇ ਹਾਕਮਾਂ ਨੇ ਉਨ੍ਹਾਂ ਨੂੰ 11 ਘੰਟੇ ਪਹਿਲਾਂ 23 ਮਾਰਚ ਦੀ ਸ਼ਾਮ ਦੇ ਸਾਢੇ ਸੱਤ ਵਜੇ ਹੀ ਫਾਂਸੀ ਦੇ ਦਿੱਤੀ। ਕੈਦ ਦੀ ਪਿਛਲੀ ਕੰਧ ਤੋੜਦਿਆਂ ਉਨ੍ਹਾਂ ਦੀਆਂ ਦੇਹਾਂ ਲਾਹੌਰ ਤੋਂ 60 ਕਿਲੋਮੀਟਰ ਅਤੇ ਫਿਰੋਜ਼ਪੁਰ ਤੋਂ 10 ਕਿਲੋਮੀਟਰ ਦੂਰ ਪਿੰਡ ਗੰਡਾ ਸਿੰਘ ਵਾਲਾ ਕੋਲ ਰਾਤ ਦੇ ਹਨੇਰੇ ਵਿਚ ਜਾ ਸਸਕਾਰੀਆਂ। ਮੱਚੀਆਂ-ਅਧਮੱਚੀਆਂ ਚਿਤਾਵਾਂ ਪੂਰੀਆਂ ਦੀਆਂ ਪੂਰੀਆਂ ਹੀ ਹੂੰਝ ਕੇ ਸਤਲੁਜ ਵਿਚ ਸੁੱਟ ਦਿੱਤੀਆਂ ਗਈਆਂ। ਪਹਿਲਾਂ ਮੁਕੱਦਮੇ ਦੇ ਢੰਗ-ਤਰੀਕੇ ਕਾਰਨ ਜਾਗਿਆ ਲੋਕਾਂ ਦਾ ਗੁੱਸਾ ਫਾਂਸੀ ਦੀ ਅਜਿਹੀ ਬੁਜ਼ਦਿਲਾਨਾ ਕਰਤੂਤ ਨੇ ਹੋਰ ਭੜਕਾ ਦਿੱਤਾ। ਭਗਤ ਸਿੰਘ ਨੇ ਆਪਣੀ ਕੁਰਬਾਨੀ ਨਾਲ ਸੁੱਤੇ ਹੋਏ ਲੋਕਾਂ ਨੂੰ ਜਗਾਉਣ ਦਾ ਜੋ ਟੀਚਾ ਮਿਥਿਆ ਸੀ, ਉਹ 23 ਸਾਲ ਦੀ ਛੋਟੀ ਜਿਹੀ ਉਮਰ ਵਿਚ ਪੂਰਾ ਕਰ ਦਿਖਾਇਆ।

ਸੁਭਾਸ਼ ਚੰਦਰ ਬੋਸ ਨੇ ਕਿਹਾ, "ਭਗਤ ਸਿੰਘ ਨੌਜਵਾਨਾਂ ਦੀ ਨਵ-ਜਾਗ੍ਰਤੀ ਦਾ ਪ੍ਰਤੀਕ ਬਣ ਗਿਆ ਹੈ!" ਨਹਿਰੂ ਨੇ ਆਖਿਆ, "ਉਹ ਸੱਚਾ ਸੰਗਰਾਮੀਆ ਸੀ ਜੀਹਨੇ ਦੁਸ਼ਮਣ ਦਾ ਟਾਕਰਾ ਰਣ-ਤੱਤੇ ਵਿਚ ਕੀਤਾ।...ਉਹ ਇਕ ਚੰਗਿਆੜਾ ਸੀ, ਜੋ ਕੁਛ ਹੀ ਸਮੇਂ ਵਿਚ ਲਾਟ ਬਣ ਗਿਆ ਤੇ ਫੇਰ ਹਰ ਥਾਂ ਹਨੇਰੇ ਨੂੰ ਪਿਛਾੜਦਿਆਂ ਦੇਸ਼ ਦੇ ਇਕ ਸਿਰੇ ਤੋਂ ਦੂਜੇ ਤੱਕ ਭਾਂਬੜ ਬਣ ਕੇ ਫੈਲ ਗਿਆ!"

ਮੇਰਠ ਸਾਜ਼ਿਸ਼ ਕੇਸ ਦੇ ਕੈਦੀਆਂ ਵੱਲੋਂ ਅਦਾਲਤ ਵਿਚ ਖੜ੍ਹਾ ਹੋ ਕੇ ਸਾਥੀ ਸੋਹਨ ਸਿੰਘ ਜੋਸ਼ ਨੇ ਇਸ ਫਾਂਸੀ ਨੂੰ ਬੇਰਹਿਮੀ ਨਾਲ ਕੀਤਾ ਗਿਆ ਕਤਲ, ਸਾਮਰਾਜਵਾਦੀ ਇਨਸਾਫ ਦਾ ਅਤਿਅੰਤ ਵਹਿਸ਼ੀਆਨਾ ਨਮੂਨਾ, ਗੋਰੀ ਦਹਿਸ਼ਤ ਦੀ ਬੁਜ਼ਦਿਲਾਨਾ ਕਾਰਵਾਈ ਆਖਦਿਆਂ ਬਿਆਨ ਵਿਚ ਅੱਗੇ ਕਿਹਾ, "ਇਹ ਬਹਾਦਰ ਲੋਕ ਬਰਤਾਨਵੀ ਸਾਮਰਾਜ ਦੇ ਜ਼ਾਲਮਾਨਾ ਜਬਰ ਦੇ ਸ਼ਿਕਾਰ ਹੋਏ ਹਨ, ਜੀਹਦੇ ਵਿਰੁਧ ਬਗਾਵਤ ਕਰਨ ਦਾ ਇਨ੍ਹਾਂ ਨੇ ਜੇਰਾ ਅਤੇ ਹੌਸਲਾ ਦਿਖਾਇਆ ਹੈ। ਅਸੀਂ ਹਿੰਦੁਸਤਾਨ ਦੇ ਕੌਮੀ ਇਨਕਲਾਬ ਦੇ ਕਾਜ ਦੇ ਸ਼ਹੀਦਾਂ ਵਜੋਂ ਉਨ੍ਹਾਂ ਦਾ ਸਤਿਕਾਰ ਕਰਦੇ ਹਾਂ! ਅਸੀਂ ਉਨ੍ਹਾਂ ਦੀ ਬਹਾਦਰੀ ਅਤੇ ਕੁਰਬਾਨੀ ਦੀ ਸ਼ਲਾਘਾ ਕਰਦੇ ਹਾਂ! ਅਸੀਂ ਉਨ੍ਹਾਂ ਦੇ ਸਾਥੀਆਂ, ਮਿੱਤਰਾਂ ਅਤੇ ਰਿਸ਼ਤੇਦਾਰਾਂ ਦੇ ਡੂੰਘੇ ਗਮ ਵਿਚ ਸ਼ਰੀਕ ਹੁੰਦੇ ਹਾਂ!" ਉਨ੍ਹਾਂ ਨੇ ਬਰੈਡਲਾ ਹਾਲ, ਲਾਹੌਰ ਦੀ ਮਾਰਫਤ, ਸਰਦਾਰ ਕਿਸ਼ਨ ਸਿੰਘ ਨੂੰ ਭੇਜਣ ਲਈ ਡੂੰਘੇ ਸਦਮੇ ਦੀ ਤਾਰ ਜ਼ਿਲਾ ਮੈਜਿਸਟਰੇਟ ਨੂੰ ਸੌਂਪ ਦਿੱਤੀ।

ਭਗਤ ਸਿੰਘ ਦੇ ਬੋਲਾਂ ਨੂੰ ਸੱਚੇ ਸਿੱਧ ਕਰਦਿਆਂ ਇਸ ਸ਼ਹੀਦੀ ਨੇ ਉਹਨੂੰ ਪੂਰੇ ਦੇਸ਼ ਦਾ ਆਦਰਸ਼ ਬਣਾ ਦਿੱਤਾ। ਫਾਂਸੀ ਤੋਂ ਚਾਰ ਸਾਲ ਮਗਰੋਂ ਇੰਟੈਲੀਜੈਂਸ ਬਿਊਰੋ ਦੇ ਡਾਇਰੈਕਟਰ, ਵਿਲੀਅਮਸਨ ਨੇ ਰਿਪੋਰਟ ਭੇਜੀ, "ਉਹਦੀਆਂ ਤਸਵੀਰਾਂ ਸ਼ਹਿਰ-ਸ਼ਹਿਰ, ਨਗਰ-ਨਗਰ ਵਿਕ ਰਹੀਆਂ ਹਨ ਅਤੇ ਕੁਛ ਸਮੇਂ ਤੋਂ ਉਹਦੀ ਲੋਕਪ੍ਰਿਅਤਾ ਤਾਂ ਖ਼ੁਦ ਮਿਸਟਰ ਗਾਂਧੀ ਦੀ ਲੋਕਪ੍ਰਿਅਤਾ ਦਾ ਮੁਕਾਬਲਾ ਕਰਨ ਲੱਗੀ ਹੈ।" ਇਸ ਗੋਰੇ ਅਧਿਕਾਰੀ ਨੂੰ ਵੀ ਸ਼ਾਇਦ ਇਹ ਅੰਦਾਜ਼ਾ ਨਹੀਂ ਹੋਵੇਗਾ ਕਿ ਭਗਤ ਸਿੰਘ ਦੀ ਇਹ ਲੋਕਪ੍ਰਿਅਤਾ ਤਾਂ ਵਧਦੀ ਹੀ ਜਾਣੀ ਸੀ। ਦੇਸ਼ ਦੇ ਆਜ਼ਾਦ ਹੋਣ ਪਿਛੋਂ ਵੀ ਲੋਕਾਂ ਨੂੰ ਜਦੋਂ ਕੋਈ ਸੰਘਰਸ਼ ਛੇੜਨਾ ਪਿਆ ਹੈ, ਭਗਤ ਸਿੰਘ ਉਨ੍ਹਾਂ ਦੀ ਪ੍ਰੇਰਨਾ, ਹੱਲਾਸ਼ੇਰੀ ਅਤੇ ਸ਼ਕਤੀ ਬਣ ਕੇ ਹਾਜ਼ਰ-ਨਾਜ਼ਰ ਰਿਹਾ ਹੈ। ਲੋਕ-ਹਿਤ ਦੇ ਕਿਸੇ ਵੀ ਮੁੱਦੇ ਨੂੰ ਲੈ ਕੇ ਸੰਘਰਸ਼ ਵਾਸਤੇ ਉਤਰੇ ਨੌਜਵਾਨ ਸਦਾ ਉਹਦੇ ਨਾਂ ਦੀ ਹੀ ਸਹੁੰ ਖਾਂਦੇ ਰਹੇ ਹਨ।

ਮੈਨੂੰ ਚੇਤੇ ਹੈ ਕਿ 1947 ਵਿਚ ਦੇਸ਼ ਦੇ ਅੰਗਰੇਜ਼ ਹੇਠਲੇ ਮੁੱਖ ਭਾਗ ਦੇ ਆਜ਼ਾਦ ਹੋ ਜਾਣ ਪਿਛੋਂ ਕੁਛ ਛੋਟੇ-ਛੋਟੇ ਭਾਗ ਅਜੇ ਵੀ ਫਰਾਂਸੀਸੀ ਅਤੇ ਪੁਰਤਗਾਲੀ ਸਾਮਰਾਜੀਆਂ ਦੇ ਅਧੀਨ ਸਨ। ਜਦੋਂ ਗੋਆ ਤੋਂ ਪੁਰਤਗਾਲੀਆਂ ਦਾ ਸਾਢੇ ਚਾਰ ਸਦੀਆਂ ਪੁਰਾਣਾ ਕਬਜ਼ਾ ਹਟਾਉਣ ਵਾਸਤੇ ਪੁਰ-ਅਮਨ ਸਤਿਆਗ੍ਰਹਿ ਸ਼ੁਰੂ ਹੋਇਆ, ਉਸ ਜਥੇ ਵਿਚ ਸਾਡਾ ਅਧਿਆਪਕ ਸਾਥੀ ਕਰਨੈਲ ਸਿੰਘ ਈਸੜੂ ਵੀ ਸ਼ਾਮਲ ਸੀ, ਜਿਸ ਨੇ ਆਜ਼ਾਦ ਭਾਰਤ ਅਤੇ ਗੁਲਾਮ ਗੋਆ ਵਿਚਕਾਰਲੀ ਹੱਦ ਲੰਘ ਕੇ ਭਾਰਤੀ ਝੰਡਾ ਗੱਡਣਾ ਸੀ। ਪੁਰਤਗਾਲੀ ਸਾਮਰਾਜੀਆਂ ਨੇ ਐਲਾਨ ਕੀਤਾ ਹੋਇਆ ਸੀ ਕਿ ਗੋਲੀਆਂ ਹੱਦ ਲੰਘਣ ਵਾਲਿਆਂ ਦੀ ਉਡੀਕ ਕਰ ਰਹੀਆਂ ਹਨ। ਸਰਹੱਦ ਪਾਰ ਕਰਨ ਲਈ ਤਿਆਰ ਖਲੋਤੇ ਜਥੇ ਵਿਚੋਂ ਕਰਨੈਲ ਸਿੰਘ ਨੂੰ ਧੁਰ ਪੰਜਾਬੋਂ ਆਇਆ ਦੇਖ ਕੇ ਪੱਤਰਕਾਰਾਂ ਨੇ ਪੁੱਛਿਆ, 'ਅੱਗੇ ਯਕੀਨਨ ਵਰ੍ਹਨ ਵਾਲੀਆਂ ਗੋਲੀਆਂ ਦੇ ਸਾਹਮਣੇ ਹਿੱਕ ਡਾਹੁਣ ਲਈ ਏਨੀ ਦੂਰੋਂ ਇਥੇ ਲਿਆਉਣ ਵਾਲੀ ਤੁਹਾਡੀ ਅਜਿਹੀ ਕਿਹੜੀ ਪ੍ਰੇਰਨਾ ਹੈ?' ਉਹਨੇ ਉਤਰ ਦਿੱਤਾ ਸੀ, "ਅਸੀਂ ਭਗਤ ਸਿੰਘ ਦਾ ਨਾਂ ਲੈ ਕੇ ਕੋਈ ਵੀ ਕੁਰਬਾਨੀ ਕਰ ਸਕਦੇ ਹਾਂ।" ਤੇ ਅੱਜ ਵੀ ਲੋਕਾਂ ਦੇ ਹੱਕਾਂ ਵਾਸਤੇ ਜੂਝਣ ਵਾਲੇ ਸਭਨਾਂ ਲਈ ਭਗਤ ਸਿੰਘ ਏਡੀ ਹੀ ਵੱਡੀ ਪ੍ਰੇਰਨਾ ਹੈ।

ਉਹਦੀ ਕਰਨੀ ਨੂੰ ਉਜਾਗਰ ਕਰਦੀਆਂ ਅਨੇਕ ਭਾਸ਼ਾਵਾਂ ਵਿਚ ਰਚਿਤ ਕਵਿਤਾਵਾਂ, ਗੀਤਾਂ, ਨਾਟਕਾਂ ਅਤੇ ਪੁਸਤਕਾਂ ਦੀ ਤਾਂ ਕੋਈ ਗਿਣਤੀ ਹੀ ਨਹੀਂ। ਇਹਨੂੰ ਭਗਤ ਸਿੰਘ ਦੀ ਜਿੱਤ ਹੀ ਕਹਾਂਗੇ ਕਿ ਉਹਦੀ ਵਿਚਾਰਧਾਰਾ ਦੇ ਕੱਟੜ ਵਿਰੋਧੀ ਵੀ ਵੋਟਾਂ ਦੇ ਇਸ ਰਾਜ ਵਿਚ ਜਨਤਕ ਜਜ਼ਬੇ ਤੋਂ ਡਰਦੇ ਉਹਦੇ ਦਿਨ ਮਨਾਉਂਦੇ ਹਨ। ਉਹਦੀ ਕਰਨੀ ਨੂੰ ਲੈ ਕੇ ਅੱਧੀ ਦਰਜਨ ਤੋਂ ਵੱਧ ਫਿਲਮਾਂ ਬਣ ਚੁੱਕੀਆਂ ਹਨ। 2008 ਦੇ ਆਜ਼ਾਦੀ ਦਿਵਸ ਨੂੰ ਸੰਸਦ ਦੇ ਪਸਾਰੇ ਵਿਚ ਉਹਦਾ 18 ਫੁੱਟ ਉਚਾ ਕਾਂਸੀ ਦਾ ਬੁੱਤ ਸੁਭਾਸ਼ ਚੰਦਰ ਬੋਸ ਦੇ ਬੁੱਤ ਦੇ ਨਾਲ ਲਾਇਆ ਗਿਆ ਅਤੇ ਸੰਸਦ ਭਵਨ ਵਿਚ ਉਹਦੇ ਤੇ ਦੱਤ ਦੇ ਚਿੱਤਰ ਸਜਾਏ ਗਏ।

ਆਮ ਲੋਕਾਂ ਦੀ ਰਾਇ ਦਾ ਇਕ ਪ੍ਰਗਟਾਵਾ ਉਸ ਸਮੇਂ ਹੋਇਆ ਜਦੋਂ 2008 ਵਿਚ ਹੀ ਅੰਗਰੇਜ਼ੀ ਦੇ ਪ੍ਰਸਿੱਧ ਰਸਾਲੇ 'ਇੰਡੀਆ ਟੂਡੇ' ਨੇ "ਸਭ ਤੋਂ ਮਹਾਨ ਭਾਰਤੀ" ਚੁਣਨ ਵਾਸਤੇ ਮੱਤ-ਸੰਗ੍ਰਹਿ ਕਰਵਾਇਆ। ਗਾਂਧੀ ਜੀ ਅਤੇ ਨੇਤਾ ਜੀ ਸੁਭਾਸ਼ ਬੋਸ ਤੋਂ ਵੀ ਵੱਧ ਮੱਤ ਲੈ ਕੇ ਪਹਿਲਾ ਸਥਾਨ ਭਗਤ ਸਿੰਘ ਨੇ ਪ੍ਰਾਪਤ ਕੀਤਾ!



ਨੈਸ਼ਨਲ ਕਾਲਜ, ਲਾਹੌਰ ਦੇ ਵਿਦਿਆਰਥੀ ਅਤੇ ਸਟਾਫ ਦੀ ਇਕ ਦੁਰਲਭ ਤੇ ਇਤਿਹਾਸਕ ਤਸਵੀਰ। ਤਸਵੀਰ ਵਿਚ ਸ਼ਹੀਦ ਭਗਤ ਸਿੰਘ ਸੱਜਿਓਂ ਚੌਥੇ ਖੜ੍ਹੇ ਨਜ਼ਰ ਆ ਰਹੇ ਹਨ

## ਗਦਰੀ ਬਾਬੇ ਕੌਣ ਸਨ?-2

ਗਦਰ ਲਹਿਰ

# ਮਜ਼ਹਬ ਤੇ ਰਾਸ਼ਟਰਵਾਦ: ਪ੍ਰਸੰਗ ਕੱਲ੍ਹ ਤੇ ਅੱਜ

*ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦੇ ਮਿਸਾਲੀ ਸੰਘਰਸ਼ 'ਗਦਰ ਲਹਿਰ' ਦਾ ਸ਼ਤਾਬਦੀ ਵਰ੍ਹਾ ਚੱਲ ਰਿਹਾ ਹੈ। ਵੀਹਵੀਂ ਸਦੀ ਦੇ ਅਰੰਭ ਵਿਚ ਇਨ੍ਹਾਂ ਗਦਰੀਆਂ ਨੇ ਇਕ ਵਾਰ ਤਾਂ ਅੰਗਰੇਜ਼ਾਂ ਦੀ ਹਕੂਮਤ ਨੂੰ ਹੱਥਾਂ-ਪੈਰਾਂ ਦੀ ਪਾ ਦਿੱਤੀ ਸੀ। ਇਨ੍ਹਾਂ ਗਦਰੀਆਂ ਦੀ ਚਰਚਾ ਗਾਹੇ-ਬਗਾਹੇ ਹੁੰਦੀ ਰਹੀ ਹੈ ਅਤੇ ਸੰਜੀਦਾ ਜੁਝਾਰੂ ਲੋਕ ਉਨ੍ਹਾਂ ਦੀ ਵਿਰਾਸਤ ਨੂੰ ਅਗਾਂਹ ਤੋਰਨ ਦੇ ਆਹਰ ਵਿਚ ਲੱਗੇ ਰਹੇ ਹਨ। ਹੁਣ ਸ਼ਤਾਬਦੀ ਦੇ ਬਹਾਨੇ ਗਦਰੀਆਂ ਵੱਲੋਂ ਕੌਮੀ ਕਾਜ ਵਿਚ ਪਾਏ ਯੋਗਦਾਨ ਬਾਰੇ ਇਕ ਵਾਰ ਫਿਰ ਭਰਪੂਰ ਚਰਚਾ ਛਿੜੀ ਹੈ ਪਰ ਕੁਝ ਵਿਦਵਾਨ ਗਦਰੀਆਂ ਨੂੰ ਮਹਿਜ਼ ਸਿੱਖਾਂ ਤੱਕ ਸੀਮਤ ਕਰ ਰਹੇ ਹਨ। ਮਸ਼ਹੂਰ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਇਸ ਬਾਰੇ ਸਾਨੂੰ ਲੰਮਾ ਲੇਖ ਭੇਜਿਆ ਹੈ। ਅਸੀਂ ਵਰਿਆਮ ਸਿੰਘ ਸੰਧੂ ਦਾ ਇਹ ਲੇਖ ਲੜੀਵਾਰ ਛਾਪ ਰਹੇ ਹਾਂ। ਇਨ੍ਹਾਂ ਲੇਖਾਂ ਦੇ ਵਿਚਾਰਾਂ ਬਾਰੇ ਆਈ ਹਰ ਰਾਇ ਨੂੰ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ*

ਗੁਰਦੁਆਰਾ ਸਟਾਕਟਨ ਬਣਾਉਣ ਬਾਰੇ ਦੂਜੇ ਦਿਨ ਦੀ ਰਾਜਸੀ ਇਕੱਤਰਤਾ ਵਿਚ ਹਿੰਦੁਸਤਾਨ ਦੀ ਆਜ਼ਾਦੀ ਲਈ ਯਤਨ ਕਰਨ ਦਾ ਫੈਸਲਾ ਹੋਇਆ ਅਤੇ ਜੋ ਸੱਜਣ ਇਸ ਕੰਮ ਲਈ ਤਿਆਰ-ਬਰ-ਤਿਆਰ ਸਨ, ਉਹ ਮੈਦਾਨ ਵਿਚ ਉਤਰ ਆਏ।

ਅਕਤੂਬਰ 1926 ਦੇ 'ਕਿਰਤੀ' ਵਿਚੋਂ ਗਦਰ ਲਹਿਰ ਦੀ ਅਸਲੀ ਗਾਥਾ-1 ਵਿਚ ਭਾਈ ਬਲਵੰਤ ਸਿੰਘ ਖੁਰਦਪੁਰ ਦੀ ਸ਼ਹਾਦਤ ਵਾਲੇ ਦਿਨ ਦਾ ਖਾਕਾ ਕੁਝ ਇਸ ਪ੍ਰਕਾਰ ਖਿੱਚਿਆ ਮਿਲਦਾ ਹੈ,



ਵਰਿਆਮ ਸਿੰਘ ਸੰਧੂ

'ਉਸ ਵੇਲੇ ਜੇਲ੍ਹ ਦੇ ਅੰਦਰ ਵਾਲਿਆਂ ਪਾਸੋਂ ਜੋ ਉਸ ਵੇਲੇ ਪਾਸ ਹਨ, ਪੂਰਨ ਭਰੋਸੇਯੋਗ ਹਾਲਾਤ ਮਾਲੂਮ ਹੋਏ ਹਨ, ਉਹ ਦਸਦੇ ਹਨ ਕਿ ਆਪ ਨੇ ਆਪਣੇ ਛੇ ਹੋਰ ਸਾਥੀਆਂ ਸਮੇਤ (ਜੋ ਆਪ ਦੇ ਨਾਲ ਫਾਂਸੀ ਆਏ) ਫਾਂਸੀ ਵਾਲੇ ਦਿਨ ਸਵੇਰ ਨੂੰ ਸੱਤ ਵਜੇ ਅਸ਼ਨਾਨ ਕੀਤਾ ਅਤੇ ਅਰਦਾਸਾ ਸੋਧਣ ਪਿਛੋਂ ਸਾਰਿਆਂ ਨੇ ਰਲ ਕੇ ਉਚੀ ਆਵਾਜ਼ ਵਿਚ ਕੌਮੀ ਗੀਤ ਪੜ੍ਹਿਆ ਤੇ ਭਾਰਤ ਮਾਤਾ ਨੂੰ ਆਖਰੀ ਨਮਸਕਾਰ ਕਰ ਕੇ ਹਿੰਦੁਸਤਾਨ ਦੀ ਆਜ਼ਾਦੀ ਵਾਸਤੇ ਆਪਣੇ ਆਪ ਨੂੰ ਬਲਿਦਾਨ ਕਰਨ ਲਈ ਫ਼ਾਂਸੀ ਦੀ ਰੱਸੀ ਨੂੰ ਖੁਸ਼ੀ ਖੁਸ਼ੀ ਆਪਣੇ ਗੱਲ ਵਿਚ ਪਾਇਆ। ਧੰਨ! ਧੰਨ!! ਧੰਨ!!!'

ਇਨ੍ਹਾਂ ਵੇਰਵਿਆਂ ਤੋਂ ਕਿਸੇ ਕਿਸਮ ਦੇ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਗਦਰੀਆਂ ਦਾ ਪਹਿਲਾ ਫ਼ਿਕਰ 'ਭਾਰਤ ਵਰਸ਼' ਸੀ ਜਾਂ ਜਿਵੇਂ ਪਹਿਲਾਂ ਸਟਾਕਟਨ ਦੇ ਗੁਰਦੁਆਰੇ ਦੇ ਹਵਾਲੇ ਨਾਲ ਜ਼ਿਕਰ ਆਇਆ ਹੈ, 'ਹਿੰਦੁਸਤਾਨ ਦੀ ਆਜ਼ਾਦੀ' ਲਈ ਲੋਕਾਂ ਨੂੰ 'ਤਿਆਰ-ਬਰ-ਤਿਆਰ' ਕਰਨਾ ਸੀ। ਧਰਮ ਨੂੰ ਦੇਸ਼ ਦੇ ਭਲੇ ਜਾਂ ਆਜ਼ਾਦੀ ਪ੍ਰਾਪਤ ਕਰਨ ਲਈ ਮਾਧਿਅਮ ਵਜੋਂ ਅਤੇ ਗੁਰਦੁਆਰੇ ਨੂੰ ਮੰਚ ਵਜੋਂ ਵਰਤਣ ਦਾ ਮਨਸ਼ਾ ਉਨ੍ਹਾਂ ਦੇ ਮਨਾਂ ਵਿਚ ਅਸਲੋਂ ਸਾਫ ਸੀ। ਇਹ ਸਭ ਕੁਝ ਉਸ ਸੰਤ ਵਿਸਾਖਾ ਸਿੰਘ ਦੀ ਲਿਖਤ ਆਖਦੀ ਹੈ ਜਿਸ ਦਾ ਪ੍ਰਸਿੱਧ ਅਧਿਆਤਮਕ ਹਸਤੀ ਤੇ ਸੱਚੇ ਸਿੱਖ ਵਜੋਂ ਅਮਰੀਕਾ ਵਿਚ ਵੱਸਦਾ ਸਾਰਾ ਭਾਰਤੀ ਸਮਾਜ ਸਤਿਕਾਰ ਕਰਦਾ ਸੀ। ਦੂਜਾ ਹਵਾਲਾ ਪ੍ਰਸਿੱਧ ਦੇਸ਼ ਭਗਤ, ਕੈਨੇਡੀਅਨ ਸੋਸ਼ਲਿਸਟ ਪਾਰਟੀ ਦੇ ਮੈਂਬਰ ਤੇ ਗੁਰਦੁਆਰਾ ਵੈਨਕੂਵਰ ਦੇ ਗ੍ਰੰਥੀ ਭਾਈ ਬਲਵੰਤ ਸਿੰਘ ਖੁਰਦਪੁਰ ਦਾ ਹੈ ਜਿਸ ਨੇ ਕੌਮੀ ਗੀਤ ਪੜ੍ਹਿਆ ਤੇ ਭਾਰਤ ਮਾਤਾ ਨੂੰ ਆਖਰੀ ਨਮਸਕਾਰ ਕਰ ਕੇ ਹਿੰਦੁਸਤਾਨ ਦੀ ਅਜ਼ਾਦੀ ਵਾਸਤੇ ਆਪਣੇ ਆਪ ਨੂੰ ਬਲਿਦਾਨ ਕਰਨ ਲਈ ਫ਼ਾਂਸੀ ਦੀ ਰੱਸੀ ਨੂੰ ਖੁਸ਼ੀ-ਖੁਸ਼ੀ ਆਪਣੇ ਗੱਲ ਵਿਚ ਪਾਇਆ। ਤੇ ਇਸ ਦਾ ਜ਼ਿਕਰ ਭਾਈ ਸੰਤੋਖ ਸਿੰਘ ਕਰ ਰਹੇ ਹਨ ਜਿਨ੍ਹਾਂ ਦਾ ਸਿੱਖੀ ਪ੍ਰੇਮ ਕਿਸੇ ਵੀ ਇਤਿਹਾਸ ਦੇ ਵਿਦਿਆਰਥੀ ਨੂੰ ਭੁੱਲਿਆ ਨਹੀਂ ਹੋਇਆ। ਇਨ੍ਹਾਂ ਦੋਵਾਂ ਦੇਸ਼ ਭਗਤਾਂ ਦੀਆਂ ਲਿਖਤਾਂ ਗਵਾਹੀ ਦਿੰਦੀਆਂ ਹਨ ਕਿ ਜੇ ਗਦਰੀਆਂ ਨੂੰ ਦੂਜੇ ਇਤਿਹਾਸਕਾਰ 'ਹਿੰਦੀ ਜਾਂ ਹਿੰਦੋਸਤਾਨੀ' ਆਖਦੇ ਹੋਏ ਉਨ੍ਹਾਂ ਨੂੰ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਣ ਵਾਲੇ ਸ਼ਹੀਦਾਂ ਸੂਰਬੀਰਾਂ ਵਜੋਂ ਚਿਤਵਦੇ ਹਨ ਤਾਂ ਇਸ ਵਿਚ ਗਲਤ ਕੀ ਹੋਇਆ!

ਸੱਚੀ ਗੱਲ ਤਾਂ ਇਹ ਹੈ ਕਿ ਗਦਰ ਪਾਰਟੀ ਦੀ ਸਥਾਪਨਾ ਮੌਕੇ ਹੀ ਪਾਰਟੀ ਨੂੰ ਗੈਰ-ਫਿਰਕੂ ਰੱਖਣ ਤੇ ਹਿੰਦੂ, ਮੁਸਲਮਾਨ ਤੇ ਸਿੱਖਾਂ ਦਾ ਸਾਂਝਾ ਏਕਾ ਸਿਰਜ ਕੇ ਹਿੰਦੋਸਤਾਨ ਨੂੰ ਹਥਿਆਰਬੰਦ ਗਦਰ ਕਰ ਕੇ ਆਜ਼ਾਦ ਕਰਨ ਦਾ ਨਿਸ਼ਾਨਾ ਮਿਥ ਲਿਆ ਗਿਆ ਸੀ। 21 ਅਪਰੈਲ 1913 ਨੂੰ ਆਸਟੋਰੀਆ ਦੀ ਇਕ ਆਰਾ ਮਿੱਲ ਵਿਚ ਭਾਈ ਕੇਸਰ ਸਿੰਘ ਠੱਠਗੜ੍ਹ ਜ਼ਿਲ੍ਹਾ ਅੰਮ੍ਰਿਤਸਰ ਦੇ ਡੇਰੇ ਇਕੱਠ ਹੋਇਆ। ਬਰਾਈਡਲਵਿਲ, ਪੋਰਟਲੈਂਡ, ਵਾਨਾ, ਸੇਂਟ ਜਾਨ ਅਤੇ ਲਿਨਟਨ ਦੇ ਨੁਮਾਇੰਦੇ ਵੀ ਇਸ ਵਿਚ ਸ਼ਾਮਲ ਹੋਏ। ਇਹ ਇੱਕ ਤਰ੍ਹਾਂ ਦੀ ਸਾਰੇ ਮੰਡ ਦੀ ਨੁਮਾਇੰਦਾ ਮੀਟਿੰਗ ਸੀ।

ਲਾਲਾ ਹਰਦਿਆਲ ਤੇ ਹੋਰਨਾਂ ਸਾਥੀਆਂ ਦੇ ਲੈਕਚਰਾਂ ਤੋਂ ਬਾਅਦ ਇਹ ਬੁਨਿਆਦੀ ਮਤਾ ਪਾਸ ਕੀਤਾ ਗਿਆ:

-ਜਥੇਬੰਦੀ ਦਾ ਨਾਂ ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ ਸੁਖਾਲਾ ਤੇ ਸਿੱਧਾ ਜਿਹਾ (ਹਿੰਦੀ ਪੈਸਿਫਿਕ ਐਸੋਸੀਏਸ਼ਨ) ਹੀ ਰੱਖਿਆ ਜਾਵੇ।

-ਜਥੇਬੰਦੀ ਦਾ ਮਨੋਰਥ ਹਥਿਆਰਬੰਦ ਇਨਕਲਾਬ ਨਾਲ ਅੰਗਰੇਜ਼ੀ ਗੁਲਾਮੀ ਤੋਂ ਹਿੰਦੁਸਤਾਨ ਨੂੰ ਛੁਡਾਉਣਾ ਅਤੇ ਆਜ਼ਾਦੀ ਤੇ ਬਰਾਬਰੀ ਦੀਆਂ ਬੁਨਿਆਦਾਂ ਉਤੇ ਕੌਮੀ ਜਮਹੂਰੀਅਤ ਕਾਇਮ ਕਰਨੀ।

-ਜਥੇਬੰਦੀ ਦਾ ਹੈਡ-ਕੁਆਰਟਰ ਕੈਲੀਫੋਰਨੀਆ ਦੇ ਸੈਨ ਫਰਾਂਸਿਸਕੋ ਸ਼ਹਿਰ ਵਿਚ ਰਹੇਗਾ ਜੋ ਸਮੁੰਦਰੀ ਘਾਟ ਵੀ ਹੈ ਤੇ ਦੁਨੀਆਂ ਦੇ ਇਨਕਲਾਬੀਆਂ ਦਾ ਕੇਂਦਰ ਵੀ।

-ਜਥੇਬੰਦੀ ਦਾ ਹਫਤਾਵਾਰ ਅਖਬਾਰ ਨਿਕਲੇਗਾ ਜਿਸ ਦਾ ਨਾਂ 'ਗਦਰ' ਹੋਵੇਗਾ ਅਤੇ ਹਿੰਦੁਸਤਾਨ ਦੀਆਂ ਉਰਦੂ, ਪੰਜਾਬੀ, ਹਿੰਦੀ ਤੇ ਹੋਰਨਾਂ ਜ਼ਬਾਨਾਂ ਵਿਚ ਛਪਿਆ ਕਰੇਗਾ (ਮਗਰੋਂ ਇਸ ਅਖਬਾਰ ਦੇ ਨਾਂ ਉਤੇ ਜਥੇਬੰਦੀ ਦਾ ਨਾਂ ਲੋਕਾਂ ਨੇ ਗਦਰ ਪਾਰਟੀ ਰੱਖ ਦਿੱਤਾ)।

-ਹਰ ਇਕ ਕਾਰਖਾਨੇ ਜਾਂ ਰੇਲ ਮਜ਼ਦੂਰਾਂ ਦੀ ਟੋਲੀ ਵਿਚ ਕੰਮ ਕਰਨ ਵਾਲੇ ਹਿੰਦੁਸਤਾਨੀ ਮੈਂਬਰਾਂ ਦੀ ਉਸ ਕਾਰਖਾਨੇ ਜਾਂ ਟੋਲੀ ਵਿਚ ਚੁਣੀ ਹੋਈ ਕਮੇਟੀ ਹੋਇਆ ਕਰੇਗੀ ਜਿਹੜੀ ਕੇਂਦਰ ਨਾਲ ਸਿੱਧੀ ਸਬੰਧਤ ਹੋਵੇਗੀ।

-ਜਥੇਬੰਦੀ ਵਿਚ ਮਜ਼ਹਬੀ ਬਹਿਸਾਂ ਦੀ ਕੋਈ ਥਾਂ ਨਹੀਂ ਹੋਵੇਗੀ। ਮਜ਼ਹਬ ਹਰ ਕਿਸੇ ਦਾ ਆਪਣਾ ਨਿੱਜੀ ਨੇਮ ਹੋਵੇਗਾ।

-ਜਥੇਬੰਦੀ ਦੇ ਹਰ ਸਿਪਾਹੀ ਦਾ ਫਰਜ਼ ਹੋਵੇਗਾ ਕਿ ਉਹ ਦੁਨੀਆਂ ਦੇ ਭਾਵੇਂ ਕਿਸੇ ਹਿੱਸੇ ਵਿਚ ਹੋਵੇ, ਜੇ ਉਥੇ ਅਜ਼ਾਦੀ ਦੀ ਜੰਗ ਹੁੰਦੀ ਹੈ ਤਾਂ ਉਸ ਵਿਚ ਜ਼ਰੂਰ ਹਿੱਸਾ ਲਵੇ।

ਇਸੇ ਦਿਨ ਪਾਰਟੀ ਦੇ ਅਹੁਦੇਦਾਰਾਂ ਦੀ ਕੀਤੀ ਚੋਣ ਵਿਚ ਹਿੰਦੂ, ਸਿੱਖਾਂ ਤੇ ਮੁਸਲਮਾਨ ਦੀ ਸ਼ਮੂਲੀਅਤ ਨੇ ਪਾਰਟੀ ਦੇ ਗੈਰ-ਫਿਰਕੂ ਸਰੂਪ ਨੂੰ ਨਿਰਧਾਰਤ ਕਰ ਕੇ ਸੰਕੇਤ ਕਰ ਦਿੱਤਾ ਸੀ ਕਿ ਪਾਰਟੀ ਦੀ ਦਿਸ਼ਾ ਤੇ ਗਤੀ ਕਿਹੜੀ ਹੋਵੇਗੀ। ਇਹ ਅਹੁਦੇਦਾਰ ਨਿਮਨ ਲਿਖਤ ਸਨ,

ਪ੍ਰਧਾਨ: ਸੋਹਨ ਸਿੰਘ ਭਕਨਾ

ਜਨਰਲ ਸਕੱਤਰ: ਲਾਲਾ ਹਰਦਿਆਲ

ਮੀਤ ਪ੍ਰਧਾਨ: ਕੇਸਰ ਸਿੰਘ ਠੱਠਗੜ੍ਹ

ਖਜ਼ਾਨਚੀ: ਪੰਡਿਤ ਕਾਸ਼ੀ ਰਾਮ

ਮੀਤ ਖਜ਼ਾਨਚੀ: ਹਰਨਾਮ ਸਿੰਘ ਕੋਟਲਾ ਨੌਧ ਸਿੰਘ

ਆਰਗੇਨਾਈਜ਼ਿੰਗ ਸਕੱਤਰ: ਕਰੀਮ ਬਖ਼ਸ ਤੇ ਮੁਨਸ਼ੀ ਰਾਮ

ਗਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਆਪਣੀ ਜੀਵਨ ਕਹਾਣੀ ਵਿਚ ਪਾਰਟੀ ਦੀ ਕਾਇਮੀ ਵੇਲੇ ਨਿਰਧਾਰਤ ਕੀਤੇ ਨਿਯਮਾਂ ਨੂੰ ਆਪਣੀ ਯਾਦਾਸ਼ਤ ਵਿਚੋਂ ਲਿਖਦੇ ਹਨ,

-ਗਦਰ ਪਾਰਟੀ ਦੇ ਹਰ ਇਕ ਸਿਪਾਹੀ ਦਾ ਆਪੋ ਵਿਚ ਕੌਮੀ ਨਾਤਾ ਹੋਵੇਗਾ ਨਾ ਕਿ ਮਜ਼ਹਬੀ ਅਤੇ ਨਾ ਹੀ ਪਾਰਟੀ ਵਿਚ ਕਦੀ ਮਜ਼ਹਬੀ ਚਰਚਾ ਕੀਤੀ ਜਾਵੇਗੀ। ਆਸਤਕ (ਰੱਬ ਨੂੰ ਮੰਨਣ ਵਾਲੇ), ਨਾਸਤਕ (ਰੱਬ ਤੋਂ ਬੇਮੁੱਖ) ਹਿੰਦੂ, ਮੁਸਲਮਾਨ, ਸਿੱਖ, ਇਸਾਈ ਆਦਿ ਮਜ਼ਹਬੀ ਖਿਆਲਾਂ ਨੂੰ ਲੈ ਕੇ, ਕੋਈ ਆਦਮੀ ਗਦਰ ਪਾਰਟੀ ਵਿਚ ਸ਼ਾਮਲ ਨਹੀਂ ਹੋ ਸਕੇਗਾ। ਹਰ ਇਕ ਹਿੰਦੁਸਤਾਨੀ, ਹਿੰਦੁਸਤਾਨੀ ਹੁੰਦਾ ਹੋਇਆ ਤੇ ਹਰ ਇਕ ਮਨੁੱਖ, ਮਨੁੱਖ ਹੁੰਦਾ ਹੋਇਆ, ਇਸ ਦਾ ਮੈਂਬਰ ਬਣ ਸਕੇਗਾ।

-ਖਾਣ ਪੀਣ ਵੱਲੋਂ ਸਭ ਨੂੰ ਖੁੱਲ੍ਹ ਹੋਵੇਗੀ। ਭਾਵੇਂ ਕੋਈ ਮਾਸ ਖਾਵੇ ਜਾਂ ਸਬਜ਼ੀ, ਗਾਂ ਭਾਵੇਂ ਸੂਅਰ, ਹਲਾਲ ਖਾਵੇ ਜਾਂ ਝਟਕਾ, ਉਸ ਦੀ ਆਜ਼ਾਦੀ ਵਿਚ ਕਿਸੇ ਨੂੰ ਦਖਲ ਦੇਣ ਦਾ ਹੱਕ ਨਹੀਂ ਹੋਵੇਗਾ।

ਵਾਅਦਾ ਮੁਆਫ ਗਵਾਹ ਬਣ ਗਏ ਨਵਾਬ ਖਾਂ ਨੇ ਮੁਕੱਦਮੇ ਸਮੇਂ ਹੋਈ ਜਿਰ੍ਹਾ ਦੇ ਜਵਾਬ ਵਿਚ ਦੱਸਿਆ ਸੀ, "ਗ਼ਦਰ ਪਾਰਟੀ ਦੇ ਸਿੱਖ ਅਤੇ ਮੁਸਲਮਾਨ ਮੈਂਬਰ ਇਕੱਠਾ ਖਾਣਾ ਖਾਂਦੇ ਹਨ ਅਤੇ ਕੋਈ ਇਤਰਾਜ਼ ਨਹੀਂ ਕੀਤਾ ਜਾਂਦਾ।"

ਪੰਜਾਬ ਸਰਕਾਰ ਨੇ 28 ਫਰਵਰੀ 1915 ਨੂੰ ਜੋ ਰਿਪੋਰਟ ਹਿੰਦ ਸਰਕਾਰ ਨੂੰ ਭੇਜੀ, ਵਿਚ ਲਿਖਿਆ, 'ਅਮਰੀਕਾ ਵਿਚ ਯੁਗਾਂਤਰ ਆਸ਼ਰਮ ਵਿਚ ਸਭ ਦਾ ਸਾਂਝਾ ਲੰਗਰ ਸੀ ਅਤੇ ਹਿੰਦ ਨੂੰ ਆਉਂਦਿਆਂ ਹੋਇਆਂ ਜਹਾਜ਼ ਉਤੇ ਵੀ ਜਾਤ-ਪਾਤ ਅਤੇ ਧਰਮ ਦੇ ਲਿਹਾਜ਼ ਬਿਨਾਂ ਖਾਣ-ਪੀਣ ਦਾ ਇਕੋ ਥਾਂ ਪ੍ਰਬੰਧ ਸੀ।'

ਇਹ ਹਵਾਲੇ ਸਿੱਧ ਕਰਦੇ ਹਨ ਕਿ ਮਜ਼ਹਬ ਗਦਰੀਆਂ ਦੀ ਪਹਿਲ ਹਰਗਿਜ਼ ਨਹੀਂ ਸੀ। ਹਰ ਇਕ ਨੂੰ ਆਪਣੇ ਵਿਸ਼ਵਾਸ ਅਨੁਸਾਰ ਜੀਣ ਦੀ ਖੁੱਲ੍ਹ ਸੀ। ਉਨ੍ਹਾਂ ਦਾ ਮੂਲ ਨਿਸ਼ਾਨਾ ਆਪਸੀ ਭਾਈਚਾਰਕ ਸਾਂਝ ਕਾਇਮ ਰੱਖਦਿਆਂ 'ਹਿੰਦੋਸਤਾਨ' ਦੀ ਆਜ਼ਾਦੀ ਹਾਸਲ ਕਰਨਾ ਸੀ। ਹਿੰਦੋਸਤਾਨ ਹੀ ਨਹੀਂ ਸਗੋਂ ਉਨ੍ਹਾਂ ਦਾ ਨਿਸ਼ਾਨਾ ਤਾਂ ਸੰਸਾਰ ਵਿਚ ਜਿੱਥੇ ਵੀ ਆਜ਼ਾਦੀ ਦੀ ਜੰਗ ਲੜੀ ਜਾ ਰਹੀ ਹੋਵੇ, ਉਸ ਦੀ ਮਦਦ ਕਰਨਾ ਸੀ। ਅਜਿਹਾ ਸੋਚਣਾ ਤੇ ਮੰਨਣਾ ਉਨ੍ਹਾਂ ਦੇ ਵਿਆਪਕ ਤੇ ਵਸੀਹ ਨਜ਼ਰੀਏ ਦਾ ਕਮਾਲ ਹੀ ਸੀ। ਸੱਚੀ ਗੱਲ ਤਾਂ ਇਹ ਹੈ ਕਿ ਗਦਰ ਪਾਰਟੀ ਇਹ ਮਾਣ ਕਰਨ ਵਿਚ ਹੱਕ-ਬ-ਜਾਨਬ ਹੈ ਕਿ ਭਾਵੇਂ ਮਜ਼ਹਬੀ ਵਿਸ਼ਵਾਸ ਪੱਖੋਂ ਉਹ ਹਿੰਦੂ, ਸਿੱਖ ਜਾਂ ਮੁਸਲਮਾਨ ਹੋਣ ਪਰ ਇਸ ਤੋਂ ਪਹਿਲਾਂ ਉਹ ਭਾਰਤੀ ਸਨ। ਦਿਲਚਸਪ ਗੱਲ ਹੈ ਕਿ ਦੇਸ਼ ਵਿਚ ਅਜੇ ਮੁਸਲਮਾਨਾਂ ਨੂੰ ਆਜ਼ਾਦੀ ਸੰਗਰਾਮ ਦੀ ਲਹਿਰ ਵੱਲ ਆਕਰਸ਼ਿਤ ਨਹੀਂ ਸੀ ਕੀਤਾ ਜਾ ਸਕਿਆ ਪਰ ਗਦਰ ਪਾਰਟੀ ਵਿਚ ਉਨ੍ਹਾਂ ਦੀ ਚੰਗੀ ਸ਼ਮੂਲੀਅਤ ਸੀ ਸਗੋਂ ਉਨ੍ਹਾਂ ਵਿਚੋਂ ਕਈ ਤਾਂ ਆਗੂ ਸਫਾਂ ਵਿਚ ਵੀ ਸ਼ਾਮਲ ਸਨ। ਅੱਜ ਉਨ੍ਹਾਂ ਗਦਰੀਆਂ ਦੀ ਵਿਸ਼ਾਲ ਸੋਚ ਨੂੰ ਨਿਰਾ 'ਸਿੱਖੀ' ਦੇ ਦਾਇਰੇ ਵਿਚ ਵਲਣ ਦੀ ਕੋਸ਼ਿਸ਼ ਕਰਨਾ ਉਨ੍ਹਾਂ ਦੀ ਸੋਚ ਨਾਲ ਅਨਿਆਂ ਕਰਨਾ ਹੈ।

—



ਲਾਲਾ ਹਰਦਿਆਲ

ਭਾਈ ਜਵਾਲਾ ਸਿੰਘ ਹੁਰੀਂ ਵਜ਼ੀਫੇ ਦੇ ਕੇ ਕੁਝ ਵਿਦਿਆਰਥੀਆਂ ਨੂੰ ਪੜ੍ਹਨ ਲਈ ਅਮਰੀਕਾ ਸੱਦਦੇ ਸਨ ਤਾਂ ਕਿ ਪੜ੍ਹ-ਲਿਖ ਕੇ ਉਹ ਦੇਸ਼ ਸੇਵਾ ਵਿਚ ਹਿੱਸਾ ਪਾ ਸਕਣ। ਉਨ੍ਹਾਂ ਨੂੰ ਸੱਦਣ ਵਿਚ ਉਹ ਜਾਤ ਜਾਂ ਧਰਮ ਦਾ ਸਵਾਲ ਨਹੀਂ ਸੀ ਵੇਖਦੇ। ਉਨ੍ਹਾਂ ਦੁਆਰਾ ਸੱਦੇ ਵਿਦਿਆਰਥੀਆਂ ਵਿਚੋਂ ਵੀ ਗੈਰ-ਸਿੱਖ ਵਿਦਿਆਰਥੀਆਂ ਦੀ ਗਿਣਤੀ ਦਾ ਵੱਧ ਹੋਣਾ ਗਦਰੀ ਬਾਬਿਆਂ ਦੀ ਵਿਸ਼ਾਲ ਮਾਨਵੀ ਸੋਚ ਦੀ ਸ਼ਾਹਦੀ ਭਰਦਾ ਹੈ।

> ***ਕੈਨੇਡਾ ਵਿਚ ਪਹਿਲਾਂ ਪਹਿਲਾਂ ਮੋਨੇ ਤੇ ਅੰਮ੍ਰਿਤਧਾਰੀ ਦੇ ਸਵਾਲ 'ਤੇ ਝਗੜਾ ਜ਼ਰੂਰ ਹੋਇਆ ਸੀ ਪਰ ਭਾਈ ਭਾਗ ਸਿੰਘ ਨੇ ਸਿੱਖਾਂ ਨੂੰ ਇਹ ਕਹਿ ਕੇ ਸਮਝਾ ਲਿਆ ਸੀ ਕਿ ਹਾਲ ਦੀ ਘੜੀ ਸਾਨੂੰ ਕੇਸਾਂ ਦੇ ਮਸਲੇ ਨੂੰ ਛੱਡ ਦੇਣਾ ਚਾਹੀਦਾ ਹੈ ਅਤੇ ਸਾਡਾ ਮੁੱਖ ਨਿਸ਼ਾਨਾ ਆਪਸ ਵਿਚ ਮਿਲ ਕੇ ਨਸਲਵਾਦ ਦਾ ਵਿਰੋਧ ਕਰਨਾ ਤੇ ਭਾਰਤ ਦੀ ਆਜ਼ਾਦੀ ਦੀ ਪ੍ਰਾਪਤੀ ਲਈ ਸੰਘਰਸ਼ ਲੜਨਾ ਹੋਣਾ ਚਾਹੀਦਾ ਹੈ।***
> ***ਗਦਰ ਪਾਰਟੀ ਵਿਚ ਸ਼ਾਮਲ ਹਿੰਦੂ, ਸਿੱਖਾਂ ਤੇ ਮੁਸਲਮਾਨਾਂ ਦਾ ਏਕਾ ਕੋਈ ਬਨਾਵਟੀ ਕਿਸਮ ਦਾ ਨਹੀਂ ਸੀ ਸਗੋਂ ਮਾਨਵੀ ਵਿਚਾਰਾਂ ਦੀ ਸਾਂਝ ਵਾਲਾ ਅਜਿਹਾ ਅਟੁੱਟ ਰਿਸ਼ਤਾ ਸੀ ਜਿਸ ਦੀਆਂ ਅਨੇਕਾਂ ਉਦਾਹਰਣਾਂ ਗਦਰ ਪਾਰਟੀ ਦੇ ਇਤਿਹਾਸ ਵਿਚ ਚਮਕਦੀਆਂ ਦਮਕਦੀਆਂ ਨਜ਼ਰ ਆਉਂਦੀਆਂ ਹਨ।***



ਕੈਨੇਡਾ ਵਿਚ ਪਹਿਲਾਂ ਪਹਿਲਾਂ ਮੋਨੇ ਤੇ ਅੰਮ੍ਰਿਤਧਾਰੀ ਦੇ ਸਵਾਲ 'ਤੇ ਝਗੜਾ ਜ਼ਰੂਰ ਹੋਇਆ ਸੀ ਪਰ ਭਾਈ ਭਾਗ ਸਿੰਘ ਨੇ ਸਿੱਖਾਂ ਨੂੰ ਇਹ ਕਹਿ ਕੇ ਸਮਝਾ ਲਿਆ ਸੀ ਕਿ ਹਾਲ ਦੀ ਘੜੀ ਸਾਨੂੰ ਕੇਸਾਂ ਦੇ ਮਸਲੇ ਨੂੰ ਛੱਡ ਦੇਣਾ ਚਾਹੀਦਾ ਹੈ ਅਤੇ ਸਾਡਾ ਮੁੱਖ ਨਿਸ਼ਾਨਾ ਆਪਸ ਵਿਚ ਮਿਲ ਕੇ ਨਸਲਵਾਦ ਦਾ ਵਿਰੋਧ ਕਰਨਾ ਤੇ ਭਾਰਤ ਦੀ ਆਜ਼ਾਦੀ ਦੀ ਪ੍ਰਾਪਤੀ ਲਈ ਸੰਘਰਸ਼ ਲੜਨਾ ਹੋਣਾ ਚਾਹੀਦਾ ਹੈ।

ਗਦਰ ਪਾਰਟੀ ਵਿਚ ਸ਼ਾਮਲ ਹਿੰਦੂ, ਸਿੱਖਾਂ ਤੇ ਮੁਸਲਮਾਨਾਂ ਦਾ ਏਕਾ ਕੋਈ ਬਨਾਵਟੀ ਕਿਸਮ ਦਾ ਨਹੀਂ ਸੀ ਸਗੋਂ ਮਾਨਵੀ ਵਿਚਾਰਾਂ ਦੀ ਸਾਂਝ ਵਾਲਾ ਅਜਿਹਾ ਅਟੁੱਟ ਰਿਸ਼ਤਾ ਸੀ ਜਿਸ ਦੀਆਂ ਅਨੇਕਾਂ ਉਦਾਹਰਣਾਂ ਗਦਰ ਪਾਰਟੀ ਦੇ ਇਤਿਹਾਸ ਵਿਚ ਚਮਕਦੀਆਂ-ਦਮਕਦੀਆਂ ਨਜ਼ਰ ਆਉਂਦੀਆਂ ਹਨ।

ਜਦੋਂ ਕੈਨੇਡੀਅਨ ਸਰਕਾਰ ਨੇ ਇਹ ਕੁ-ਯਤਨ ਕੀਤਾ ਕਿ ਭਾਰਤੀਆਂ ਨੂੰ ਚੰਗੀ ਮਜ਼ਦੂਰੀ ਤੇ ਚੰਗੇ ਜੀਵਨ ਦਾ ਭੁਚਲਾਵਾ ਦੇ ਕੇ ਹਾਂਡੂਰਸ ਭੇਜ ਦਿੱਤਾ ਜਾਵੇ ਤਾਂ ਕਮੇਟੀ ਦੇ ਸੱਜਣਾਂ ਨੇ ਫੈਸਲਾ ਕੀਤਾ ਕਿ ਕੈਨੇਡਾ ਸਰਕਾਰ ਉਨਾ ਚਿਰ ਕਿਸੇ ਨੂੰ ਜ਼ਬਰਦਸਤੀ ਹਾਂਡੂਰਸ ਨਹੀਂ ਭੇਜ ਸਕਦੀ ਜਿੰਨਾ ਚਿਰ ਅਸੀਂ ਆਪ ਜਾ ਕੇ ਉਥੋਂ ਦਾ ਮੌਸਮ ਤੇ ਹਾਲਾਤ ਨਹੀਂ ਵੇਖ ਲੈਂਦੇ। ਕੈਨੇਡਾ ਵਿਚ ਹਿੰਦੂ ਤੇ ਮੁਸਲਮਾਨ ਭਾਵੇਂ ਬਹੁਤ ਥੋੜ੍ਹੀ ਗਿਣਤੀ ਵਿਚ ਸਨ, ਤਦ ਵੀ ਉਨ੍ਹਾਂ ਨੇ ਸਲਾਹ ਲੈਣ ਲਈ ਉਨ੍ਹਾਂ ਨੂੰ ਵੀ ਹੋ ਰਹੇ ਇਕੱਠ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਹਾਂਡੂਰਸ ਗਏ ਡੈਪੂਟੇਸ਼ਨ ਨੇ ਉਥੇ ਜਾਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਵੀ ਸਰਕਾਰ ਨੇ ਯਤਨ ਨਾ ਛੱਡੇ।

ਕੈਨੇਡਾ ਦਾ ਲਾਟ ਮਿਸਟਰ ਹਾਪਕਿਨਸਨ ਨੂੰ ਨਾਲ ਲੈ ਕੇ ਹਾਂਡੂਰਸ ਦੇ ਗਵਰਨਰ ਜਨਰਲ ਅਤੇ ਕਮਾਂਡਰ-ਇਨ-ਚੀਫ ਜਨਰਲ ਸੁਐਨ ਸਮੇਤ ਆ ਕੇ ਪ੍ਰੋਫੈਸਰ ਤੇਜਾ ਸਿੰਘ ਨੂੰ ਮਿਲਿਆ। ਕਈ ਰਾਜਸੀ ਚਾਲਾਂ ਚਲਣ ਦਾ ਯਤਨ ਕੀਤਾ ਕਿ ਕਿਸੇ ਤਰ੍ਹਾਂ ਹਿੰਦੁਸਤਾਨੀ ਹਾਂਡੂਰਸ ਜਾਣਾ ਮੰਨ ਲੈਣ ਪਰ ਪ੍ਰੋਫੈਸਰ ਸਾਹਿਬ ਉਨ੍ਹਾਂ ਦੀ ਕਿਸੇ ਚਾਲ ਵਿਚ ਨਾ ਫਸੇ। ਇਨ੍ਹਾਂ ਅਫਸਰਾਂ ਨੇ ਇਹ ਭੀ ਕਿਹਾ ਕਿ ਤੁਸੀਂ ਇਤਨਾ ਹੀ ਲਿਖ ਦਿਓ ਕਿ ਹਾਂਡੂਰਸ ਸਿੱਖਾਂ ਲਈ ਤਾਂ ਚੰਗਾ ਨਹੀਂ ਪਰ ਹਿੰਦੂ, ਮੁਸਲਮਾਨ ਉਥੇ ਭੇਜੇ ਜਾ ਸਕਦੇ ਹਨ ਪਰ ਪ੍ਰੋਫੈਸਰ ਸਾਹਿਬ ਨਾ ਮੰਨੇ। ਇਸ ਲਈ ਕੈਨੇਡਾ ਦਾ ਲਾਟ ਅਤੇ ਕਰਨੈਲ ਸੁਐਨ ਨਿਰਾਸ਼ ਹੋ ਕੇ ਮੁੜ ਗਏ ਅਤੇ ਉਨ੍ਹਾਂ ਨੇ ਆਪ ਹੀ ਇਸ ਭਾਵ ਦਾ ਲੇਖ ਅਖਬਾਰਾਂ ਵਿਚ ਛਪਵਾ ਦਿੱਤਾ ਜੋ ਕੈਨੇਡਾ ਦੇ ਸਭ ਅਖਬਾਰਾਂ ਵਿਚ ਪ੍ਰਕਾਸ਼ਤ ਹੋ ਗਿਆ। ਉਹ ਐਲਾਨ ਇਸ ਤਰ੍ਹਾਂ ਸੀ, "ਕੋਈ ਹਿੰਦੁਸਤਾਨੀ ਖੁਸ਼ੀ ਨਾਲ ਹਾਂਡੂਰਸ ਜਾਣਾ ਨਹੀਂ ਚਾਹੁੰਦਾ। ਕੈਨੇਡਾ ਦੇ ਮੁਲਕ ਵਿਚ ਜਾਸਤੀ ਸਿੱਖ ਫੌਜੀ ਸਿਪਾਹੀ ਹੀ ਪੁੱਜੇ ਹੋਏ ਹਨ, ਇਨ੍ਹਾਂ ਨਾਲ ਜ਼ਬਰਦਸਤੀ ਕਰਨਾ ਕਾਨੂੰਨ ਅਤੇ ਰਾਜਨੀਤੀ ਦੇ ਉਲਟ ਹੈ। ਇਸ ਲਈ ਕੋਈ ਛੇੜਖਾਨੀ ਕਰਨੀ ਚੰਗੀ ਨਹੀਂ। ਇਹ ਹਿੰਦੂ, ਮੁਸਲਮਾਨ ਅਤੇ ਸਿੱਖਾਂ ਦਾ ਇਤਫਾਕ ਦਾ ਜੋ ਅੰਗੂਰ ਪੈਦਾ ਹੋਇਆ, ਮੈਂ ਕੈਨੇਡਾ ਵਿਚ ਦੇਖਿਆ ਹੈ ਜੋ ਇਹ ਹਿੰਦੁਸਤਾਨ ਵਿਚ ਭੀ ਫੈਲ ਗਿਆ ਤਦ ਹਾਨੀਕਾਰਕ ਹੋਵੇਗਾ।"

ਭਾਈਚਾਰਿਆਂ ਦੇ ਆਪਸੀ ਇਤਫਾਕ ਦੀ ਕਹਾਣੀ ਕਾਮਾਗਾਟਾ ਮਾਰੂ ਜਹਾਜ਼ ਦੀ ਆਮਦ ਸਮੇਂ ਵੀ ਬੜੀ ਸ਼ਿਦਤ ਨਾਲ ਦੁਹਰਾਈ ਗਈ। ਕਾਮਾਗਾਟਾ ਮਾਰੂ ਜਹਾਜ਼ ਦੇ ਪਹੁੰਚਣ 'ਤੇ ਕੈਨੇਡਾ ਦੇ ਪਰਵਾਸੀਆਂ ਨੇ ਮੁਸਾਫਰਾਂ ਦੀ ਸਹਾਇਤਾ ਲਈ ਭਾਗ ਸਿੰਘ, ਹਸਨ ਰਹੀਮ, ਸੋਹਣ ਲਾਲ ਪਾਠਕ ਤੇ ਹਰਨਾਮ ਸਿੰਘ ਸਾਹਰੀ 'ਤੇ ਆਧਾਰਤ ਕਮੇਟੀ ਬਣਾ ਦਿੱਤੀ। 31 ਮਈ 1914 ਨੂੰ ਖਾਲਸਾ ਦੀਵਾਨ ਸੁਸਾਇਟੀ ਤੇ ਯੂਨਾਈਟਡ ਇੰਡੀਆ ਲੀਗ ਦੀ ਸਾਂਝੀ ਇਕੱਤਰਤਾ ਵਿਚ ਹਸਨ ਰਹੀਮ ਦੀ ਪ੍ਰਧਾਨਗੀ ਵਿਚ ਹੋਏ ਇਕੱਠ ਵਿਚ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਲਈ 5 ਹਜ਼ਾਰ ਡਾਲਰ ਇਕੱਠਾ ਹੋਇਆ ਅਤੇ 66 ਹਜ਼ਾਰ ਡਾਲਰ ਦੇਣ ਦੇ ਲੋਕਾਂ ਨੇ ਵਚਨ ਦਿੱਤੇ। ਇਸ ਮੁੱਦੇ 'ਤੇ ਸਾਰੇ ਲੋਕ ਮਜ਼ਹਬ ਤੇ ਇਲਾਕਾਬੰਦੀ ਦੇ ਵਿਤਕਰੇ ਭੁਲਾ ਕੇ ਕਿਵੇਂ ਹਿੰਦੁਸਤਾਨੀ ਬਣ ਕੇ ਸਾਹਮਣੇ ਆਏ ਇਸ ਦਾ ਸਬੂਤ ਉਸ ਪੈਂਫਲਿਟ ਦੀ ਇਬਾਰਤ ਤੋਂ ਮਿਲਦਾ ਹੈ ਜੋ ਹਿੰਦੀਆਂ ਕੋਲੋਂ ਜਹਾਜ਼ ਦੇ ਮੁਸਾਫਰਾਂ ਲਈ ਮਾਇਕ ਮਦਦ ਲੈਣ ਦੇ ਮਕਸਦ ਨਾਲ ਛਾਪ ਕੇ ਵੰਡਿਆ ਗਿਆ ਸੀ। ਉਸ ਦੀ ਇਬਾਰਤ ਸੀ,

"ਭਰਾਓ! ਇਕ ਉਹ ਵਕਤ ਸੀ ਕਿ ਹਿੰਦੁਸਤਾਨੀ ਕੌਮਾਂ ਆਪਣੇ ਧਰਮ ਅਸਤਾਨਾਂ ਤੋਂ ਲੜਦੀਆਂ ਸਨ ਅਰ ਨਫਰਤ ਨਾਲ ਦੂਰ-ਦੂਰ ਰੈਂਹਦੀਆਂ ਸਨ। ਅੱਜ ਇਹ ਵਕਤ ਹੈ ਕਿ ਕਾਮਾਗਾਟਾ ਮਾਰੂ ਜਹਾਜ਼ ਵਿਚ ਇਕ ਤ੍ਰਫ਼ ਗੁਰਦੁਆਰਾ ਤੇ ਦੂਜੀ ਤ੍ਰਫ਼ ਮਸੀਤ ਹੈ।...ਹਿੰਦੁਸਤਾਨੀ ਭਰਾਓ! ਤੁਹਾਡਾ ਫ਼ਰਜ਼ ਹੈ ਕਿ ਤੇਤੀ ਕਰੋੜ ਹਿੰਦੁਸਤਾਨੀਆਂ ਦੀ ਕਿਸਮਤ ਦਾ ਫ਼ੈਸਲਾ ਕਰਨ ਲਈ ਗਫ਼ਲਤ ਦੀ ਨੀਂਦ ਤੋਂ ਜਾਗੋ।"

—

ਪਾਰਟੀ ਦੀ ਗੈਰ-ਫਿਰਕੂ ਤੇ ਸਰਬ-ਸਾਂਝੀ ਸੋਚ ਦੀ ਗਵਾਹੀ ਦਿੰਦਿਆਂ ਜਗਜੀਤ ਸਿੰਘ ਲਿਖਦੇ ਹਨ, "ਅਮਰੀਕਾ ਵਿਚੋਂ ਗਦਰ ਪਾਰਟੀ ਲਹਿਰ ਵਿਚ ਹਿੱਸਾ ਲੈਣ ਲਈ ਬਹੁਤੇ ਪੰਜਾਬ ਦੇ ਕਿਸਾਨ ਸਿੱਖ ਆਏ ਪਰ ਅਮਰੀਕਾ ਵਿਚ ਹੋਰ ਹਿੰਦੀ

*(ਬਾਕੀ ਅਗਲੇ ਸਫੇ 'ਤੇ)*

ਅਨਸਰਾਂ ਦੀ ਆਬਾਦੀ ਦੇ ਮੁਤਾਬਕ ਹਿੰਦੂ, ਮੁਸਲਮਾਨ, ਜਾਂ ਹੋਰ ਜਾਤੀਆਂ ਜਾਂ ਸੂਬਿਆਂ ਦੇ ਅਨਸਰਾਂ ਨੇ ਵੀ ਹਿੱਸਾ ਪਾਇਆ। ਮੌਲਵੀ ਬਰਕਤੁੱਲਾ ਗਦਰ ਪਾਰਟੀ ਦੇ ਉਘੇ ਲੀਡਰ ਸਨ ਜੋ ਪਿਛੋਂ ਗਦਰ ਪਾਰਟੀ ਦੇ ਮੀਤ ਪ੍ਰਧਾਨ ਬਣੇ ਅਤੇ ਪ੍ਰਸਿੱਧ ਆਗੂ ਸ੍ਰੀ ਰਾਸ ਬਿਹਾਰੀ ਬੋਸ ਇਸ ਦੇ ਆਪ ਲੀਡਰ ਬਣਾਏ ਗਏ। ਫੌਜਾਂ ਨੂੰ ਵਰਗਲਾਉਣ ਸਮੇਂ ਬਿਨਾਂ ਧਰਮ, ਜਾਤੀ ਜਾਂ ਸੂਬੇ ਦੇ ਲਿਹਾਜ਼ ਦੇ ਸਭ ਦੇਸੀ ਪਲਟਨਾਂ ਨੂੰ ਨਾਲ ਮਿਲਾਉਣ ਦੀ ਕੋਸ਼ਿਸ਼ ਕੀਤੀ ਗਈ ਅਤੇ ਸਿੰਘਾਪੁਰ ਜਿਸ ਪਲਟਨ ਨੇ ਗਦਰ ਕੀਤਾ, ਉਹ ਨਿਰੋਲ ਮੁਸਲਮਾਨਾਂ ਦੀ ਸੀ; ਬਲਕਿ ਗਦਰ ਪਾਰਟੀ ਲਹਿਰ ਵਿਚ ਹਿੱਸਾ ਲੈਣ ਦੀ ਨੀਯਤ ਨਾਲ ਚਾਰ ਅਮਰੀਕਨ ਵੀ ਆਏ ਜਿਨ੍ਹਾਂ ਨੂੰ ਜਾਂ ਤਾਂ ਹਿੰਦ ਵਿਚ ਵੜਨ ਨਾ ਦਿੱਤਾ ਗਿਆ ਜਾਂ ਫੜ ਕੇ ਵਾਪਸ ਭੇਜ ਦਿੱਤਾ ਗਿਆ ਸੀ। ਜੇ ਗਦਰ ਪਾਰਟੀ ਲਹਿਰ ਦੀ ਸਪਿਰਟ ਫਿਰਕੂ, ਜਾਂ ਬੁਝਿਕ ਤੰਗ ਨਜ਼ਰੀ ਵਾਲੀ, ਜਾਂ ਆਪਣੀ ਪਾਰਟੀ ਦੇ ਹੱਥ ਤਾਕਤ ਲੈਣ ਦੀ ਵੀ ਹੁੰਦੀ, ਤਾਂ ਇਹ ਸਭ ਕੁਛ ਇਸ ਤਰ੍ਹਾਂ ਨਾ ਹੁੰਦਾ।"

ਸਿੰਘਾਪੁਰ ਦੀ ਫੌਜੀ ਬਗਾਵਤ ਮੌਕੇ ਇਕਤਾਲੀ ਮੁਸਲਮਾਨਾਂ ਨੇ ਸ਼ਹੀਦੀ ਜਾਮ ਪੀ ਕੇ ਅਤੇ ਰੰਗੂਨ ਵਿਚ 130ਵੀਂ ਬਲੋਚ ਪਲਟਨ ਵੱਲੋਂ ਚਾਰ ਬਲੋਚਾਂ ਨੇ ਸ਼ਹੀਦੀ ਪ੍ਰਾਪਤ ਕਰ ਕੇ ਅਤੇ ਕ੍ਰਮਵਾਰ ਦੋਵਾਂ ਬਗਾਵਤਾਂ ਵਿਚ 125 ਤੇ 59 ਮੁਸਲਮਾਨਾਂ ਨੇ ਉਮਰ ਕੈਦ ਦੀ ਸਜ਼ਾ ਪਾ ਕੇ ਕੁਰਬਾਨੀ ਦੀ ਤੱਕੜੀ ਦੇ ਪੱਲੜੇ ਵਿਚ ਵੀ ਸਬਰਕੱਤਾ ਤੇ ਮਾਣਯੋਗ 'ਵਜ਼ਨ' ਪਾ ਦਿੱਤਾ।

ਸੋ, ਇਹ ਕਹਿਣਾ ਕਿ ਗਦਰ ਲਹਿਰ ਕੇਵਲ 'ਸਿੱਖ ਲਹਿਰ' ਜਾਂ 'ਸਿੱਖਾਂ ਦੀ ਲਹਿਰ' ਸੀ, ਇਸ ਲਹਿਰ ਦੇ ਆਦਰਸ਼ਾਂ ਤੇ ਨਿਸ਼ਾਨਿਆਂ ਨੂੰ ਗਲਤ ਅਰਥਾਂ ਵਿਚ ਪੇਸ਼ ਕਰਨਾ ਹੈ। ਇਹ ਗੱਲਾਂ ਕਰਨ ਵਾਲੇ ਵਿਦਵਾਨਾਂ ਦਾ ਮੱਤ ਹੈ ਕਿ ਗਦਰੀ ਹਿੰਦੂ ਰਾਜ ਸਥਾਪਤ ਕਰਨ ਵਾਲੇ ਆਗੂਆਂ ਦੇ ਟੇਟੇ ਚੜ੍ਹ ਕੇ 'ਰਾਸ਼ਟਰਵਾਦ' ਦੇ ਸ਼ਿਕਾਰ ਹੋ ਗਏ। ਰਾਸ਼ਟਰਵਾਦ ਦਾ ਸੰਕਲਪ ਉਨ੍ਹਾਂ ਨੂੰ ਬ੍ਰਾਹਮਣੀ ਤੇ ਇਕਸਾਰਵਾਦੀ ਲੱਗਦਾ ਹੈ। ਉਨ੍ਹਾਂ ਅਨੁਸਾਰ ਗਦਰੀ ਬਾਬੇ 'ਦੇਸ਼ ਭਗਤ' ਸਨ, 'ਰਾਸ਼ਟਰਵਾਦੀ' ਨਹੀਂ।

ਇਸ ਪ੍ਰਸੰਗ ਵਿਚ ਸਾਡਾ ਮੰਨਣਾ ਹੈ ਕਿ ਅਜੋਕੇ 'ਰਾਸ਼ਟਰਵਾਦ' ਨੂੰ ਜਦੋਂ ਵੱਖ-ਵੱਖ ਭੂਗੋਲਕ ਖਿੱਤਿਆਂ ਵਿਚ ਵੱਸਦੀਆਂ ਘੱਟ-ਗਿਣਤੀਆਂ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਨਾਂ 'ਤੇ ਦਬਾਇਆ ਜਾ ਰਿਹਾ ਹੈ ਅਤੇ ਧਰਮ ਨਿਰਪੱਖਤਾ ਵੀ ਦਿਖਾਵੇ ਦਾ ਉਪਰਲਾ ਉਛਾੜ ਰਹਿ ਗਈ ਜਾਪਦੀ ਹੈ; ਤਦੋਂਕੇ 'ਰਾਸ਼ਟਰਵਾਦ' ਨਾਲ ਨਹੀਂ ਤੁਲਨਾਇਆ ਜਾ ਸਕਦਾ। ਰਾਸ਼ਟਰਵਾਦ ਦੇ ਸੰਕਲਪ ਨੂੰ ਉਸ ਵਿਸ਼ੇਸ਼ ਹਾਲਾਤ ਅਤੇ ਉਸ ਸਮੇਂ ਦੇ ਤਕਾਜ਼ਿਆਂ ਅਨੁਸਾਰ ਸਮਝਣਾ ਚਾਹੀਦਾ ਹੈ। ਉਦੋਂ, ਜਦ ਕਿ ਅੰਗਰੇਜ਼ਾਂ ਦੀ ਕੂਟਨੀਤੀ ਵੱਖ ਵੱਖ ਫਿਰਕਿਆਂ ਨੂੰ ਮਜ਼ਹਬ, ਧਰਮ ਜਾਂ ਜਾਤ ਦੇ ਆਧਾਰ 'ਤੇ ਪਾੜਨ ਤੇ ਵੰਡਣ ਦੀ ਸੀ, ਰਾਸ਼ਟਰਵਾਦ ਦੇ ਸੰਕਲਪ ਨੇ ਸਭ ਫਿਰਕਿਆਂ ਨੂੰ ਆਪਸ ਵਿਚ ਸਿਰ ਜੋੜ ਕੇ ਮਿਲ ਬੈਠਣ ਤੇ ਸਾਂਝੇ ਏਕੇ ਅਤੇ ਸਾਂਝੇ ਸੰਘਰਸ਼ਾਂ ਰਾਹੀਂ ਦੇਸ਼ ਨੂੰ ਮੁਕਤ ਕਰਾਉਣ ਦਾ ਜੋ ਚਾਰਾ ਕੀਤਾ, ਉਸ ਅਨੁਸਾਰ ਰਾਸ਼ਟਰਵਾਦ ਦਾ ਸੰਕਲਪ ਅਗਾਂਹਵਧੂ ਭੂਮਿਕਾ ਨਿਭਾ ਰਿਹਾ ਸੀ। ਕੀ ਇਹ ਮੰਨਿਆ ਜਾ ਸਕਦਾ ਹੈ ਕਿ 'ਇਕੱਲੇ ਸਿੱਖ' ਵੱਖਰੇ ਤੌਰ 'ਤੇ ਲੜ ਕੇ



*ਸਿੰਘਾਪੁਰ ਦੀ ਫੌਜੀ ਬਗਾਵਤ ਮੌਕੇ ਸ਼ਹੀਦ ਕੀਤੇ ਜਾ ਰਹੇ ਦੇਸ਼ ਭਗਤ। ਮਜ਼ਹਬ ਪੱਖੋਂ ਸਾਰੇ ਮੁਸਲਮਾਨ ਸਨ।*

ਮੁਲਕ ਨੂੰ ਆਜ਼ਾਦ ਕਰਵਾ ਲੈਂਦੇ, ਜਾਂ ਜਿਵੇਂ ਇਨ੍ਹਾਂ ਵਿਦਵਾਨਾਂ ਦਾ ਲੁਕਵਾਂ ਏਜੰਡਾ ਹੈ ਕਿ 'ਸਿੱਖ' ਦਾ ਰਾਜ ਸਥਾਪਤ ਕਰ ਲੈਂਦੇ। ਜੇ ਇਸ ਦੀ ਸੰਭਾਵਨਾ ਮੰਨ ਵੀ ਲਈਏ ਤਾਂ ਉਂਜ ਵੀ ਕੀ ਇਹ ਰਾਜ ਅਜੋਕੇ ਪਾਕਿਸਤਾਨ ਵਰਗਾ ਹੀ ਨਹੀਂ ਸੀ ਹੋਣਾ? ਉਸ ਵੇਲੇ 'ਦੇਸ਼ ਭਗਤੀ' ਤੇ 'ਰਾਸ਼ਟਰਵਾਦ' ਇਕ-ਦੂਜੇ ਦੇ ਸਮਾਨ-ਅਰਥੀ ਸਨ।

ਇਨ੍ਹਾਂ ਵਿਦਵਾਨਾਂ ਦੀ ਇਹ ਵੀ ਸ਼ਿਕਾਇਤ ਹੈ ਕਿ 'ਦੂਜੇ' ਲੋਕ ਸਿੱਖ ਗਦਰੀਆਂ ਦੀ ਸਾਦਗੀ ਤੇ ਭੋਲੇਪਨ ਨੂੰ ਆਪਣੇ ਹਿਤਾਂ (ਹਿੰਦੂ ਰਾਜ ਦੀ ਸਥਾਪਨਾ) ਲਈ ਵਰਤ ਗਏ। ਉਹ ਲਾਲਾ ਹਰਦਿਆਲ ਨੂੰ ਵੀ ਇਨ੍ਹਾਂ ਵਿਚ ਸ਼ਾਮਲ ਮੰਨਦੇ ਹਨ ਪਰ ਦੇਸ਼ ਭਗਤ ਬਾਬਿਆਂ ਦੇ ਬਿਆਨ ਅਤੇ ਲਿਖਤਾਂ ਦੱਸਦੀਆਂ ਹਨ ਕਿ ਇਹ 'ਸਿੱਖ' ਗਦਰੀ ਹੀ ਸਨ ਜਿਨ੍ਹਾਂ ਨੇ ਜੀ.ਡੀ. ਕੁਮਾਰ ਵਰਗੇ ਲੋਕਾਂ ਨੂੰ ਕਿਹਾ ਸੀ ਕਿ ਕੇਵਲ ਸੁਧਾਰ ਦੇ ਕੰਮਾਂ ਨਾਲ ਕੁਝ ਨਹੀਂ ਬਣਨਾ। ਬਾਬਾ ਭਕਨਾ ਤਾਂ ਇਸ ਗੱਲ ਦੀ ਸ਼ਾਹਦੀ ਭਰਦੇ ਹਨ ਕਿ ਲਾਲਾ ਹਰਦਿਆਲ ਨੂੰ ਤਾਂ ਗਦਰੀਆਂ ਨੇ ਆਪ ਆਪਣੀ ਅਗਵਾਈ ਜਾਂ ਸਹਾਇਤਾ ਕਰਨ ਸੱਦਿਆ ਸੀ ਕਿਉਂਕਿ ਜਿਵੇਂ ਅਸੀਂ ਪਹਿਲਾਂ ਬਾਬਾ ਹਰਨਾਮ ਸਿੰਘ ਟੁੰਡੀਲਾਟ ਦੇ ਹਵਾਲੇ ਨਾਲ ਗੱਲ ਕਰ ਆਏ ਹਾਂ ਕਿ 'ਵੇਲੇ ਦਾ ਮਾਹੌਲ ਹੀ ਗਦਰੀਆਂ ਲਈ ਰਾਜਸੀ ਯੂਨੀਵਰਸਿਟੀ ਬਣ ਗਿਆ ਸੀ ਤੇ ਉਨ੍ਹਾਂ ਵਿਚ ਕੌਮੀ ਜਜ਼ਬਾ ਪੈਦਾ ਹੋ ਚੁੱਕਾ ਸੀ।' ਲਾਲਾ ਹਰਦਿਆਲ ਤਾਂ ਸਗੋਂ ਛੇਤੀ ਹੀ ਪਾਰਟੀ ਦਾ ਅਖਬਾਰ ਸ਼ੁਰੂ ਕਰਨ ਦਾ ਵਾਅਦਾ ਕਰ ਕੇ ਗਿਆ ਜਦੋਂ ਕਈ ਮਹੀਨੇ ਖਾਮੋਸ਼ ਰਿਹਾ ਤਾਂ ਗਦਰੀ ਪ੍ਰੇਸ਼ਾਨ ਹੋ ਗਏ। ਬਾਬਾ ਸੋਹਣ ਸਿੰਘ ਭਕਨਾ ਦੀ ਜ਼ਬਾਨੀ, 'ਅਗਲੇ ਕਈ ਮਹੀਨੇ ਲਾਲਾ ਹਰਦਿਆਲ ਨ ਨਾ ਤਾਂ ਕੋਈ ਦਫਤਰ ਹੀ ਖੋਲ੍ਹ ਸਕਿਆ ਤੇ ਨਾ ਹੀ ਅਖਬਾਰ ਛਾਪਣ ਦਾ ਕੋਈ ਪ੍ਰਬੰਧ ਕਰ ਸਕਿਆ।' ਜਦੋਂ ਛੇ-ਸੱਤ ਮਹੀਨੇ ਕੁਝ ਵੀ ਹੋਂਦ ਵਿਚ ਨਾ ਆਇਆ ਤਾਂ ਪਾਰਟੀ ਇਕਾਈਆਂ ਨੇ ਕੰਮ ਵਿਚ ਹੋ ਰਹੀ ਦੇਰੀ ਬਾਰੇ ਪਾਰਟੀ ਪ੍ਰਧਾਨ ਨੂੰ ਲਿਖਤੀ ਸ਼ਿਕਾਇਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਪ੍ਰਧਾਨ ਨੇ ਮੁੱਖ ਸਕੱਤਰ (ਲਾਲਾ ਹਰਦਿਆਲ) ਨੂੰ ਚਿੱਠੀ ਲਿਖੀ ਜਿਸ ਵਿਚ ਉਸ ਕੋਲੋਂ ਇਸ ਦੇਰੀ ਤੇ ਸਮਾਂ ਬਰਬਾਦ ਕਰਨ ਦੇ ਕਾਰਨ ਪੁੱਛੇ ਗਏ। ਲਾਲਾ ਜੀ ਨੇ ਜਵਾਬ ਦਿੱਤਾ ਕਿ ਉਸ ਦੀ ਸਿਹਤ ਠੀਕ ਨਹੀਂ ਅਤੇ ਉਸ ਦੀ ਥਾਂ ਕੋਈ ਹੋਰ ਵਿਅਕਤੀ ਚੁਣਿਆ ਜਾ ਸਕਦਾ ਹੈ। ਪ੍ਰਧਾਨ ਨੇ ਸਖਤ ਸ਼ਬਦਾਂ ਵਿਚ ਮੋੜਵੀਂ ਚਿੱਠੀ ਲਿਖੀ ਤੇ ਉਸ ਨੂੰ ਯਾਦ ਕਰਵਾਇਆ ਕਿ ਉਸ ਦੀ ਸ਼ਿਕਾਇਤ ਹੁੰਦੀ ਸੀ ਕਿ ਹਿੰਦੀ ਦੇਸ਼ ਲਈ ਕੰਮ ਕਰਨ ਤੋਂ ਭੱਜਦੇ ਹਨ ਅਤੇ ਹੁਣ ਉਸ ਦਾ ਆਪਣਾ ਵਤੀਰਾ ਕੋਈ ਇਸ ਤੋਂ ਵੱਖਰਾ ਨਹੀਂ। ਇਸ ਤੋਂ ਬਾਅਦ ਲਾਲਾ ਹਰਦਿਆਲ ਨੇ ਲਿਖਿਆ ਕਿ ਕੰਮ ਸ਼ੁਰੂ ਕਰਨ ਲਈ ਉਸ ਨੂੰ ਪੈਸੇ ਦੀ ਲੋੜ ਹੈ ਅਤੇ ਜਦੋਂ ਹੀ ਪੈਸਾ ਪਹੁੰਚ ਗਿਆ, ਉਹ ਦਫਤਰ ਸਥਾਪਤ ਕਰ ਕੇ ਅਖਬਾਰ ਕੱਢ ਦੇਵੇਗਾ। ਖਜ਼ਾਨਚੀ ਨੇ ਪ੍ਰਧਾਨ ਦੀ ਆਗਿਆ ਨਾਲ ਉਸ ਨੂੰ ਪੈਸਾ ਭੇਜ ਦਿੱਤਾ।'

(ਚਲਦਾ)

## ਪ੍ਰਤੀਕਰਮ

# ਦਸਮ ਗ੍ਰੰਥ ਬਾਰੇ ਕੁਝ ਸਵਾਲ

ਮਿਆਰੀ ਪੱਤਰਕਾਰੀ ਲਈ ਜਾਣੀ ਜਾਂਦੀ 'ਪੰਜਾਬ ਟਾਈਮਜ਼' ਦੇ ਅੰਕ 36 ਵਿਚ ਛਪੇ ਸ. ਮਝੈਲ ਸਿੰਘ ਸਰਾਂ ਦੇ ਲੇਖ 'ਗੁਰੂ ਗ੍ਰੰਥ ਸਾਹਿਬ ਦੀ ਸਰਬਉਚਤਾ ਅਤੇ ਸਿੱਖ ਏਕੇ 'ਤੇ ਹਮਲਾ' ਦੇ ਸਬੰਧ ਵਿਚ ਸ. ਇੰਦਰ ਸਿੰਘ ਕੈਲੀਫੋਰਨੀਆ ਦਾ ਪ੍ਰਤੀਕਰਮ ਅੰਕ 37 ਵਿਚ ਪੜ੍ਹਿਆ। ਸ. ਮਝੈਲ ਸਿੰਘ ਸਰਾਂ ਨੇ ਆਪਣੇ ਲੇਖ ਵਿਚ ਕਈ ਸਵਾਲ/ਸ਼ੰਕੇ ਖੜ੍ਹੇ ਕੀਤੇ ਸਨ। ਸ. ਇੰਦਰ ਸਿੰਘ ਦਾ ਇਹ ਫਰਜ਼ ਬਣਦਾ ਸੀ ਕਿ ਸਾਰੇ ਸਵਾਲਾਂ 'ਤੇ ਨੁਕਤਾਵਾਰ ਚਰਚਾ ਕਰਦੇ ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਖੈਰ!

ਸ. ਇੰਦਰ ਸਿੰਘ ਨੇ ਆਪਣੇ ਪੱਤਰ 'ਚ ਅਕਾਲ ਤਖਤ ਸਾਹਿਬ ਤੋਂ ਜਾਰੀ ਦੋ ਹੁਕਮਨਾਮਿਆਂ ਦਾ ਜ਼ਿਕਰ ਕੀਤਾ ਹੈ। ਪਹਿਲਾ 14 ਮਈ 2000 ਦਾ ਹੁਕਮਨਾਮਾ ਜਿਸ 'ਚ ਦਸਮ ਗ੍ਰੰਥ 'ਤੇ ਵਿਚਾਰ-ਚਰਚਾ ਕਰਨ ਤੋਂ ਰੋਕਿਆ ਗਿਆ ਸੀ ਅਤੇ ਦੂਜਾ 27 ਨਵੰਬਰ 2006 ਦਾ ਜਿਸ ਮੁਤਾਬਕ ਗੁਰੂ ਪੰਥ ਨੂੰ ਸਮਰਪਿਤ ਵਿਦਵਾਨਾਂ ਨੂੰ ਸ਼ਰਾਰਤੀ ਅਨਸਰਾਂ ਵੱਲੋਂ ਕੀਤੇ ਜਾ ਰਹੇ ਕੂੜ ਪ੍ਰਚਾਰ ਦਾ ਇਤਿਹਾਸਕ ਤੱਥਾਂ ਅਤੇ ਗੁਰਮਤਿ ਦੀ ਰੋਸ਼ਨੀ ਵਿਚ ਢੁੱਕਵਾਂ ਉਤਰ ਦੇਣ ਲਈ ਕਿਹਾ ਗਿਆ ਸੀ। ਇਸੇ ਹੁਕਮਨਾਮੇ 'ਤੇ ਪਹਿਰਾ ਦਿੰਦੇ ਹੋਏ ਹੀ ਸੈਨ ਹੋਜ਼ੇ (ਕੈਲੀਫੋਰਨੀਆ) ਵਿਖੇ ਸੈਮੀਨਾਰ ਕੀਤਾ ਗਿਆ ਸੀ। ਸ. ਇੰਦਰ ਸਿੰਘ ਨੂੰ ਯਾਦ ਹੋਵੇਗਾ ਕਿ 10 ਨਵੰਬਰ 2006 ਨੂੰ ਦਸਮ ਗ੍ਰੰਥ 'ਤੇ ਇਕ ਸੈਮੀਨਾਰ 'ਸ਼ਬਦ ਮੂਰਤ ਸ੍ਰੀ ਦਸਮ ਗ੍ਰੰਥ ਸਾਹਿਬ' ਜਵੱਦੀ ਟਕਸਾਲ ਵਿਖੇ ਕਰਵਾਇਆ ਗਿਆ ਸੀ। ਇਸ ਸੈਮੀਨਾਰ ਵਿਚ ਹੋਰਨਾਂ ਤੋਂ ਇਲਾਵਾ ਡਾ. ਹਰਭਜਨ ਸਿੰਘ, ਡਾ. ਜੋਧ ਸਿੰਘ, ਗੁਰਸ਼ਰਨਜੀਤ ਸਿੰਘ ਲਾਂਬਾ, ਗਿਆਨੀ ਸ਼ੇਰ ਸਿੰਘ ਅੰਬਾਲਾ ਅਤੇ ਜਥੇਦਾਰ ਗੁਰਬਚਨ ਸਿੰਘ ਵੀ ਸ਼ਾਮਲ ਹੋਏ ਸਨ। ਇਹ ਸੈਮੀਨਾਰ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਏ 14 ਮਈ 2000 ਦੇ ਹੁਕਮਨਾਮੇ ਦੀ ਸਪਸ਼ਟ ਅਵੱਗਿਆ ਸੀ। ਕੀ ਇਹ ਸਾਰੇ ਵਿਦਵਾਨ ਅਤੇ ਜਥੇਦਾਰ ਗੁਰਬਚਨ ਸਿੰਘ ਅਕਾਲ ਤਖਤ ਸਾਹਿਬ ਤੋਂ 14 ਮਈ 2000 ਜਾਰੀ ਹੋਏ ਹੁਕਮਨਾਮੇ ਦੀ ਉਲੰਘਣਾ ਕਰਨ ਕਰ ਕੇ ਤਨਖਾਹੀਏ ਨਹੀਂ ਹਨ?

ਉਨ੍ਹਾਂ ਗੁਰਿੰਦਰ ਸਿੰਘ ਮਾਨ ਦੀ ਖੋਜ ਦੇ ਹਵਾਲੇ ਨਾਲ ਲਿਖਿਆ ਹੈ ਕਿ ਇਹ ਗ੍ਰੰਥ 1696 ਵਿਚ ਸੰਪੂਰਨ ਹੋ ਗਿਆ ਸੀ। ਚਰਿਤ੍ਰੋਪਾਖਿਆਨ ਦੇ ਅਖੀਰ 'ਤੇ ਦਰਜ ਹੈ,

ਸੰਬਤਸਤ੍ਰਹਸਹਸਭਨਿਜੈ॥
ਅਰਧ ਸਹਸ੍ਰਫੁਨਿਤੀਨਿਕਹਿਜੈ॥
ਭਾਦ੍ਰਵ ਸੁਦੀ ਅਸਟਮੀ ਰਵਿ ਵਾਰਾ॥
ਤੀਰ ਸਤੁਦ੍ਰਵ ਗ੍ਰੰਥ ਸੁਧਾਰਾ ॥405॥
(ਪੰਨਾ 1388)

ਅਰਥਾਤ, ਇਹ ਗ੍ਰੰਥ ਭਾਦੋਂ ਸੁਦੀ 8 ਸੰਮਤ 1753 ਦਿਨ ਐਤਵਾਰ ਨੂੰ ਸਤਲੁਜ ਦੇ ਕੰਢੇ ਮੁਕੰਮਲ ਹੋਇਆ ਸੀ। ਇਸ ਤਾਰੀਖ (ਭਾਦੋਂ ਸੁਦੀ 8 ਸੰਮਤ 1753) ਦੀ ਪੜਤਾਲ ਕਰਨ 'ਤੇ ਪਤਾ ਲੱਗਦਾ ਹੈ ਕਿ ਉਸ ਦਿਨ ਐਤਵਾਰ ਨਹੀਂ ਸੀ ਸਗੋਂ ਉਸ ਦਿਨ ਤਾਂ ਮੰਗਲਵਾਰ ਸੀ। ਇਸ ਬਾਰੇ ਇੰਦਰ ਸਿੰਘ ਦਾ ਕੀ ਵਿਚਾਰ ਹੈ?

ਦਸਮ ਗ੍ਰੰਥ ਦੇ ਪੰਨਾ 254 ਉਪਰ ਵੀ ਇਕ ਤਾਰੀਖ ਦਰਜ ਹੈ,

"ਸੰਮਤ ਸੱਤ੍ਰਸਹਸਪਚਾਵਨ ਹਾੜ ਵਦੀ ਪ੍ਰਿਥਮੈ ਸੁਖ ਦਾਵਨ॥ ਚੂਕ ਹੋਇ ਜਹਤਹ ਸੁ ਕਬਿ ਲੀਜਹੁ ਸਕਲ ਸੁਧਾਰ।" (ਪੰਨਾ 254) ਹਾੜ ਵਦੀ ਏਕਮ, ਸੰਮਤ 1755... ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਬੀੜ ਭਾਦੋਂ ਸੁਦੀ 8 ਸੰਮਤ 1753 ਨੂੰ ਤਿਆਰ ਹੋ ਗਈ ਸੀ ਤਾਂ ਹਾੜ ਵਦੀ ਏਕਮ, ਸੰਮਤ 1755 ਨੂੰ ਲਿਖੀ ਗਈ ਰਚਨਾ 254 ਪੰਨੇ 'ਤੇ ਕਿਵੇਂ ਦਰਜ ਹੋ ਗਈ? ਇਕ ਹੋਰ ਬੇਨਤੀ ਹੈ, ਜੇ ਇਹ ਗੁਰੂ ਜੀ ਦੀ ਲਿਖਤ ਹੈ ਤਾਂ "ਚੂਕ ਹੋਇ ਜਹਤਹ ਸੁ ਕਬਿ ਲੀਜਹੁ ਸਕਲ ਸੁਧਾਰ" (ਪੰਨਾ 254), "ਤਾ ਤੇ ਕਥਾ ਥੋਰ ਹੀ ਭਾਸੀ॥ ਨਿਰਖ ਭੂਲਿ ਕਬਿ ਕਰੋ ਨ ਹਾਸੀ" (ਪੰਨਾ 181), "ਭੂਲ ਹੋਇ ਜਹਂਤਹਿਂ ਸੁ ਕਬਿ ਪਤੀਅਹੁ ਸਭੇ ਸੁਧਾਰ" ਅਤੇ "ਤਾਤੇਥੋਰੀ ਕਥਾ ਉਚਾਰੀ॥ ਚੂਕ ਹੋਇ ਕਬਿ ਲੇਹੁ ਸੁਧਾਰੀ" (ਪੰਨਾ 1273) ਲਿਖਣ ਵਾਲਾ ਫਿਰ ਕੌਣ ਹੋਇਆ?

ਸ. ਇੰਦਰ ਸਿੰਘ ਨੇ ਲਿਖਿਆ ਹੈ, "ਖਾਲਸੇ ਦੀਆਂ ਚਾਰ ਬਜਰ ਕੁਰਹਿਤਾਂ ਵਿਚੋਂ ਪਰ ਨਾਰੀ ਦਾ ਸੰਗ ਵਿਵਰਜਿਤ ਕਰਦੀ ਕੁਰਹਿਤ ਦਾ ਵਰਣਨ ਵੀ ਇਸੇ ਹੀ ਰਚਨਾ ਵਿਚੋਂ ਹੈ। ਗੁਰੂ ਜੀ ਲਿਖਦੇ ਹਨ,

ਸੁਧਿ ਜਬ ਤੇ ਹਮ ਧਰੀ
ਬਚਨ ਗੁਰ ਦਏ ਹਮਾਰੇ।
ਪੂਤ ਇਹੈ ਪ੍ਰਨ ਤੋਹਿ
ਪ੍ਰਾਨ ਜਬ ਲਗ ਗਟ ਥਾਰੇ।
ਨਿਜ ਨਾਰੀ ਕੇ ਸਾਥ ਨੇਹੁ
ਤੁਮ ਨਿੱਤ ਬਢੈਯਹੁ।
ਪਰ ਨਾਰੀ ਕੀ ਸੇਜ
ਭੂਲਿ ਸੁਪਨੇ ਹੂੰ ਨ ਜੈਯਹੁ।

ਸ. ਇੰਦਰ ਸਿੰਘ ਦੇ ਧਿਆਨ ਵਿਚ ਲਿਆ ਦਈਏ ਕਿ ਇਸ 'ਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਪੰਗਤੀਆਂ 'ਚ ਵਧੀਆ ਸੰਦੇਸ਼ ਹੈ ਪਰ ਇਹ ਵੀ ਸੱਚ ਹੈ ਕਿ ਪੰਗਤੀਆਂ ਉਚਾਰਨ ਵਾਲਾ, ਅਸਲ ਕਹਾਣੀ ਮੁਤਾਬਕ ਨ੍ਰਿਪ ਕੌਰ ਦੀ ਸੇਜ 'ਤੇ ਬੈਠਾ ਹੈ ਅਤੇ ਜਦੋਂ ਕਹਾਣੀ ਅੱਗੇ ਵਧਦੀ ਹੈ ਤਾਂ ਇਹ ਪੰਗਤੀਆਂ ਉਚਾਰਨ ਵਾਲਾ ਪਾਤਰ ਹੀ ਆਪਣੀ ਜੁੱਤੀ ਅਤੇ ਚਾਦਰ ਛੱਡ ਕੇ ਭੱਜਦਾ ਹੈ, 'ਪਨੀ ਪਾਮਰੀ ਤਜਿ ਭਜਯੋ ਸੁਧਿ ਨ ਰਹੀ ਮਾਹਿ' ਪਰ ਫੜਿਆ ਜਾਂਦਾ ਹੈ, "ਆਗੇ ਪਾਛੇ ਦਾਹਨੇਘੇਰਿਦਸੋ ਦਿਸ ਲੀਨ। ਪੈਂਡ ਭਜਨ ਕੌ ਨਾ ਰਹਯੋ ਰਾਇ ਜਤਨ ਯੌਨ ਕਿਨ" ਅਤੇ ਕਹਾਣੀ ਦੇ ਅੰਤ 'ਚ ਉਹੀ ਪਾਤਰ ਨ੍ਰਿਪ ਕੌਰ ਤੋਂ ਮੁਆਫੀ ਮੰਗਦਾ ਹੈ ਅਤੇ 20000 ਟਕੇ ਛਿਮਾਹੀ ਭੱਤਾ ਦੇ ਕੇ ਰਾਜ਼ੀਨਾਮਾ ਕਰਦਾ ਹੈ।

ਛਿਮਾ ਕਰਹੁ ਅਬ ਤ੍ਰਿਯ ਹਮੈ
ਬਹੁਰਿ ਨ ਕਰਿਯਹੁ ਰਾਧਿ।
ਬੀਸ ਸਹੰਸ ਟਕਾ
ਤਿਸੈਦੈਹੀ ਛਿਮਾਹੀ ਬਾਧਿ। (ਪੰਨਾ 844)

ਸਵਾਲ ਹੈ ਕਿ ਜੇ ਇਹ ਪੰਗਤੀਆਂ (ਸੁਧਿ ਜਬ ਤੇ ਹਮ ਧਰੀ) ਉਚਾਰਨ ਵਾਲੇ ਗੁਰੂ ਜੀ ਹਨ ਤਾਂ ਸ. ਇੰਦਰ ਸਿੰਘ ਦੱਸਣ ਕਿ ਜੁੱਤੀ ਅਤੇ ਚਾਦਰ ਛੱਡ ਕੇ ਭੱਜਣ ਵਾਲਾ, ਭੱਜਣ ਵੇਲੇ ਫੜੇ ਜਾਣ ਵਾਲਾ ਅਤੇ ਅਖੀਰ 'ਚ ਵੇਸਵਾ ਤੋਂ ਮੁਆਫੀ ਮੰਗ ਕੇ 20 ਹਾਜ਼ਰ ਟਕਾ ਛਿਮਾਹੀ ਦੇਣ ਵਾਲਾ ਫਿਰ ਕੌਣ ਹੋਇਆ?

ਮੈਨੂੰ ਪੂਰੀ ਆਸ ਹੈ ਕਿ ਸ. ਇੰਦਰ ਸਿੰਘ 27 ਨਵੰਬਰ 2006 ਨੂੰ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ ਮੁਤਾਬਕ ਉਪਰੋਕਤ ਸਵਾਲਾਂ ਦੇ ਜਵਾਬ ਇਤਿਹਾਸਕ ਤੱਥਾਂ ਅਤੇ ਗੁਰਮਤਿ ਦੀ ਰੋਸ਼ਨੀ 'ਚ ਦੇ ਕੇ ਪਾਠਕਾਂ ਦੀ ਜਾਣਕਾਰੀ 'ਚ ਵਾਧਾ ਕਰਨਗੇ।

*-ਸੁਖਦੇਵ ਸਿੰਘ*
*ਫੋਨ: 209-321-1791*

---

## ਦਸਮ ਗ੍ਰੰਥ ਅਤੇ ਗੁਰਬਾਣੀ

'ਪੰਜਾਬ ਟਾਈਮਜ਼' ਅਜਿਹਾ ਅਖਬਾਰ ਹੈ ਜਿਸ ਵਿਚ ਚੰਗੇ ਮਿਆਰੀ ਅਧਿਆਤਮਕ, ਸਮਾਜਕ ਤੇ ਰਾਜਨੀਤਕ ਲੇਖ ਪੜ੍ਹਨ ਨੂੰ ਮਿਲਦੇ ਹਨ। ਇਕ ਅੰਕ ਵਿਚ ਸ. ਮਝੈਲ ਸਿੰਘ ਸਰਾਂ ਦਾ ਲੇਖ ਪੜ੍ਹਿਆ। ਅਸੀਂ ਉਨ੍ਹਾਂ ਦੇ ਲੇਖ ਦੀ ਪ੍ਰੋੜਤਾ ਕਰਦੇ ਹਾਂ। ਜਿਵੇਂ ਉਨ੍ਹਾਂ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਗੁਰਗੱਦੀ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਬਖਸ਼ੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਈ ਭਗਤ ਸਾਹਿਬਾਨ ਦੀ ਬਾਣੀ ਵੀ ਦਰਜ ਹੈ। ਇਨ੍ਹਾਂ ਹੀ ਭਗਤ ਸਾਹਿਬਾਨ ਨੇ ਹੋਰ ਬਾਣੀ ਵੀ ਲਿਖੀ ਹੈ ਪਰ ਉਹ ਬਾਣੀ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਸੀ ਕੀਤੀ। ਕੀ ਆਪਾਂ ਇਨ੍ਹਾਂ ਭਗਤਾਂ ਦੀ ਉਸ ਬਾਣੀ, ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ, ਨੂੰ ਗੁਰਬਾਣੀ ਆਖਾਂਗੇ? ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਨੇ ਦਸਮ ਗ੍ਰੰਥ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਦਰਜ ਕੀਤੀ। ਇਸ ਲਈ ਜਿਵੇਂ ਆਪਾਂ ਭਗਤ ਸਾਹਿਬਾਨ ਦੀ ਉਸ ਬਾਣੀ, ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ, ਨੂੰ 'ਕੱਚੀ ਬਾਣੀ' ਆਖਾਂਗੇ, ਇਸੇ ਤਰ੍ਹਾਂ ਦਸਮ ਗ੍ਰੰਥ ਦੀ ਬਾਣੀ ਵੀ 'ਕੱਚੀ ਬਾਣੀ' ਹੈ।

ਸਵਾਲ ਹੈ ਕਿ ਕੀ 'ਗੁਰ-ਸੰਗਤ' ਜਾਂ 'ਖਾਲਸਾ' ਸਾਨੂੰ 'ਕੱਚੀ ਬਾਣੀ' ਪੜ੍ਹਨ, ਸੁਣਨ ਜਾਂ ਸੁਣਾਉਣ ਦਾ ਹੁਕਮ ਕਰ ਸਕਦਾ ਹੈ? ਨਹੀਂ! 'ਖਾਲਸਾ' ਬਿਬੇਕੀ ਅਤੇ ਦੁਧੋਂ ਪਾਣੀ ਨਿਤਾਰਨ ਦੇ ਸਮਰੱਥ ਹੈ। ਉਹ ਖਾਲਸਾ ਜਿਹੜਾ ਗੁਰੂ ਗੋਬਿੰਦ ਸਿੰਘ ਨੂੰ ਕਿਸੇ ਪੀਰ ਫਕੀਰ ਦੀ ਕਬਰ ਅੱਗੇ ਆਪਣਾ ਤੀਰ ਜ਼ਰਾ ਕੁ ਝੁਕਾਉਣ 'ਤੇ (ਭਾਵੇਂ ਉਹ ਨਾਟਕ ਹੀ ਸੀ) ਪਿਆਰ ਨਾਲ ਝਿੜਕ ਸਕਦਾ ਹੈ, ਉਹ ਸਾਨੂੰ ਕਿਵੇਂ 'ਕੱਚੀ ਬਾਣੀ' ਪੜ੍ਹਨ ਦਾ ਆਦੇਸ਼ ਕਰ ਸਕਦਾ ਹੈ? ਸੈਨ ਹੋਜ਼ੇ ਗੁਰੂ ਘਰ ਵਿਖੇ ਬਹੁਤ ਸਾਰੇ ਬੁਲਾਰੇ ਭਾਵੇਂ ਵੇਖਣ ਨੂੰ 'ਖਾਲਸਾ' ਲਗਦੇ ਸਨ ਪਰ ਲਗਭਗ ਸਾਰੇ ਦੇ ਸਾਰੇ ਦਸਮ ਗ੍ਰੰਥ ਦੀ ਲਿਖਤ ਨੂੰ ਗੁਰਬਾਣੀ ਦੱਸ ਰਹੇ ਸਨ। ਮੇਰੇ ਵਰਗੇ ਭੁੱਲੜ ਜੈਕਾਰਿਆਂ ਨਾਲ ਇਨ੍ਹਾਂ ਦੀ ਪ੍ਰੋੜਤਾ ਕਰੀ ਜਾ ਰਹੇ ਸਨ!

ਕੀ 'ਖਾਲਸਾ' ਇਸ ਗੋਸ਼ਟੀ ਵਿਚ ਸ਼ਾਮਲ ਸੀ? ਜੇ ਸੀ ਤਾਂ ਉਸ ਨੇ ਸਾਨੂੰ ਇਸ ਕੁਕਰਮ ਤੋਂ ਕਿਉਂ ਨਹੀਂ ਝਿੜਕਿਆ? ਹੋ ਸਕਦਾ ਹੈ 'ਖਾਲਸਾ' ਸਾਥੋਂ ਡਰ ਗਿਆ ਹੋਵੇ ਕਿ ਕਿਤੇ ਅਸੀਂ ਉਸ ਨੂੰ 'ਪੰਥ' ਵਿਚੋਂ ਛੇਕ ਨਾ ਦੇਈਏ! ਨਹੀਂ! ਨਹੀਂ!! ਖਾਲਸਾ ਡਰਦਾ ਨਹੀਂ। ਖਾਲਸਾ ਤਾਂ ਪੰਥ ਹੈ। ਇਹ ਹੋ ਸਕਦਾ ਹੈ ਕਿ 'ਖਾਲਸਾ' ਸਾਨੂੰ ਇਹ ਆਖ ਕੇ 'ਗੁਰੂ ਸੁਮੱਤ ਬਖਸ਼ੇ' ਗੋਸ਼ਟੀ ਵਿਚ ਪੰਥ ਸਮੇਤ ਅਲੋਪ ਹੋ ਗਿਆ ਹੋਵੇ। ਜ਼ਰਾ ਸੋਚੀਏ, ਜੇ 'ਕੱਚੀ ਬਾਣੀ' ਪੜ੍ਹਨ, ਸੁਣਨ, ਸੁਣਾਉਣ ਜਾਂ ਇਸ ਦਾ ਆਦੇਸ਼ ਕਰਨ ਵਾਲਾ ਖਾਲਸਾ ਜਾਂ ਗੁਰ-ਸੰਗਤ ਹੈ ਤਾਂ ਆਪਾਂ ਡੇਰਾਵਾਦੀ ਕਿਸ ਨੂੰ ਕਹਾਂਗੇ। ਆਓ ਆਪਾਂ ਸਿੱਖ ਰਹਿਤ ਮਰਿਆਦਾ ਵਿਚ ਲੋੜੀਂਦੀ ਸੋਧ ਕਰਕੇ ਗੁਰਸੰਗਤ ਜਾਂ ਖਾਲਸੇ ਤੋਂ ਭੁੱਲ ਬਖਸ਼ਾਈਏ। ਆਓ ਜਾਗੀਏ, ਜਾਗਣ ਦਾ ਵੇਲਾ!

*-ਭੁਪਿੰਦਰ ਸਿੰਘ*
*ਤਜਿੰਦਰ ਕੌਰ ਧਾਲੀਵਾਲ*
*ਫੇਅਰਫੀਲਡ, ਕੈਲੀਫੋਰਨੀਆ।*
*ਫੋਨ: 707-208-2356*

## ਮਾਇਆ: ਗੁਰਦਿਆਲ ਬੱਲ ਦੀ ਨਜ਼ਰ ਵਿਚ

ਗੁਰਦਿਆਲ ਸਿੰਘ ਬੱਲ ਕੈਲਗਰੀ ਆਏ ਤਾਂ ਉਨ੍ਹਾਂ ਮੈਨੂੰ ਸੁਰਿੰਦਰ ਨੀਰ ਦਾ ਨਾਵਲ 'ਮਾਇਆ' ਪੜ੍ਹਨ ਨੂੰ ਦਿੱਤਾ। ਇਕੋ ਬੈਠਕ ਵਿਚ ਹੀ ਸਾਰਾ ਪੜ੍ਹ ਲਿਆ। ਇਸ ਨਾਵਲ ਬਾਰੇ ਪੰਜਾਬ ਟਾਈਮਜ਼ ਵਿਚ ਛਪਿਆ ਉਨ੍ਹਾਂ ਦਾ ਲੇਖ ਰੋਚਕਤਾ, ਸੰਤੁਲਤ ਲਤੀਬੱਧਤਾ ਅਤੇ ਮਨੋਭਾਵਾਂ ਦਾ ਵੇਗ ਸਮੁੰਦਰੀ ਲਹਿਰਾਂ ਵਾਂਗ ਕੰਢਿਆਂ ਨਾਲ ਟਕਰਾ ਕੇ ਉਚੀ ਅਵਾਜ਼ ਪੈਦਾ ਕਰਨ ਵਰਗਾ ਸੀ। ਆਲੋਚਕ ਨੇ ਤੁਲਨਾਤਮਕ ਵਿਧੀ ਦੀ ਵਰਤੋਂ ਕਰਕੇ ਮਾਇਆ ਦੇ ਪਾਤਰਾਂ ਦੇ ਸਨਮੁਖ ਵਿਸ਼ਵ ਸਾਹਿਤ ਵਿਚੋਂ ਪਾਤਰ ਖੜ੍ਹਾ ਕਰਕੇ, ਭਾਵੇਂ ਉਹ ਸਿਧਾਰਥ ਹੋਵੇ, ਹਾਰਡੀ ਦੀ ਟੈਸ, ਫਰਾਂਸੀਸੀ ਐਕਟਰਸ ਬਰਗਿਸ਼ੀ ਬਾਰਦੋ ਜਾਂ ਮਾਰਲਿਨ ਮੁਨਰੋ ਜਾਂ ਫਿਰ ਵਾਨ ਗੋਗ ਦੀ ਕਥਾ ਵਿਚਲੀ ਗੁਸ਼ੇਲ, ਪੂਰੀ ਵਾਹ ਲਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਜੀਵਨ ਦੇ ਯਥਾਰਥ, ਮਨੁਖੀ ਮਨ ਦੇ ਰਹੱਸ, ਕੁਦਰਤੀ ਸੁੰਦਰਤਾ ਦੇ ਭੇਦ, ਮਨੁਖੀ ਮਨ ਦੇ ਵਲਵਲੇ, ਪਿਆਰ ਦੇ ਪ੍ਰਗਟਾ ਸਮੇਂ ਉਤਪੰਨ ਹਾਵਾਂ-ਭਾਵਾਂ ਨੂੰ ਪਾਠਕ ਸਾਹਮਣੇ ਰਖ ਸਕੇ।

ਵਿਸ਼ਵ ਸਾਹਿਤ ਦੇ ਸੰਦਰਭ ਵਿਚ ਮਾਇਆ ਬਾਰੇ ਇਹ ਲੇਖ ਪੜ੍ਹਨ ਤੋਂ ਬਾਅਦ ਮੈਨੂੰ ਇਸ ਨਾਵਲ ਦੇ ਸੰਦਰਭ ਇਕ ਵੱਖਰੇ ਹੀ ਜਾਵੀਏ ਤੋਂ ਸਮਝ ਆਏ।

ਗੁਰਦਿਆਲ ਬੱਲ ਦੀ ਇਹ ਕੋਸ਼ਿਸ਼, ਮਨੁਖੀ ਅਹਿਸਾਸਾਂ ਦੀ ਤਰਜਮਾਨੀ ਕਰਦੀ ਹੋਈ ਵਿਸ਼ਵ ਸਾਹਿਤ ਦੇ ਅਨੇਕਾਂ ਸਾਹਿਤਕਾਰਾਂ ਦੀ ਕੀਤੀ ਕੋਸ਼ਿਸ਼ ਨੂੰ ਦਿਖਾਉਣ ਦਾ ਇਕ ਯਤਨ ਹੈ। ਭਟਕਣ ਇਕ ਵੇਗ ਹੈ, ਟਿਕਾਅ ਇਕ ਸਥਿਰਤਾ। ਇਨ੍ਹਾਂ ਦੋਹਾਂ ਦੇ ਵਿਚਕਾਰਲੀ ਦੂਰੀ ਦੀ ਭਾਲ ਕਰਦਾ ਹੋਇਆ ਉਹ ਮਾਇਆ ਨੂੰ ਵਿਸ਼ਵ ਸਾਹਿਤ ਦੀਆਂ ਚੋਣਵੀਆਂ ਰਚਨਾਵਾਂ ਦੇ ਧੱਧਰ 'ਤੇ ਲਿਆ ਖੜ੍ਹਾ ਕਰਦਾ ਹੈ ਅਤੇ ਸੁਰਿੰਦਰ ਨੀਰ ਨੂੰ ਸਿਰਕੱਢ ਲੇਖਕਾਂ ਦੀ ਕਤਾਰ ਵਿਚ।

*-ਸਤਪਾਲ ਕੌਰ ਬੱਲ (ਕੈਲਗਰੀ)*

---

## ਸੁਰਿੰਦਰ ਨੀਰ ਦਾ ਨਾਵਲ 'ਮਾਇਆ'

ਮੈਂ 'ਪੰਜਾਬ ਟਾਈਮਜ਼' ਅਖਬਾਰ ਵਿਚ ਪੰਜਾਬੀ ਸਾਹਿਤਕਾਰ ਸੁਰਿੰਦਰ ਨੀਰ ਦੇ ਨਾਵਲ 'ਮਾਇਆ' ਬਾਰੇ ਗੁਰਦਿਆਲ ਸਿੰਘ ਬੱਲ ਦਾ ਲੰਮਾ ਲੇਖ ਪੜ੍ਹਿਆ ਹੈ। ਪੰਜਾਬੀ ਦੇ ਨਾਮਵਰ ਨਾਵਲਕਾਰ ਨਾਨਕ ਸਿੰਘ ਅਤੇ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਤੋਂ ਬਾਅਦ ਬਹੁਤ ਸਾਲਾਂ ਬਾਅਦ ਪੰਜਾਬੀ ਦੇ ਕਿਸੇ ਨਾਵਲ ਦੀ ਇੰਨੀ ਚਰਚਾ ਹੋਈ ਹੈ।

ਮੈਂ ਹਾਲੇ ਸੁਰਿੰਦਰ ਨੀਰ ਦਾ ਨਾਵਲ 'ਮਾਇਆ' ਨਹੀਂ ਪੜ੍ਹਿਆ ਪਰ ਗੁਰਦਿਆਲ ਸਿੰਘ ਬੱਲ ਨੇ ਇਸ ਨਾਵਲ ਬਾਰੇ ਚਰਚਾ ਦੁਨੀਆਂ ਦੇ ਚਰਚਿਤ ਨਾਵਲਾਂ ਦੇ ਪ੍ਰਸੰਗ ਵਿਚ ਕੀਤੀ ਹੈ। ਗੁਰਦਿਆਲ ਬੱਲ ਨੇ ਕਿਤੇ ਵੀ ਇਸ ਨਾਵਲ ਦੀ ਤੁਲਨਾ ਸੰਸਾਰ ਦੇ ਕਿਸੇ ਵੱਡੇ ਨਾਵਲ ਨਾਲ ਨਹੀਂ ਕੀਤੀ ਪਰ ਲੇਖ ਦਾ ਸਾਰ-ਅੰਸ਼ ਇਹ ਹੀ ਹੈ ਕਿ ਨਾਵਲ 'ਮਾਇਆ' ਪੰਜਾਬੀ ਸਾਹਿਤ ਅਤੇ ਪੰਜਾਬੀ ਪਾਠਕਾਂ ਲਈ ਮੁੱਲਵਾਨ ਰਚਨਾ ਹੈ।

*-ਕੁਲਦੀਪ ਸਿੰਘ ਧਾਲੀਵਾਲ, ਫੋਨ: 510-859-5964*

# ਨਰਿੰਦਰ ਮੋਦੀ ਦਾ ਸਰਦਾਰ ਪਟੇਲ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਭਾਜਪਾ ਦੇ ਸੰਭਾਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਰਿਵਾੜੀ (ਹਰਿਆਣਾ) ਵਾਲਾ ਭਾਸ਼ਣ ਧਿਆਨ ਮੰਗਦਾ ਹੈ। ਵਿਰੋਧੀਆਂ ਲਈ 'ਕੁੱਤੇ ਕਾ ਬੱਚਾ', 'ਦਾਮਾਦ ਕਾ ਕਾਰੋਬਾਰ' ਜਾਂ 'ਸੈਕੂਲਰ ਬੁਰਕਾਧਾਰੀ' ਸ਼ਬਦਾਂ ਦੀ ਵਰਤੋਂ ਕਰਨ ਵਾਲੇ ਮੋਦੀ ਦਾ 'ਸੈਕੂਲਰ ਛਤਰੀ ਵਾਲੇ' ਵਰਗੇ ਸੋਧੇ ਹੋਏ ਸ਼ਬਦ ਵਰਤਣਾ ਦਸਦਾ ਹੈ ਕਿ ਉਸ ਦਾ ਮੀਡੀਆ ਸਲਾਹਕਾਰ ਉਸ ਨੂੰ ਠੀਕ ਰਾਹ 'ਤੇ ਤੋਰਨ ਦਾ ਯਤਨ ਕਰ ਰਿਹਾ ਹੈ।

ਨਿਸ਼ਚੇ ਹੀ ਪ੍ਰਧਾਨ ਮੰਤਰੀ ਦੀ ਕੁਰਸੀ ਵਾਲੀ ਗਾਜਰ ਬਹੁਤ ਖਿੱਚ ਵਾਲੀ ਹੈ। ਉਹਦਾ ਅਤਿਵਾਦ ਤੇ ਮਾਓਵਾਦ ਨਾਲ ਲੜਨ ਲਈ ਪਾਕਿਸਤਾਨ ਤੇ ਬੰਗਲਾਦੇਸ਼ ਦਾ ਸਾਥ ਮੰਗਣ ਵਾਲਾ ਨਵਾਂ ਨਾਅਰਾ ਵੀ ਨਵੀਂ ਸੋਚ ਦੀ ਉਪਜ ਹੈ। ਪਰ ਕਿਸੇ ਖਾਸ ਸੰਚੇ ਵਿਚ ਢਲੇ ਹੋਏ ਬਦਲਿਆ ਨਹੀਂ ਕਰਦੇ। ਹਰਿਆਣਾ ਦੀ ਜਾਟ ਭੂਮੀ ਵਿਚ ਜਾ ਕੇ ਉਥੋਂ ਦੇ ਜਾਟਾਂ ਕੋਲੋਂ ਗੁਜਰਾਤ ਵਿਚ ਸਰਦਾਰ ਪਟੇਲ ਦਾ ਬੁੱਤ ਨਿਊ ਯਾਰਕ ਦੇ 'ਸਟੈਚੂ ਆਫ ਲਿਬਰਟੀ' ਨਾਲੋਂ ਉਚਾ ਬਣਾਉਣ ਲਈ ਉਥੋਂ ਦੇ ਕਿਸਾਨਾਂ ਕੋਲੋਂ ਲੋਹੇ ਦਾ ਦਾਨ ਮੰਗਣਾ ਇਹੀ ਸਾਬਤ ਕਰਦਾ ਹੈ। ਜਿਸ ਭੂਮੀ ਵਿਚ ਖਲੋ ਕੇ ਇਹ ਮੰਗ ਕੀਤੀ ਗਈ ਉਹ ਕਿਸਾਨਾਂ ਦੇ ਮਸੀਹਾ ਸਰ ਛੋਟੂ ਰਾਮ ਦੀ ਜਨਮ ਭੂਮੀ ਹੈ।

ਉਸ ਨੇ ਅੱਠ ਦਹਾਕੇ ਪਹਿਲਾਂ ਅੰਗਰੇਜ਼ ਸਰਕਾਰ ਤੋਂ ਦੇਸ਼ ਭਰ ਦੀ ਕਿਰਸਾਣੀ ਨੂੰ ਸ਼ਾਹੂਕਾਰਾਂ ਦੇ ਸ਼ਿਕੰਜੇ ਵਿਚੋਂ ਕੱਢਣ ਲਈ ਮਾਅਰਕੇ ਦਾ ਕਾਨੂੰਨ ਪਾਸ ਕਰਵਾਇਆ ਸੀ। ਉਸ ਨੇ ਅਖੰਡ ਭਾਰਤ ਦੇ ਕਿਸਾਨਾਂ ਨੂੰ, ਜਿਸ ਵਿਚ ਪਾਕਿਸਤਾਨ ਤੇ ਬੰਗਲਾ ਦੇਸ਼ ਦੇ ਕਿਸਾਨ ਵੀ ਸ਼ਾਮਲ ਸਨ, ਸ਼ਾਹੂਕਾਰਾਂ ਕੋਲ ਗਹਿਣੇ ਪਈ ਭੂਮੀ ਰਾਤੋ ਰਾਤ ਇੱਕ ਵੀ ਧੇਲਾ ਦਿੱਤੇ ਬਿਨਾ ਵਾਪਸ ਕਰਵਾ ਦਿੱਤੀ ਸੀ। ਕਿਸਾਨਾਂ ਦੀ ਉਤਪਤੀ ਤੇ ਵਿਕਾਸ ਲਈ ਇਸ ਤੋਂ ਚੰਗਾ ਬਿੱਲ ਪਾਸ ਕਰਾਉਣ ਵਾਲਾ ਅੱਜ ਤੱਕ ਕੋਈ ਨਹੀਂ ਜੰਮਿਆ। ਸਰ ਛੋਟੂ ਰਾਮ ਦੀ ਜਨਮ ਭੂਮੀ ਵਿਚ ਖਲੋ ਕੇ ਸਰਦਾਰ ਪਟੇਲ ਦੀ ਲੋਹ ਪੁਰਸ਼ੀ ਦਾ ਗੀਤ ਗਾਉਣਾ ਤੇ ਉਸ ਦੇ ਬਣਾਏ ਜਾਣ ਵਾਲੇ ਬੁੱਤ ਲਈ ਦਾਨ ਮੰਗਣਾ ਕਿੰਨਾ ਕੁ ਉਚਿਤ ਹੈ? ਕੀ ਇਹ ਗੁਜਰਾਤ ਦੇ ਮੁੱਖ ਮੰਤਰੀ ਦੀ ਕੁਰਸੀ ਲਈ ਇੱਕ ਟਰਮ ਹੋਰ ਮੰਗਣ ਦਾ ਯਤਨ ਮਾਤਰ ਤਾਂ ਨਹੀਂ। ਇਸ ਰੁਚੀ ਦੀ ਲੋਅ ਵਿਚ ਦੇਸ਼ ਵਾਸੀ ਉਸ ਤੋਂ ਕਿਹੋ ਜਿਹੀ ਆਸ ਰੱਖਣ, ਇਹ ਉਨ੍ਹਾਂ ਨੇ ਖੁਦ ਵੇਖਣਾ ਹੈ।

**ਸਮੂਹਕ ਜਬਰ ਜਨਾਹ ਦੀ ਮਿਸਾਲੀ ਸਜ਼ਾ:** ਨਵੀਂ ਦਿੱਲੀ ਜਬਰ ਜਨਾਹ ਦੇ ਚਾਰੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦਿੱਤੇ ਜਾਣ ਦਾ ਸਵਾਗਤ ਹੋਣਾ ਕੁਦਰਤੀ ਸੀ। ਐਲਾਨੀ ਗਈ ਸਜ਼ਾ ਘੋਰ ਅਪਰਾਧ ਕਰਨ ਵਾਲਿਆਂ ਲਈ ਸਬਕ ਸਿਖਾਉਣ ਵਾਲੀ ਹੈ। ਮਾਣਯੋਗ ਜੱਜ ਯੋਗੇਸ਼ ਖੰਨਾ ਦਾ ਨਿਯਮਾਂ ਉਤੇ ਅਧਾਰਤ ਦਲੇਰੀ ਵਾਲਾ ਫੈਸਲਾ ਚੰਗਾ ਪ੍ਰਭਾਵ ਪਾਵੇਗਾ। ਇਸ ਦਾ ਰਾਹ ਜੁਵੇਨਾਈਲ ਜਸਟਿਸ ਬੋਰਡ ਦੇ ਫੈਸਲੇ ਨੇ ਵੀ ਪੱਧਰਾ ਕੀਤਾ ਸੀ। ਉਨ੍ਹਾਂ ਨੇ ਦੋਸ਼ ਵਿਲੱਖਣ ਤੇ ਗੰਭੀਰ ਸਮਝ ਕੇ ਨਾਬਾਲਗ ਮੰਨੇ ਗਏ ਦੋਸ਼ੀ ਨੂੰ ਆਪਣੇ ਘੇਰੇ ਵਿਚ ਆਉਂਦੀ ਸਖਤ ਤੋਂ ਸਖਤ ਸਜ਼ਾ ਦੇ ਛੱਡੀ ਹੈ। ਅਕਸ਼ੇ ਠਾਕੁਰ, ਮੁਕੇਸ਼ ਸਿੰਘ, ਪਵਨ ਗੁਪਤਾ ਤੇ ਵਿਨੇ ਸ਼ਰਮਾ ਨੂੰ ਫਾਂਸੀ ਦੇ ਭਾਗੀ ਮੰਨੇ ਜਾਣ ਪਿੱਛੋਂ ਨਾਬਾਲਗ ਮੰਨੇ ਗਏ ਦੋਸ਼ੀ ਦਾ ਕੇਸ ਵੀ ਮੁੜ ਵਿਚਾਰੇ ਜਾਣ ਦੀ ਮੰਗ ਕਰਦਾ ਹੈ। ਅੱਜ ਦੇ ਦਿਨ ਭਾਰਤ ਦੇ ਕੋਨੇ ਕੋਨੇ ਤੋਂ ਨਾਬਾਲਗ ਆਖੇ ਜਾਂਦੇ ਅਜੀਬ ਦੋਸ਼ੀ ਮੀਡੀਆ ਵਿਚ ਆ ਰਹੇ ਹਨ। ਅਜਿਹੇ ਦੋਸ਼ਾਂ ਦੀ ਜ਼ਿੰਮੇਵਾਰੀ ਕਿਸੇ ਹੱਦ ਤੱਕ ਵਿਦਿਆ ਅਤੇ ਸੰਚਾਰ ਦੇ ਸਾਧਨਾਂ ਦੇ ਸਿਰ ਵੀ ਥੋਪੀ ਜਾ ਰਹੀ ਹੈ। ਬਾਲਗਾਂ ਦੀ ਉਮਰ 18 ਸਾਲ ਤੋਂ ਘੱਟ ਕੀਤੇ ਜਾਣ ਦੀ ਸਖਤ ਲੋੜ ਹੈ। ਜਦੋਂ ਤੱਕ ਅਜਿਹਾ ਨਹੀਂ ਹੁੰਦਾ ਫਾਸਟ ਟਰੈਕ ਅਦਾਲਤਾਂ ਨੂੰ ਘੋਰ ਅਪਰਾਧ ਕਰਨ ਵਾਲੇ ਨਾਬਾਲਗਾਂ ਨੂੰ ਸਖਤ ਸਜ਼ਾਵਾਂ ਦੇਣ ਦੇ ਅਧਿਕਾਰ ਦਿੱਤੇ ਜਾਣੇ ਚਾਹੀਦੇ ਹਨ। ਅਜਿਹੇ ਕੀਤੇ ਬਿਨਾ ਉਨ੍ਹਾਂ ਨੂੰ ਕਾਨੂੰਨ ਦੇ ਸ਼ਿਕੰਜੇ ਵਿਚ ਲੈਣਾ ਕਠਿਨ ਹੈ।

**ਨੁੱਕੜ ਨਾਟਕ ਦੇ ਸ਼ਾਹਸਵਾਰ ਨੂੰ ਢੁਕਵੀਂ ਸ਼ਰਧਾਂਜਲੀ:** 16 ਸਤੰਬਰ ਪੰਜਾਬੀ ਨਾਟਕ ਮੰਚਨ ਦੇ ਸ਼ਾਹਸਵਾਰ ਗੁਰਸ਼ਰਨ ਸਿੰਘ ਦਾ ਜਨਮ ਦਿਨ ਸੀ। ਉਸ ਨੇ ਪੰਜਾਬੀ ਦੇ ਨਿੱਕੇ-ਵੱਡੇ ਨਾਟਕਾਂ ਨੂੰ ਪੰਜਾਬ ਭਰ ਦੇ ਪਿੰਡਾਂ ਵਿਚ ਪਹੁੰਚਾਉਣ ਤੋਂ ਬਿਨਾਂ ਖੁਦ ਵੀ 175 ਨਿੱਕੇ ਨਾਟਕ ਰਚੇ ਤੇ ਘਰ ਘਰ ਪਹੁੰਚਾਏ। ਇਸ ਅਮਲ ਵਿਚ ਉਸ ਨੇ ਦਰਜਨਾਂ ਸ਼ਾਗਿਰਦ ਸਾਜੇ ਜਿਨ੍ਹਾਂ ਵਿਚੋਂ ਚੰਡੀਗੜ੍ਹ ਵਾਲਾ ਸਾਹਬ ਸਿੰਘ ਤੇ ਅੰਮ੍ਰਿਤਸਰ ਵਾਲਾ ਕੇਵਲ ਧਾਲੀਵਾਲ ਪ੍ਰਮੁੱਖ ਹਨ। ਉਸ ਦੇ ਸ਼ਾਗਿਰਦ ਕਿਸੇ ਨਾ ਕਿਸੇ ਰੂਪ ਵਿਚ ਉਸ ਨੂੰ ਚੇਤੇ ਕਰਦੇ ਰਹਿੰਦੇ ਹਨ। ਇਸ ਵਾਰੀ ਉਸ ਦੇ 84ਵੇਂ ਜਨਮ ਦਿਨ ਉਤੇ ਉਸ ਨੂੰ ਕੇਵਲ ਧਾਲੀਵਾਲ ਦੇ ਕੋਲਾਜ 'ਦਾਸਤਾਨ-ਏ-ਗੁਰਸ਼ਰਨ ਸਿੰਘ' ਨਾਲ ਚੇਤੇ ਕੀਤਾ ਗਿਆ ਜਿਸ ਵਿਚ ਉਸ ਦੇ ਆਪਣੇ ਨਾਟਕਾਂ ਵਿਚੋਂ 12 ਨਾਟਕਾਂ ਦੇ ਸਾਰ ਪੇਸ਼ ਕੀਤੇ ਗਏ। ਇਹ ਨਾਟਕ ਦੇਸ਼ ਵੰਡ, ਦਿੱਲੀ ਦੰਗਿਆਂ, ਪੰਜਾਬ ਦੇ ਕਾਲੇ ਦਿਨ ਤੇ ਗਰੀਬਾਂ ਦੀ ਲੁੱਟ ਨਾਲ ਸਬੰਧਤ ਹੋਣ ਤੋਂ ਬਿਨਾਂ ਸਿੱਖ ਸਿਧਾਂਤਾਂ ਤੇ ਦੁੱਲਾ ਭੱਟੀ ਵਰਗਿਆਂ ਦੀ ਵੰਗਾਰ ਨਾਲ ਵੀ ਸਬੰਧਤ ਸਨ। ਇਨ੍ਹਾਂ ਵਿਚ ਸੁਰਜੀਤ ਹਾਂਸ ਤੇ ਮੋਹਨਜੀਤ ਦੀਆਂ ਕਵਿਤਾਵਾਂ ਦਾ ਰਸ ਵੀ ਹੈ ਤੇ ਉਨ੍ਹਾਂ ਦੀ ਬੇਟੀ ਅਰੀਤ ਦੀਆਂ ਕਾਵਿਕ ਤੁਕਾਂ ਦਾ ਵੀ। ਪੂਰੇ ਨਾਟਕ ਨੂੰ ਗਾਇਕੀ ਦੀ ਗੂੰਜ ਵਿਚ ਲਪੇਟ ਕੇ ਦੇਣ ਕਾਰਨ ਇਹ ਬਹੁਤ ਪ੍ਰਭਾਵੀ ਹੋ ਨਿਬੜਿਆ। ਅਜਿਹੀ ਪੇਸ਼ਕਾਰੀ ਸਮੇਂ ਚੰਡੀਗੜ੍ਹ ਦੇ ਟੈਗੋਰ ਥੀਏਟਰ ਹਾਲ ਦਾ ਖਚਾ ਖਚ ਭਰੇ ਹੋਣਾ ਇਸ ਦਾ ਸਬੂਤ ਹੈ।



ਟੈਗੋਰ ਥੀਏਟਰ ਚੰਡੀਗੜ੍ਹ 'ਚ ਨਾਟਕ ਦਾਸਤਾਨ-ਏ-ਗੁਰਸ਼ਰਨ ਸਿੰਘ ਪੇਸ਼ ਕਰਦੇ ਹੋਏ ਕਲਾਕਾਰ

**ਅੰਤਿਕਾ:** (ਮੋਹਨ ਸਿੰਘ)
ਭਾਰਤ ਹੈ ਵਾਂਗ ਮੁੰਦਰੀ, ਵਿਚ ਨਗ ਪੰਜਾਬ ਦਾ।
ਭਾਰਤ ਹੈ ਜੇ ਸ਼ਰਾਬ, ਇਹ ਨਸ਼ਾ ਸ਼ਰਾਬ ਦਾ।
ਗੰਗਾ ਬਣਾਏ ਦੇਵਤੇ, ਤੇ ਜਮਨਾ ਦੇਵੀਆਂ,
ਆਸ਼ਕ ਮਗਰ ਬਣਾ ਸਕੇ, ਪਾਣੀ ਚਨਾਬ ਦਾ।

# ਫਰੰਗੀ ਦੇ ਰੰਗ ਢੰਗ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪਿਛਲੇ ਦਿਨੀਂ ਪੰਜਾਬੀ ਦੇ ਬਹੁਪੱਖੀ ਪ੍ਰਤਿਭਾ ਵਾਲੇ ਨੌਜਵਾਨ ਪੰਜਾਬੀ ਲੇਖਕ ਬਲਰਾਜ ਸਿੱਧੂ ਦਾ ਇਕ ਲੇਖ ਪੜ੍ਹ ਰਿਹਾ ਸੀ ਜਿਸ ਵਿਚ ਇੰਗਲੈਂਡ ਦੇ ਬ੍ਰਾਇਟਨ ਨਾਮੀ ਇਕ ਨਿਊਡ ਬੀਚ ਦਾ ਰੁਮਾਂਚਕ ਵਰਣਨ ਹੈ। ਇਸ ਬੀਚ ਵਿਚ ਹਰ ਕੋਈ ਨਗਨ ਹੋ ਕੇ ਸੀਆ ਸੇਕਣ ਜਾ ਸਕਦਾ ਹੈ। ਆਪਣੇ ਵਿਸ਼ਿਆਂ ਦਾ ਇਤਿਹਾਸਕ ਪਰਿਪੇਖ ਪੇਸ਼ ਕਰਨ ਵਿਚ ਸਿੱਧੂ ਦਾ ਕੋਈ ਸਾਨੀ ਨਹੀਂ। ਲੇਖਕ ਨੇ ਇਸ ਬੀਚ ਦੇ ਇਤਿਹਾਸਕ ਪਿਛੋਕੜ ਦੇ ਵੀ ਵੇਰਵੇ ਦਿੱਤੇ ਹਨ। ਬੰਦਰਗਾਹ ਵਾਲੇ ਸ਼ਹਿਰ ਦਾ ਪੁਰਾਣਾ ਨਾਂ ਬ੍ਰਿਸਟਲਮਸਟਿਊਨ ਸੀ ਜੋ ਬਾਅਦ ਵਿਚ ਸੁੰਗੜਦਾ ਸੁੰਗੜਦਾ ਬਰਾਇਟਨ ਬਣਿਆ। ਇਹ ਸ਼ਹਿਰ ਗਿਆਰਵੀਂ ਸਦੀ ਵਿਚ ਵਸਿਆ ਦੱਸਿਆ ਜਾਂਦਾ ਹੈ। ਸਮੁੰਦਰ ਰਸਤੇ ਤੋਂ ਇਸ ਪਾਸਿਓਂ ਇੰਗਲੈਂਡ 'ਤੇ ਹਮਲੇ ਹੁੰਦੇ ਰਹੇ ਹਨ।

ਲੇਖਕ ਅਨੁਸਾਰ 1514 ਵਿਚ ਇਹ ਫਰਾਂਸ ਅਤੇ ਇੰਗਲੈਂਡ ਦਰਮਿਆਨ ਭਿਅੰਕਰ ਯੁਧ ਦੌਰਾਨ ਸੜ ਕੇ ਤਬਾਹ ਹੋ ਗਿਆ। ਕੇਵਲ ਇਕ ਸੇਂਟ ਨਿਕੋਲਸ ਚਰਚ ਹੀ ਬਚਿਆ। ਇਸ ਸਾਰੀ ਤਬਾਹੀ ਦੀ ਪੁਨਰ ਉਸਾਰੀ ਕੀਤੀ ਗਈ ਹੈ। ਲੇਖਕ ਦੇ ਸ਼ਬਦਾਂ ਵਿਚ, "ਉਸ ਸਮੇਂ ਸੜ੍ਹ ਕੇ ਸੁਆਹ ਹੋਏ ਉਨ੍ਹਾਂ ਪੁਰਾਤਨ ਰਸਤਿਆਂ ਨੂੰ ਅੱਜ ਵੀ ਲੇਨਜ਼ ਆਖ ਕੇ ਫਰੰਗੀਆਂ ਨੇ ਆਪਣੇ ਇਤਿਹਾਸ ਨੂੰ ਸੰਭਾਲਣ ਦਾ ਯਤਨ ਕੀਤਾ ਹੋਇਆ ਹੈ।" ਸਾਰਾ ਲੇਖ ਬਹੁਤ ਹੀ ਦਿਲਚਸਪ ਹੈ ਪਰ ਸ਼ਬਦਾਂ ਦੀ ਵਰਤੋਂ ਬਾਰੇ ਹਮੇਸ਼ਾ ਚੁਕੰਨਾ ਹੋਣ ਕਾਰਨ ਇਸ ਪ੍ਰਸੰਗ ਵਿਚ ਫਰੰਗੀ ਸ਼ਬਦ ਪੜ੍ਹ ਕੇ ਮੈਂ ਠਠੰਬਰ ਗਿਆ। ਇਹ ਸਹੀ ਗੱਲ ਹੈ ਕਿ ਅਸੀਂ ਭਾਰਤ ਵਿਚ ਅੰਗਰੇਜ਼ਾਂ ਲਈ ਫਰੰਗੀ ਸ਼ਬਦ ਆਮ ਹੀ ਵਰਤਦੇ ਰਹੇ ਹਾਂ। ਪਰ ਸਾਡੇ ਇਤਿਹਾਸ ਵਿਚ ਇਹ ਸ਼ਬਦ ਅੰਗਰੇਜ਼ਾਂ ਦੇ ਭਾਰਤ ਆਉਣ ਤੋਂ ਵੀ ਕਈ ਸਦੀਆਂ ਪਹਿਲਾਂ ਪ੍ਰਵੇਸ਼ ਕਰ ਚੁੱਕਾ ਸੀ। ਅੱਗੇ ਜਾ ਕੇ ਭੇਤ ਖੋਲ੍ਹਦਾ ਹਾਂ ਕਿ ਮੈਨੂੰ ਉਕਤ ਪ੍ਰਸੰਗ ਵਿਚ ਇਹ ਸ਼ਬਦ ਕਿਉਂ ਅਢੁਕਵਾਂ ਲੱਗਿਆ ਭਾਵੇਂ ਗਲਤ ਨਹੀਂ ਕਹਾਂਗਾ।

ਬਹੁਤ ਸਾਰੀਆਂ ਪੁਰਾਣੀਆਂ ਲਿਖਤਾਂ ਤੋਂ ਪਤਾ ਲਗਦਾ ਹੈ ਕਿ ਫਿਰੰਗੀ ਸ਼ਬਦ ਅੰਗਰੇਜ਼ਾਂ ਲਈ ਬੜੇ ਚਿਰ ਤੋਂ ਵਰਤਿਆ ਜਾਂਦਾ ਰਿਹਾ ਹੈ। ਸੋਲ੍ਹਵੀਂ ਸਦੀ ਦੇ ਹਿੰਦੀ ਕਵੀ ਜਾਇਸੀ ਨੇ ਲਿਖਿਆ ਹੈ, "ਹਬਸ਼ੀ, ਰੂਸੀ ਔਰ ਫਿਰੰਗੀ, ਬੜ ਬੜ ਗੁਨੀ ਔਰ ਤੇਹਿ ਸੰਗੀ।" ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਨੇ 'ਫਿਰੰਗੀਆਂ' ਦੇ ਜ਼ੁਲਮਾਂ ਦੀ ਦਾਸਤਾਨ ਸੁਣਾਉਂਦੇ ਹੋਏ ਭਾਰਤ ਵਾਸੀਆਂ ਨੂੰ ਇਸ ਤੋਂ ਆਜ਼ਾਦ ਹੋਣ ਦਾ ਹੋਕਾ ਦਿੱਤਾ ਸੀ। ਸਿੱਖਾਂ ਦੀ ਅੰਗਰੇਜ਼ਾਂ ਨਾਲ ਹੋਈ ਲੜਾਈ ਬਾਰੇ ਸ਼ਾਹ ਮੁਹੰਮਦ ਦੁਆਰਾ ਰਚੀ ਵਾਰ ਵਿਚ ਤਾਂ ਅੰਗਰੇਜ਼ਾਂ ਲਈ ਫਰੰਗੀ ਸ਼ਬਦ ਕਈ ਵਾਰੀ ਆਇਆ ਹੈ। ਇਹ ਵਾਰ ਜਾਣੀ ਹੀ 'ਜੰਗ ਸਿੰਘਾਂ ਤੇ ਫਰੰਗੀਆਂ' ਵਜੋਂ ਜਾਂਦੀ ਹੈ। ਕੁਝ ਹਵਾਲੇ ਦੇਖੋ,

ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ
ਹੱਲੇ ਤਿੰਨ ਫਰੰਗੀ ਦੇ ਮੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

---

ਚਾਰ ਪੜਤਲਾਂ ਲੈ ਮੇਵਾ ਸਿੰਘ ਆਇਆ,
ਸਿੰਘ ਆਪਣੇ ਹੱਥ ਹਥਿਆਰ ਲੈਂਦੇ।
ਇਨ੍ਹਾਂ ਬਹੁਤ ਫਰੰਗੀ ਦੀ ਫੌਜ ਮਾਰੀ,
ਲੁੱਟਾਂ ਭਾਰੀਆਂ ਬਾਝ ਸ਼ੁਮਾਰ ਲੈਂਦੇ।

---

ਪੁਲ ਬੱਧਾ ਫਰੰਗੀ ਨੇ ਖਬਰ ਸੁਣ ਕੇ,
ਲਾਂਘੇ ਪਏ ਨੀ ਵਿਚ ਪਲਕਾਰਿਆਂ ਦੇ।
ਆਏ ਸ਼ਹਿਰ ਲਾਹੌਰ ਨੂੰ ਖੁਸ਼ੀ ਕਰਦੇ,
ਵਾਜੇ ਵੱਜਦੇ ਨਾਲ ਨਗਾਰਿਆਂ ਦੇ।

ਫਰੰਗੀ ਸ਼ਬਦ ਦਸਮ ਗ੍ਰੰਥ ਵਿਚ ਵੀ ਕੁਝ ਇਕ ਵਾਰੀ ਆਇਆ ਹੈ। ਅਕਾਲ ਉਸਤਤ ਵਿਚ ਇਹ ਸ਼ਬਦ ਦੇਖੋ,

ਬੰਗ ਕੇ ਬੰਗਾਲੀ ਫਿਰਹੰਗ ਕੇ ਫਿਰੰਗਾਵਾਲੀ।

ਚਰਿਤਰ 125 ਵਿਚ ਫਿਰੰਗ ਦੇਸ਼ ਦਾ ਜਿਕਰ ਹੈ,

ਕੋਟ ਕੋ ਕੂਦ ਸਮੁਦ੍ਰ ਕੋ ਫਾਂਧ ਫਿਰੰਗ
ਮੇਂ ਆਨ ਪਰਯੋ ਅਭਿਮਾਨੀ।

ਹੋਰ ਦੇਖੋ,

ਫਰਾ ਸੀ ਫਿਰੰਗੀ ਫਰਾਸੀਸ ਕੇ ਦੁਰੰਗੀ
ਮਕਰਾਨ ਕੇ ਮ੍ਰਿਦੰਗੀ ਤੇਰੇ ਗੀਤ ਗਾਈਅਤੁ ਹੈ।

---

ਲੂਟਿ ਫਿਰੰਗੀ ਲਏ ਸਕਲ ਇਕਠੇ ਭਏ॥
ਸਾਹਜਹਾਂ ਜੂ ਜਹਾ ਤਹੀ ਸਭ ਹੀ ਗਏ॥
ਸਭੈ ਲਗੇ ਦੀਵਾਨਿ ਪੁਕਾਰੇ ਆਇ ਕੈ॥

ਹਮਾਯੂੰ ਦੇ ਰਾਜ ਦੌਰਾਨ ਇਕ ਫਿਰੰਗੀ ਸੈਨਿਕ ਦਾ ਜ਼ਿਕਰ ਆਉਂਦਾ ਹੈ ਜੋ ਈਸਾਈ ਤੋਂ ਮੁਸਲਮਾਨ ਬਣ ਗਿਆ ਤੇ ਫਿਰੰਗੀ ਖਾਂ ਨਾਮ ਨਾਲ ਜਾਣਿਆ ਜਾਣ ਲੱਗਾ। ਗੱਲ ਕੀ ਮਧਕਾਲ ਵਿਚ ਫਰੰਗੀ ਸ਼ਬਦ ਗੋਰਿਆਂ ਲਈ ਆਮ ਵਰਤਿਆ ਜਾਂਦਾ ਸੀ। ਅਨੇਕਾਂ ਵਾਰੀ ਫਿਰੰਗ ਸ਼ਬਦ ਵੀ ਵਰਤਿਆ ਮਿਲਦਾ ਹੈ, ਜੋ ਅੰਗਰੇਜ਼ਾਂ/ਯੂਰਪੀਨਾਂ ਦੇ ਦੇਸ਼ ਲਈ ਵਰਤਿਆ ਗਿਆ ਹੈ। ਮਧ ਕਾਲ ਵਿਚ ਭਾਰਤੀ ਲੋਕਾਂ ਨੂੰ ਯੂਰਪ ਦੇ ਦੇਸ਼ਾਂ ਬਾਰੇ ਭੂਗੋਲਿਕ ਜਾਣਕਾਰੀ ਬਹੁਤ ਘਟ ਸੀ। ਇਹ ਵੀ ਸੱਚ ਹੈ ਕਿ ਯੂਰਪੀਨਾਂ ਨੂੰ ਵੀ ਭਾਰਤ ਦੀ ਭੂਗੋਲਿਕ ਜਾਣਕਾਰੀ ਬਹੁਤੀ ਨਹੀਂ ਸੀ। ਫਿਰੰਗੀ ਸ਼ਬਦ ਬਦੇਸ਼ੀ ਸਮਝੇ ਜਾਂਦੇ ਗੋਰੇ ਲੋਕਾਂ ਲਈ ਨਫਰਤ ਤੇ ਰੋਹ ਦੇ ਭਾਵ ਨਾਲ ਹੀ ਵਰਤਿਆ ਜਾਂਦਾ ਰਿਹਾ ਹੈ।

ਜਿਵੇਂ ਅਸੀਂ ਜਾਣਦੇ ਹੀ ਹਾਂ ਕਿ ਅੰਗਰੇਜ਼ਾਂ ਤੋਂ ਵੀ ਪਹਿਲਾਂ ਹੋਰ ਯੂਰਪੀਨ ਦੇਸ਼ਾਂ ਜਿਵੇਂ ਪੁਰਤਗੀਜ਼ਾਂ, ਫਰਾਂਸੀਸੀਆਂ ਆਦਿ ਨੇ ਵੀ ਭਾਰਤ ਉਤੇ ਅੰਸ਼ਕ ਰੂਪ ਵਿਚ ਰਾਜ ਕੀਤਾ ਹੈ। ਭਾਰਤ ਵਿਚ ਫਿਰੰਗੀ ਸ਼ਬਦ ਅਰਬੀ ਜ਼ਬਾਨ ਰਾਹੀਂ



ਆਇਆ। ਹਾਬਸਨ ਜਾਬਸਨ ਦੇ ਲੇਖਕ ਨੇ ਭਾਰਤ ਵਿਚ ਇਸ ਦੀ ਆਮਦ ਦੀ ਨਿਸ਼ਾਨਦੇਹੀ ਅਰਬੀ ਤੋਂ ਫਰਾਸੀਸੀ ਅਤੇ ਫਿਰ ਭਾਰਤੀ ਭਾਸ਼ਾਵਾਂ ਵਿਚ ਕੀਤੀ ਹੈ। ਤਾਮਿਲ ਤੇ ਲੰਕਾ ਦੀ ਸਿਨਹਾਲੀ ਭਾਸ਼ਾ ਵਿਚ ਪੁਰਤਗੀਜ਼ਾਂ ਲਈ ਪਰੰਗੀ ਜਿਹਾ ਸ਼ਬਦ ਚਲਦਾ ਰਿਹਾ ਹੈ। ਤਾਮਿਲਨਾਡੂ ਵਿਚ ਇਕ ਪਹਾੜੀ ਚੋਟੀ ਸੇਂਟ ਟਾਮਸ ਮਾਊਂਟ ਦਾ ਨਾਂ 'ਪਰੰਗੀ ਮਲਾਈ' ਹੈ। ਤੇਲਗੂ ਵਿਚ ਤਾਂ ਇਸ ਦਾ ਅਰਥ ਤੋਪ ਵੀ ਬਣ ਗਿਆ। ਪੁਰਤਗੇਜ਼ਾਂ ਵਲੋਂ ਵਰਤੀ ਇਕ ਤਲਵਾਰ ਦਾ ਨਾਂ ਵੀ ਫਿਰੰਗੀ ਹੈ। ਪਾਣੀਪਤ ਦੀ ਲੜਾਈ ਬਾਰੇ ਜ਼ਿਕਰ ਵਿਚ ਬਾਬਰ ਨੇ ਆਪਣੇ ਤੋਪਖਾਨੇ ਨੂੰ ਫਰੰਗੀਹਾ ਦੱਸਿਆ ਹੈ। ਭਾਰਤ ਵਿਚ ਫਰੰਗੀ ਜਿਹੇ ਸ਼ਬਦ ਨੂੰ ਮੋਟੇ ਤੌਰ 'ਤੇ ਪਹਿਲਾਂ ਯੂਰਪੀ ਤੇ ਫਿਰ ਅੰਗਰੇਜ਼ ਸਮਝਿਆ ਗਿਆ। ਇਸ ਲਈ ਇਸ ਤੋਂ ਕੁਝ ਇਕ ਹੋਰ ਸ਼ਬਦ ਵੀ ਬਣੇ। ਫਿਰੰਗਸਤਾਨ ਜਾਂ ਫਿਰਹੰਗ ਯੂਰਪ ਨੂੰ ਕਿਹਾ ਗਿਆ। ਅਕਾਲ ਉਸਤਤ ਵਿਚ 'ਬੰਗ ਕੇ ਬੰਗਾਲੀ ਫਿਰਹੰਗ ਕੇ ਫਿਰੰਗਾਵਾਲੀ' ਤੁਕ ਆਉਂਦੀ ਹੈ। ਆਤਸ਼ਕ ਜਿਹੀ ਬੀਮਾਰੀ ਲਈ ਵੀ ਫਿਰੰਗ, ਫਿਰੰਗਵਾਤ ਜਾਂ ਬਾਦਫਿਰੰਗ ਸ਼ਬਦ ਮਿਲਦੇ ਹਨ। ਸਮਝਿਆ ਗਿਆ ਕਿ ਇਹ ਬੀਮਾਰੀ ਵਿਭਚਾਰੀ ਫਿਰੰਗੀਆਂ ਤੋਂ ਫੈਲਦੀ ਹੈ। ਵਾਰਿਸ ਸ਼ਾਹ ਨੇ ਇਸ ਬੀਮਾਰੀ ਦਾ ਜ਼ਿਕਰ ਕੀਤਾ ਹੈ,

ਰੰਨ ਮਰਦ ਨੂੰ ਕਾਮ ਜੇ ਕਰੇ ਗਲਬਾ
ਧਨੀਆਂ ਭਿਉਂ ਕੇ ਚਾ ਪਵਾਵਨੇ ਹਾਂ।
ਨਾਮਰਦ ਨੂੰ ਚੀਚ ਵਹੁਟੀਆਂ ਦਾ
ਤੇਲ ਕੱਢ ਕੇ ਨਿੱਤ ਮਲਾਵਨੇ ਹਾਂ।
ਜੇ ਕਿਸੇ ਨੂੰ ਬਾਦ ਫਰੰਗ ਹੋਵੇ
ਤੇ ਰਸਕਪੂਰ ਤੇ ਲੌਂਗ ਦਵਾਵਨੇ ਹਾਂ।
ਪਰਮੇਵ ਸੁਜ਼ਾਕ ਤੇ ਛਾਹ ਮੋਤੀ
ਉਹਨੂੰ ਇੰਦਰੀ ਝਾੜ ਦਵਾਵਨੇ ਹਾਂ।

ਆਯੁਰਵੇਦ ਵਿਚ ਇਸ ਬੀਮਾਰੀ ਦੇ ਇਲਾਜ ਦੱਸੇ ਗਏ ਹਨ। ਆਯੁਰਵੇਦ ਦੀ ਇਕ ਮੂਲ ਲਿਖਤ ਅਚਾਰੀਆ ਭਾਵ ਮਿਸ਼ਰ ਦੁਆਰਾ ਰਚਿਤ 'ਭਾਵ ਪ੍ਰਕਾਸ਼' ਵਿਚ ਇਸ ਦਾ ਪਹਿਲੀ ਵਾਰੀ ਜ਼ਿਕਰ ਹੋਇਆ ਮਿਲਦਾ ਹੈ। ਦਿਲਚਸਪ ਗੱਲ ਹੈ ਕਿ ਮਹਾਨ ਕੋਸ਼ ਨੇ ਇਸ ਬੀਮਾਰੀ ਦੇ ਅਰਥ ਵਜੋਂ 'ਉਪਦੇਸ਼' ਸ਼ਬਦ ਦਿੱਤਾ ਹੈ ਜੋ ਸਰਾਸਰ ਗਲਤ ਹੈ। ਜਾਂ ਤਾਂ ਛਾਪੇ ਦੀ ਗਲਤੀ ਹੋਈ ਹੈ ਜਾਂ ਭਾਈ ਕਾਹਨ ਸਿੰਘ ਨੂੰ ਟਪਲਾ ਲੱਗਾ ਹੈ। ਅਸਲ ਸੰਸਕ੍ਰਿਤ ਦਾ ਸ਼ਬਦ ਉਪਦੰਸ਼ (ਦੰਸ਼=ਡੰਸਣਾ) ਹੈ।

ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ, ਫਿਰੰਗੀ ਜਿਹਾ ਸ਼ਬਦ ਭਾਵੇਂ ਅਰਬੀ ਫਾਰਸੀ ਰਾਹੀਂ ਭਾਰਤ ਵਿਚ ਆਇਆ ਪਰ ਇਸ ਦੀ ਪ੍ਰਾਚੀਨਤਮ ਵਰਤੋਂ ਮਿਸਰ ਵਿਚ ਹੋਈ ਮਿਲਦੀ ਹੈ। ਗਿਆਰਵੀਂ ਸਦੀ ਵਿਚ ਯੂਰਪੀ ਈਸਾਈਆਂ ਨੇ ਯੁਰੂਸਲਮ 'ਤੇ ਕਬਜ਼ੇ ਲਈ ਕਰੂਸੇਡ (ਧਰਮ ਯੁਧ) ਕੀਤੇ ਜਿਨ੍ਹਾਂ ਵਿਚ ਮੁਖ ਪਛਾਣ ਫਰਾਂਸੀਸੀਆਂ ਦੀ ਕੀਤੀ ਗਈ। ਅਸਲ ਵਿਚ ਪਹਿਲੇ ਕਰੂਸੇਡ ਵਿਚ ਫਰਾਂਸੀਸੀ ਹੀ ਲੀਡਰ ਸਨ। ਫਿਰੰਗੀ ਸ਼ਬਦ ਫਰਾਂਸੀਸੀ ਸ਼ਬਦ ਦੇ ਪੁਰਾਣੇ ਰੂਪ ਤੋਂ ਵਿਗੜ ਕੇ ਬਣਿਆ ਹੈ ਜਿਨ੍ਹਾਂ ਨੂੰ ਉਦੋਂ ਫਰੈਂਕ Frank ਕਿਹਾ ਜਾਂਦਾ ਸੀ। ਇਸ ਤਰ੍ਹਾਂ ਇਹ ਸ਼ਬਦ ਵਿਆਪਕ ਤੌਰ 'ਤੇ ਦੁਨੀਆਂ ਭਰ ਦੀਆਂ ਵਿਭਿੰਨ ਭਾਸ਼ਾਵਾਂ ਵਿਚ ਅੱਡ ਅੱਡ ਰੂਪ ਵਿਚ ਵਰਤਿਆ ਮਿਲਦਾ ਹੈ। ਚੀਨੀ ਵਿਚ ਫਲੰਗ ਅਤੇ ਤਿੱਬਤੀ ਵਿਚ ਪੇਲੈਂਗ ਜਿਹੇ ਇਸ ਦੇ ਰੂਪ ਮਿਲਦੇ ਹਨ। ਭਾਰਤ ਵਿਚ ਇਹ ਪਹਿਲਾਂ ਕਿਸੇ ਵੀ ਯੂਰਪੀ ਦੇਸ਼ ਦੇ ਲੋਕਾਂ ਦੇ ਅਰਥ ਤੋਂ ਸੁੰਗੜਦਾ ਹੋਇਆ ਸਿਰਫ ਅੰਗਰੇਜ਼ਾਂ ਦਾ ਅਰਥਾਵਾਂ ਬਣ ਕੇ ਰਹਿ ਗਿਆ ਤੇ ਉਹ ਵੀ ਸਾਡੀ ਨਫਰਤ ਦਾ ਪਾਤਰ। ਇਹ ਸ਼ਬਦ ਪ੍ਰਸੰਗ ਅਨੁਸਾਰ ਅਲੱਗ ਅਲੱਗ ਭਾਵ ਜਗਾਉਂਦਾ ਹੈ। ਕਿਧਰੇ ਘ੍ਰਿਣਾ ਤੇ ਰੋਹ ਦੇ ਤੇ ਕਿਧਰੇ ਮਾਣ ਸਨਮਾਨ ਦੇ। ਏ.ਸੀ. ਲਾਇਲ ਨੇ 1861 ਦੀ ਇਕ ਲਿਖਤ ਵਿਚ ਇਕ ਕਵਿਤਾ ਦੇ ਕੁਝ ਅੰਸ਼ ਇਸ ਤਰ੍ਹਾਂ ਦਰਸਾਏ ਹਨ,

"There goes my lord the Feringhee, who talks so civil and bland, But raves like a soul in Jehannum if I don't quite understand-He begins by calling me Sahib, and ends by calling me fool…"

1857 ਦੇ ਗਦਰ ਦੇ ਦੌਰ ਵਿਚ ਇਹ ਅੰਗਰੇਜ਼ਾਂ ਪ੍ਰਤੀ ਨਫਰਤ ਜਗਾਉਣ ਲਈ ਵਰਤਿਆ ਗਿਆ। ਪੰਜਾਬ ਦੇ ਗਦਰੀਆਂ ਨੇ ਵੀ ਇਸ ਦੀ ਖੂਬ ਵਰਤੋਂ ਕੀਤੀ ਹੈ।

ਫਰੈਂਕ ਸ਼ਬਦ ਮੁਢਲੇ ਤੌਰ 'ਤੇ ਪ੍ਰਾਚੀਨ ਜਰਮਨ ਕਬੀਲਿਆਂ ਲਈ ਵਰਤਿਆ ਗਿਆ ਜਿਨ੍ਹਾਂ ਦੀ ਪੁਰਾਣੇ ਯੂਰਪੀ ਇਤਿਹਾਸ ਵਿਚ ਖੂਬ ਚੜ੍ਹਤ ਹੋਈ। ਏਹੀ ਕਬੀਲੇ ਗੌਲ (Gaul) ਨਾਂ ਨਾਲ ਜਾਣੇ ਜਾਂਦੇ ਦੇਸ਼ ਵਿਚ ਕਾਬਜ਼ ਹੋਏ ਤਾਂ ਉਸ ਨੂੰ ਫਰੈਂਕ ਜਿਹਾ ਨਾਂ ਮਿਲਿਆ। ਮਹਾਨ ਕੋਸ਼ ਵਿਚ ਫਿਰੰਗੀ ਸ਼ਬਦ ਦੇ ਇੰਦਰਾਜ ਵਿਚ ਇਸ ਤਰ੍ਹਾਂ ਲਿਖਿਆ ਗਿਆ ਹੈ, "ਫ੍ਰਾਂਕ ਨਾਮ ਦਾ ਇੱਕ ਜਰਮਨ ਜਥਾ ਸੀ, ਜੋ ਫ੍ਰਾਂਸ ਆਦਿ ਦੇਸ਼ਾਂ ਵਿਚ ਫੈਲ ਗਿਆ ਅਤੇ ਜਿਸ ਦਾ ਕਈ ਵਾਰ ਤੁਰਕਾਂ ਨਾਲ ਮੁਕਾਬਲਾ ਹੋਇਆ। ਸਭ ਤੋਂ ਪਹਿਲਾਂ ਤੁਰਕਾਂ ਨੇ ਯੂਰਪ ਨਿਵਾਸੀਆਂ ਨੂੰ 'ਫਿਰੰਗੀ' ਨਾਮ ਨਾਲ ਬੁਲਾਉਣਾ ਆਰੰਭਿਆ। ਹਿੰਦੁਸਤਾਨ ਵਿਚ ਸਭ ਤੋਂ ਪਹਿਲਾਂ ਪੁਰਤਗਾਲੀ ਆਏ, ਉਨ੍ਹਾਂ ਨੂੰ ਫਿਰੰਗੀ ਸ਼ਬਦ ਤੋਂ ਪੁਕਾਰਿਆ ਗਿਆ, ਫੇਰ ਜੋ ਫ੍ਰਾਂਸ ਜਾਂ ਇੰਗਲੈਂਡ ਦਾ ਆਇਆ, ਸਭ ਫਿਰੰਗੀ ਸ਼ਬਦ ਦਾ ਵਾਚਯ ਹੋਇਆ।"

ਇਸ ਸੰਖੇਪ ਚਰਚਾ ਤੋਂ ਪਤਾ ਲਗਦਾ ਹੈ ਕਿ ਫਰੰਗੀ/ਫਿਰੰਗੀ ਸ਼ਬਦ ਦੀ ਧੁਨੀ ਤੇ ਅਰਥ ਫਰਾਂਸ ਦੇਸ਼ ਦੇ ਪੁਰਾਣੇ ਨਾਂ ਨਾਲ ਜਾ ਜੁੜਦੀ ਹੈ। ਇਸੇ ਲਈ ਮੈਂ ਬਲਰਾਜ ਸਿੱਧੂ ਦੀ ਲਿਖਤ ਵਿਚ ਅੰਗਰੇਜ਼ਾਂ ਤੇ ਫਰਾਸੀਸੀਆਂ ਵਿਚਕਾਰ ਲੜਾਈ ਨੂੰ ਫਰੰਗੀਆਂ ਤੇ ਫਰਾਂਸੀਸੀਆਂ ਦਰਮਿਆਨ ਲੜਾਈ ਕਹਿਣ 'ਤੇ ਕਿੰਤੂ ਕੀਤਾ ਸੀ।

# ਅਸੀਂ ਹੁੰਦੇ ਜਾਂ ਕੁਝ ਹੋਰ ਹੋਰ...

ਮਹਿੰਦਰਾ ਕਾਲਜ ਪਟਿਆਲੇ ਦਾਖਲ ਹੁੰਦਿਆਂ ਹੀ ਪ੍ਰੋ. ਮੋਹਨ ਸਿੰਘ ਦੀਆਂ ਦੋ ਕਿਤਾਬਾਂ 'ਸਾਵੇ ਪੱਤਰ' ਅਤੇ 'ਕਸੁੰਭੜਾ' ਪੜ੍ਹਨ ਦਾ ਮੌਕਾ ਮਿਲਿਆ। ਕਵਿਤਾਵਾਂ ਬਹੁਤ ਚੰਗੀਆਂ ਲੱਗੀਆਂ। ਇਕ ਕਵਿਤਾ ਤਾਂ ਹੱਡਾਂ ਵਿਚ ਹੀ ਰਚ ਗਈ,

ਮੈਂ ਹੁੰਦਾ ਜਾਂ ਕੁਝ ਹੋਰ ਹੋਰ
ਮੇਰੀ ਵੱਖਰੀ ਜਾਪੇ ਤੋਰ ਤੋਰ।
ਕੋਈ ਆਉਂਦੀ ਜਾਵੇ ਯਾਦ ਯਾਦ
ਜਿੰਦ ਹੁੰਦੀ ਜਾਵੇ ਸੁਆਦ ਸੁਆਦ।
ਮੇਰੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਗਿਆ,
ਮੈਨੂੰ ਚੜ੍ਹਦਾ ਜਾਵੇ ਰੰਗ ਰੰਗ
ਇਹ ਦੁਨੀਆਂ ਜਾਪੇ ਤੰਗ ਤੰਗ।

ਸੋਚਦਾ ਹਾਂ ਕਿ ਇਸ ਕਵਿਤਾ ਵਿਚ ਰਿਦਮ, ਲੈਅ ਬਹੁਤ ਬਲਵਾਨ ਹੈ ਜਿਹੜੀ ਕਵਿਤਾ ਦੀ ਜਿੰਦ-ਜਾਨ ਹੈ। ਲੈਅ ਦੀ ਖੂਬਸੂਰਤੀ ਨੇ ਹੀ ਕਵਿਤਾ ਨੂੰ ਵਾਰਤਕ ਤੋਂ ਪਹਿਲਾਂ ਲੋਕਾਂ ਦੇ ਦਿਲਾਂ 'ਚ ਥਾਂ ਦਿੱਤੀ। ਪਿਆਰ



ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ
ਫੋਨ: 925-683-1982

ਭਰੀ ਲੋਰੀ ਬੱਚੇ ਲਈ ਮਾਂ ਦੀ ਪਹਿਲੀ ਸੁਗਾਤ ਹੈ। ਵੇਦ ਕਵਿਤਾ ਵਿਚ ਲਿਖੇ ਗਏ। ਦਵਾਈਆਂ-ਬੂਟੀਆਂ ਵੀ ਕਵਿਤਾ ਵਿਚ ਹੀ ਲਿਖੀਆਂ ਗਈਆਂ ਪਰ ਲੋਕਾਂ ਦੀ ਆਮ ਬੋਲੀ ਵਿਚ ਨਾ ਲਿਖਨ ਕਰ ਕੇ ਲੈਅ ਦੇ ਬਾਵਜੂਦ ਥੋੜ੍ਹੇ ਜਿਹੇ ਬੰਦਿਆਂ ਨੂੰ ਹੀ ਇਸ ਦਾ ਲਾਭ ਮਿਲ ਸਕਿਆ। ਬਾਅਦ ਵਿਚ ਕਵਿਤਾ ਆਮ ਲੋਕਾਂ ਦੀ ਬੋਲੀ ਵਿਚ ਲਿਖੀ ਅਤੇ ਕਹੀ ਜਾਣ ਲੱਗੀ। ਅਨਪੜ੍ਹ ਲੋਕ ਲਿਖਣਾ ਨਹੀਂ ਸਨ ਜਾਣਦੇ ਪਰ ਬਹੁਤ ਸੋਹਣੀ ਕਵਿਤਾ ਬੋਲ ਲੈਂਦੇ ਸਨ। ਅੱਜ ਕੱਲ੍ਹ ਵੀ ਬਹੁਤ ਸਾਰੇ ਸਿੰਘ ਸ਼ਰਧਾ, ਲੈਅ, ਪ੍ਰੇਮ ਅਤੇ ਦਿਲਚਸਪੀ ਅਧੀਨ ਘੰਟਿਆਂ ਬੱਧੀ ਕੀਰਤਨ ਕਰ ਲੈਂਦੇ ਹਨ। ਉਨ੍ਹਾਂ ਨੇ ਨਾ ਕੁਝ ਪੜ੍ਹਿਆ ਹੈ, ਨਾ ਲਿਖਿਆ ਹੈ, ਕੇਵਲ ਸੁਣਿਆ ਹੈ। ਲੈਅ ਵਿਚ ਕਹੀਆਂ ਕਹਾਵਤਾਂ ਪੁਸ਼ਤ-ਦਰ-ਪੁਸ਼ਤ ਬਗੈਰ ਕਿਸੇ ਕਿਤਾਬ ਵਿਚ ਲਿਖਿਆਂ, ਆਮ ਲੋਕਾਂ ਦੇ ਯਾਦ ਰਹਿ ਜਾਂਦੀਆਂ ਸਨ। ਰੋਜ਼-ਮੱਰਾ ਦੀ ਜ਼ਿੰਦਗੀ ਵਿਚ ਉਨ੍ਹਾਂ ਦਾ ਅਹਿਮ ਯੋਗਦਾਨ ਰਿਹਾ ਹੈ ਜਿਵੇਂ ਸਾਡੇ ਇਲਾਕੇ ਵਿਚ ਪਾਣੀ ਦੀ ਕਮੀ ਸੀ...ਬਾਰਸ਼ ਦੀ ਆਸ ਵਿਚ ਹੀ ਸੁੱਕੀ ਜ਼ਮੀਨ ਵਾਹੀ ਜਾਂਦੀ ਸੀ। ਕਹਾਵਤ ਸੀ,

ਦਿਨ ਨੂੰ ਬੱਦਲ ਰਾਤ ਨੂੰ ਤਾਰੇ।
ਆਖੀਂ ਮੇਰੇ ਪਿਰੀਆਂ ਨੂੰ
ਐਵੇਂ ਬੈਲਾਂ ਨੂੰ ਨਾ ਮਾਰੇ।

ਮੌਸਮ ਦੀ ਕਿਤਨੀ ਸੋਹਣੀ ਭਵਿੱਖਵਾਣੀ ਸੀ। ਫਸਲ ਬੀਜਣ ਵੇਲੇ ਸਾਧਾਰਨ ਕਿਸਾਨ ਨੂੰ ਨੁਸਖਾ ਦਿੱਤਾ ਜਾਂਦਾ ਸੀ,

ਤਿਲ ਛਿੱਦੇ ਸਣ ਸੰਘਣੀ
ਵਿੱਥੋ-ਵਿੱਥ ਕਪਾਹ।
ਬੁੱਕਲ ਮਾਰ ਰਜਾਈ ਦੀ
ਮੱਕੀ ਵਿਚ ਦੀ ਜਾਹ।

ਪੌਦਿਆਂ ਦੇ ਫਾਸਲੇ ਦਾ ਬਿਆਨ ਲੈਅ ਵਿਚ ਦੱਸਿਆਂ ਅਨਪੜ੍ਹਾਂ ਦੇ ਵੀ ਯਾਦ ਰਹਿੰਦਾ ਸੀ।

ਜਿਵੇਂ-ਜਿਵੇਂ ਜੀਵਨ ਪੱਧਰ ਉਚਾ ਹੁੰਦਾ ਗਿਆ ਤੇ ਬੋਲੀ ਦਾ ਵਿਕਾਸ ਹੁੰਦਾ ਗਿਆ, ਲੋਕ ਪੜ੍ਹਨ-ਲਿਖਣ ਲੱਗ ਪਏ। ਵਾਰਤਕ ਨੇ ਜਨਮ ਲਿਆ ਅਤੇ ਕਵਿਤਾ ਹੋਰ ਉਚੇ ਰਾਹਾਂ ਵੱਲ ਚੱਲ ਪਈ। ਜਜ਼ਬਾਤ ਦਾ ਖੇਲ ਬਣ ਗਈ। ਬੇਹੱਦ ਖੂਬਸੂਰਤ ਅਨੁਭਵ ਹੋ ਗਈ। ਸੂਖਮ ਜਿਹੀ ਝਲਕ ਦਾ ਨਜ਼ਾਰਾ ਦਿਸਣ ਲੱਗੀ। ਆਕਾਸ਼ ਵਿਚ ਉਡਾਰੀਆਂ ਲਾਉਣ ਲੱਗ ਪਈ। ਦਰਿਆਵਾਂ ਦੀ ਰਵਾਨੀ ਬਣ ਗਈ ਅਤੇ ਕੋਮਲਤਾ ਇਸ ਦਾ ਸ਼ਿੰਗਾਰ ਹੋ ਗਿਆ। ਸਮੇਂ ਦੇ ਨਾਲ-ਨਾਲ ਕਵਿਤਾ ਵੱਖਰਾ ਰੂਪ ਧਾਰਨ ਕਰ ਗਈ। ਪਹਿਲਾਂ ਪਹਿਲਾਂ ਕਵੀਸ਼ਰੀ ਬਣੀ। ਵਾਰਿਸ ਸ਼ਾਹ ਦੀ ਕਲਮ ਤੋਂ ਲਿਖੀ ਹੀਰ ਬਣ ਗਈ। ਗਾਲਿਬ, ਜ਼ੌਕ, ਇਕਬਾਲ ਅਤੇ ਫੈਜ਼ ਦੀ ਗਜ਼ਲ ਹੋ ਗਈ। ਗੁਰੂ ਸਾਹਿਬਾਨ ਅਤੇ ਭਗਤਾਂ ਦੇ ਮੁਖਾਰ ਬਿੰਦ ਤੋਂ ਨਿਕਲੀ 'ਧੁਰ ਕੀ ਬਾਣੀ' ਬਣ ਗਈ। ਰਾਗਾਂ ਦੇ ਆਧਾਰ 'ਤੇ ਇਕ ਤਰਤੀਬ ਵਿਚ ਸ਼ਿੰਗਾਰ ਕੇ ਧੁਰ ਕੀ ਬਾਣੀ 'ਆਦਿ ਗ੍ਰੰਥ' ਬਣ ਗਈ ਅਤੇ ਸਾਰੀ ਦੁਨੀਆਂ ਨੂੰ ਰਸਤਾ ਦਿਖਾਉਣ ਲਈ ਅਨਮੋਲ ਖਜ਼ਾਨਾ ਹੋ ਗਈ। ਮਸ਼ੀਨੀ ਯੁੱਗ ਦੇ ਅਸਰ ਹੇਠ ਮੋਹਨ ਸਿੰਘ ਵੀ ਹੋਰ ਦਾ ਹੋਰ ਹੋ ਗਿਆ ਅਤੇ ਕਵਿਤਾ ਵੀ ਹੋਰ ਦੀ ਹੋਰ ਹੋ ਰਹੀ ਹੈ। ਕਈ ਵਾਰ ਚੰਗੀ ਕਵਿਤਾ ਦੇ ਵੀ ਦੀਦਾਰ ਹੁੰਦੇ ਹਨ ਪਰ ਬਹੁਤੀ ਵਾਰ ਅਗਾਂਹਵਧੂ ਸਾਹਿਤ ਦੇ ਰਚੈਤਾ ਕੋਮਲਤਾ ਨੂੰ ਅਲਵਿਦਾ ਕਹਿ ਕੇ ਲੋਹਾ, ਪੱਥਰ ਆਦਿ ਦਾ ਸਹਾਰਾ ਲੈ ਲੈਂਦੇ ਹਨ ਜਿਵੇਂ ਮੋਹਨ ਸਿੰਘ ਲਿਖਦਾ ਹੈ,

ਲੋਹਾ ਸਾਡਾ ਪਿਉ, ਅਸੀਂ ਲੋਹੇ ਦੇ ਪੁੱਤ।

ਖੁੱਲ੍ਹੀ ਕਵਿਤਾ ਲਿਖਣ ਦਾ ਰਿਵਾਜ਼ ਹੱਦਾਂ ਟੱਪ ਗਿਆ। ਇਸ ਨੂੰ ਖੁੱਲ੍ਹੀ ਖੇਡ ਸਮਝਿਆ ਜਾਂਦਾ ਹੈ। ਲਿਖਾਰੀ ਭੁੱਲ ਜਾਂਦੇ ਹਨ ਕਿ ਖੁੱਲ੍ਹੀ ਖੇਡ ਦੇ ਵੀ ਕੁਝ ਕਾਨੂੰਨ ਹੁੰਦੇ ਹਨ। ਕੋਈ ਵੇਲਾ ਸੀ, ਜਦੋਂ ਕੋਈ ਕਵਿਤਾ ਲਿਖਣ ਲੱਗਦਾ ਸੀ ਤਾਂ ਕਿਸੇ ਉਸਤਾਦ ਨੂੰ ਜ਼ਰੂਰ ਦਿਖਾਉਂਦਾ ਸੀ। ਕਈ ਵਾਰ ਉਸਤਾਦ ਸਾਰੀ ਦੀ ਸਾਰੀ ਕਵਿਤਾ ਕੱਟ-ਵੱਢ ਦਿੰਦਾ ਅਤੇ ਸ਼ਾਗਿਰਦ ਨੂੰ ਕਵਿਤਾ ਦੀਆਂ ਬਾਰੀਕੀਆਂ ਸਮਝਾਉਂਦਾ। ਕਾਫ਼ੀ ਕੋਸ਼ਿਸ਼ਾਂ ਪਿੱਛੋਂ ਮੂੰਹ-ਮੱਥੇ ਲਗਦੀ ਕਵਿਤਾ ਨਜ਼ਰੀਂ ਪੈਂਦੀ। ਅੱਜ ਕੱਲ੍ਹ ਬਹੁਤੇ ਲੇਖਕ ਕਹਿੰਦੇ ਹਨ, 'ਅਸੀਂ ਉਹ ਨਾ ਰਹਿ'ਗੇ ਜੀ... ਹੋਰ ਕੁਝ ਬਣ'ਗੇ...ਸਾਨੂੰ ਹੁਣ ਉਸਤਾਦਾਂ ਦੀ ਲੋੜ ਨਹੀਂ।' ਕਹਾਣੀ ਇੱਥੇ ਹੀ ਖ਼ਤਮ ਨਹੀਂ ਹੁੰਦੀ, ਕਵੀਸ਼ਰ, ਅਖਾੜੇ ਸਜਾਉਣ ਵਾਲੇ ਤੇ ਗਾਇਕ ਵੀ ਹੋਰ ਦੇ ਹੋਰ ਗਏ...ਉਫ!

ਅਖਾੜਿਆਂ ਵਿਚ ਗਵੱਈਏ ਹੁਨਰ ਦੀ ਕਦਰ ਕਰਦੇ ਸਨ। ਇਸ ਨੂੰ ਜੀਵਨ ਦਾ ਆਧਾਰ ਸਮਝਦੇ ਸਨ। ਰਾਗ ਜਿਹੀ ਕਲਾ ਨੂੰ ਪ੍ਰਫੁੱਲਤ ਕਰਨ ਵਿਚ ਆਪਣਾ ਜੀਵਨ ਨਿਛਾਵਰ ਕਰ ਦਿੰਦੇ ਸਨ। ਜਦੋਂ ਕਦੀ ਵੀ ਕੋਈ ਸਰੋਤਾ ਦੂਜੀ ਵਾਰ ਰੁਪਿਆ ਦੇਣ ਦੀ ਕੋਸ਼ਿਸ਼ ਕਰਦਾ ਤਾਂ ਕਹਿ ਦਿੰਦੇ, "ਦੂਜਾ ਮੋੜ ਕੇ ਜੇਬ ਵਿਚ ਪਾ ਲੈ, ਇਕ ਤੇਰਾ ਲੱਖ ਵਰਗਾ।"

ਅੱਜ ਕੱਲ੍ਹ ਉਹ ਗੱਲ ਨਹੀਂ ਰਹੀ! ਕਲਾਕਾਰ ਸਰੋਤੇ ਦੀ ਜੇਬ ਵਿਚ ਪਏ ਸਾਰੇ ਰੁਪਿਆਂ ਦਾ ਤਲਬਗਾਰ ਹੈ। ਬਹੁਤ ਵਾਰ ਹੁਨਰ ਅਤੇ ਕਲਾ ਵਿਕ ਰਹੀ ਪ੍ਰਤੀਤ ਹੁੰਦੀ ਹੈ। ਵਿਦੇਸ਼ਾਂ ਵਿਚ ਕਲਾਕਾਰਾਂ ਦੇ ਹਰ ਸਾਲ ਦੇ ਦੌਰੇ ਹੁਣ ਦਿਲਕਸ਼ ਨਜ਼ਾਰਾ ਬਣ ਚੁੱਕੇ ਹਨ। ਡਾਲਰਾਂ ਦੀ ਚਮਕ-ਦਮਕ ਹੈ। ਸਭਿਆਚਾਰ ਦੀ ਸੇਵਾ ਨਾਲੋਂ ਆਪਣੀ ਸੇਵਾ ਠਾਠਾਂ ਮਾਰਦੀ ਨਜ਼ਰ ਆਉਂਦੀ ਹੈ।

ਗਰਮੀਆਂ ਵਿਚ ਕੀਰਤਨੀ ਜਥਿਆਂ ਦੀ ਭਰਮਾਰ ਹੁੰਦੀ ਹੈ। ਖੁਸ਼ੀ ਦੀ ਗੱਲ ਹੈ। ਫਿਰ ਵੀ ਭਾਈ ਸੁਰਜਨ ਸਿੰਘ, ਭਾਈ ਗੋਪਾਲ ਸਿੰਘ ਤੇ ਭਾਈ ਬਖਸ਼ੀਸ਼ ਸਿੰਘ ਜਿਹੇ ਰਾਗੀਆਂ ਦੀ ਘਾਟ ਮਹਿਸੂਸ ਹੋ ਰਹੀ ਹੈ। ਕੀਰਤਨ ਕਾਫ਼ੀ ਰਸ ਭਿੰਨੇ ਅਤੇ ਸੁਰੀਲੇ ਹਨ, ਫਿਰ ਵੀ ਰਾਗਾਂ ਦੇ ਆਧਾਰ ਦੀ ਕਮੀ ਹੈ। ਕਈ ਵਾਰ ਮਾਇਆ ਵੱਲ ਧਿਆਨ ਕਰ ਰਹੇ ਕੀਰਤਨੀਏ ਸੰਗਤ ਵਿਚ ਸ਼ਬਦ ਨਾਲ ਜੁੜੇ ਪ੍ਰੇਮੀਆਂ ਦੀ ਇਕਾਗਰਤਾ ਭੰਗ ਕਰ ਦਿੰਦੇ ਹਨ। ਵਾਹਿਗੁਰੂ ਮਿਹਰ ਕਰੀਂ! ਮਿਹਰ ਕਰੀਂ!!

ਤਬਦੀਲੀ ਕੁਦਰਤ ਦਾ ਅਸੂਲ ਹੈ। ਇਨਸਾਨ ਦਾ ਜਿਸਮ ਸੈਲਾਂ ਨਾਲ ਬਣਿਆ ਹੋਇਆ ਹੈ। ਇਹ ਸੈਲ ਹਰ ਘੜੀ ਨਵੇਂ ਬਣਦੇ ਹਨ, ਫਿਰ ਵੀ ਬੰਦੇ ਵਿਚ ਕੋਈ ਖਾਸ ਤਬਦੀਲੀ ਨਹੀਂ ਆਉਂਦੀ। ਅਜੀਬ ਗੱਲ ਹੈ ਕਿ ਸਮਾਜਕ ਕਦਰਾਂ-ਕੀਮਤਾਂ ਨੇ ਬੰਦੇ ਨੂੰ ਕੀ ਦਾ ਕੀ ਬਣਾ ਦਿੱਤਾ ਹੈ? ਆਦਮੀ ਹੋਰ ਦਾ ਹੋਰ ਹੋ ਗਿਆ ਹੈ।

ਪਹਿਲਾਂ ਅਸੀਂ ਪ੍ਰੇਮ ਦੀਆਂ ਕਹਾਣੀਆਂ ਚਿੱਠਿਆਂ ਵਿਚ ਪੜ੍ਹਦੇ ਸਾਂ। ਵਰਜਿਤ ਸਬੰਧ ਬਹੁਤ ਘੱਟ ਸੁਣਨ ਵਿਚ ਆਉਂਦੇ ਸਨ। ਕਿਸੇ ਦਾ ਚੰਗਾ-ਚੰਗਾ ਲੱਗਣਾ ਗੈਰ-ਕੁਦਰਤੀ ਨਹੀਂ, ਫਿਰ ਭੀ ਪਿਆਰ ਨੂੰ 'ਕਬਜ਼ਾ ਨਹੀਂ ਪਛਾਣ ਦਾ' ਰੁਤਬਾ ਦੇਣਾ ਸਮਾਜਕ ਕਦਰਾਂ-ਕੀਮਤਾਂ ਨੂੰ ਠੇਸ ਨਹੀਂ ਲੱਗਣ ਦਿੰਦਾ। ਫੁੱਲ ਦੀ ਖੁਸ਼ਬੂ ਤਾਂ ਹਰ ਇਕ ਨੂੰ ਹੀ ਚੰਗੀ ਲਗਦੀ ਹੈ ਪਰ ਇਸ ਦਾ ਇਹ ਮਤਲਬ ਤਾਂ ਨਹੀਂ ਕਿ ਜਿੱਥੇ ਦੇਖੋ, ਫੁੱਲ ਤੋੜ ਲਓ ਜਾਂ ਮਸਲ ਛੱਡੋ! ਹਰ ਚੀਜ਼ ਕਿਸੇ ਦੀ ਅਮਾਨਤ ਹੈ, ਕਿਸੇ ਦਾ ਹੱਕ ਮਾਰਨਾ ਇਨਸਾਨੀਅਤ ਨਹੀਂ। ਹੁਣ ਤਾਂ ਗੱਲਾਂ ਹੋਰ ਦੀਆਂ ਹੋਰ ਹਨ, ਜਿੱਥੇ ਵੀ ਜਾਉ। ਬੱਚੀ, ਜੁਆਨ ਜਾਂ ਬੁੱਢੀ ਨੂੰ ਲਲਚਾਈਆਂ ਅੱਖਾਂ ਨਾਲ ਦੇਖਿਆ ਜਾਂਦਾ ਹੈ। ਚਿਹਰੇ ਉਪਰ ਤੇਜ਼ਾਬ ਸੁੱਟਣਾ, ਬਲਾਤਕਾਰ ਕਰਨਾ, ਫਿਰ ਜਾਨ ਤੋਂ ਮਾਰ ਦੇਣਾ-ਹੁਣ ਆਮ ਜਿਹੀ ਗੱਲ ਹੈ। ਕਾਮ (ਪਿਆਰ ਨਹੀਂ) ਦੇ ਅੰਧਕਾਰ ਅਧੀਨ ਮਨੁੱਖ ਬਹੁਤ ਭਿਆਨਕ ਰੂਪ ਧਾਰ ਗਿਆ ਹੈ। ਅਧਿਆਪਕ, ਡਾਕਟਰ, ਬਹੁਤ ਨਜ਼ਦੀਕੀ ਰਿਸ਼ਤੇਦਾਰ ਅਤੇ ਧਾਰਮਿਕ ਆਗੂ ਇਸ ਦਰਦਨਾਕ ਖੇਡ ਦੇ ਮੁੱਖ ਪਾਤਰ ਹਨ।

ਵਿਸ਼ਵਾਸਘਾਤ ਦੀ ਅੰਤ 'ਤੇ ਪਹੁੰਚੇ ਹੋਏ ਡਰਾਈਵਰ, ਕੰਡਕਟਰ, ਸਕੂਲਾਂ ਦੇ ਚੌਕੀਦਾਰ ਅਤੇ ਹਸਪਤਾਲਾਂ ਦੇ ਵਾਰਡਾਂ ਵਿਚ ਕੰਮ ਕਰਦੇ ਲੋਕ ਹਨ। ਡਰ, ਭੈਅ ਅਤੇ ਡਿਊਟੀ ਦਾ ਖਿਆਲ ਉਡਾਰੀ ਮਾਰ ਗਿਆ ਹੈ। ਅੰਗਹੀਣ, ਬੋਲੇ, ਗੂੰਗੇ, ਅੱਧ-ਪਾਗਲ ਵੀ ਇਨ੍ਹਾਂ ਲੋਕਾਂ ਦੇ ਸ਼ਿਕਾਰ ਹਨ।

**ਬਚਪਨ ਦੀ ਯਾਦ**

ਸਕੂਲ ਵਿਚ ਪੜ੍ਹਦਿਆਂ ਇਕ ਵਾਰ ਆਪਣੇ ਖੇਤਾਂ ਵਿਚ ਗੇੜਾ ਮਾਰਨ ਗਿਆ। ਸਾਹਮਣੇ ਤੋਂ ਹੱਥ ਵਿਚ ਬੰਦੂਕ ਫੜੀ ਦਰਮਿਆਨੇ ਕੱਦ ਦਾ, ਕਰੜ-ਬਰੜੀ ਗੁੱਛੀ ਕੀਤੀ ਦਾੜ੍ਹੀ, ਗੁੰਦਵੇਂ ਸਰੀਰ ਅਤੇ ਚੌੜੀ ਛਾਤੀ ਵਾਲਾ ਆਦਮੀ ਮੇਰੇ ਕੋਲ ਆ ਗਿਆ। ਅਜਨਬੀ ਹੋਣ ਦੇ ਬਾਵਜੂਦ ਮੈਨੂੰ ਉਸ ਤੋਂ ਡਰ ਨਾ ਲੱਗਿਆ ਬਲਕਿ ਮੈਨੂੰ ਉਹ ਚੰਗਾ ਚੰਗਾ ਲੱਗਿਆ। ਉਸ ਨੇ ਕਿਹਾ, "ਮੈਂ ਹਿਰਨ ਪਿੱਛੇ ਆਇਆ ਹਾਂ! ਕਾਕਾ ਤੇਰਾ ਕੀ ਨਾਂ ਐ? ਕਿਸ ਦਾ ਲੜਕਾ ਐਂ? ਪੜ੍ਹਦਾ ਐਂ? ਪੜ੍ਹਿਆ ਕਰ...!

ਬਾਅਦ ਵਿਚ ਮੈਨੂੰ ਪਤਾ ਲੱਗਿਆ ਕਿ ਉਹ ਭੂੰਦੜ ਵਾਲਾ ਨਿੱਕਾ ਸੀ, ਪ੍ਰੋ. ਕਰਮ ਸਿੰਘ ਦੇ ਪਿੰਡ ਵਾਲਾ। ਛੰਨੇ ਵਾਲਾ ਦਰਬਾਰਾ ਅਤੇ ਜਿਉਣਾ ਮੌੜ ਤਾਂ ਸੁਣੇ ਸਨ ਪਰ ਉਸ ਬੱਬਰ ਸ਼ੇਰ ਨੂੰ ਦੇਖਣ ਤੇ ਮਿਲਣ ਦੀ ਯਾਦ ਅੱਜ ਵੀ ਤਾਜ਼ਾ ਹੈ। ਸੁਣਿਆ ਸੀ ਕਿ ਇਕ ਵਾਰ ਉਹਨੇ ਬੱਸ ਲੁੱਟੀ ਸੀ। ਸਵਾਰੀਆਂ ਵਿਚੋਂ ਇਕ ਲੜਕੀ ਉੱਚੀ-ਉੱਚੀ ਰੋਣ ਲੱਗ ਪਈ। ਨਿੱਕੇ ਨੇ ਪੁੱਛਿਆ, 'ਬੀਬੀ ਕੀ ਗੱਲ ਹੈ?' ਉਹ ਕਹਿਣ ਲੱਗੀ, 'ਲੁੱਟੀਆਂ ਟੂਮਾਂ ਦੀ ਢੇਰੀ ਵਿਚ ਮੇਰੀਆਂ ਟੂਮਾਂ ਮੇਰੇ ਸਹੁਰਿਆਂ ਨੇ ਦਿੱਤੀਆਂ ਸਨ। ਉਹ ਸ਼ੱਕ ਕਰਨਗੇ ਕਿ ਇਹ ਟੂਮਾਂ ਮੈਂ ਆਪਣੇ ਪੇਕੇ ਦੇ ਆਈ ਹਾਂ...ਉਹ ਮੈਨੂੰ ਵਸਣ ਨਹੀਂ ਦੇਣਗੇ।' ਨਿੱਕੇ ਨੇ ਕਿਹਾ, 'ਬੀਬੀ ਆਪਣੀਆਂ ਟੂਮਾਂ ਉਠਾ ਲੈ!' ਪ੍ਰੋ. ਕਰਮ ਸਿੰਘ ਨੇ ਮੈਨੂੰ ਦੱਸਿਆ ਸੀ ਕਿ ਨਿੱਕੇ ਨੇ ਪਿੰਡ ਵਿਚ ਕਦੀ ਦਹਿਸ਼ਤ ਦਾ ਮਾਹੌਲ ਨਹੀਂ ਸੀ ਪੈਦਾ ਕੀਤਾ, ਕਦੀ-ਕਦੀ ਕੱਸੀ ਦਾ ਪਾਣੀ ਜ਼ਰੂਰ ਵੱਧ ਲਾ ਜਾਂਦਾ ਸੀ। ਉਹ ਨਿੱਕਾ ਨਹੀਂ, ਬਹੁਤ ਵੱਡਾ ਸੀ। ਆਖਿਰ ਵਿਚ ਉਹਨੂੰ ਰੇਲਗੱਡੀ ਵਿਚ ਪੁਲਿਸ ਲਿਜਾ ਰਹੀ ਸੀ। ਪਿਸ਼ਾਬ ਦੀ ਹਾਜਤ ਕਹਿ ਕੇ ਉਹ ਬੇੜੀਆਂ ਸਮੇਤ ਗੱਡੀ ਵਿਚੋਂ ਛਾਲ ਮਾਰ ਗਿਆ। ਸੁਣਿਆ ਹੈ, ਫੇਰ ਕਿਸੇ ਦੇ ਹੱਥ ਨਹੀਂ ਆਇਆ।

...ਤੇ ਅੱਜ ਦੇ ਡਾਕੂਆਂ ਦਾ ਆਚਰਨ ਸੁਣ ਕੇ ਇਸ ਤਰ੍ਹਾਂ ਲਗਦਾ ਹੈ ਕਿ ਇਨ੍ਹਾਂ ਦੇ ਦਰਸ਼ਨ ਨਾ ਹੀ ਹੋਣ! ਇਹ ਲੁਟੇਰੇ ਬੇਅੰਤ ਭੇਸਾਂ ਵਿਚ ਸਾਡੇ ਸਮਾਜ ਦਾ ਬੇੜਾ ਗਰਕ ਕਰ ਰਹੇ ਹਨ। ਇਨ੍ਹਾਂ ਦੇ ਕਾਰਨਾਮੇ ਸੁਣ ਕੇ ਜੀਭ ਦੰਦਾਂ ਵਿਚ ਆ ਜਾਂਦੀ ਹੈ। ਚੰਗੇ ਡਾਕੂਆਂ ਦਾ ਵੀ ਕੋਈ ਮਿਆਰ ਹੁੰਦਾ ਹੈ ਪਰ ਇਹ ਤਾਂ ਕੁਝ ਹੋਰ ਦੇ ਹੋਰ ਹੋ ਗਏ।

ਬਲਾਤਕਾਰੀਆਂ, ਠੱਗਾਂ, ਡਾਕੂਆਂ ਅਤੇ ਲੁਟੇਰਿਆਂ ਦੀ ਗੱਲ ਕਰਦਿਆਂ ਮਨ ਇਨਸਾਫ ਦੀਆਂ ਕਚਹਿਰੀਆਂ ਵੱਲ ਚਲਿਆ ਗਿਆ। ਕਾਫ਼ੀ ਸਮਾਂ ਪਹਿਲਾਂ ਸਿੱਧੇ ਸਾਦੇ ਲੋਕਾਂ ਦੇ ਉਹੋ ਜਿਹੇ ਹੀ ਕੇਸ ਕਚਹਿਰੀਆਂ ਵਿਚ ਆਉਂਦੇ ਸਨ। ਫੈਸਲੇ ਕਿਤਾਬਾਂ ਪੜ੍ਹ ਕੇ ਨਹੀਂ ਸਗੋਂ ਇਨਸਾਫਪਸੰਦ ਮਨ ਨਾਲ ਹੁੰਦੇ ਸਨ। ਕਿਹਾ ਜਾਂਦਾ ਹੈ ਕਿ ਇਕ ਵਾਰ ਦੋ ਔਰਤਾਂ ਇਕੋ ਬੱਚੇ ਨੂੰ ਆਪਣਾ ਬੱਚਾ ਕਹਿ ਰਹੀਆਂ ਸਨ। ਮੁਨਸਿਫ ਕੋਲ ਕੇਸ ਆ ਗਿਆ। ਕਿਸੇ ਵਕੀਲ ਦੀ ਬਹਿਸ ਦੀ ਲੋੜ ਨਾ ਮਹਿਸੂਸ ਕਰਦਿਆਂ ਮੁਨਸਿਫ ਨੇ ਕਿਹਾ, 'ਬੱਚੇ ਦੇ ਦੋ ਟੁਕੜੇ ਕਰ ਦਿਉ ਤੇ ਅੱਧਾ-ਅੱਧਾ ਦੋਹਾਂ ਔਰਤਾਂ ਨੂੰ ਦੇ ਦਿਉ।' ਅਸਲੀ ਮਾਂ ਕੁਰਲਾ ਉਠੀ! ਕਹਿੰਦੀ, 'ਜੱਜ ਸਾਹਿਬ! ਭਾਵੇਂ ਦੂਜੀ ਨੂੰ ਬੱਚਾ ਦੇ ਦਿਉ!! ਪਰ ਟੁਕੜੇ ਨਾ ਕਰੋ।'...ਤੇ ਫੈਸਲਾ ਹੋ ਗਿਆ।

ਅੱਜ ਦਾ ਇਨਸਾਫ ਬਹੁਤ ਗੁੰਝਲਦਾਰ ਹੋ ਗਿਆ ਹੈ। ਗਵਾਹੀਆਂ, ਪੇਸ਼ੀਆਂ ਅਤੇ ਕਾਨੂੰਨੀ ਨੁਕਤਿਆਂ ਨੇ ਇਮਾਨਦਾਰ ਜੱਜ ਵੀ ਭੰਬਲਭੂਸੇ ਵਿਚ ਪਾ ਦਿੱਤੇ ਹਨ। ਗਵਾਹਾਂ ਦੇ ਸਬੂਤ ਬਗੈਰ ਸਭ ਕੁਝ ਜਾਣਦੇ ਹੋਏ ਵੀ ਉਹ ਸਹੀ ਫੈਸਲਾ ਨਹੀਂ ਕਰ ਸਕਦੇ। ਕੇਸ ਲਮਕਦੇ ਰਹਿੰਦੇ ਹਨ। ਕਈ ਗਰੀਬ ਇਨਸਾਫ ਉਡੀਕਦੇ ਦੁਨੀਆਂ ਨੂੰ ਅਲਵਿਦਾ ਕਹਿ ਜਾਂਦੇ ਹਨ। ਕਾਨੂੰਨ ਵਕੀਲਾਂ ਦੇ ਹੱਥਾਂ ਵਿਚ ਮੋਮ ਦਾ ਗੋਲਾ ਹੈ। ਆਪਣੀ ਆਪਣੀ ਸੂਝ ਅਨੁਸਾਰ ਇਸ ਦੀ ਮਨ-ਚਾਹੀ ਸ਼ਕਲ ਬਣਾ ਲੈਂਦੇ ਹਨ। ਵੱਡੇ ਤੋਂ ਵੱਡਾ ਜੁਰਮ ਕਰਨ ਵਾਲੇ ਨੂੰ ਵੀ ਉਹ ਸਬਜ਼ਬਾਗ ਦਿਖਾਉਂਦੇ ਹਨ ਕਿ ਫਿਕਰ

## ਚਲਦੇ-ਚਲਦੇ

ਨਾ ਕਰ! ਬਰੀ ਹੋਇਆ ਲੈ!! ਕਈ ਵਾਰ ਹਾਸਾ ਆਉਂਦਾ ਹੈ ਕਿ ਵਕੀਲਾਂ ਦੀ ਇੰਨੀ ਵੱਡੀ ਫੌਜ ਨੇ ਅਮਨ ਵਿਚ ਵਾਧਾ ਕੀਤਾ ਹੈ ਜਾਂ ਜੁਰਮ ਦੀ ਹੌਸਲਾ-ਅਫਜ਼ਾਈ ਕੀਤੀ ਹੈ। ਅਜਿਹੀ ਹੱਲਾਸ਼ੇਰੀ ਨੂੰ ਦੇਖਦਿਆਂ ਕਿਸੇ ਸ਼ਾਇਰ ਨੇ ਕਿਹਾ ਹੈ,

ਪੈਦਾ ਹੂਆ ਵਕੀਲ ਤੋ ਸ਼ੈਤਾਨ ਨੇ ਕਹਾ,
ਲੋ ਸਾਹਿਬ ਹਮ ਭੀ ਬਾ ਔਲਾਦ ਹੋ ਗਏ।

ਖ਼ੈਰ! ਵਕੀਲਾਂ ਨੇ ਬਹੁਤ ਚੰਗੇ ਕੰਮ ਵੀ ਕੀਤੇ ਹਨ। ਲੱਖਾਂ ਲੋਕਾਂ ਦੇ ਬੇੜੇ ਪਾਰ ਲੰਘਾਏ ਹਨ।

**ਅੰਤਿਕਾ:** ਐਸ.ਡੀ. ਕਾਲਜ ਬਰਨਾਲਾ ਸ਼ੁਰੂ ਹੀ ਹੋਇਆ ਸੀ। ਕਾਲਜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਾਏ ਸਾਹਿਬ ਦਰਬਾਰੀ ਲਾਲ ਟੰਡਨ ਨੇਕ ਇਨਸਾਨ ਅਤੇ ਉੱਘੇ ਵਕੀਲ ਸਨ। ਉਨ੍ਹਾਂ ਨੇ ਪਾਰਟੀ ਵਿਚ ਉਥੋਂ ਦੇ ਜ਼ਿਲ੍ਹਾ ਸੈਸ਼ਨ ਜੱਜ ਰਣਜੀਤ ਸਿੰਘ ਸਰਕਾਰੀਆ ਅਤੇ ਜੁਡੀਸ਼ਲ ਮੈਜਿਸਟਰੇਟ ਮਹਿੰਦਰ ਸਿੰਘ ਜੋਸ਼ੀ ਨੂੰ ਸਤਿਕਾਰ ਸਹਿਤ ਬੁਲਾਇਆ। ਮੈਂ ਕਾਲਜ ਸਰਵਿਸ ਸ਼ੁਰੂ ਹੀ ਕੀਤੀ ਸੀ। ਮੈਨੂੰ ਵੀ ਉਸ ਪਾਰਟੀ ਵਿਚ ਜਾਣ ਦਾ ਮੌਕਾ ਮਿਲਿਆ। ਗੱਲ ਚੱਲ ਪਈ ਕਿ ਕੁਝ ਦਿਨ ਪਹਿਲਾਂ ਕਚਹਿਰੀਆਂ ਵਿਚ ਕਿਸੇ ਨੇ ਕਿਸੇ ਦੇ ਗੰਡਾਸਾ ਮਾਰਿਆ, ਮੁਲਜ਼ਮ ਅਹੁ ਗਿਆ ਅਹੁ ਗਿਆ। ਮੈਂ ਅਲ੍ਹੜ ਉਮਰ ਅਤੇ ਨਾ-ਤਜਰਬੇਕਾਰ ਹੋਣ ਦੇ ਨਾਤੇ ਸਹਿਜ-ਸੁਭਾਅ ਕਹਿ ਬੈਠਾ, "ਇਹੋ ਜਿਹੀਆਂ ਵਾਰਦਾਤਾਂ ਹੋਣੀਆਂ ਹੀ ਹਨ...ਜਦੋਂ ਜੱਜ ਸਾਹਿਬ ਕਿਸੇ ਨੂੰ ਕੋਈ ਸਜ਼ਾ ਨਹੀਂ ਦਿੰਦੇ।" ਦੋਨੋਂ ਜੱਜ ਬੜੇ ਲਾਇਕ ਅਤੇ ਸਾਹਿਤਕ ਰੁਚੀਆਂ ਵਾਲੇ ਸਨ। ਦੋਨੋਂ ਹੀ ਬਹੁਤ ਉਚੇ ਰੁਤਬਿਆਂ ਤੋਂ ਸੇਵਾ ਮੁਕਤ ਹੋਏ। ਉਨ੍ਹਾਂ ਮੇਰੀ ਗੱਲ ਦਾ ਬੁਰਾ ਨਾ ਮਨਾਇਆ, ਬਲਕਿ ਸਰਕਾਰੀਆ ਸਾਹਿਬ ਕਹਿਣ ਲੱਗੇ ਕਿ ਪਿਛਲੇ ਸਾਲ ਪਟਿਆਲੇ ਮੋਤੀ ਬਾਗ ਪੈਲੇਸ ਵਿਚ ਸੈਸ਼ਨ ਜੱਜਾਂ ਦੀ ਕਾਨਫਰੰਸ ਨੂੰ ਸੁਪਰੀਮ ਕੋਰਟ ਦੇ ਚੀਫ ਜਸਟਿਸ ਮਹਾਜਨ ਸਾਹਿਬ ਨੇ ਸੰਬੋਧਨ ਕੀਤਾ। ਜਦੋਂ ਮੇਰੀ ਜਾਣ-ਪਛਾਣ ਕਰਾਈ ਗਈ ਤਾਂ ਉਨ੍ਹਾਂ ਨੇ ਕਿਹਾ ਸੀ, ਓ ਮੁੰਡਿਆ! ਤੂੰ ਬਹੁਤ ਸਖਤ ਸਜ਼ਾਵਾਂ ਦਿੰਦਾ ਹੈਂ!...ਸੋ, ਮੈਂ ਸਜ਼ਾ ਦੇਣ ਦੀ ਪ੍ਰਵਾਹ ਨਹੀਂ ਕਰਦਾ। ਕੀ ਕਰੀਏ? ਕਚਹਿਰੀ ਵਿਚ ਜਦੋਂ ਮੁਲਜ਼ਮ ਗਹਿਰੀ ਅੱਖ ਨਾਲ ਗਵਾਹ ਵੱਲ ਦੇਖਦਾ ਹੈ, ਵਿਚਾਰਾ ਗਵਾਹ ਇਧਰ-ਉਧਰ ਦੇਖਣ ਲੱਗ ਪੈਂਦਾ ਹੈ। ਜੱਜ ਅਸਲੀਅਤ ਸਮਝਦਾ ਹੋਇਆ ਵੀ ਕੁਝ ਨਹੀਂ ਕਰ ਸਕਦਾ।

ਜੋਸ਼ੀ ਸਾਹਿਬ ਕਹਿਣ ਲੱਗੇ, ਪਿਛਲੇ ਹਫਤੇ ਮੇਰੇ ਕੋਲ ਲੜਾਈ ਦਾ ਕੇਸ ਆਇਆ। ਸਦਰ ਬਾਜ਼ਾਰ ਵਿਚ ਦੋ ਬੰਦੇ ਇਕ-ਦੂਜੇ ਦੇ ਸੱਟਾਂ ਮਾਰ ਗਏ। ਮੌਕੇ ਦਾ ਗਵਾਹ ਸਾਹਮਣੇ ਵਾਲਾ ਦੁਕਾਨਦਾਰ ਸੀ। ਉਸ ਨੂੰ ਬੁਲਾਇਆ ਗਿਆ। ਉਹ ਕਹਿਣ ਲੱਗਾ, "ਹਾਂ ਹਜ਼ੂਰ! ਮੇਰੇ ਸਾਹਮਣੇ ਹੀ ਲੜਾਈ ਹੋਈ ਸੀ।" ਮੈਂ ਪੁੱਛਿਆ, "ਤੁਸੀਂ ਕੀ ਦੇਖਿਆ?" ਖਚਰਾ ਦੁਕਾਨਦਾਰ ਕਹਿਣ ਲੱਗਿਆ, "ਇਹ ਦੋਨੋਂ ਲੜਦੇ-ਲੜਦੇ ਲੜ ਪਏ ਅਤੇ ਹਟਦੇ-ਹਟਦੇ ਹਟ ਗਏ।" ਤੇ ਇਹੋ ਜਿਹੀ ਗਵਾਹੀ ਤੋਂ ਮੈਂ ਕੀ ਸਿੱਟਾ ਕੱਢਦਾ?

ਅੱਜ ਮੈਨੂੰ ਮਹਿਸੂਸ ਹੁੰਦਾ ਹੈ ਜਿਵੇਂ ਹੁਸ਼ਿਆਰ ਦੁਕਾਨਦਾਰ ਕਹਿ ਰਿਹਾ ਹੋਵੇ,

ਅਸੀਂ ਹੋ ਗਏ ਹਾਂ ਕੁਝ ਹੋਰ ਹੋਰ।
ਗੱਲ ਕਰਦੇ ਹਾਂ ਕੁਝ ਗੋਲ ਮੋਲ।

# ਮਾਂ ਦੀ ਦਵਾਈ

ਕਾਊਂਟਰ ਅੱਗੇ ਖੜ੍ਹੇ ਵਿਅਕਤੀ ਨੇ ਡਾਕਟਰ ਦੀ ਪਰਚੀ ਦਿਖਾਉਂਦੇ ਹੋਏ ਪੈਨ ਗਲੋਬ ਦਵਾਈ ਬਾਰੇ ਪੁੱਛਿਆ। ਮੇਰੇ ਹਾਂ ਕਹਿਣ 'ਤੇ ਉਨ੍ਹਾਂ ਨੇ ਉਸ ਦਵਾਈ ਦਾ ਰੇਟ ਪੁੱਛਿਆ ਤਾਂ ਮੈਂ ਕਿਹਾ, "ਦਸ ਗੋਲੀਆਂ ਦੇ ਬਾਨਵੇਂ ਰੁਪਏ ਪੰਜਾਹ ਪੈਸੇ।" ਵਿਅਕਤੀ ਨੇ ਜੇਬ੍ਹ ਵਿਚੋਂ ਪੈਸੇ ਕੱਢਦੇ ਹੋਏ ਮੈਨੂੰ ਦਸ ਗੋਲੀਆਂ ਪੈਕ ਕਰਨ ਲਈ ਕਿਹਾ। ਉਸ ਨਾਲ ਖੜ੍ਹੀ ਉਸ ਦੀ ਪਤਨੀ ਬੋਲੀ, "ਛੱਡੋ ਪਰ੍ਹੇ ਆਪਾਂ ਤੋਂ ਨ੍ਹੀਂ ਲਾਏ ਜਾਂਦੇ ਐਨੇ ਪੈਸੇ। ਤੁਸੀਂ ਸਿਰਫ਼ ਦੋ ਗੋਲੀਆਂ ਹੀ ਲੈ ਲਵੋ। ਕਹਿ ਦੇਵਾਂਗੇ ਕਿ ਦੋ ਹੀ ਮਿਲੀਆਂ ਹਨ। ਬਾਕੀ ਦਵਾਈ ਜਗਦੀਸ਼ ਆਪੇ ਲੈ ਆਵੇਗਾ।" ਉਸ ਨੇ ਪਤਨੀ ਦਾ ਹੁਕਮ ਸੁਣਦੇ ਹੀ ਸਿਰਫ਼ ਦੋ ਗੋਲੀਆਂ ਦੇ ਪੈਸੇ ਕੱਟਣ ਲਈ ਕਿਹਾ।

ਜਗਦੀਸ਼ ਦਾ ਨਾਂ ਸੁਣ ਕੇ ਮੈਂ ਸਮਝ ਗਿਆ ਸੀ ਕਿ ਜਗਦੀਸ਼ ਇਸ ਵਿਅਕਤੀ ਦੇ ਵੱਡੇ ਭਾਈ ਸਾਹਿਬ ਹਨ। ਮੈਂ ਇਹ ਦਵਾਈ ਜਗਦੀਸ਼ ਦੇ ਕਹਿਣ 'ਤੇ ਹੀ ਹਮੇਸ਼ਾ ਸਟਾਕ ਵਿਚ ਰੱਖਦਾ ਹਾਂ ਕਿਉਂਕਿ ਐਨੀ ਮਹਿੰਗੀ ਦਵਾਈ ਇਸ ਇਲਾਕੇ ਵਿਚ ਅਜੇ ਕੋਈ ਡਾਕਟਰ ਨਹੀਂ ਲਿਖਦਾ। ਸ਼ਾਮ ਨੂੰ ਜਗਦੀਸ਼ ਸਿੰਘ ਆ ਕੇ ਪੁੱਛਣ ਲੱਗਾ ਕਿ ਪੈਨ ਗਲੋਬ ਦੀਆਂ ਗੋਲੀਆਂ ਲੈ ਆਂਦੀਆਂ ਹਨ ਕਿ ਨਹੀਂ। ਮੈਂ ਉਸ ਨੂੰ ਸੱਚ ਦੱਸ ਦਿੱਤਾ, "ਮੈਂ ਇਹ ਦਵਾਈ ਤੁਹਾਡੇ ਕਹਿਣ 'ਤੇ ਹਮੇਸ਼ਾ ਸਟਾਕ ਵਿਚ ਰੱਖਦਾ ਹਾਂ। ਤੁਹਾਡੇ ਭਾਈ ਸਾਹਿਬ ਦਵਾਈ ਦਾ ਰੇਟ ਸੁਣ ਕੇ ਆਪ ਹੀ ਦੋ ਗੋਲੀਆਂ ਲੈ ਕੇ ਗਏ ਹਨ।"

ਜਗਦੀਸ਼ ਲੋੜੀਂਦੀ ਦਵਾਈ ਲੈ ਕੇ ਚਲਾ ਗਿਆ ਅਤੇ ਮੈਂ ਇਹ ਸੋਚਣ ਲੱਗ ਪਿਆ ਕਿ ਮਾਂ ਸਾਰੇ ਪੁੱਤਰਾਂ ਨਾਲ ਇੱਕੋ ਜਿਹਾ ਪਿਆਰ ਕਰਦੀ ਹੈ ਪਰ ਇੱਥੇ ਦੁਨੀਆਂ ਕਿਹੋ ਜਿਹੀ ਹੈ। ਇੱਕ ਪੁੱਤਰ ਮਾਂ ਦੀ ਮਾਮੂਲੀ ਜਿਹੀ ਤਕਲੀਫ਼ ਨਾ ਸਹਾਰਦਾ ਹੋਇਆ ਦਵਾਈ ਲੈਣ ਭੱਜਿਆ ਆਉਂਦਾ ਹੈ ਜਦੋਂਕਿ ਦੂਜਾ ਦਵਾਈ ਦੀ ਕੀਮਤ ਸੁਣ ਕੇ ਝੂਠ ਦਾ ਸਹਾਰਾ ਲੈਂਦਿਆਂ ਘੇਸਲ ਮਾਰ ਜਾਂਦਾ ਹੈ।

*-ਹਰਜੀਤ ਸਿੰਘ ਸਿੱਧੂ*

# ਪੀੜ੍ਹੀ-ਪਾੜਾ

## ਮਿੰਨੀ ਕਹਾਣੀ

ਸੱਥ ਜਦੋਂ ਵੀ ਭਖਦੀ ਤਾਂ ਹਮੇਸ਼ਾ ਨਵੇਂ ਤੇ ਪੁਰਾਣੇ ਦਾ ਟਕਰਾਅ ਖੜ੍ਹਾ ਹੋ ਜਾਂਦਾ। ਸੱਥ ਦੋ ਧਿਰਾਂ ਵਿਚ ਵੰਡੀ ਜਾਂਦੀ। ਬਜ਼ੁਰਗ ਆਪਣੇ ਬਚਪਨ ਤੇ ਜਵਾਨੀ ਦੀਆਂ ਕਹਾਣੀਆਂ ਸੁਣਾਉਣ ਲੱਗਦੇ ਤੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਕਿ ਅਜੋਕੇ ਸਮੇਂ ਨਾਲੋਂ ਪਹਿਲਾ ਸਮਾਂ ਬਿਹਤਰ ਸੀ। ਨੌਜਵਾਨ ਪੁਰਾਣੇ ਸਮੇਂ ਦੇ ਪਛੜੇਪਨ ਨੂੰ ਟਿੱਚਰਾਂ ਵਿਚ ਉਡਾ ਦਿੰਦੇ ਅਤੇ ਵਰਤਮਾਨ ਨੂੰ ਜਾਗ੍ਰਿਤ ਜ਼ਮਾਨਾ ਸਿੱਧ ਕਰਨ ਲਈ ਪੂਰਾ ਟਿੱਲ ਲਾਉਂਦੇ। ਬਜ਼ੁਰਗ ਆਪਣੀ ਜਵਾਨੀ ਚੇਤੇ ਕਰਦਿਆਂ ਪੁਰਾਣੀਆਂ ਖੁਰਾਕਾਂ, ਜ਼ੋਰਾਂ, ਸਖਤ ਕੰਮਾਂ, ਖੇਡਾਂ ਤੇ ਰਸਮ-ਰਿਵਾਜ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹਦੇ ਅਤੇ ਨੌਜਵਾਨ ਅਜੋਕੀ ਤਰੱਕੀ, ਸਹੂਲਤਾਂ ਤੇ ਵਿਗਿਆਨ ਦੀਆਂ ਪ੍ਰਾਪਤੀਆਂ ਦੇ ਸੋਹਲੇ ਗਾਉਂਦੇ ਵੱਡਿਆਂ ਦੀਆਂ ਗੱਲਾਂ ਨੂੰ ਬੇਲੋੜੀਆਂ ਤੇ ਸਮਾਂ ਵਿਹਾ ਚੁੱਕੀਆਂ ਸਿੱਧ ਕਰਨ ਲਗਦੇ। ਸੱਥ ਵਿਚ ਰੋਜ਼ ਹੀ ਇਸ ਕਿਸਮ ਦਾ ਪੰਗਾ ਖੜ੍ਹਾ ਹੋ ਜਾਂਦਾ।

ਅੱਸੀ ਕੁ ਵਰ੍ਹਿਆਂ ਦਾ ਰਹਿਮਤ ਨਾਉਂ ਦਾ ਇਕ ਬਜ਼ੁਰਗ ਵੀ ਸੱਥ ਵਿਚ ਹਰ ਰੋਜ਼ ਹੀ ਬੈਠਾ ਹੁੰਦਾ ਸੀ ਪਰ ਉਹ ਬੋਲਦਾ ਕਦੇ ਕਦੇ ਹੀ ਸੀ। ਬੱਸ ਸਭ ਦੀਆਂ ਸੁਣੀ ਜਾਂਦਾ ਸੀ। ਇੱਕ ਦਿਨ ਜਦੋਂ ਤਕੜੇ-ਮਾੜੇ ਤੇ ਜ਼ੋਰ-ਅਜ਼ਮਾਈ ਦੀਆਂ ਕਹਾਣੀਆਂ ਚੱਲ ਰਹੀਆਂ ਸਨ ਤਾਂ ਉਸ ਨੂੰ ਵੀ ਜਵਾਨੀ ਦੇ ਦਿਨ ਯਾਦ ਆ ਗਏ। ਠੀਕ ਜਿਹਾ ਹੋ ਕੇ ਬੈਠਦਾ ਹੋਇਆ ਉਹ ਬੋਲਿਆ, "ਲਉ ਬਈ ਅੱਜ ਮੈਂ ਸੁਣਾਉਨਾਂ ਥੋਨੂੰ ਜਵਾਨੀ ਦੇ ਜੋਰ ਦੀ ਗੱਲ।" ਸਭਨਾਂ ਦੇ ਕੰਨ ਰਹਿਮਤ ਬੁੜ੍ਹੇ ਵੱਲ ਨੂੰ ਹੋ ਗਏ। ਸਰਦਾਰਾਂ ਦੀ ਨਿੱਕੀ ਇੱਟ ਦੀ ਹਵੇਲੀ ਵੱਲ ਉਂਗਲ ਕਰਕੇ ਉਹ ਗੱਲ ਸੁਣਾਉਣ ਲੱਗਿਆ, "ਮੈਂ ਆਹ ਹਵੇਲੀ ਵਾਲੇ ਸਰਦਾਰ ਨਾਲ ਸੀਰੀ ਹੁੰਦਾ ਸੀ। ਸਰਦਾਰ ਬੜਾ ਭਲਾ ਬੰਦਾ ਸੀ। ਖੁਰਾਕ ਪੂਰੀ ਦਿੰਦਾ ਤੇ ਫੇਰ ਕੰਮ ਵੀ ਪੂਰਾ ਈ ਲੈਂਦਾ। ਆਹ ਹਵੇਲੀ ਮੇਰੇ ਹੱਥੀਂ ਬਣੀ ਸੀ। ਮੈਂ ਉਦੋਂ ਪੂਰਾ ਜੁਆਨ ਸੀ ਤੇ ਬੱਤੀ ਇੱਟਾਂ ਸਿਰ ਤੇ ਚਿਣ ਕੇ ਮੌਜ ਨਾਲ ਉਪਰ ਚੜ੍ਹ ਜਾਂਦਾ ਸੀ।"

ਸੱਥ 'ਚ ਬੈਠੇ ਹਵੇਲੀ ਵਾਲੇ ਸਰਦਾਰਾਂ ਦੇ ਕਾਕੇ ਬਿੰਦਰ ਨੂੰ ਰਹਿਮਤ ਦੀ ਗੱਲ ਨਾਲ ਪਤਾ ਨਹੀਂ ਕੀ ਵੱਟ ਚੜ੍ਹਿਆ, ਝੱਟ ਬੋਲ ਪਿਆ, "ਓਏ ਛੱਡ ਪਰ੍ਹੇ, ਸੁਣਾ'ਤੀ ਬਈ ਗੱਲ, ਭਾਰ ਤਾਂ ਗਧੇ ਵੀ ਬਥੇਰਾ ਚੱਕ ਲੈਂਦੇ ਨੇ।"

"ਆਹੋ ਭਾਈ, ਗੱਲ ਤਾਂ ਬਿੰਦਰ ਸਿਉਂ ਦੀ ਸੋਲਾਂ ਆਨੇ ਖਰੀ ਐ। ਊਂ ਭਾਈ ਬਿੰਦਰ ਸਿਆਂ, ਤੇਰਾ ਪਿਓ ਤਾਂ ਮੈਥੋਂ ਵੀ ਵੱਧ ਤਕੜਾ ਸੀ। ਉਹ ਤਾਂ ਛੱਤੀ ਇੱਟਾਂ ਇੱਕੋ ਵਾਰ ਸਿਰ 'ਤੇ ਚੱਕ ਕੇ ਉਪਰ ਚੜ੍ਹ ਜਾਂਦਾ ਸੀ।" ਰਹਿਮਤ ਉਤੋਂ ਦੀ ਲੱਤ ਫੇਰ ਗਿਆ ਸੀ। ਬਿੰਦਰ ਨੂੰ ਕੋਈ ਗੱਲ ਨਹੀਂ ਸੀ ਅਹੁੜ ਰਹੀ।

*-ਜਗਮੀਤ ਸਿੰਘ ਪੰਧੇਰ*
ਫੋਨ: 91-98783-37222

ਕਹਾਣੀ

# ਸਾਡਾ ਪਿੰਡ

*ਪੰਜਾਬੀ ਸਾਹਿਤ ਜਗਤ ਵਿਚ ਗੁਰਵੇਲ ਸਿੰਘ ਪੰਨੂੰ (1926-1997) ਦੀ ਬਹੁਤੀ ਚਰਚਾ 'ਸੇਧ' ਪਰਚੇ ਦਾ ਸੰਪਾਦਕ ਹੋਣ ਕਰ ਕੇ ਹੁੰਦੀ ਰਹੀ ਹੈ। ਆਪਣੇ ਉਸ ਦੌਰ ਵਿਚ 'ਸੇਧ' ਬੜੇ ਚੰਗਿਆੜੇ ਛੱਡਦਾ ਹੁੰਦਾ ਸੀ। ਪ੍ਰਸਿੱਧ ਮਾਰਕਸੀ ਵਿਦਵਾਨ ਪ੍ਰੋ. ਕਿਸ਼ਨ ਸਿੰਘ ਦਾ ਇਸ ਪਰਚੇ ਉਤੇ ਮਿਹਰਾਂ ਭਰਿਆ ਹੱਥ ਹੁੰਦਾ ਸੀ ਅਤੇ ਉਨ੍ਹਾਂ ਦਾ ਜਦੋਂ ਇਕ ਹੋਰ ਮਾਰਕਸੀ ਵਿਦਵਾਨ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨਾਲ ਵਿਚਾਰਧਾਰਕ ਪੇਚਾ ਪਿਆ, ਉਦੋਂ 'ਸੇਧ' ਦਾ ਰੋਲ ਬੇਹੱਦ ਅਹਿਮ ਰਿਹਾ। ਖੈਰ! ਗੁਰਵੇਲ ਸਿੰਘ ਪੰਨੂੰ ਦੇ ਦੋ ਕਹਾਣੀ ਸੰਗ੍ਰਹਿ 'ਅਮਾਨਤ' ਤੇ 'ਸੁਪਨਾ ਟੁੱਟਾ' ਛਪੇ ਅਤੇ ਚਰਚਾ ਹੋਈ। ਕਹਾਣੀ 'ਸਾਡਾ ਪਿੰਡ' ਵਿਚ ਪੁਰਾਣਾ ਪੰਜਾਬ ਬੋਲਦਾ-ਧੜਕਦਾ ਸੁਣਾਈ ਦਿੰਦਾ ਹੈ। ਉਂਜ ਕਹਾਣੀ ਸਮੇਟਣ ਵੇਲੇ ਲੇਖਕ ਨੇ 'ਸੇਧ' ਦੀ ਸੰਪਾਦਕੀ ਵਾਂਗ ਹੀ ਚੰਗਿਆੜੇ ਛੱਡੇ ਹਨ। ਤਿੱਖਾ ਸਿਆਸੀ ਵਿਅੰਗ ਤੇਜ਼ਾਬ ਵਾਂਗ ਮੋਰੀਆਂ ਕਰਦਾ ਚਲਾ ਜਾਂਦਾ ਹੈ। -ਸੰਪਾਦਕ*

## ਗੁਰਵੇਲ ਸਿੰਘ ਪੰਨੂੰ

ਉਦੋਂ ਵੀ ਸਦੀ ਵੀਹਵੀਂ ਹੀ ਸੀ ਤੇ ਸਾਡੇ ਪਿੰਡ ਸ਼ਾਇਦ ਹੀ ਕਦੀ ਕੋਈ ਅਖ਼ਬਾਰ ਪਹੁੰਚਦੀ ਹੋਵੇ। ਮੈਂ ਉਦੋਂ ਬਹੁਤ ਛੋਟਾ ਤੇ ਨਹੀਂ ਸਾਂ, ਉਮਰ ਹੋਵੇਗੀ, ਇਹੋ ਹੀ ਕੋਈ ਦਸ ਬਾਰਾਂ ਸਾਲ ਦੀ ਤੇ ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਸਾਡੇ ਪਿੰਡ ਦੇ ਅੱਧ ਵਿਚਕਾਰ ਤਖ਼ਤਪੋਸ਼ ਸੀ। ਪਿੰਡ ਦਾ ਸਾਂਝਾ ਕਲੱਬ-ਘਰ, ਮਿਲਣੀਆਂ ਦਾ ਅੱਡਾ, ਪੇਂਡੂ ਜ਼ਿੰਦਗੀ ਦਾ ਮਰਕਜ਼। ਇਸ ਦੇ ਕਲੱਬ-ਘਰ ਹੋਣ ਦਾ ਪਤਾ ਮੈਨੂੰ ਢੇਰ ਚਿਰ ਬਾਅਦ ਲੱਗਾ ਜਦੋਂ ਵੱਡਾ ਹੋ ਕੇ ਪੜ੍ਹਾਈ ਲਈ ਮੈਂ ਵਲਾਇਤ ਚਲਾ ਗਿਆ ਪਰ ਜਦੋਂ ਦੀ ਮੈਂ ਗੱਲ ਕਰ ਰਿਹਾ ਹਾਂ, ਅਸੀਂ ਸਾਰੇ ਇਸ ਨੂੰ 'ਤਖ਼ਤਪੋਸ਼' ਜਾਂ 'ਪਰ੍ਹੇ' ਹੀ ਸੱਦਿਆ ਕਰਦੇ ਸਾਂ- ਨਿੱਕੇ, ਵੱਡੇ, ਆਦਮੀ, ਤੀਵੀਆਂ...।

ਪਿੰਡ ਦੇ ਸਾਰੇ ਲੋਕ ਉਥੇ ਇਕੱਠੇ ਹੁੰਦੇ। ਮਿਲਣ ਦਾ ਪੱਕਾ ਨੀਅਤ ਵਕਤ ਕੋਈ ਨਾ। ਹਰ ਕੋਈ ਉਥੇ ਆ ਜਾਂਦਾ ਜਦੋਂ ਕਿਸੇ ਨੂੰ ਕੁਝ ਵਿਹਲ ਮਿਲਦੀ। ਉਂਜ ਤਾਂ ਉਥੇ ਹਰ ਵੇਲੇ ਹੀ ਕੁਝ ਨਾ ਕੁਝ ਰੌਣਕ ਲੱਗੀ ਹੀ ਰਹਿੰਦੀ ਪਰ ਸ਼ਾਮ ਦਾ ਵੇਲਾ ਖਾਸ ਗਹਿਮਾ-ਗਹਿਮੀ ਦਾ ਹੁੰਦਾ। ਸਾਡੇ ਪਿੰਡ ਦੀ ਇਹ ਕਲੱਬ, ਪੁਰਾਤਨ ਪਵਿੱਤਰ ਰੂਹਾਨੀ ਸਭਿਅਤਾ ਦੇ ਨਿਯਮਾਂ ਅਨੁਸਾਰ ਕੰਮ ਕਰ ਰਹੀ ਸੀ। ਇਸ ਦੀਆਂ ਹੱਦਾਂ ਅੰਦਰ ਬੱਚੇ ਆਂਦੇ, ਗੱਭਰੂ ਆਂਦੇ, ਬੁੱਢੇ ਆਂਦੇ; ਮੰਗਤੇ, ਬਾਜ਼ੀਗਰ, ਕਮੀਣ-ਕਾਂਦੂੰ ਆਂਦੇ ਪਰ ਤੀਵੀਆਂ, ਮੁਟਿਆਰਾਂ, ਨੂੰਹਾਂ-ਧੀਆਂ ਦਾ ਇਥੇ ਕੰਮ ਕੋਈ ਨਾ। ਉਹ ਇਸ ਦੀਆਂ ਸਮਾਜ-ਉਲੀਕੀਆਂ ਹੱਦਾਂ ਅੰਦਰ ਨਹੀਂ ਸਨ ਆ ਸਕਦੀਆਂ। ਇਸਤਰੀ ਘਰ ਦੀ ਰਾਣੀ ਹੁੰਦੀ ਹੈ- ਗ੍ਰੰਥਾਂ 'ਚ ਇੰਜ ਹੀ ਲਿਖਿਆ ਹੋਇਆ ਸੀ ਤੇ ਕਦੀ ਕਿਸੇ ਨੇ ਇਸ ਰੂਹਾਨੀ ਰੱਬੀ ਅਸੂਲ ਨੂੰ ਉਲੰਘਣ ਦੀ ਹਿੰਮਤ ਨਹੀਂ ਸੀ ਵਿਖਾਈ।

ਪਿੰਡ ਦੀਆਂ ਜ਼ਨਾਨੀਆਂ ਕੋਲ ਉਂਜ ਵੀ ਵਿਹਲ ਕਿੱਥੇ ਸੀ? ਉਹ ਕੁੜੀਆਂ ਹੁੰਦੀਆਂ ਤਾਂ ਛੋਟੇ ਭੈਣ ਭਰਾ ਖਿਡਾਉਣ ਤੋਂ ਵੱਖ ਮਾਂਵਾਂ ਨਾਲ ਰੋਟੀ ਟੁੱਕ ਵਿਚ ਹੱਥ ਵਟਾਂਦੀਆਂ। ਜੇ ਉਹ ਨੂੰਹਾਂ ਹੁੰਦੀਆਂ ਤਾਂ ਬਾਹਰ ਘੱਟ ਵੱਧ ਹੀ ਨਿਕਲਦੀਆਂ ਤੇ ਉਹ ਵੀ ਨਣਾਨ ਜਾਂ ਸੱਸ ਦੀ ਅਗਵਾਈ ਹੇਠ ਲੰਮਾ ਘੁੰਡ ਕੱਢੀ ਗਲੀਓ-ਗਲੀ ਪਿੰਡੋਂ ਬਾਹਰ ਚਲੀਆਂ ਜਾਂਦੀਆਂ। ਤੇ ਇਸ ਤਖ਼ਤਪੋਸ਼ 'ਤੇ ਬੈਠੇ ਮੁੰਡਿਆਂ ਦੇ ਢਾਣ ਸ਼ਰਤਾਂ ਲਾਂਦੇ, "ਭਈ, ਮਾਂ ਤੇ ਬਹੁੜੀ ਕਿਆਂ ਦੇ ਟੱਬਰ ਦੀ ਸੀ ਪਰ ਵਹੁਟੀ ਦਾ ਕੀ ਪਤਾ! ਸ਼ਾਇਦ ਵੱਡੇ ਦਰਸ਼ੂ ਦੀ ਹੋਵੇ, ਸ਼ਾਇਦ ਦੁਵਿਚਲੇ ਖੇਤਰ ਸਿੰਹੁ ਦੀ ਹੋਵੇ...ਨਹੀਂ ਭਈ, ਇਹ ਕਬੂਤਰੀ ਤੋਰ ਵਾਲੀ ਤਾਂ ਛੋਟੇ ਭੌਂਦੂ ਦੀ ਹੋਵੇਗੀ!" ਪਰ ਪੱਕਾ ਪਤਾ ਕਿਸੇ ਨੂੰ ਨਾ ਹੁੰਦਾ। ਫ਼ਿਰ ਉਹ ਨੂੰਹਾਂ ਵੀ ਛੇਤੀ ਹੀ ਮਾਂਵਾਂ ਬਣਨ ਲਈ ਭਲਚ ਪੈਂਦੀਆਂ ਤੇ ਉਨ੍ਹਾਂ ਦੇ ਕੂਲੇ ਢਿੱਡ ਕੁਝ ਮਹੀਨਿਆਂ ਵਿਚ ਹੀ ਉਭਰ ਪੈਂਦੇ ਤੇ ਫ਼ਿਰ ਸਾਲ, ਦੋ ਸਾਲ ਘਰੋਂ ਵਿਹਲ ਮਿਲੇ ਤੇ ਬੰਦਾ ਬਾਹਰ ਨਿਕਲੇ।

ਤੇ ਇਸ ਤਰ੍ਹਾਂ ਸਾਡੇ ਪਿੰਡ ਦਾ ਕਲੱਬ-ਘਰ ਹਮੇਸ਼ ਨਰ-ਕਲੱਬ ਹੀ ਬਣਿਆ ਰਹਿੰਦਾ। ਅੱਜ ਕੱਲ੍ਹ ਜੁਗਰਾਫ਼ੀਏ ਦੇ ਇਲਮ ਅਨੁਸਾਰ ਨਵਾਂ ਦਿਨ, ਰਾਤ ਦੇ ਬਾਰਾਂ ਵਜੇ ਸ਼ੁਰੂ ਹੁੰਦਾ ਹੈ ਪਰ ਸਾਡੇ ਪਿੰਡ ਨਵਾਂ ਦਿਨ ਉਦੋਂ ਸ਼ੁਰੂ ਹੁੰਦਾ ਜਦੋਂ ਪਹਿਰ ਰਾਤ ਰਹਿੰਦੀ ਗੁਰਦੁਆਰੀਆ ਭਾਈ ਕੀਰਤਨ ਸਿੰਘ ਅੰਮ੍ਰਿਤ ਵੇਲੇ ਨਾਲ ਸੰਖ ਜ਼ੋਰ-ਜ਼ੋਰ ਨਾਲ ਹਵਾ ਵਿਚ ਗੁੰਜਾ ਦਿੰਦਾ, ਤੇ ਬਸ ਸੰਖ ਵਜਣ ਨਾਲ ਨਵਾਂ ਦਿਨ ਸ਼ੁਰੂ ਹੋ ਜਾਂਦਾ। ਕਦੀ ਕਦੀ ਭਾਈ ਅੱਧੀ ਰਾਤ ਰਹਿੰਦਿਆਂ ਹੀ ਸੰਖ ਵਜਾ ਦਿੰਦਾ ਤੇ ਅਗਲੇ ਦਿਨ ਹਲ ਜੋਤਣ ਵਾਲੇ ਜੱਟ, ਭਾਈ ਨੂੰ ਖ਼ੂਬ ਸਿਲਵਾਤਾਂ ਸੁਣਾਉਂਦੇ। ਕਹਿੰਦੇ, ਭਾਈ ਨੂੰ ਨੀਂਦ ਨਾ ਆਉਣ ਦੀ ਬਿਮਾਰੀ ਜਵਾਨੀ ਵਾਰੇ ਹੀ ਲੱਗ ਗਈ ਸੀ ਜਦੋਂ ਵਿਆਹ ਦੇ ਤਰਸੇਵੇਂ ਨੇ ਉਸ ਦੀ ਨੀਂਦ ਹਮੇਸ਼ਾ ਲਈ ਉਸ ਪਾਸੋਂ ਖੋਹ ਖੜੀ ਸੀ। ਹੁਣ ਭਾਵੇਂ ਭਾਈ ਬਿਲਕੁਲ ਬੁੱਢਾ ਹੋ ਚੁੱਕਾ ਸੀ ਤੇ ਉਸ ਦੀ ਹਿਰਸ ਵੀ ਵਡੇਰੀ ਉਮਰ ਦੇ ਨਾਲ ਅਣਪੂਰੇ ਜਜ਼ਬਿਆਂ ਵਾਂਗ ਸੌਂ ਚੁੱਕੀ ਸੀ ਪਰ ਨੀਂਦ ਹਾਲੀ ਵੀ ਉਸ ਕੋਲ ਘੱਟ ਵੱਧ ਹੀ ਆਉਂਦੀ ਸੀ ਤੇ ਉਹ ਬਹੁਤ ਵਾਰ ਸੰਖ ਦੀ ਧੂਤੋ ਧੂਤ ਨਾਲ ਬਹੁਤ ਸਵੱਖਤੇ ਹੀ ਨਵੇਂ ਵਿਆਹੇ ਜੋੜਿਆਂ ਨੂੰ ਨਿਖੜਨ 'ਤੇ ਮਜਬੂਰ ਕਰ ਦਿੰਦਾ ਤੇ ਗੁਰਦੁਆਰੇ ਅੱਗਿਉਂ ਲੰਘਦਿਆਂ ਆਪ ਮੁਹਾਰੇ ਉਨ੍ਹਾਂ ਦਾ ਸਿਰ ਥੋੜ੍ਹਾ ਜਿਹਾ ਅੱਗੇ ਨੂੰ ਝੁਕ ਜਾਂਦਾ...।

ਸਵੇਰ ਵੇਲੇ ਕਲੱਬ-ਘਰ ਵਿਚ ਬਹੁਤ ਥੋੜ੍ਹੇ ਲੋਕ ਹੁੰਦੇ ਤੇ ਉਹ ਵੀ ਬੁੱਢੇ ਬੁੱਢੇ ਅਤੇ ਜਾਂ ਕੋਈ ਬਿਮਾਰ ਜੁਆਨ ਜੋ ਅੱਜ ਖੇਤਾਂ ਵਿਚ ਕੰਮ 'ਤੇ ਨਹੀਂ ਸੀ ਜਾ ਸਕਿਆ। ਇਹ ਬੁੱਢੇ ਕਿਸਾਨ ਜ਼ਿੰਦਗੀ ਦਾ ਜੁਆਨ ਸਮਾਂ ਮਾੜਾ ਚੰਗਾ ਗੁਜ਼ਾਰ ਚੁੱਕੇ ਸਨ, ਤੇ ਹੁਣ ਇਨ੍ਹਾਂ ਦੇ ਪੁੱਤ ਪੋਤਰਿਆਂ ਨੇ ਵਾਹੀ ਜੋਤੀ ਦਾ ਕੰਮ ਧੰਦਾ ਆਪਣੇ ਜ਼ਿੰਮੇ ਲੈ ਲਿਆ ਸੀ, ਤੇ ਜਾਂ ਇਨ੍ਹਾਂ ਦੇ ਪੁੱਤ ਫੌਜ ਵਿਚ ਇਕ ਦੋ ਫ਼ੀਤੀਆਂ ਲਵਾ ਬੈਠੇ ਸਨ, ਤੇ ਇਹ ਬੁੱਢੇ ਸਵੇਰੇ ਹੀ ਲੱਸੀ ਦਾ ਛੰਨਾ ਪੀ, ਛੋਟੀਆਂ ਨੂੰਹਾਂ ਨਾਲ ਇਕ ਅੱਧੀ ਟਿਚਕਰ ਕਰ ਘਰੋਂ ਨਿਕਲ ਪੈਂਦੇ ਤੇ ਤਖ਼ਤਪੋਸ਼ 'ਤੇ ਆ ਬਰਾਜਮਾਨ ਹੁੰਦੇ। ਉਨ੍ਹਾਂ ਦੀਆਂ ਗੱਲਾਂ ਬੜੀਆਂ ਸਹਿਜੇ ਸਹਿਜੇ ਛਿੜਦੀਆਂ ਤੇ ਸਵੇਰ ਵੇਲੇ ਦੀ ਸੁਸਤ ਹਵਾ ਵਾਂਗ ਉਨ੍ਹਾਂ ਦੀਆਂ ਗੱਲਾਂ ਵਿਚ ਗਰਮੀ ਵੀ ਘੱਟ ਹੁੰਦੀ।

"ਕਿਉਂ ਭਈ ਆਲਾ ਸਿੰਹਾਂ, ਇਸ ਮਹੀਨੇ ਦੀ ਸੰਗਰਾਂਦ ਕਦ ਈ?"

ਇਕ ਜਣਾ ਸੁਆਲ ਕਰਦਾ ਤੇ ਦੂਜਾ ਅੱਗਿਉਂ ਜੁਆਬ ਦੇਣ ਦੀ ਥਾਂ ਉਲਟਾ ਹੀ ਘੂਰ ਖਲੋਂਦਾ, "ਕਿੰਨੀ ਵਾਰ ਕਿਹਾ ਏ ਕਿ ਸ਼ਹਿਰੋਂ ਕੋਈ ਪੜ੍ਹਿਆ ਲਿਖਿਆ ਭਾਈ ਲੈ ਆਈਏ ਜਿਹੜਾ ਦਿਨ ਦਿਹਾੜਾ ਤੇ ਦੱਸਦਾ ਰਵ੍ਹੇ। ਇਹ ਬੁੱਧੂ ਭਾਈ ਕੀਰਤੂ, ਪਿਛਲੇ ਮਹੀਨੇ ਪੂਰਨਮਾਸ਼ੀ ਤੋਂ ਛੇਵੇਂ ਦਿਨ ਬਾਅਦ ਹੀ ਮੱਸਿਆ ਦਾ ਦਿਨ ਆਖੀ ਜਾਂਦਾ ਸੀ।"

ਤੇ ਦੋਵੇਂ ਬੁੱਢੇ ਖਹੂੰ ਖਹੂੰ ਕਰਦੇ ਭਾਈ ਕੀਰਤੂ ਦੀ ਬੇਵਕੂਫ਼ੀ 'ਤੇ ਹੱਸਣ ਲੱਗ ਪੈਂਦੇ। ਸਵੇਰੇ ਇਨ੍ਹਾਂ ਕੋਲ ਕੋਈ ਨਵੀਂ ਤਾਜ਼ੀ ਗੱਲ ਨਾ ਹੁੰਦੀ, ਸੋ ਪੁਰਾਣੀਆਂ ਖ਼ਬਰਾਂ 'ਤੇ ਹੀ ਟੀਕਾ-ਟਿਪਣੀ ਹੁੰਦੀ ਰਹਿੰਦੀ। ਬੁੱਢਾ ਚੰਦਾ ਸਿੰਘ, ਨੰਬਰਦਾਰ ਦੇ ਲੰਗੜਾਂਦੇ ਸੰਢੇ ਵੱਲ ਵੇਖ, ਆਪਣੇ ਪੰਜ ਕਲਿਆਣੇ ਦੀ ਯਾਦ ਵਿਚ ਗੁਆਚ ਜਾਂਦਾ ਜੋ ਸੱਤ ਸਾਲ ਹੋਏ ਉਸ ਵਿਸਾਖੀ ਦੇ ਮੇਲੇ ਤੋਂ ਖਰੀਦਿਆ ਸੀ, ਪੂਰੇ ਸਾਢੇ ਚੌਂਹ ਵੀਹਾਂ ਦਾ, ਤੇ ਜੋ ਛੱਜੂ ਤਖਾਣ ਦੀ ਨਜ਼ਰ ਲੱਗਣ ਨਾਲ ਮਰ ਗਿਆ ਸੀ...।

ਤੇ ਇਸ ਤਰ੍ਹਾਂ 'ਪਰ੍ਹੇ' ਵਿਚ ਨਜ਼ਰ ਲੱਗਣ ਦੀਆਂ ਹੀ ਸਾਖੀਆਂ ਤੁਰ ਪੈਂਦੀਆਂ। ਇਸ ਪਿੰਡ ਤੋਂ ਦੂਜੇ, ਦੂਜੇ ਤੋਂ ਤੀਜੇ ਤੇ ਹੋਰ ਅਗਾਂਹ। ਬੈਠੇ ਬੈਠੇ ਬੁੱਢੇ ਆਪਣੇ ਜੁਆਨ ਪੁੱਤਰਾਂ ਦੀਆਂ ਗੱਲਾਂ ਛੇੜ ਦਿੰਦੇ ਤੇ ਅੰਦਾਜ਼ੇ ਲਾਉਂਦੇ ਕਿ ਹੁਣ ਤੱਕ ਉਨ੍ਹਾਂ ਨੇ ਫ਼ਲਾਣੀ ਫਲਾਣੀ ਪੈਲੀ ਵਾਹ ਲਈ ਹੋਣੀ ਏ, ਤੇ ਹੁਣ ਬੀ ਦਾ ਛੱਟਾ ਦੇ ਰਹੇ ਹੋਣਗੇ, ਤੇ ਜਾਂ ਸ਼ਾਇਦ ਹਾਲੀ ਸੁਹਾਗਾ ਹੀ ਮਾਰ ਰਹੇ ਹੋਣਗੇ! ਤੇ ਫ਼ਿਰ ਕਦੀ ਕੱਲ੍ਹ ਦੀ ਪੰਚਾਇਤ ਦੇ ਫੈਸਲੇ ਬਾਰੇ ਇਹ ਬੁੱਢੇ ਗੱਲਾਂ ਛੇੜ ਦਿੰਦੇ, 'ਭਲਾ ਰਾਮ ਸਿੰਹਾਂ, ਸਾਡੇ ਮੁੰਡਿਆਂ ਪੜ੍ਹ ਕੇ ਕਿਹੜਾ ਮਾਲ ਅਫ਼ਸਰ ਬਣਨਾ ਹੈ। ਮਦਰੱਸਾ ਬਣ ਗਿਆ ਤੇ ਡੰਗਰ ਇਨ੍ਹਾਂ ਦੇ ਪਿਉ ਚਾਰਨਗੇ?' ਤੇ ਫ਼ਿਰ ਠੰਢਾ ਸਾਹ ਲੈ ਕੇ ਦੋਵੇਂ ਬੁੱਢੇ ਕਹਿ ਉਠਦੇ, 'ਅੱਛਾ, ਕਰਨ ਦਿਓ ਜੋ ਕੁਝ ਇਹ ਨਵਾਂ ਪੋਚ ਕਰਦਾ ਏ। ਅਸੀਂ ਆਪਣੀ ਮਾੜੀ ਚੰਗੀ ਲੰਘਾ ਲਈ ਏ। ਵੇਖੀਏ ਇਹ ਭਲਾ ਹੁਣ ਕੀ ਕਰਦੇ ਨੇ...।" ਤੇ ਬੁੱਢਿਆਂ ਦੀਆਂ ਅੱਖਾਂ ਅੱਗੇ ਆਉਣ ਵਾਲੇ ਸਮੇਂ ਵਿਚ ਦੁਨੀਆਂ ਦੀ ਤਬਾਹੀ ਦਾ ਨਕਸ਼ਾ ਖਿੱਚਿਆ ਜਾਂਦਾ।

ਸੂਰਜ ਚੋਖਾ ਉਚਾ ਹੋ ਜਾਂਦਾ। ਭਖਦੇ ਸੂਰਜ ਨਾਲ ਇਹ ਬੁੱਢੇ ਆਪਣੇ ਖੇਸ ਲਾਹ ਦਾੜ੍ਹੀਆਂ ਖੁਰਕਦੇ ਘਰਾਂ ਨੂੰ ਤੁਰ ਜਾਂਦੇ, ਰੋਟੀ ਟੁੱਕ ਖਾਣ ਤੇ ਨੂੰਹਾਂ-ਧੀਆਂ ਨੂੰ ਦਬਕਾ-ਸ਼ਬਕਾ ਮਾਰਨ।

ਕਲੱਬ ਵਿਚ ਫੇਰ ਰੌਣਕ ਲੌਢੇ ਵੇਲੇ ਹੁੰਦੀ ਤੇ ਬੁੱਢੇ ਉਦੋਂ ਵੀ ਸਭ ਤੋਂ ਪਹਿਲਾਂ ਪਰ੍ਹੇ 'ਚ ਪਹੁੰਚੇ ਹੁੰਦੇ। ਛੋਟੇ ਛੋਟੇ ਛੋਕਰੇ ਤਖ਼ਤਪੋਸ਼ ਦੇ ਕੋਲ ਤਾਸ਼, ਟਾਹਣਾਂ ਤੇ ਜਾਂ ਖੁੱਤੀ ਵਿਚ ਅਖਰੋਟ ਪਾਉਣਾ ਖੇਡ ਰਹੇ ਹੁੰਦੇ। ਕਿਸੇ ਬੁੱਢੇ ਦੇ ਦੋ ਬਚੇ-ਖੁਚੇ ਦੰਦ ਹੁੰਦੇ ਤਾਂ ਉਹ ਪੋਲੇ ਦਾਣੇ ਪਪੋਲੀ ਜਾਂਦਾ। ਨੱਥਾ ਸਿੰਘ ਰੋਜ਼ ਸ਼ਾਮੀਂ ਪੋਲੀਆਂ ਘੁੰਗਣੀਆਂ ਜੋ ਉਸ ਦੀ ਕਦੇਸਣ, ਕਾਲੀ-ਕਲੋਟੀ ਵਹੁਟੀ ਉਸ ਨੂੰ ਤਿਆਰ ਕਰ ਕੇ ਦਿੰਦੀ, ਦੋ ਦੋ ਚਾਰ ਚਾਰ ਸਭ ਨੂੰ ਵੰਡ ਦਿੰਦਾ ਤੇ ਰਾਤੀਂ ਉਸ ਨੂੰ ਕਦੇਸਣ ਦੀਆਂ ਝਿੜਕਾਂ ਸਹਿਣੀਆਂ ਪੈਂਦੀਆਂ।

ਸ਼ਾਮ ਵੇਲੇ ਦੀ ਵੀ ਗੱਲਬਾਤ ਖੇਤਾਂ, ਢੱਗਿਆਂ, ਨਹਿਰ ਦੇ ਪਾਣੀਆਂ, ਚੰਗੀ ਜਾਂ ਮਾੜੀ ਫਸਲ ਤੋਂ ਹੀ ਸ਼ੁਰੂ ਹੁੰਦੀ। ਇਹ ਉਹ ਵੇਲਾ ਹੁੰਦਾ ਜਦ ਸਾਡੇ ਪਰ੍ਹੇ ਵਿਚ ਨਵਾਂ ਅਖ਼ਬਾਰ ਕੰਪੋਜ਼ ਹੋਣਾ ਸ਼ੁਰੂ ਹੋ ਜਾਂਦਾ। ਕੱਲ੍ਹ ਦੇ ਅਖ਼ਬਾਰ ਦੀਆਂ ਖ਼ਬਰਾਂ ਹੁਣ ਤੱਕ ਪੁਰਾਣੀਆਂ ਹੋ ਗਈਆਂ ਹੁੰਦੀਆਂ। ਕਈਂ ਵਾਰ ਦੁਹਰਾਈਆਂ ਜਾ ਚੁੱਕੀਆਂ ਹੁੰਦੀਆਂ। ਉਨ੍ਹਾਂ 'ਤੇ ਟੀਕਾ-ਟਿਪਣੀ ਹੁਣ ਤਕ ਮੁਕੰਮਲ ਹੋ ਗਈ ਹੁੰਦੀ। ਗੱਲ ਕੀ, ਹੁਣ ਤੱਕ ਉਹ ਆਪਣਾ ਨਵਾਂਪਣ ਤੇ ਸੁਆਦਲਾਪਣ ਗੁਆ ਚੁੱਕੀਆਂ ਹੁੰਦੀਆਂ। ਘਸੀਟਪੁਰੇ ਚਾਰ ਕਤਲ ਹੋ ਜਾਣ ਦੀ ਵਾਰਦਾਤ ਹੁਣ ਤੱਕ ਪੁਰਾਣੀ ਹੋ ਗਈ ਹੁੰਦੀ। ਜੀਤਪੁਰੇ ਕੱਲ੍ਹ ਥਾਣੇਦਾਰ ਦਾ ਜੱਗੇ ਡਾਕੂ ਨੂੰ ਥੱਪੜ ਲਾਉਣਾ ਹੁਣ ਬੇਸੁਆਦ ਹੋ ਚੁੱਕਿਆ ਹੁੰਦਾ। ਚੇਤੂ ਮਹਿਰੇ ਦੀ ਨਵੀਂ ਖਰੀਦੀ ਤੀਵੀਂ ਦਾ ਬੰਤੇ ਨਾਲ ਨਿਕਲ ਜਾਣਾ ਹੁਣ ਰੰਗੀਨੀ ਗੁਆ ਚੁੱਕਿਆ ਹੁੰਦਾ। ਨਾਲੇ ਇਹ ਤੇ ਸਾਰੀਆਂ ਕੱਲ੍ਹ ਦੀਆਂ ਪੁਰਾਣੀਆਂ ਖ਼ਬਰਾਂ ਸਨ।

ਸੋ ਅੱਜ ਨਵੀਂ ਤਾਜ਼ੀ ਅਖਬਾਰ ਕੰਪੋਜ਼ ਹੋਣੀ ਸ਼ੁਰੂ ਹੁੰਦੀ। ਇਹ ਕੋਈ ਸ਼ਹਿਰੀ ਅਖਬਾਰਾਂ ਵਾਂਗ ਨਾ ਹੁੰਦੀ। ਇਹ ਤੇ ਪੇਂਡੂ ਅਖਬਾਰ ਸੀ ਤੇ ਉਹ ਵੀ ਪੰਜਾਬ ਦੀ ਧਰਤੀ ਦੀ। ਇਹ ਪ੍ਰੈਸਾਂ ਵਿਚ ਨਾ ਛਪਦੀ। ਇਸ ਦੇ ਅੱਖਰ ਤੇ ਜਜ਼ਬੇ ਕਾਗਜ਼ਾਂ 'ਤੇ ਨਾ ਉਲੀਕੇ ਜਾਂਦੇ। ਇਹ ਛਾਪਣ ਲਈ ਕੰਪੋਜ਼ੀਟਰਾਂ ਤੇ ਮਸ਼ੀਨਮੈਨਾਂ ਨੂੰ ਹੱਥ ਗੰਦੇ ਨਾ ਕਰਨੇ ਪੈਂਦੇ। ਸੰਘ ਪਾੜ ਪਾੜ ਨਿੱਕੇ ਨਿੱਕੇ ਛੋਕਰੇ ਨਾ ਵੇਚਦੇ, ਤੇ ਨਾ ਹੀ ਬੇਹਿੰਮਤੇ, ਚਿੱਟਿਆਂ ਕਾਲਰਾਂ ਵਾਲੇ ਤੇ



ਮੁਰਦਾ ਰੂਹਾਂ ਵਾਲੇ ਬਾਬੂ ਇਕ ਆਨੇ ਤੋਂ ਖਰੀਦਦੇ। ਇਹ ਤੇ ਜ਼ਿੰਦਾਦਿਲ ਲੋਕਾਂ ਦਾ ਅਖ਼ਬਾਰ ਸੀ, ਤੇ ਇਸ ਦਾ ਸੁਆਦ ਵੀ ਉਹੀ ਲੋਕ ਜਾਣਦੇ ਸਨ।

ਇਹ ਪੇਂਡੂ ਅਖ਼ਬਾਰ, ਇਸ ਦੇ ਕਈ ਰਿਪੋਰਟਰ ਤੇ ਐਡੀਟਰ। ਇਸ ਅਖ਼ਬਾਰ ਦਾ 'ਗੱਪ ਸ਼ੱਪ ਦਾ ਕਾਲਮ' ਅਸਾਂ ਭਾਈ ਕੀਰਤੂ ਲਈ ਰਿਜ਼ਰਵ ਕੀਤਾ ਹੋਇਆ ਸੀ। ਸ਼ਾਇਦ ਗੁਰਦੁਆਰੇ ਦੇ ਭਾਈ ਕੋਲ ਇਹੀ ਇਕ ਆਰਟ ਹੁੰਦਾ ਹੈ। ਇਸ ਅਖਬਾਰ ਦੇ ਰਿਪੋਰਟਰ ਆਉਂਦੇ ਜਾਂਦੇ ਰਾਹੀ ਹੁੰਦੇ ਜੋ ਸਫ਼ਰ ਤੋਂ ਜ਼ਰਾ ਦਮ ਲੈਣ ਲਈ ਘੋੜੇ ਜਾਂ ਬੋਤੇ ਤੋਂ ਉਤਰ ਪੈਂਦੇ, ਤਖ਼ਤਪੋਸ਼ ਕੋਲ ਦੀ ਖੂਹੀ ਤੋਂ ਜ਼ਰਾ ਬੁੱਕ ਨਾਲ ਪਾਣੀ ਪੀਂਦੇ, ਮੂੰਹ ਧੋਂਦੇ ਤੇ ਸਾਫ਼ੇ ਨਾਲ ਮੂੰਹ ਪੂੰਝਦੇ, ਮੁੱਛਾਂ ਮਰੋੜਦੇ, 'ਵਾਹਰ ਜੀ ਕਾ ਖਾਲਸਾ, ਵਾਹਰ ਜੀ ਕੀ ਫ਼ਤੇ' ਆ ਗਜਾਉਂਦੇ। ਇਹ ਰਿਪੋਰਟਰ ਸਭ ਕੁਝ ਦੱਸਦੇ। ਕਿੱਥੋਂ ਆਏ। ਕਿੱਥੇ ਜਾਣਾ। ਨਵੀਂ ਤਾਜ਼ੀ ਖਬਰ। ਦੂਜੇ ਪਿੰਡਾਂ ਦੇ ਹਾਲਾਤ। ਮੀਂਹ ਕਣੀ, ਫਸਲ ਢਾਂਡੇ ਦਾ ਜ਼ਿਕਰ। ਗੱਲ ਕੀ, ਸਭ ਕੁਝ ਇਹ ਲੋਕ ਦੱਸਦੇ ਤੇ ਫਿਰ ਆਪਣੇ ਆਪਣੇ ਰਾਹ ਪੈਂਦੇ।

ਕਦੀ ਸਾਡੇ ਪਿੰਡ ਦਾ ਹੀ ਕੋਈ 'ਲੁਕਵਾਂ ਰਿਪੋਰਟਰ' ਸਹਿਜੇ ਜਿਹੇ ਕਿਸੇ ਦਾ ਭੇਤ ਉਘੇੜ ਦਿੰਦਾ ਕਿ ਕੱਲ੍ਹ ਰਾਤੀਂ ਉਸ ਪਾਣੀ ਲਾਉਂਦਿਆਂ ਬੰਤੀ ਨੈਣ ਨੂੰ ਨੰਬਰਦਾਰ ਦੇ ਮੁੰਡੇ ਨਾਲ ਬਾਜਰੇ ਦੇ ਖੇਤ ਵਿਚ ਵੜਦਿਆਂ ਤੱਕਿਆ ਸੀ। ਤੇ ਜਾਂ ਕਦੀ ਪਿੰਡ ਦਾ ਕੋਈ ਅਰਦਲੀ ਥਾਣੇ ਜਾਂਦਾ ਤੇ ਰਾਤ ਨੂੰ ਚੰਨ ਤਾਰਿਆਂ ਦੀ ਛਾਂਵੇਂ ਉਹ ਇਲਾਕੇ ਦੇ ਸਾਰੇ ਡਾਕਿਆਂ, ਚੋਰੀਆਂ ਤੇ ਉਧਾਲਣ ਦੇ ਕੇਸਾਂ ਦਾ ਜ਼ਿਕਰ ਕਰਦਾ। ਕੁੜੀਆਂ ਨਿਕਲ ਜਾਣ ਦੀਆਂ ਗੱਲਾਂ ਸਾਨੂੰ ਸਭ ਤੋਂ ਵੱਧ ਸੁਆਦਲੀਆਂ ਲਗਦੀਆਂ ਤੇ ਅਸੀਂ ਸੁਣੀ ਅਣਸੁਣੀ ਕਰ ਮੁੜ ਸੁਣਨ ਲਈ ਸ਼ੋਰ ਪਾ ਦਿੰਦੇ। ਬੁੱਢੇ ਆਪਣੇ ਖੇਸ ਆਪਣੇ ਦੁਆਲੇ ਘੁੱਟ ਕੇ ਵਲ੍ਹੇਟ ਲੈਂਦੇ ਤੇ ਕਹਿੰਦੇ, "ਚੰਗਾ ਭਾਈ ਰਿਮਜ਼ੂ, ਸੁਣਾ ਦੇ ਮੁੰਡਿਆਂ ਨੂੰ ਕੁੜੀ ਨਿਕਲਣ ਦਾ ਕਿੱਸਾ, ਹੁਣ ਤੇ ਇਹ ਗੱਭਰੂ ਹੋ ਰਹੇ ਨੇ।"

ਤੇ ਜਦੋਂ ਰਿਮਜ਼ੂ ਸੁਆਦ ਲਾ ਲਾ ਸਾਵਿੱਤਰੀ ਬਾਹਮਣੀ ਦੀ ਮੌਜੂ ਜੁਲਾਹੇ ਨਾਲ ਨਿਕਲ ਜਾਣ ਦੀ ਗੱਲ ਸੁਣਾਉਂਦਾ ਤਾਂ ਮੁੰਡੇ ਪਤਾ ਨਹੀਂ ਕਿਉਂ, ਗੱਲਾਂ ਕਰਨੋਂ ਹਟ ਜਾਂਦੇ। ਬੁੱਢੇ ਖੰਘਣਾ ਬੰਦ ਕਰ ਦਿੰਦੇ। ਸਰੋਤਿਆਂ 'ਤੇ ਪਤਾ ਨਹੀਂ ਕਿਉਂ, ਵਜਦ ਤਾਰੀ ਹੋ ਜਾਂਦਾ ਪਰ ਅਸੀਂ ਤੇ ਸਾਰੇ ਉਦੋਂ ਬੱਚੇ ਹੀ ਸਾਂ। ਸਾਡੇ ਲਈ ਤਾਂ ਯਾਰੀ ਲਾਉਣ ਦੀ ਗੱਲ, ਤੇ ਕਿਸੇ ਡਾਕੂ ਦੀ ਲਿਸ਼ਕਦੀ ਛਵ੍ਹੀ ਦੀ ਦਾਸਤਾਨ- ਕਰਾਮਾਤ ਜਿਹਾ ਹੀ ਸੁਆਦ ਰੱਖਦੀਆਂ ਸਨ।

ਸਾਡੇ 'ਅਖ਼ਬਾਰ' ਦੇ ਕੌਮਾਂਤਰੀ ਨੋਟ ਹਮੇਸ਼ਾ ਹੀਰਾ ਸਿੰਘ 'ਮਮੋਲਾ' ਦੇ ਲਿਖੇ ਹੁੰਦੇ। ਮਮੋਲਾ ਜੀ ਪੁਰਾਣੇ ਫੌਜੀ ਸਨ, ਤੇ ਉਨ੍ਹਾਂ ਕਈ ਮੁਲਕ ਫ਼ਿਰੇ ਸਨ, ਨਹੀਂ ਸਗੋਂ ਗਾਹੇ ਸਨ। ਉਹ ਈਰਾਨ, ਅਰਬ, ਮਿਸਰ, ਬੈਲਜ਼ੀਅਮ, ਫਰਾਂਸ, ਜਰਮਨੀ ਤੇ ਹੋਰ ਪਤਾ ਨਹੀਂ ਕੀ ਕੀ ਵੇਖ ਚੁੱਕੇ ਸਨ। ਉਨ੍ਹਾਂ ਆਪਣੀ ਜ਼ਿੰਦਗੀ ਵਿਚ ਹਰ ਤਰ੍ਹਾਂ ਦੀ ਨੌਕਰੀ ਕੀਤੀ ਸੀ। ਰਿਸਾਲੇ ਦੀ ਘੋੜ ਸਵਾਰੀ ਤੋਂ ਲੈ ਕੇ ਸਰਵੇ ਕੰਪਨੀ ਦੇ ਡੰਡੇ ਚੁੱਕਣ ਤੱਕ। ਉਨ੍ਹਾਂ ਜਿੰਨਾ ਕੌਮਾਂਤਰੀ ਇਲਮ ਸਾਡੇ ਪਿੰਡ ਕੀ; ਲਾਗ ਲਾਗ ਦੇ ਪਿੰਡਾਂ ਵਿਚ ਕਿਸੇ ਆਦਮੀ ਕੋਲ ਨਹੀਂ ਸੀ। ਮਮੋਲਾ ਜੀ ਸ਼ਾਮ ਪਈ ਮਾਵਾ ਛਕ, ਆਪਣੇ ਵਧੇ ਹੋਏ ਢਿੱਡ 'ਤੇ ਹੱਥ ਫੇਰਦੇ, ਸਹਿਜੇ ਸਹਿਜੇ ਤਖ਼ਤਪੋਸ਼ ਵੱਲ ਆਉਂਦੇ ਤੇ ਚੰਗੀ ਜਿਹੀ ਥਾਂ ਆ ਬਰਾਜਮਾਨ ਹੁੰਦੇ। ਆਉਂਦਿਆਂ ਹੀ ਸਾਡਾ ਸ਼ੋਰ ਬੰਦ ਕਰਨ ਲਈ ਉਹ ਦਬਕਾ ਮਾਰਦੇ, "ਉਏ ਗੰਦੇ ਆਂਡਿਓ! ਬੈਠ ਜਾਓ ਚੁੱਪ ਕਰ ਕੇ। ਕਿਸੇ ਨੂੰ ਗੱਲ ਵੀ ਕਰ ਲੈਣ ਦਿਆ ਕਰੋ।"

ਮਮੋਲਾ ਜੀ ਸਾਡੇ ਪਰਦੇਸੀ ਰਿਪੋਰਟਰ ਸਨ ਤੇ ਹਰ ਕੋਈ ਉਨ੍ਹਾਂ ਦੀ ਇਜ਼ਤ ਕਰਦਾ ਸੀ। ਦਾਣੇ ਉਹ ਕਦੀ ਘਰੋਂ ਭੁਨਾ ਕੇ ਨਹੀਂ ਸਨ ਲਿਆਏ, ਸਪਲਾਈ ਦਾ ਮਹਿਕਮਾ ਦੂਜਿਆਂ ਦੇ ਹੱਥ ਸੀ। ਕਿਸੇ ਦੀ ਝੋਲੀ ਵਿਚੋਂ ਦਾਣਿਆਂ ਦਾ ਫੱਕਾ ਮਾਰ ਮਮੋਲਾ ਜੀ ਆਪਣੀ ਗੱਲਬਾਤ ਸ਼ੁਰੂ ਕਰ ਦਿੰਦੇ। ਦੋ ਵਿਸ਼ਿਆਂ 'ਤੇ ਮਮੋਲਾ ਜੀ ਨੂੰ ਬਹੁਤ ਕਾਬੂ ਸੀ- ਜ਼ਬਾਨ ਦੇ ਲਿਹਾਜ਼ ਨਾਲ ਵੀ ਤੇ ਟੈਕਨੀਕ ਦੇ ਲਿਹਾਜ਼ ਨਾਲ ਵੀ। ਇਕ 'ਕੌਮੀ ਇਤਹਾਦ' ਤੇ ਦੂਜਾ 'ਫ਼ਰਾਂਸੀਸੀ ਔਰਤਾਂ।' ਹਰ ਦੂਜੇ ਤੀਜੇ ਦਿਨ ਮਮੋਲਾ ਜੀ ਦੂਜੇ ਮੁਲਕਾਂ ਦਾ ਜ਼ਿਕਰ ਕਰਦੇ ਕਹਿੰਦੇ, "ਮੈਂ ਫ਼ਲਾਣਾ ਮੁਲਕ ਵੇਖਿਆ, ਫਲਾਣਾ ਵੇਖਿਆ। ਸਭ ਕੌਮਾਂ ਤੇ ਸਭ ਲੋਕ ਬਿਲਕੁਲ ਇਕ ਮਾਫ਼ਕ।"

ਤੇ 'ਮਾਫ਼ਕ' ਸ਼ਬਦ ਨਾਲ ਉਹ ਹਵਾ ਵਿਚ ਆਪਣਾ ਮੁੱਕਾ ਉਚਾ ਕਰ ਦਿੰਦੇ ਤੇ ਇਸ ਤਰ੍ਹਾਂ ਪੱਕੇ ਕੌਮੀ ਇਤਹਾਦ ਦੀ ਮਿਸਾਲ ਪੇਸ਼ ਕਰ ਦਿੰਦੇ, "ਪਰ ਇਹ ਸਾਡਾ ਹਿੰਦੁਸਤਾਨ, ਭਈ ਇਸ ਦਾ ਤਾਂ ਰੱਬ ਹੀ ਰਾਖਾ ਹੈ।" ਤੇ ਇਸ ਤਰ੍ਹਾਂ ਮਮੋਲਾ ਜੀ ਹਿੰਦੁਸਤਾਨ ਦੀ ਮਾੜੀ ਤਕਦੀਰ ਦਾ ਰੋਣਾ ਰੋਂਦੇ। ਦੂਜੇ ਮੁਲਕਾਂ ਦੀ ਵਡਿਆਈ ਹੁੰਦੀ ਵੇਖ ਭਲਾ ਦੂਜੇ ਕਿਵੇਂ ਜਰ ਸਕਦੇ ਸਨ। ਹਰਦਿੱਤ ਸਿੰਘ ਫੌਰਨ ਹੀ ਮਮੋਲਾ ਜੀ ਦੀ ਗੱਲ ਟੁੱਕ ਦਿੰਦਾ, "ਚੰਗੀ ਗੱਲ ਹੈ ਜੇ ਸਭ ਕੌਮਾਂ ਇਕ ਹੋ ਜਾਣ, ਪਰ ਮੈਂ ਕਹਿੰਦਾ ਵਾਂ...ਅਸੀਂ ਵੀ ਸਾਰੇ ਇਕ ਹੀ ਸਾਂ। ਜਲ੍ਹਿਆਂ ਵਾਲੇ ਬਾਗ ਵਿਚ ਕੀ ਅਸੀਂ ਸਾਰੇ ਇਕਮੁੱਠ ਨਹੀਂ ਸੀ? ਤੇ ਮਮੋਲਾ ਜੀ, ਅੰਗਰੇਜ਼ ਡਾਇਰ ਨੇ ਉਦੋਂ 150 ਰੌਂਦ ਚਲਾ ਦਿੱਤੇ ਸਨ ਤੇ ਸਾਡਾ ਖ਼ੂਨ ਵੀ ਉਦੋਂ ਅਕੱਠਾ ਹੀ ਵਗਿਆ ਸੀ ਤੇ ਅਸੀਂ ਹੁਣ ਵੀ ਹੋਵਾਂਗੇ ਇਸ ਮਾਫ਼ਕ।"

ਤੇ ਹਰਦਿੱਤ ਸਿੰਘ ਹਵਾ ਵਿਚ ਆਪਣਾ ਮੁੱਕਾ ਵੱਟ ਦਿੰਦਾ। ਕੋਲੋਂ ਰਹੀਮ ਬਖ਼ਸ਼ ਕਹਿੰਦਾ, "ਜੇ ਇਹ ਘਸੁੰਨ, ਘਸੁੰਨ ਬਣਿਆ ਰਹਿੰਦਾ ਤਾਂ ਕੀ ਮਜਾਲ ਅੰਗਰੇਜ਼ ਇੱਥੇ ਇਕ ਪਲ ਵੀ ਕੱਟ ਜਾਂਦੇ। ਮਮੋਲਾ ਜੀ, ਘਸੁੰਨ ਵਿਚ ਬੜੀ ਤਾਕਤ ਏ। ਤਣਿਆ ਹੋਇਆ ਘਸੁੰਨ...ਮੈਂ ਸੱਚ ਕਹਿੰਦਾ ਵਾਂ, ਖ਼ੁਦਾ ਨੂੰ ਵੀ ਕੰਬਾ ਸਕਦਾ ਹੈ ਪਰ ਸਾਡੇ ਆਗੂਆਂ ਨੇ ਕਿਹਾ...ਘਸੁੰਨ ਨਹੀਂ, ਸਤਿਆਗ੍ਰਹਿ ਕਰੋ ਤੇ ਫ਼ਿਰ ਕੀ ਸੀ-ਘਸੁੰਨ ਢਿੱਲੇ ਪੈ ਗਏ; ਲੋਕਾਂ ਦਾ ਇਤਹਾਦ ਖੇਰੂੰ ਖੇਰੂੰ ਹੋ ਗਿਆ। ਇਕ ਕੌਮ, ਦੋ ਕੌਮਾਂ, ਤਿੰਨ ਕੌਮਾਂ-ਕਦੋਂ ਘਸੁੰਨ ਬਣੇ ਤੇ ਕਦੋਂ ਅੰਗਰੇਜ਼ ਇੱਥੋਂ ਜਾਣ।"

ਮੇਰੇ ਪਿਤਾ ਰਹੀਮ ਬਖ਼ਸ਼ ਦੀ ਗੱਲ ਤੋਂ ਚਿੜ੍ਹ ਜਾਂਦੇ, "ਨਹੀਂ, ਸਤਿਆਗ੍ਰਹਿ ਰੂਹਾਨੀ ਹਥਿਆਰ ਹੈ, ਦੇਵਤਾ ਸਰੂਪ ਮਹਾਤਮਾ ਗਾਂਧੀ ਜੀ ਦਾ ਹਥਿਆਰ ਹੈ। ਚਰਖਾ ਕੱਤੋ, ਇਸ ਦੀ ਹਰ ਛੱਲੀ ਡਾਇਰ ਦੀ ਗੋਲੀ ਦਾ ਜਵਾਬ ਬਣ ਸਕਦੀ ਹੈ। ਸ਼ਾਂਤੀ ਰੱਖੋ ਤੇ ਦੁਸ਼ਮਣ ਅੰਗਰੇਜ਼ ਦਾ ਮਨ ਪਿਆਰ ਨਾਲ ਜਿੱਤ ਲਵੋ।"

ਪਿਤਾ ਜੀ ਬੋਲਦੇ ਰਹੇ ਹੁੰਦੇ। ਮੁੰਡੇ ਤਾਸ਼ ਖੇਡਣ ਵਿਚ ਮਗਨ ਹੋ ਗਏ ਹੁੰਦੇ। ਬੁੱਢੇ ਉਬਾਸੀਆਂ ਲੈਣ ਲੱਗ ਪੈਂਦੇ ਤੇ ਸਫ਼ੈਦਪੋਸ਼...ਪਤਾ ਨਹੀਂ ਉਸ ਨੂੰ ਕੀ ਹੁੰਦਾ, ਉਠ ਕੇ ਘਰ ਨੂੰ ਤੁਰ ਪੈਂਦਾ ਤੇ ਬੁੱਢਾ ਵਜ਼ੀਰ ਖਾਨ ਕਹਿੰਦਾ, "ਸਰਕਾਰ ਦੇ ਪਿੱਠੂਆਂ ਨੂੰ ਇਹ ਗੱਲਾਂ ਗੋਲੀ ਵਾਂਗ ਲਗਦੀਆਂ ਹਨ।" ਤੇ ਤਾਸ਼ ਖੇਡਦੇ ਮੁੰਡੇ ਕਹਿੰਦੇ, "ਕੋਈ ਗੱਲ ਨਹੀਂ, ਅਸੀਂ ਹਾਂ ਸਾਰੇ ਇਸ ਮਾਫ਼ਕ।" ਤੇ ਦਰਜਨਾਂ ਮੁੱਕੇ ਹਵਾ ਵਿਚ ਉਚੇ ਹੋ ਜਾਂਦੇ।

ਜਿਸ ਦਿਨ ਮਮੋਲਾ ਜੀ ਰਤਾ ਹੁਲਾਰ ਵਿਚ ਆਏ ਹੁੰਦੇ ਤਾਂ ਫ਼ਰਾਂਸ ਦਾ ਜ਼ਿਕਰ ਕਰਦੇ, "ਭਈ, ਇਸ ਦੁਨੀਆਂ ਵਿਚ ਜੇ ਕੋਈ ਜੱਨਤ ਦਾ ਟੁਕੜਾ ਹੈ ਤਾਂ ਉਹ ਫ਼ਰਾਂਸ ਹੈ। ਉਥੇ ਮੈਂ ਚਾਰ ਸਾਲ ਰਿਹਾ...ਸੰਨ ਚੌਦਾਂ ਵਾਲੀ ਜੰਗ ਵਿਚ। ਫਰਾਂਸੀਸੀ ਜੁਆਨ ਤਾਂ ਸਾਰੇ ਅੱਗੇ ਫਰੰਟ 'ਤੇ ਗਏ ਹੋਏ ਸਨ ਤੇ ਸਾਡਾ ਰਿਸਾਲਾ ਪਿਛੋਂ ਕਈ ਥਾਂਵਾਂ 'ਤੇ ਟਿਕਿਆ ਰਿਹਾ। ਉਥੋਂ ਦੀਆਂ ਮੇਮਾਂ ਤੇ ਬੱਸ ਸਾਡੇ 'ਤੇ ਕੁਰਬਾਨ ਸਨ। ਉਹ ਸਾਨੂੰ ਚੰਮੜ ਚੰਮੜ ਜਾਂਦੀਆਂ ਤੇ ਅਸੀਂ, ਮੂਰਖ ਜੱਟ ਬੂਟ...ਅਸਾਂ ਚੁੰਮ ਚੁੰਮ ਉਨ੍ਹਾਂ ਦੇ ਮੂੰਹ ਵਿੰਗੇ ਕਰ ਦਿੱਤੇ।"

ਤੇ ਇਸ ਤਰ੍ਹਾਂ ਮਮੋਲਾ ਜੀ ਹਿੰਦੁਸਤਾਨੀਆਂ ਦੀ ਮੂਰਖ ਮੱਤ ਦਾ ਜ਼ਿਕਰ ਕਰਦੇ। ਕੋਲੋਂ ਚੇਤੂ ਪਿਨਸ਼ਨੀਆ ਕਹਿ ਉਠਦਾ, "ਲੈ ਭਈ, ਇਹਦੇ ਵਿਚ ਸਾਡਾ ਕੀ ਕਸੂਰ। ਮੇਮਾਂ ਤਾਂ ਚੁੰਮਣ ਚੱਟਣ ਲਈ ਹੀ ਹੁੰਦੀਆਂ ਹਨ। ਉਨ੍ਹਾਂ ਕਿਹੜਾ ਹਲ ਵਾਹਣਾ ਹੁੰਦਾ ਹੈ।" ਤੇ ਅਸੀਂ ਹਾਂ ਵਿਚ ਸਿਰ ਹਿਲਾ ਦਿੰਦੇ।

ਪਰ ਇਹ ਤੇ ਬਹੁਤ ਪੁਰਾਣੀਆਂ ਗੱਲਾਂ ਹਨ, ਕਿਸੇ ਗੁਜ਼ਰੇ ਬੀਤੇ ਜ਼ਮਾਨੇ ਦੀਆਂ ਧੁੰਦਲੀਆਂ ਜਿਹੀਆਂ ਯਾਦਾਂ। ਕਿਸੇ ਮਾਜ਼ੀ ਦਾ ਭੁੱਲਾ, ਅੱਧ ਭੁਲਾ ਜ਼ਿਕਰ...ਜਦੋਂ ਮੈਂ ਬਹੁਤ ਛੋਟਾ ਸਾਂ, ਭਾਵੇਂ ਸਦੀ ਉਦੋਂ ਵੀ ਵੀਹਵੀਂ ਹੀ ਸੀ। ਇਨ੍ਹਾਂ ਗੱਲਾਂ ਨੂੰ ਕਿਤਨੇ ਸਾਲ ਬੀਤ ਚੁੱਕੇ ਹਨ। ਹਿੰਦੁਸਤਾਨ ਦੀ ਹਾਲਤ ਕਿੰਨੀ ਬਦਲ ਚੁੱਕੀ ਹੈ। ਮੁਲਕ ਆਜ਼ਾਦ ਹੋ ਗਿਆ ਹੈ। ਮੈਂ ਵਲਾਇਤੋਂ ਚੱਕਰ ਲਾ ਵਾਪਸ ਆ ਗਿਆ ਹਾਂ ਤੇ ਸਾਡਾ ਪੇਂਡੂ ਕਲੱਬ-ਘਰ ਗਾਇਬ ਹੈ। ਇਕ ਪੁਰਾਣਾ ਟੁੱਟਾ-ਭੱਜਾ ਤਖ਼ਤਪੋਸ਼ ਜਿਹਾ ਡੱਠਾ ਹੈ ਜਿਸ ਦੇ ਆਸ ਪਾਸ ਰੋਣ ਹਨ, ਕੀਰਨੇ ਹਨ, ਭੁੱਖ ਦਾ ਜ਼ਿਕਰ ਹੈ, ਰੋਟੀ ਦੀਆਂ ਗੱਲਾਂ ਹਨ, ਨੰਗੇਜ ਦਾ ਵਖਾਲਾ ਹੈ, ਗਰੀਬੀ ਇਸ਼ਤਿਹਾਰ ਬਣ ਰਹੀ ਹੈ।

ਤਿੱਲੀ ਨਾਲ ਆਫਰੇ ਢਿੱਡਾਂ ਵਾਲੇ ਬੱਚੇ ਹਨ, ਜੁਆਨੀ ਦੀਆਂ ਅੱਖਾਂ ਵੀਰਾਨ ਹਨ, ਬੁਢਾਪਾ ਗਲੇਡੂ ਕੇਰ ਰਿਹਾ ਹੈ, ਮਾਂਵਾਂ ਦੇ ਲੱਕ ਕੁੱਬੇ ਹਨ। ਕੁਝ ਬੇਜ਼ਮੀਨ ਕਿਸਾਨ ਤੇ ਕੁਝ ਬੇ-ਕੰਮ ਸ਼ਰਨਾਰਥੀ- ਕੁਝ ਵੀਰਾਨ ਖੇਤ ਹਨ, ਕੁਝ ਖੁਸ਼ਕ ਜ਼ਮੀਨ, ਸੜਿਆ ਬਲਿਆ, ਕਹਿਰਵਾਨ ਆਸਮਾਨ...।

ਤੇ ਮੈਂ ਵਲਾਇਤੋਂ ਵਾਪਸ ਆ ਗਿਆ ਹਾਂ। ਪਿੰਡ ਦੇ ਬਹੁਤੇ ਜੱਟਾਂ ਦੀ ਜ਼ਮੀਨ ਅਸਾਂ ਕਾਬੂ ਕਰ ਲਈ ਹੈ। ਬੁੱਢਾ ਸਫੈਦਪੋਸ਼ ਜ਼ਿਲ੍ਹਾ ਮੈਜਿਸਟਰੇਟ ਬਣ ਚੁੱਕਿਆ ਹੈ। ਪਿਤਾ ਜੀ ਸੂਬੇ ਦੇ ਵਜ਼ੀਰ ਹਨ। ਸਾਡਾ ਖਾਨਦਾਨ ਬਹੁਤ ਉਚਾ ਉਠ ਰਿਹਾ ਹੈ... ਪਰ ਪਿੰਡ... ਮੇਰਾ ਪਿੰਡ... ਸਾਡਾ ਪਿੰਡ।

## ਛਾਤੀ ਅੰਦਰਲੇ ਥੇਹ (3)

# ਰੁਤਬੇ ਦਾ ਚਿੰਨ੍ਹ: ਚੁਬਾਰਾ

*ਗੁਰਦਿਆਲ ਦਲਾਲ ਬੁਨਿਆਦੀ ਰੂਪ ਵਿਚ ਗਲਪਕਾਰ ਹੈ। ਹੁਣੇ-ਹੁਣੇ ਉਨ੍ਹਾਂ ਦਾ ਵੱਡ-ਆਕਾਰੀ ਨਾਵਲ 'ਪੈੜਾਂ' ਛਪਿਆ ਹੈ। 'ਛਾਤੀ ਅੰਦਰਲੇ ਥੇਹ' ਲੇਖ-ਲੜੀ ਵਿਚ ਉਨ੍ਹਾਂ ਆਪਣੇ ਜੀਵਨ ਅਤੇ ਤਜਰਬੇ ਨੂੰ ਆਧਾਰ ਬਣਾ ਕੇ ਕੁਝ ਗੱਲਾਂ ਵੱਖਰੇ ਢੰਗ ਨਾਲ ਕੀਤੀਆਂ ਹਨ ਜਿਹੜੀਆਂ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। ਇਨ੍ਹਾਂ ਗੱਲਾਂ ਦੀਆਂ ਤੰਦਾਂ, ਬੰਦੇ ਦੇ ਬੰਦਾ ਹੋਣ ਨਾਲ ਗਹਿਰੀਆਂ ਜੁੜੀਆਂ ਹੋਈਆਂ ਹਨ। ਪੰਜਾਹਵਿਆਂ ਤੋਂ ਉਪਰ ਬਥੇਰੇ ਪਾਠਕ ਹੋਣਗੇ ਜਿਨ੍ਹਾਂ ਨੂੰ ਇਸ ਲਿਖਤ ਵਿਚਲੀਆਂ ਬਥੇਰੀਆਂ ਗੱਲਾਂ ਆਪਣੇ ਹੱਡੀਂ ਹੰਢਾਈਆਂ ਜਾਪਣਗੀਆਂ। -ਸੰਪਾਦਕ*

ਹੁਣ ਤਾਂ ਸਾਡੇ ਪਿੰਡ ਦੇ ਬਹੁਤੇ ਲੋਕ ਕੋਠੀਆਂ ਕਾਰਾਂ ਦੇ ਮਾਲਕ ਬਣ ਗਏ ਹਨ ਤੇ ਜੋ ਨਹੀਂ ਵੀ ਬਣੇ, ਉਹ ਵੀ ਇਹ ਇੱਛਾ ਪਾਲੀ ਬੈਠੇ ਹਨ ਕਿ ਕਿਸੇ ਨਾ ਕਿਸੇ ਦਿਨ ਮਹਾਰਾਜ ਉਨ੍ਹਾਂ ਦੇ ਛੱਪਰ ਵਿਚੋਂ ਵੀ ਬੇਅੰਤ ਮਾਇਆ ਦੀ ਬਾਰਸ਼ ਕਰ ਦੇਵੇਗਾ ਤੇ ਉਹ ਵੀ ਵੱਡਿਆਂ ਵਿਚ ਸ਼ਾਮਲ ਹੋ ਜਾਣਗੇ। ਕੁਝ ਅਜਿਹੇ ਵੀ ਹਨ ਜਿਨ੍ਹਾਂ ਨੂੰ ਅਜੇ ਤੀਕ ਦੋ ਡੰਗ ਦੀ ਰੋਟੀ ਦੇ ਲਾਲੇ ਪਏ ਹੋਏ ਹਨ ਤੇ ਉਹ ਈਰਖ਼ਾ ਚੁਗਲੀ ਕਰ ਕੇ



**ਗੁਰਦਿਆਲ ਦਲਾਲ**
**ਫੋਨ: 91-98141-85363**

ਆਪਣੇ ਮਨਾਂ ਦੀ ਭੜਾਸ ਕੱਢਦੇ ਰਹਿੰਦੇ ਹਨ, "ਕੋਈ ਨਾ! ਇਨ੍ਹਾਂ ਸਾਲਿਆਂ ਨੇ ਗਰੀਬਾਂ ਦਾ ਲਹੂ ਚੂਸ ਕੇ ਬਣਾਇਆ ਏ ਸਭ ਕੁਝ। ਦੇਖ ਲੈਣਾ ਇਕ ਦਿਨ ਅਜਿਹੀ ਕਰਾਮਾਤ ਹੋਊ ਕਿ ਰੱਬ ਭੁੰਜੇ ਪਟਕਾ ਮਾਰੂ। ਉਥੇ ਦੇਰ ਆ, 'ਨ੍ਹੇਰ ਨਹੀਂ।" ਤੇ ਉਹ ਇਸੇ ਉਡੀਕ ਵਿਚ ਨਰਕ ਕੱਟ ਕੇ ਸਵਰਗਾਂ ਨੂੰ ਚਲੇ ਜਾਂਦੇ ਹਨ।

ਅੱਧੀ ਸਦੀ ਪਹਿਲਾਂ ਸੱਠ ਕੁ ਘਰਾਂ ਵਾਲੇ ਸਾਡੇ ਪਿੰਡ ਵਿਚ ਤਿੰਨ-ਚਾਰ ਹੀ ਪੱਕੇ ਮਕਾਨ ਹੁੰਦੇ ਸਨ। ਬਹੁਤੇ ਲੋਕਾਂ ਦਾ ਵਾਸਾ ਛੰਨਾਂ ਜਾ ਕੱਚੇ ਕੋਠਿਆਂ ਵਿਚ ਹੀ ਹੁੰਦਾ ਸੀ। ਬਰਸਾਤਾਂ ਵਿਚ ਛੱਤਾਂ ਤੋਂ ਪਾਣੀ ਦਾ ਟਪਕਊਆ ਡਿਗਦਾ ਰਹਿੰਦਾ। ਇਨ੍ਹਾਂ ਕੱਚੇ ਘਰਾਂ ਦੀਆਂ ਕੰਧਾਂ ਦੀ ਉਸਾਰੀ ਚੀਰੂਆ ਜਾਂ ਡਲਿਆਂ ਨਾਲ ਕੀਤੀ ਜਾਂਦੀ। ਢਾਈ-ਤਿੰਨ ਫੁੱਟ ਚੌੜੀਆਂ ਕੰਧਾਂ ਉਤੇ ਲਟੈਣਾਂ ਰੱਖ ਕੇ, ਵਿੰਗ-ਤੜਿੰਗੀਆਂ ਕੜੀਆਂ ਇਕ-ਦੂਜੇ ਵਿਚ ਫਸਾ, ਉਤੇ ਸਰਕੜਾ ਵਿਛਾ ਕੇ ਮਿੱਟੀ ਪਾ ਦਿੱਤੀ ਜਾਂਦੀ। ਇੰਜ ਘਰ (ਕੋਠਾ) ਤਿਆਰ ਹੋ ਜਾਂਦਾ ਹੈ ਜਿਸ ਨੂੰ ਤੀਵੀਆਂ ਤੂੜੀ-ਮਿੱਟੀ ਨਾਲ ਲਿੱਪ-ਸੰਵਾਰ ਲੈਂਦੀਆਂ। ਘਰਾਂ ਦੀਆਂ ਛੱਤਾਂ ਵਿਚ ਚੂਹੇ ਦਿਨ-ਰਾਤ ਲੁਕਣਮੀਟੀ ਖੇਡਦੇ ਅਤੇ ਮਿੱਟੀ ਸੁੱਟਦੇ ਰਹਿੰਦੇ। ਚਾਮਚੜਿੱਕਾਂ ਪੁੱਠੀਆਂ ਲਮਕਦੀਆਂ ਰਹਿੰਦੀਆਂ ਅਤੇ ਦਿਨ ਛਿਪਦੇ ਹੀ ਬਾਹਰ ਨਿਕਲ ਉਡਾਰੀਆਂ ਮਾਰਨ ਲਗਦੀਆਂ। ਇਨ੍ਹਾਂ ਕੱਚੇ ਘਰਾਂ ਉਤੇ ਨਾਂ-ਮਾਤਰ ਹੀ ਖਰਚ ਆਉਂਦਾ। ਲੋਕ ਆਪ ਹੀ ਮਿੱਟੀ ਰੇਤ ਗੁੰਨ੍ਹ ਕੇ ਲੱਕੜੀ ਦੇ ਸਾਂਚਿਆਂ ਵਿਚ ਚੀਰੂ ਪੱਥ ਲੈਂਦੇ ਅਤੇ ਸੁਕਾ ਲੈਂਦੇ। ਸਰਕੜਾ ਅਤੇ ਕੜੀਆਂ ਜੰਗਲ ਵਿਚੋਂ ਵੱਢ ਲਿਆਉਂਦੇ।

ਉਦੋਂ ਰੋਪੜ ਤੋਂ ਸਰਹਿੰਦ ਨਹਿਰ ਰਾਹੀਂ ਸ਼ਤੀਰੀਆਂ ਦੇ ਵੱਡੇ-ਵੱਡੇ ਟੱਲੇ ਦੋਰਾਹੇ ਤੱਕ ਜਾਇਆ ਕਰਦੇ ਸਨ। ਟੱਲੇ ਵਾਲੇ ਵੱਡਿਆਂ ਬਾਂਸਾਂ ਨਾਲ ਟੱਲਿਆਂ ਨੂੰ ਸੇਧ ਦਿੰਦੇ। ਅਸੀਂ ਨਹਿਰ ਦੇ ਕੰਢੇ ਖੜ੍ਹ ਕੇ ਉਨ੍ਹਾਂ ਨੂੰ ਛੇੜਦੇ ਕਹਿੰਦੇ,

ਬਾਸੀ ਰੋਟੀਆਂ ਨਹਿਰ ਦਾ ਪਾਣੀ,
ਟੱਲੇ ਵਾਲਿਆਂ ਨੂੰ...
ਟੱਲਾ ਟੁੱਟ ਜੇ ਸ਼ਤੀਰੀਆਂ ਫੜੀਏ,
ਮੌਲਾ ਫਰਿਆਦ ਸੁਣ ਲੈ।

ਟੱਲੇ ਵਾਲੇ ਸਾਨੂੰ ਗਾਲ੍ਹਾਂ ਕੱਢਦੇ ਤਾਂ ਅਸੀਂ ਉਨ੍ਹਾਂ ਤੋਂ ਵੀ ਗੰਦੀ ਭਾਸ਼ਾ ਵਿਚ ਜਵਾਬ ਸੁੱਟਦੇ। ਇਹ ਟੱਲੇ ਕਈ ਵਾਰੀ ਰਾਹ ਵਿਚ ਹੀ ਟੁੱਟ ਜਾਂਦੇ ਅਤੇ ਸ਼ਤੀਰੀਆਂ ਬਿਖ਼ਰ ਜਾਂਦੀਆਂ। ਪਿੰਡ ਦੇ ਲੋਕ ਮਗਰ ਹੋ ਲੈਂਦੇ। ਅੱਧੀ-ਅੱਧੀ ਰਾਤ ਨਹਿਰ ਵਿਚ ਤੈਰ ਕੇ ਸ਼ਤੀਰੀਆਂ ਬਾਹਰ ਕੱਢ ਲਿਆਉਂਦੇ ਅਤੇ ਰੇਤੇ ਦੇ ਟਿੱਬਿਆਂ ਵਿਚ ਦੱਬ ਦਿੰਦੇ ਜਾਂ ਡੰਗਰਾਂ ਦੀਆਂ ਖੁਰਲੀਆਂ ਵਿਚ ਲਿਟਾ ਕੇ ਉਪਰੋਂ ਲਿੱਪ ਦਿੰਦੇ। ਮੇਰਾ ਮਾਮਾ ਹਮੇਸ਼ਾ ਹੀ ਇਸ ਦਾਅ ਉਤੇ ਰਹਿੰਦਾ ਅਤੇ ਮੈਂ ਉਸ ਦੇ ਨਾਲ ਸਹਾਇਕ ਵਜੋਂ ਜਾਂਦਾ। ਮਗਰੋਂ 'ਸ਼ਤੀਰੀ ਚੋਰ' ਫੜਨ ਲਈ ਪੁਲਿਸ ਆਉਂਦੀ, ਤਲਾਸ਼ੀ ਲੈਂਦੀ ਅਤੇ ਬੇਰੰਗ ਪਰਤ ਜਾਂਦੀ। ਬਾਅਦ ਵਿਚ ਲੋਕ ਸ਼ਤੀਰੀਆਂ ਕੱਢ ਕੇ ਲੋੜ ਮੁਤਾਬਕ ਲਟੈਣਾਂ, ਦਰਵਾਜ਼ੇ, ਤਾਕੀਆਂ ਬਣਾ ਲੈਂਦੇ।

ਉਦੋਂ ਪਿੰਡ ਵਿਚ ਦੋ ਹੀ ਚੁਬਾਰੇ ਸਨ। ਚੁਬਾਰੇ ਵਾਲਿਆਂ ਦੀ ਵੱਖਰੀ ਟੌਹਰ ਹੁੰਦੀ ਸੀ। ਉਨ੍ਹਾਂ ਨੂੰ 'ਚੁਬਾਰੇ ਵਾਲੇ' ਕਹਿ ਕੇ ਹੀ ਸੱਦਿਆ ਜਾਂਦਾ ਪਰ ਅਣਹੋਣੀ ਇਹ ਵਾਪਰ ਗਈ ਕਿ ਦੋਹਾਂ ਚੁਬਾਰਿਆਂ ਦੇ ਮਾਲਕ ਚੁਬਾਰੇ ਪੈਂਦਿਆਂ ਹੀ ਪਰਲੋਕ ਸਿਧਾਰ ਗਏ। ਐਨ ਉਦੋਂ ਹੀ ਕੋਈ ਸੰਤ ਮਹਾਤਮਾ ਪਿੰਡ ਆਏ ਤੇ ਬਚਨ ਕਰ ਗਏ ਕਿ ਭਵਿੱਖ ਵਿਚ ਵੀ ਜਿਹੜਾ ਬੰਦਾ ਪਿੰਡ ਵਿਚ ਚੁਬਾਰਾ ਪਾਵੇਗਾ, ਉਸ ਦੀ ਮੌਤ ਹੋ ਜਾਵੇਗੀ। ਕਾਰਨ ਇਹ ਦੱਸਿਆ ਕਿ ਪਿੰਡ ਦੇ ਗੁਰਦੁਆਰੇ ਤੋਂ ਉਚਾ ਘਰ ਰੱਬ ਦਾ ਨਿਰਾਦਰ ਹੈ। ਇਸ ਲਈ ਮਹਾਰਾਜ ਬੰਦੇ ਨੂੰ ਪਟਕਾ ਮਾਰਦਾ ਹੈ। ਪਿੰਡ 'ਚ ਅਜਿਹੀ ਦਹਿਸ਼ਤ ਫੈਲੀ ਕਿ ਲੋਕਾਂ ਚੁਬਾਰੇ ਬਾਰੇ ਸੋਚਣਾ ਹੀ ਬੰਦ ਕਰ ਦਿੱਤਾ।

ਜਦੋਂ ਕਪਤਾਨ ਤੇਜਾ ਸਿੰਘ ਫੌਜ ਤੋਂ ਰਿਟਾਇਰ ਹੋ ਕੇ ਪਿੰਡ ਆਇਆ ਤਾਂ ਬਾਕੀਆਂ ਦੇ ਮੁਕਾਬਲੇ ਉਹਦਾ ਰੁਤਬਾ ਵੱਡਾ ਸੀ। ਸਿੱਖਾਂ ਦਾ ਮੁੰਡਾ ਹੋਣ ਦੇ ਬਾਵਜੂਦ ਉਸ ਦਾ ਸਿਰ-ਮੂੰਹ ਘੋਨ-ਮੋਨ ਸੀ। ਉਹ ਵਧੀਆ ਕੱਪੜੇ ਪਾਉਂਦਾ। ਸਿਰ ਉਤੇ ਅੰਗਰੇਜ਼ਾਂ ਵਾਲੀ ਹੈਟ ਰੱਖ ਕੇ ਮੋਢੇ ਨਾਲ ਰਫਲ ਲਟਕਾਉਂਦਾ ਤੇ ਨਵੇਂ ਸਾਇਕਲ ਉਤੇ ਚੜ੍ਹ ਕੇ ਚਮਕੌਰ ਨੂੰ ਜਾਂਦਾ। ਲੋਕ ਉਸ ਦੇ ਸਾਹਮਣੇ ਹੱਥ ਚੁੱਕ ਕੇ 'ਸਤਿ ਸ੍ਰੀ ਅਕਾਲ' ਬੁਲਾਉਂਦੇ ਪਰ ਉਹਦੇ ਲੰਘ ਜਾਣ ਮਗਰੋਂ ਉਸੇ ਦਾ ਤਵਾ ਲਾਉਂਦੇ। ਸ਼ਾਮ ਵੇਲੇ ਉਹ ਸ਼ਿਕਾਰੀਆਂ ਵਾਲੇ ਕੱਪੜੇ ਪਾਉਂਦਾ, ਗੋਡਿਆਂ ਤੀਕ ਨਿੱਕਰ ਤੇ ਗੋਡਿਆਂ ਤੀਕ ਰਬੜ ਦੇ ਬੂਟ। ਅਸੀਂ ਆਪਣੀ ਖੇਡ ਛੱਡ ਕੇ ਝਾੜ ਪਾਉਣ ਲਈ ਉਸ ਦੇ ਮਗਰ ਹੋ ਤੁਰਦੇ। ਕਦੇ ਜੇ ਕੋਈ ਪਾੜ੍ਹਾ ਜਾਂ ਸੂਰ ਮਾਰਿਆ ਜਾਂਦਾ, ਉਹ ਸਾਰਿਆਂ ਨੂੰ ਮੀਟ ਦੀ ਢੇਰੀ ਦਿੰਦਾ। ਅਸੀਂ ਸਰਕੜੇ, ਕਾਹੀਆਂ, ਇੱਖਾਂ ਅਤੇ ਚਰ੍ਹੀਆਂ ਵਿਚ 'ਹਾ-ਹਾ' ਕਰ ਕੇ ਝਾੜ ਪਾਉਂਦੇ; ਉਹ ਉਡਦੇ ਤਿੱਤਰ ਫੁੰਡ ਲੈਂਦਾ। ਨਹਿਰ ਦੇ ਕੰਢੇ 'ਤੇ ਬੈਠ ਉਹ ਤਿੱਤਰ ਸਾਫ ਕਰਦਾ ਤੇ ਅਸੀਂ ਗਿੱਟਿਆਂ-ਗੋਡਿਆਂ ਨਾਲ ਚੁੰਬੜੀਆਂ, ਲਹੂ ਪੀਂਦੀਆਂ ਜੋਕਾਂ ਉਤਾਰਦੇ।

ਪੱਕਾ ਮਕਾਨ ਤਾਂ ਕੈਪਟਨ ਕੋਲ ਪਹਿਲਾਂ ਹੀ ਸੀ, ਹੁਣ ਉਸ ਨੇ ਚੁਬਾਰਾ ਪਾਉਣ ਲਈ ਇੱਟਾਂ ਸੁਟਵਾ ਲਈਆਂ। ਸਾਰੇ ਪਿੰਡ ਨੇ ਮੂੰਹ ਵਿਚ ਉਂਗਲਾਂ ਪਾ ਲਈਆਂ। ਹਰ ਕੋਈ ਕਹਿੰਦਾ, "ਦੇਖੋ ਬੰਦੇ ਦੀ ਕਿਸਮਤ! ਮੌਤ ਕਿਵੇਂ ਖਿੱਚ ਕੇ ਲਿਆਈ ਏ ਫੌਜੀ ਨੂੰ। ਲੜਾਈਆਂ 'ਚੋਂ ਬਚ ਕੇ ਆ ਗਿਆ, ਹੁਣ ਚੁਬਾਰੇ ਨੇ ਲੈ ਲੈਣਾ ਏ। ਮੂਰਖ ਬੰਦਾ ਰੱਬ ਨਾਲ ਪੰਗੇ ਲੈਂਦਾ ਏ।" ਲੋਕਾਂ ਨੇ ਉਹਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਸੰਤ-ਮਹਾਤਮਾ ਦੇ ਬਚਨਾਂ ਦਾ ਵਾਸਤਾ ਪਾਇਆ ਪਰ ਕੈਪਟਨ ਉਨ੍ਹਾਂ ਨੂੰ ਅਨਪੜ੍ਹ, ਮੂਰਖ, ਜਾਹਲ ਕਹਿ ਕੇ ਮਜ਼ਾਕ ਉਡਾਉਂਦਾ ਰਿਹਾ। ਮਿਸਤਰੀ ਤੇ ਮਜ਼ਦੂਰ ਕੰਮ ਉਤੇ ਆ ਲੱਗੇ। ਲੋਕ ਉਨ੍ਹਾਂ ਨੂੰ ਵੀ ਡਰਾਉਂਦੇ ਰਹੇ ਕਿ ਉਹ ਵੀ ਪੈੜ ਤੋਂ ਡਿੱਗ ਕੇ ਮਰ ਸਕਦੇ ਹਨ ਪਰ ਥੋੜ੍ਹੇ ਸਮੇਂ ਵਿਚ ਹੀ ਉਸ ਦਾ ਸ਼ਾਨਦਾਰ ਚੁਬਾਰਾ ਉਸਰ ਕੇ ਤਿਆਰ ਹੋ ਗਿਆ। ਛੱਤ ਉਤੇ ਵੀ ਇੱਟ-ਬਾਲੇ ਦੀ ਥਾਂ ਸੀਮਿੰਟ-ਬੱਜਰੀ ਅਤੇ ਸਰੀਏ ਦਾ ਲੈਂਟਰ ਪਾਇਆ ਗਿਆ। ਥਾਂ ਪੁਰ ਥਾਂ ਰੰਗਦਾਰ ਸ਼ੀਸ਼ੇ ਫਿੱਟ ਕੀਤੇ ਗਏ। ਸਾਰਾ ਪਿੰਡ ਚੁਬਾਰਾ ਦੇਖਣ ਢੁਕਿਆ ਤੇ ਇਸ ਖਿਆਲ ਨਾਲ ਪਰਤਿਆ, ਕਿ ਦੇਖੋ ਹੁਣ ਕਪਤਾਨ ਕਿੰਨੇ ਦਿਨ ਕੱਢਦਾ ਏ! ਉਹ ਕੋਠਿਆਂ 'ਤੇ ਪਏ ਰਾਤ ਨੂੰ ਕਪਤਾਨ ਦੇ ਚੁਬਾਰੇ ਵਿਚ ਜਲਦੇ ਤੇਲ ਵਾਲੇ ਗੈਸ ਨਾਲ ਚਮਕਦੇ ਸ਼ੀਸ਼ਿਆਂ ਵੱਲ ਦੇਖਦੇ ਕਿਆਸ ਲਾਉਂਦੇ ਰਹਿੰਦੇ।



ਪੰਜਾਬ ਦੇ ਇਕ ਪਿੰਡ ਵਿਚ ਛੱਤੇ ਚੁਬਾਰੇ ਦੀ ਝਲਕ।

ਕਪਤਾਨ ਨਿੱਤ ਹੀ ਸ਼ਾਮ ਨੂੰ ਚੁਬਾਰੇ ਦੇ ਬਰਾਂਡੇ ਵਿਚ ਛਿੜਕਾ ਕਰਵਾਉਂਦਾ। ਚਿੱਟੇ ਗੱਦਿਆਂ ਵਾਲੀ ਆਰਾਮ ਕੁਰਸੀ ਉਤੇ ਬੈਠ ਤਵਿਆਂ ਵਾਲੀ ਮਸ਼ੀਨ ਲਾ ਦਿੰਦਾ। ਰਕਾਟ ਵੱਜਣੇ ਸ਼ੁਰੂ ਹੁੰਦੇ। ਅਸੀਂ ਪਿੰਡ ਦੇ ਮੁੰਡੇ ਗਾਣੇ ਸੁਣਨ ਲਈ ਆਪਸ ਵਿਚ ਜੁੜੇ ਕੋਠਿਆਂ ਉਤੋਂ ਦੁੜੰਗੇ ਮਾਰਦੇ, ਉਥੇ ਪਹੁੰਚ ਜਾਂਦੇ ਤੇ ਮਸ਼ੀਨ ਦੇ ਭੌਂਪੂ ਮੂਹਰੇ 'ਹਿੱਜ ਮਾਸਟਰਜ਼ ਵਾਇਸ' ਵਾਲੇ ਕੁੱਤੇ ਵਾਂਗ ਬੈਠੇ ਜਾਂਦੇ। ਤਿੰਨ-ਚਾਰ ਰਕਾਟਾਂ ਮਗਰੋਂ ਉਹ ਪੁਰਾਣੀ ਘਸੀ ਸੂਈ ਕੱਢ ਕੇ ਮੁੰਡਿਆਂ ਵੱਲ ਵਗਾਹ ਮਾਰਦਾ। ਅਸੀਂ ਸੂਈ ਚੁੱਕਣ ਲਈ ਹੀ ਗੁੱਥਮ-ਗੁੱਥਾ ਹੋ ਜਾਂਦੇ। ਕੈਪਟਨ ਦੀ ਆਪਣੀ ਘਰਵਾਲੀ ਕਾਫ਼ੀ ਸਮਾਂ ਪਹਿਲਾਂ ਗੁਜ਼ਰ ਚੁੱਕੀ ਸੀ। ਉਸ ਦੇ ਛੋਟੇ ਭਾਈ ਨੌਰੰਗ ਸੂੰ ਜੋ ਕੋਰਾ ਅਨਪੜ੍ਹ ਸੀ, ਦੀ ਘਰਵਾਲੀ ਜੀਤੋ ਪਿੰਡ ਦੀਆਂ ਸੁਹਣੀਆਂ ਅਤੇ ਸਿਹਤਵੰਦ ਤੀਵੀਆਂ ਵਿਚ ਗਿਣੀ ਜਾਂਦੀ ਸੀ। ਔਲਾਦ ਉਸ ਦੇ ਕੋਈ ਨਹੀਂ ਸੀ। ਉਹ ਟਰੇਅ ਵਿਚ ਅਚਾਰ, ਪਕੌੜੀਆਂ ਅਤੇ ਸ਼ਰਾਬ ਨਾਲ ਭਰਿਆ ਕੱਚ ਦਾ ਗਿਲਾਸ ਰੱਖ ਕੇ, ਘੁੰਡ ਕੱਢੀ, ਉਸ ਨੂੰ ਫੜਾਉਣ ਆਉਂਦੀ, ਤਾਂ ਉਸ ਦੀਆਂ ਝਾਂਜਰਾਂ ਛਣਕਦੀਆਂ। ਮੁੰਡੇ ਇਕ-ਦੂਜੇ ਵੱਲ ਦੇਖ ਕੇ ਮੁਸਕਰਾਉਂਦੇ ਤੇ ਹੌਲੀ-ਹੌਲੀ ਗਾਉਣ ਲੱਗਦੇ, "ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਗਈਆਂ, ਗਲੀ ਦੇ 'ਚ ਡੰਡ ਪਾਉਂਦੀਆਂ ਗਈਆਂ।"

ਜੀਤੋ ਨੇ ਨਿੱਤ ਨਵਾਂ ਸੂਟ ਪਾਇਆ ਹੁੰਦਾ। ਲੋਕਾਂ ਵਿਚ ਦੰਦ-ਕਥਾ ਸੀ ਕਿ ਕਪਤਾਨ ਆਉਣ ਲੱਗਿਆਂ ਜੀਤੋ ਲਈ ਪੂਰੇ ਸੌ ਸੂਟ ਲੈ ਕੇ ਆਇਆ ਸੀ। ਕਈ ਤਾਂ ਟਿੱਚਰ ਵਿਚ ਨੌਰੰਗ ਸੂੰ ਦੇ ਮੂੰਹ ਉਤੇ ਹੀ ਆਪਣੇ ਮਨ ਦੀ ਭੜਾਸ ਕੱਢ ਲੈਂਦੇ ਪਰ ਉਹ ਹੱਸ ਕੇ ਸਭ ਨੂੰ ਖਰੀਆਂ-ਖਰੀਆਂ ਸੁਣਾ ਦਿੰਦਾ, "ਉਇ ਪੂਪਨਿਉਂ! ਉਹ ਮੇਰਾ ਵੱਡਾ ਭਾਈ ਏ। ਕਿੰਨੀਆਂ ਜੰਗਾਂ ਜਿੱਤ ਕੇ ਘਰ ਮੁੜਿਆ ਏ। ਥੋਡੇ ਮੰਗਣਾਂ ਮਾਂ ਦੀਆਂ ਖੁੱਚਾਂ 'ਚ ਨ੍ਹੀਂ ਵੜਿਆ ਰਿਹਾ ਸਾਲਿਓ। ਸ਼ਰਾਬ ਦਾ ਗਿਲਾਸ ਥੋਡੀ ਮਾਂ-ਭੈਣ ਤੋਂ ਨੀ ਮੰਗਦਾ। ਜਿੱਦਣ ਜੀਤੋ ਪੇਕੀਂ ਗਈ, ਆਪਣੀ ਮਾਂ ਨੂੰ ਭੇਜ ਦਿਉ ਉਹਦੇ ਕੋਲ। ਸਾਲਿਆਂ ਦੇ ਐਵੀਂ ਢਿੱਡ 'ਚ ਸੂਲ ਉਠੀ ਜਾਂਦੈ।" ਖਰੀਆਂ ਸੁਣ ਕੇ ਲੋਕੀਂ ਉਸ ਕੋਲੋਂ ਦੌੜਨ ਦੀ ਕਰਦੇ।

ਕੈਪਟਨ ਦੀ ਜ਼ਿੰਦਗੀ ਦਾ ਇਹ ਰੁਟੀਨ ਪਤਾ ਨਹੀਂ ਕਿੰਨੀ ਦੇਰ ਚਲਦਾ ਰਿਹਾ। ਉਹ ਪਹਿਲਾਂ ਨਾਲੋਂ ਵੀ ਵੱਧ ਸਿਹਤਵੰਦ ਹੁੰਦਾ ਗਿਆ। ਉਸ ਦਾ ਚਿਹਰਾ ਲਾਲ ਟਮਾਟਰ ਵਰਗਾ ਨਿਕਲ ਆਇਆ। ਇਲਾਕੇ ਦੇ ਸਾਰੇ ਤਿੱਤਰ ਉਸ ਨੇ ਮੁਕਾ ਦਿੱਤੇ ਸਨ। ਲੋਕਾਂ ਨੂੰ ਵਿਸ਼ਵਾਸ ਹੋ ਗਿਆ ਕਿ ਹੁਣ ਉਹ ਨਹੀਂ ਮਰੇਗਾ। ਪਿੰਡ ਵਿਚ ਮਾਸਟਰ ਅਮਰ ਸਿੰਘ (ਖੋਜਾ ਮਾਸਟਰ) ਦੇ ਆਉਣ ਨਾਲ ਲੋਕਾਂ ਦੇ ਦਿਮਾਗਾਂ ਨੂੰ ਲੱਗਿਆ ਜਾਲਾ ਕਾਫੀ ਹੱਦ ਤੱਕ ਦੂਰ ਹੋ ਗਿਆ। ਅਮਰ ਸਿੰਘ ਦੀ ਘਰਵਾਲੀ ਚਿੱਟੇ ਕੱਪੜੇ ਪਾਈ ਘਰ-ਘਰ ਚਾਨਣ ਵੰਡਦੀ ਫਿਰਦੀ ਰਹਿੰਦੀ। ਲੋਕਾਂ ਦੇ ਘਰਾਂ ਵਿਚ ਵਿੱਦਿਆ ਦਾ ਚਾਨਣ ਹੋਣ ਲੱਗਾ। ਵਹਿਮ ਭਰਮ ਦੂਰ ਹੋ ਗਏ। ਉਸਾਰੂ ਸੋਚ ਵਾਲੀ ਪਨੀਰੀ ਨੇ ਆਪਣੇ ਮਾਪਿਆਂ ਨੂੰ ਤਰਕਸ਼ੀਲਤਾ ਦੀ ਲੀਹ 'ਤੇ ਤੋਰ ਲਿਆ। ਗੁਰਦੁਆਰੇ ਵਿਚੋਂ ਪੁੱਛਿਆ ਦੇਣ ਵਾਲੇ ਪਖੰਡੀ ਗਿਆਨੀ ਨੂੰ ਭੱਜਣਾ ਪਿਆ। ਲੋਕ ਆਪਣੇ ਮੂਰਖਤਾ ਭਰੇ ਪੁਰਾਣੇ ਵਿਚਾਰਾਂ 'ਤੇ ਆਪ ਹੀ ਹੱਸਣ ਲੱਗੇ। ਦੇਖਾ ਦੇਖੀ ਚੁਬਾਰੇ ਪੈਣੇ ਸ਼ੁਰੂ ਹੋ ਗਏ। ਹਰ ਕੋਈ ਸੋਚਣ ਲੱਗਾ, ਜੇ ਜ਼ਿੰਦਗੀ ਵਿਚ ਇਕ ਚੁਬਾਰਾ ਵੀ ਨਾ ਪਾਇਆ ਗਿਆ, ਇਸ ਨਾਲੋਂ ਤਾਂ ਮਰ ਜਾਣਾ ਬਿਹਤਰ!

—

ਜਿਵੇਂ ਕੈਪਟਨ ਤੇਜਾ ਸਿੰਘ ਰਿਟਾਇਰਮੈਂਟ ਮਗਰੋਂ ਜ਼ਿੰਦਗੀ ਜੀਵਿਆ ਸੀ, ਮੇਰੇ ਮਨ ਵਿਚ ਵੀ ਕੁਝ ਉਸੇ ਤਰ੍ਹਾਂ ਦੀ ਇੱਛਾ ਦਬੀ ਪਈ ਸੀ। ਸੰਨ 1970 ਤੋਂ ਲੈ ਕੇ 2003 ਤੱਕ ਮੈਂ ਮਕਾਨ ਹੀ ਬਣਾਉਂਦਾ ਰਿਹਾ। ਘਰ ਵਿਚ ਵਰਤੋਂ ਲਈ ਸਹੂਲਤਾਂ ਜੁਟਾਉਂਦਾ ਰਿਹਾ। ਖੁੱਲ੍ਹੇ-ਡੁੱਲ੍ਹੇ ਮਕਾਨ ਦੀ ਦੂਜੀ ਮੰਜ਼ਿਲ ਵੀ ਪਾ ਲਈ। ਇਕ ਦੀ ਥਾਂ ਤਿੰਨ ਚੁਬਾਰੇ ਬਣ ਗਏ। ਕੋਈ ਅਜਿਹੀ ਸੱਧਰ ਨਾ ਰਹੀ ਜੋ ਪੂਰੀ ਨਾ ਹੋਈ ਹੋਵੇ। ਸੰਨ 2004 ਵਿਚ ਰਿਟਾਇਰ ਹੋ ਕੇ ਮੈਂ ਲਿਖਣ ਪੜ੍ਹਨ ਵਿਚ ਬਹੁਤਾ ਸਮਾਂ ਬਿਤਾਉਣ ਲੱਗਾ। ਬੇਟਾ ਆਪਣੀ ਵਹੁਟੀ ਨੂੰ ਲੈ ਕੇ ਗਰਾਊਂਡ ਫਲੋਰ 'ਤੇ ਅੱਡ ਹੋ ਗਿਆ। ਬੇਟੀ ਵਿਆਹ ਮਗਰੋਂ ਵਿਦੇਸ਼ ਵਸ ਗਈ। ਕਾਫ਼ੀ ਪੈਨਸ਼ਨ ਹੈ, ਕਾਫ਼ੀ ਵਿਆਜ ਆਉਂਦਾ ਹੈ। ਪਤਨੀ ਇਕਬਾਲ ਅਜੇ ਨੌਕਰੀ ਕਰਦੀ ਹੈ। ਫਿਰ ਘਾਟ ਕਿੱਥੇ ਹੈ? ਪਤਾ ਹੀ ਨਹੀਂ ਲਗਦਾ। ਸਭ ਸਹੂਲਤਾਂ ਹੁੰਦਿਆਂ ਵੀ ਇਹ ਮਨ ਕਿਉਂ ਨਹੀਂ ਲੱਗਦਾ? ਅੱਖਾਂ ਵਿਚ ਹੰਝੂ ਕਿਉਂ ਭਰ ਆਉਂਦੇ ਹਨ? ਹਰ ਚੀਜ਼ ਦੀ ਬਹੁਤਾਤ ਨੇ ਸ਼ਾਇਦ ਮੈਨੂੰ ਆਪਣੇ ਅੰਦਰ ਡੋਬ ਲਿਆ ਹੈ! ਮੈਂ ਗਲ ਤਕ ਖੁੱਭ ਕੇ ਦੂਜਿਆਂ ਨੂੰ ਪਿਆਰ ਕਰਨਾ ਚਾਹੁੰਦਾ ਹਾਂ ਪਰ ਮੇਰੇ ਕਸਬੇ ਵਿਚ ਤਾਂ ਜ਼ਿੰਦਗੀ ਦੀ ਤਰਜ਼ ਹੀ ਬਦਲੀ ਪਈ ਹੈ। ਜੀਅ ਕਰਦਾ ਹੈ, ਪਿੰਡ ਨੂੰ ਦੌੜ ਜਾਵਾਂ। ਪਿੰਡ ਕੱਚੇ ਘਰ ਵਿਚ ਆਪਣੀ ਪਤਨੀ ਨਾਲ ਬਾਕੀ ਜ਼ਿੰਦਗੀ ਬਿਤਾਵਾਂ। ਉਸ ਨੂੰ ਇਕ ਦਿਨ ਆਪਣੇ ਮਨ ਦੀ ਗੱਲ ਕਹੀ ਤਾਂ ਉਹ ਬੋਲੀ, "ਤੁਸੀਂ ਸਠਿਆ ਗਏ ਹੋ।"

*(ਚਲਦਾ)*

# ਮੇਜਰ ਕੁਲਾਰ ਅਤੇ ਦੁਪਾਲਪੁਰ ਦੀਆਂ ਲਿਖਤਾਂ

ਪੰਜਾਬ ਟਾਈਮਜ਼ ਦੇ 14 ਸਤੰਬਰ ਦੇ ਅੰਕ ਵਿਚ ਮੇਜਰ ਕੁਲਾਰ ਅਤੇ ਤਰਲੋਚਨ ਸਿੰਘ ਦੁਪਾਲਪੁਰ ਦੀਆਂ ਲਿਖਤਾਂ ਬਾਰੇ ਲਸ਼ਕਰ ਸਿੰਘ ਮਾਹੀ ਦੇ ਵਿਚਾਰ ਪੜ੍ਹੇ। ਵਿਚਾਰ ਬੜੇ ਕਾਬਿਲੇ-ਤਾਰੀਫ ਸਨ ਕਿਉਂਕਿ ਗਰੀਨ-ਗਰੀਨ ਦਾ ਰੱਟਾ ਲਾਉਣਾ ਚੰਗਾ ਨਹੀਂ ਹੁੰਦਾ। ਕਿਸੇ ਨੂੰ ਆਸਾਨੀ ਨਾਲ ਮਿਲਿਆ ਗਰੀਨ ਕਾਰਡ ਜਾਂ ਹਰਾ-ਪੱਤਾ ਉਨ੍ਹਾਂ ਵਾਸਤੇ ਇਕ ਮਾਮੂਲੀ ਜਿਹੀ ਚੀਜ਼ ਹੈ। ਸੰਨ 1983-84 ਤੋਂ ਪਹਿਲਾਂ ਜਾਂ ਬਾਅਦ ਗਰੀਨ ਕਾਰਡ ਵਾਸਤੇ ਜਦੋ-ਜਹਿਦ ਕਰਦੇ ਪੰਜਾਬੀ ਵੀਰਾਂ ਨੂੰ ਤੜਫ਼ਦੇ ਮੈਂ ਖੁਦ ਵੇਖਿਆ ਹੈ। ਹਰੇ-ਪੱਤੇ ਵਾਸਤੇ ਗੋਰੀਆਂ-ਕਾਲੀਆਂ ਨਾਲ ਵਿਆਹ ਕਰਾ ਕੇ ਆਪਣੀ ਜਿੰਦਗੀ ਨੂੰ ਸੈਟਲ ਕਰਨ ਲਈ ਪਾਪੜ ਵੇਲਦੇ ਉਨ੍ਹਾਂ ਦੀ ਹਰ ਗੱਲ ਮੰਨਣ ਨੂੰ ਤਿਆਰ ਹੁੰਦੇ ਮੈਂ ਖੁਦ ਵੇਖਿਆ ਹੈ। ਉਸ ਵੇਲੇ ਕੋਈ ਭਾਗਾਂ ਵਾਲਾ ਹੀ ਹੁੰਦਾ ਸੀ ਜਿਸ ਨੂੰ ਗਰੀਨ ਕਾਰਡ ਦੇ ਦਰਸ਼ਨ ਹੁੰਦੇ ਸਨ। ਕਿਸੇ ਦਾ ਗਰੀਨ ਕਾਰਡ ਵੇਖ ਕੇ ਅਸੀਂ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦੇ ਸਾਂ। ਉਸ ਵੇਲੇ ਕੋਈ ਕਿਸਮਤ ਵਾਲਾ ਹੀ ਹੋਵੇਗਾ ਜਿਸ ਨੂੰ ਕਿਸੇ ਰਿਸ਼ਤੇਦਾਰ ਜਾਂ ਪਰਿਵਾਰ ਨੇ ਸਪਾਂਸਰ ਕੀਤਾ ਹੋਵੇ ਤੇ ਬੜੇ ਅਸਾਨੀ ਨਾਲ ਗਰੀਨ ਕਾਰਡ ਮਿਲ ਗਿਆ ਹੋਵੇ। ਮੈਂ ਸੰਨ 1984 'ਚ ਅਮਰੀਕਾ ਆਇਆ ਸੀ। ਉਸ ਵੇਲੇ ਦੇ ਪ੍ਰੈਜ਼ੀਡੈਂਟ ਰੀਗਨ ਨੇ ਫਾਰਮਾਂ ਵਿਚ ਕੰਮ ਕਰਨ ਵਾਲਿਆਂ ਨੂੰ ਪੱਕੇ ਕੀਤਾ ਸੀ। ਉਨ੍ਹਾਂ ਵਿਚੋਂ ਮੈਂ ਵੀ ਇਕ ਹਾਂ। ਮੈਂ ਪਰਮਾਤਮਾ ਦਾ ਸ਼ੁਕਰ ਗੁਜ਼ਾਰ ਹਾਂ। ਉਸ ਵੇਲੇ ਕੈਲੀਫੋਰਨੀਆ ਦੇ ਖੇਤਾਂ ਵਿਚ ਕੰਮ ਕਰਨ ਵਾਲਿਆਂ ਨੂੰ ਸੁਨਹਿਰੀ ਮੌਕਾ ਮਿਲਿਆ ਸੀ। ਪੇਪਰ ਬਣਾਉਣ ਲਈ ਪੰਜਾਬੀਆਂ ਨੇ ਪੰਜਾਬੀਆਂ ਦੀ ਕਾਫ਼ੀ ਲੁੱਟ-ਮਾਰ ਕੀਤੀ। ਮਨਮਰਜ਼ੀ ਦੇ ਪੈਸੇ ਲਏ ਤੇ ਅੱਗੋਂ ਖੇਤਾਂ ਦੇ ਮਾਲਕਾਂ ਨੂੰ ਅੱਧ-ਪਚੱਧੇ ਦਿਤੇ। ਉਸ ਲੁਟ-ਮਾਰ ਦਾ ਮੈਂ ਵੀ ਸ਼ਿਕਾਰ ਹੋਇਆਂ ਸਾਂ। ਗਰੀਨ ਕਾਰਡ ਦੀ ਅਹਿਮੀਅਤ ਦਾ ਉਨ੍ਹਾਂ ਨੂੰ ਪੁਛੋ ਜਿਨ੍ਹਾਂ ਦੀ ਸਾਰੀ ਜ਼ਿੰਦਗੀ ਇਸ ਪਾਸੇ ਲੱਗ ਗਈ। ਪ੍ਰਦੇਸੀ ਪੁੱਤ ਆਪਣੇ ਮਾਪਿਆਂ ਨੂੰ ਮਿਲਣ ਲਈ ਤੜਫਦੇ ਰਹੇ। ਬਜ਼ੁਰਗ ਮਾਪੇ ਪ੍ਰਦੇਸੀ ਪੁੱਤਾਂ ਨੂੰ ਮਿਲਣ ਦੀ ਤਾਂਘ 'ਚ ਡੰਗੋਰੀ ਲੈ ਕੇ ਫਿਰ ਰਹੇ ਨੇ ਜਾਂ ਕੁਝ ਇਸ ਦੁਨੀਆਂ 'ਚੋਂ ਤੁਰ ਗਏ ਨੇ। ਮੇਜਰ ਕੁਲਾਰ ਪਰਦੇਸੀਆਂ ਦੇ ਦੁੱਖੜੇ ਸਾਂਝੇ ਕਰ ਰਿਹਾ ਹੈ, ਨਾ ਕਿ ਕਿਸੇ ਦਿਲ ਨੂੰ ਦੁਖਾ ਰਿਹਾ ਹੈ।

ਰਹੀ ਗੱਲ ਤਰਲੋਚਨ ਸਿੰਘ ਦੁਪਾਲਪੁਰ ਦੀਆਂ ਲਿਖਤਾਂ ਦੀ। ਸ. ਦੁਪਾਲਪੁਰ ਪੰਜਾਬ ਦੇ ਦੁਖਾਂਤ ਦੀ ਗੱਲ ਕਰ ਰਹੇ ਹਨ। ਪੰਜਾਬ ਵਿਚ ਅਕਾਲੀ ਸਰਕਾਰ ਹੈ। ਸ. ਦੁਪਾਲਪੁਰ ਗਲਤ ਨੂੰ ਗਲਤ ਕਹਿਣ ਦੀ ਜੁਅੱਰਤ ਰੱਖਦੇ ਹਨ। ਨਹੀ ਤਾਂ ਲੋਕ ਅੱਜ ਕੱਲ੍ਹ ਉਨ੍ਹਾਂ ਦੇ ਹੀ ਸੋਹਲੇ ਗਾਈ ਜਾ ਰਹੇ ਨੇ। 'ਪੰਜਾਬ ਟਾਈਮਜ਼' ਮਾੜੇ ਲਿਖਾਰੀ ਨੂੰ ਲਾਗੇ ਨਹੀਂ ਲੱਗਣ ਦਿੰਦਾ। ਮੈਂ ਵੀ ਸਭ ਤੋਂ ਪਹਿਲਾਂ ਸ. ਦੁਪਾਲਪੁਰ, ਮੇਜਰ ਕੁਲਾਰ ਤੇ ਫਿਰ ਅਸ਼ੋਕ ਭੌਰਾ ਦੀਆਂ ਲਿਖਤਾਂ ਪੜ੍ਹਦਾ ਹਾਂ ਕਿਉਂਕਿ ਇਹ ਜ਼ਿੰਦਗੀ ਦੀ ਹਕੀਕਤ ਹਨ।

***-ਇਕਬਾਲ ਜੱਬੋਵਾਲੀਆ***
***ਫੋਨ: 917-375-6395***

## ਔਰਤ ਦੀ ਪੀੜਾ

14 ਸਤੰਬਰ ਦੇ 'ਪੰਜਾਬ ਟਾਈਮਜ਼' ਵਿਚ ਡਾ. ਗੁਰਨਾਮ ਕੌਰ ਦਾ ਲੇਖ 'ਔਰਤ ਦੀ ਆਜ਼ਾਦੀ- ਸਮਾਜ ਦਾ ਰਵੱਈਆ' ਪੜ੍ਹਿਆ। ਲੇਖ ਪੜ੍ਹਨ ਉਪਰੰਤ ਜਿਥੇ ਔਰਤ ਹੋਣ 'ਤੇ ਮਾਣ ਵੀ ਹੋਇਆ, ਉਥੇ ਔਰਤ ਦੀ ਤ੍ਰਾਸਦੀ 'ਤੇ ਰੋਣਾ ਵੀ ਆਇਆ। ਡਾ. ਗੁਰਨਾਮ ਕੌਰ ਗੁਰਬਾਣੀ ਦੇ ਗਿਆਤਾ ਹਨ, ਸਿੱਖ ਧਰਮ ਦੇ ਵਿਦਵਾਨ ਹਨ, ਬਹੁਤ ਉਚੇ-ਸੁੱਚੇ ਅਹੁਦਿਆਂ 'ਤੇ ਬੈਠ ਕੇ ਉਨ੍ਹਾਂ ਨੇ ਗੁਰਬਾਣੀ, ਇਤਿਹਾਸ, ਧਰਮ ਅਤੇ ਸਮਾਜ ਨੂੰ ਨੇੜਿਉਂ ਹੋ ਕੇ ਵੇਖਿਆ ਹੈ। ਮੈਂ ਉਨ੍ਹਾਂ ਦੀਆਂ ਲਿਖਤਾਂ ਲਗਾਤਾਰ ਪੜ੍ਹਦੀ ਆ ਰਹੀ ਹਾਂ। ਉਨ੍ਹਾਂ ਦੀਆਂ ਲਿਖਤਾਂ ਦੀ ਤਾਰੀਫ਼ ਕਰਨਾ ਸੂਰਜ ਨੂੰ ਦੀਵਾ ਦਿਖਾਉਣ ਵਾਲੀ ਗੱਲ ਹੈ।

ਡਾ. ਗੁਰਨਾਮ ਕੌਰ ਜਦੋਂ ਵੀ ਔਰਤ ਦੀ ਗੱਲ ਕਰਦੇ ਹਨ, ਉਨ੍ਹਾਂ ਦੇ ਲਫ਼ਜ਼ਾਂ ਵਿਚੋਂ ਪੀੜਾਂ ਦਾ ਠਾਠਾਂ ਮਾਰਦਾ ਸਮੁੰਦਰ ਵਿਖਾਈ ਦਿੰਦਾ ਹੈ। ਇਹ ਉਹ ਪੀੜਾਂ ਹਨ ਜੋ ਔਰਤ ਸਦੀਆਂ ਤੋਂ ਨਹੀਂ, ਆਦਿ ਕਾਲ ਤੋਂ ਸਹਿ ਰਹੀ ਹੈ। ਔਰਤ ਭਾਵੇਂ ਪੀੜਾਂ ਦੇ ਸਮੁੰਦਰ ਵਿਚ ਗੋਤੇ ਖਾ ਰਹੀ ਹੋਵੇ, ਫਿਰ ਵੀ ਉਹ ਆਪਣੇ ਪਤੀ ਅਤੇ ਪਰਿਵਾਰ ਨੂੰ ਸੁਖੀ ਵਸਦਾ ਦੇਖਣਾ ਚਾਹੁੰਦੀ ਹੈ ਅਤੇ ਉਨ੍ਹਾਂ ਲਈ ਆਪਣੀ ਹਰ ਖੁਸ਼ੀ ਦੀ ਕੁਰਬਾਨੀ ਵੀ ਸਹਿਜੇ ਹੀ ਕਰ ਜਾਂਦੀ ਹੈ। ਅੱਜ ਭਾਰਤੀ ਅਤੇ ਪੰਜਾਬੀ ਸਮਾਜ ਵੱਲੋਂ ਔਰਤ ਦੀ ਜਿਸ ਆਜ਼ਾਦੀ ਦਾ ਜ਼ਬਾਨੀ-ਕਲਾਮੀ ਢੰਡੋਰਾ ਪਿੱਟਿਆ ਜਾ ਰਿਹਾ ਹੈ, ਹਕੀਕਤ ਵਿਚ ਤਾਂ ਉਸ ਦਾ ਕਿਤੇ ਨਾਮੋ-ਨਿਸ਼ਾਨ ਵੀ ਨਹੀਂ ਹੈ। ਨੌਂ ਮਹੀਨੇ ਜਾਂ ਇਕ-ਦੋ ਸਾਲਾਂ ਦੀਆਂ ਮਾਸੂਮ ਬੇਟੀਆਂ ਨਾਲ ਜਿਵੇਂ ਪਿੰਡ-ਪਿੰਡ ਸ਼ਹਿਰ-ਸ਼ਹਿਰ ਜਬਰ ਜਨਾਹ ਹੋ ਰਹੇ ਹਨ, ਤੇ ਜਿਸ ਤਰ੍ਹਾਂ ਤਖ਼ਤਾਂ ਤਾਜਾਂ ਵਾਲੇ ਸੁੱਖ ਦੀ ਨੀਂਦ ਸੁੱਤੇ ਪਏ ਹਨ, ਇਹ ਸ਼ਰਮ ਵਾਲੀ ਗੱਲ ਹੈ। ਡਾ. ਗੁਰਨਾਮ ਕੌਰ ਨੇ ਸਮਾਜ ਦੇ ਮੂੰਹ 'ਤੇ ਚੜ੍ਹੇ ਹੋਏ ਮੁਖੌਟੇ ਉਤਾਰ ਕੇ ਜਿਸ ਤਰ੍ਹਾਂ ਘਿਨਾਉਣੇ ਚਿਹਰੇ ਨੰਗੇ ਕੀਤੇ ਹਨ, ਉਸ ਲਈ ਮੈਂ ਉਨ੍ਹਾਂ ਨੂੰ ਵਧਾਈ ਦਿੰਦੀ ਹਾਂ। ਉਨ੍ਹਾਂ ਦੀ ਕਲਮ ਨਾਰੀ ਜਾਤੀ ਦੇ ਹੱਕ ਵਿਚ ਸਦਾ ਆਵਾਜ਼ ਬੁਲੰਦ ਕਰਦੀ ਰਹੇ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

## ਸੰਪਾਦਕ ਦੀ ਡਾਕ

# ਨਸਲਵਾਦ, ਨਾਬਰੀ ਤੇ ਸਿਨੇਮਾ

## ਪ੍ਰਸੰਗ ਫਿਲਮ 'ਸੈਕੋ ਐਂਡ ਵੈਂਜੈਟੀ'

*ਫਿਲਮ 'ਸੈਕੋ ਐਂਡ ਵੈਂਜੈਟੀ' ਇਤਾਲਵੀ ਫਿਲਮਸਾਜ਼ ਗਿਲੀਆਨੋ ਮੌਂਤਾਲਦੋ ਨੇ 1971 ਵਿਚ ਬਣਾਈ ਸੀ। ਇਹ ਫਿਲਮ ਦੋ ਅਨਾਰਕਿਸਟਾਂ- ਨਿਕੋਲਾ ਸੈਕੋ ਅਤੇ ਬਾਰਤੋਲੋਮੀਓ ਵੈਂਜੈਟੀ, ਦੇ ਟਰਾਇਲ ਦੀ ਕਹਾਣੀ ਹੈ। ਫਿਲਮ ਵਿਚ ਵੈਂਜੈਟੀ ਦਾ ਕਿਰਦਾਰ ਗਿਆਨ ਮਾਰੀਆ ਵੋਲੌਂਤ ਅਤੇ ਨਿਕੋਲਾ ਸੈਕੋ ਦਾ ਕਿਰਦਾਰ ਰਿਕਾਰਡੋ ਕੁਸ਼ੀਓਲਾ ਨੇ ਨਿਭਾਇਆ। ਇਸ ਫਿਲਮ ਦਾ ਗੀਤ 'ਹਿਅਰ ਯੂ ਆਰ' ਬੜਾ ਮਸ਼ਹੂਰ ਹੋਇਆ ਸੀ ਅਤੇ ਬਾਅਦ ਦੀਆਂ ਕਈ ਫਿਲਮਾਂ ਵਿਚ ਵੀ ਪਾਇਆ ਗਿਆ। ਨੌਜਵਾਨ ਪੰਜਾਬੀ ਫਿਲਮਸਾਜ਼ ਜਤਿੰਦਰ ਮੌਹਰ ('ਮਿੱਟੀ' ਤੇ 'ਸਰਸਾ' ਫੇਮ) ਨੇ ਇਸ ਫਿਲਮ ਅਤੇ ਸਿਆਸਤ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ।*




ਨਿਕੋਲਾ ਸੈਕੋ ਅਤੇ ਬਾਰਤੋਲੋਮੀਓ ਵੈਂਜੈਟੀ ਦੇ ਹੱਕ ਵਿਚ ਕੀਤੇ ਰੋਸ ਵਿਖਾਵੇ ਦੀ ਝਲਕ।

ਕਲਾ ਤੇ ਜ਼ਿੰਦਗੀ
ਜਤਿੰਦਰ ਮੌਹਰ
+91-97799-34747



ਉੱਨੀਵੀਂ ਸਦੀ ਦੇ ਅੰਤ ਵਿਚ ਅਮਰੀਕਾ ਵਸਣ ਵਾਲੇ ਪਰਵਾਸੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਸੀ। ਇਹ ਪਰਵਾਸੀ ਅਮਰੀਕੀ ਨਸਲਵਾਦ ਦਾ ਮੁੱਖ ਨਿਸ਼ਾਨਾ ਬਣੇ। ਕਮਿਊਨਿਜ਼ਮ ਅਤੇ ਨਾਬਰੀ (ਅਨਾਰਕਿਜ਼ਮ) ਦੇ ਵਿਚਾਰਾਂ ਦਾ ਫੈਲਣਾ ਅਮਰੀਕੀ ਹਾਕਮਾਂ ਅਤੇ ਸਰਮਾਏਦਾਰਾਂ ਨੂੰ ਵੱਧ ਘਾਤਕ ਲੱਗਦਾ ਸੀ। ਅਜਿਹੇ ਵਿਚਾਰ ਰੱਖਣ ਵਾਲਿਆਂ ਲਈ 'ਸੁਰਖ਼ੇ' (ਰੈੱਡਸ) ਸ਼ਬਦ ਗਾਲ ਵਾਂਗ ਵਰਤਿਆ ਜਾਂਦਾ। ਮਜ਼ਦੂਰ ਯੂਨੀਅਨਾਂ ਬਣ ਰਹੀਆਂ ਸਨ। ਵੀਹਵੀਂ ਸਦੀ ਦੇ ਪਹਿਲੇ ਅਤੇ ਦੂਜੇ ਦਹਾਕੇ 'ਚ ਅਜਿਹੀਆਂ ਸਰਗਰਮੀਆਂ ਹੋਰ ਜ਼ੋਰ ਫੜਨ ਲੱਗੀਆਂ। ਆਲਮੀ ਪੱਧਰ 'ਤੇ ਕੌਮੀ ਮੁਕਤੀ ਲਹਿਰਾਂ ਨੂੰ ਨਵੀਂ ਦਿਸ਼ਾ ਮਿਲ ਰਹੀ ਸੀ। ਇਸੇ ਕੜੀ 'ਚ ਭਾਰਤੀ ਗ਼ਦਰੀਆਂ (ਜਿਨ੍ਹਾਂ 'ਚ ਬਹੁਤੇ ਪਰਵਾਸੀ ਸਨ) ਦੇ ਪੈਂਤੜੇ ਅਤੇ ਸੰਘਰਸ਼ ਨੂੰ ਦੇਖਣਾ ਚਾਹੀਦਾ ਹੈ। ਇਹ ਗ਼ਦਰੀ ਅਮਰੀਕਾ ਅਤੇ ਕੈਨੇਡਾ 'ਚ ਕੰਮ ਕਰਨ ਵਾਲੇ ਮਜ਼ਦੂਰ ਸਨ। ਇਨ੍ਹਾਂ ਮਜ਼ਦੂਰਾਂ ਨੂੰ ਤੰਗ ਕਰਨ ਦੇ ਹਰਬੇ ਵਰਤੇ ਜਾਂਦੇ। ਉਸ ਵੇਲੇ ਸਮਲਿੰਗਤਾ ਗ਼ੈਰ-ਕਨੂੰਨੀ ਕਰਾਰ ਦਿੱਤੀ ਹੋਈ ਸੀ। ਪੰਜਾਬੀ ਪਰਵਾਸੀਆਂ 'ਤੇ ਸਮਲਿੰਗੀ ਕਾਨੂੰਨ ਤਹਿਤ ਮੁਕੱਦਮੇ ਦਰਜ ਕੀਤੇ ਜਾਂਦੇ। 1907 ਵਿਚ ਪੰਜ ਸੌ ਦੇ ਕਰੀਬ ਨਸਲਵਾਦੀ ਗੋਰਿਆਂ ਨੇ ਪੁਲਿਸ ਦੀ ਮਦਦ ਨਾਲ ਭਾਰਤੀ ਪਰਵਾਸੀਆਂ ਨੂੰ ਅਮਰੀਕਾ-ਕੈਨੇਡਾ ਸਰਹੱਦ ਦੇ ਨੇੜਲੇ ਸ਼ਹਿਰ ਬੈਲਗਹਿਮ 'ਚੋਂ ਖਦੇੜਨ ਲਈ ਧਾਵਾ ਬੋਲ ਦਿੱਤਾ। ਇਸ ਹਾਦਸੇ ਨੂੰ ਬੈਲਗਹਿਮ ਦੰਗਿਆਂ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਮਜ਼ਦੂਰਾਂ ਨੂੰ ਸਨਅਤਾਂ ਅਤੇ ਘਰਾਂ 'ਚੋਂ ਕੱਢ ਕੇ ਗਲੀਆਂ ਵਿਚ ਲਿਆ ਕੇ ਕੁੱਟ-ਮਾਰ ਕੀਤੀ। ਬਹੁਤ ਸਾਰੇ ਪਰਵਾਸੀ ਸ਼ਹਿਰ ਛੱਡ ਕੇ ਦੌੜ ਗਏ। ਲਾਲ ਸਿੰਘ ਕਮਲਾ ਅਕਾਲੀ ਨੇ ਆਪਣੀ ਕਿਤਾਬ 'ਚ ਇਨ੍ਹਾਂ ਮਜ਼ਦੂਰ ਵਿਰੋਧੀ ਦੰਗਿਆਂ ਦੀ ਤਫ਼ਸੀਲ ਦਿੱਤੀ ਹੈ।

ਫ਼ਿਲਮ 'ਸੈਕੋ ਐਂਡ ਵੈਂਜੈਟੀ' ਵੀਹਵੀਂ ਸਦੀ ਦੇ ਦੂਜੇ ਅਤੇ ਤੀਜੇ ਦਹਾਕੇ 'ਚ ਵਾਪਰਦੇ ਇਸ ਵਰਤਾਰੇ ਨੂੰ ਕਲਾਵੇ 'ਚ ਲੈਂਦੀ ਹੈ। ਫ਼ਿਲਮ ਦੱਸਦੀ ਹੈ ਕਿ 1920 ਵਿਚ ਪੱਚੀ ਹਜ਼ਾਰ ਪਰਵਾਸੀਆਂ ਨੂੰ ਬੋਸਟਨ ਖਿੱਤੇ 'ਚੋਂ ਗ਼ੈਰ-ਕਾਨੂੰਨੀ ਦੇਸ਼ ਨਿਕਾਲਾ ਦਿੱਤਾ ਗਿਆ। 'ਸੈਕੋ ਅਤੇ ਵੈਂਜੈਟੀ' ਇਤਾਲਵੀ ਮੂਲ ਦੇ ਨਾਬਰ ਮਜ਼ਦੂਰ ਸਨ। ਪੈਂਫ਼ਲੈਂਟ ਵੰਡਣ ਲਈ ਕਾਰ ਮੰਗਣ ਗਏ ਇਨ੍ਹਾਂ ਨਾਬਰਾਂ ਨੂੰ ਪੁਲਿਸ ਰਸਤੇ ਵਿਚ ਗ੍ਰਿਫਤਾਰ ਕਰ ਲੈਂਦੀ ਹੈ। ਉਨ੍ਹਾਂ ਦਿਨਾਂ ਵਿਚ ਹੀ ਨੇੜਲੇ ਇਲਾਕੇ ਵਿਚ ਡਕੈਤੀ ਅਤੇ ਕਤਲ ਹੋ ਚੁੱਕੇ ਹਨ। ਪ੍ਰਸ਼ਾਸਨ ਇਸ ਮੌਕੇ ਨੂੰ ਪਰਵਾਸੀ ਮਜ਼ਦੂਰਾਂ ਦੇ ਖ਼ਿਲਾਫ਼ ਵਰਤਦਾ ਹੈ। ਫ਼ਿਲਮ ਇਨ੍ਹਾਂ ਨਾਬਰਾਂ 'ਤੇ ਪਏ ਝੂਠੇ ਮੁਕੱਦਮੇ ਅਤੇ ਇਹਦੇ ਨਾਲ ਜੁੜੀਆਂ ਮਨੁੱਖੀ ਅਤੇ ਸਿਆਸੀ ਤੰਦਾਂ ਦੀ ਕਹਾਣੀ ਹੈ। ਸੱਤ ਸਾਲ ਚੱਲੇ ਇਸ ਮੁਕੱਦਮੇ ਵਿਚ ਨੇਸ਼ਨ ਸਟੇਟ ਦਾ ਕਰੂਰ ਖ਼ਾਸਾ ਨੰਗੇ ਚਿੱਟੇ ਰੂਪ ਵਿਚ ਸਾਹਮਣੇ ਆਉਂਦਾ ਹੈ। ਫ਼ਿਲਮ ਦੱਸਦੀ ਹੈ ਕਿ ਕਿਵੇਂ ਮਜ਼ਦੂਰ ਯੂਨੀਅਨਾਂ ਵਿਚ ਘੁਸਪੈਠ ਕੀਤੀ ਜਾਂਦੀ ਸੀ। ਘੁਸਪੈਠੀਏ ਸਿਪਾਹੀ ਹੜਤਾਲਾਂ ਵਿਚ ਭੰਨ-ਤੋੜ ਕਰ ਕੇ ਯੂਨੀਅਨਾਂ ਨੂੰ ਬਦਨਾਮ ਕਰਦੇ ਸਨ। ਮਜ਼ਦੂਰਾਂ ਨੂੰ ਦਹਿਸ਼ਤਜ਼ਦਾ ਕਰਨ ਲਈ ਆਪ ਬੰਬ ਚਲਾ ਕੇ, ਨਾਂ ਨਾਬਰਾਂ ਦਾ ਲਾਇਆ ਜਾਂਦਾ ਹੈ। ਫ਼ਿਲਮ ਵਿਚ ਪੱਤਰਕਾਰ ਗਵਰਨਰ ਨੂੰ ਪੁੱਛਦਾ ਹੈ, "ਸ਼ਹਿਰ ਦਾ ਪਾਦਰੀ ਵੀ ਬਿਆਨ ਦੇ ਰਿਹਾ ਹੈ ਕਿ ਅਮਰੀਕੀ ਸਰਕਾਰ ਭਰਮ ਅਤੇ ਦਹਿਸ਼ਤ ਪੈਦਾ ਕਰ ਕੇ ਬਾਸ਼ਿੰਦਿਆਂ ਨੂੰ ਡਰਾ ਰਹੀ ਹੈ।" ਗਵਰਨਰ ਕਹਿੰਦਾ ਹੈ, "ਪਾਦਰੀ ਰੂਹਾਂ ਦੀ ਪ੍ਰਵਾਹ ਕਰੇ ... ਮੁਲਕ ਦੀ ਪਰਵਾਹ ਕਰਨ ਲਈ ਮੈਂ ਹੈਗਾਂ।" ਹੁਣ ਪਾਦਰੀ ਦੇ 'ਭਰਮ ਅਤੇ ਦਹਿਸ਼ਤ' ਵਾਲੇ ਬਿਆਨ ਨੂੰ ਅਮਰੀਕਾ ਦੇ ਹੁਣ ਤੱਕ ਦੇ ਹੈਂਕੜ ਭਰੇ ਅਤੇ ਜੰਗਬਾਜ਼ੀ ਦੇ ਇਤਿਹਾਸ ਨਾਲ ਜੋੜ ਕੇ ਦੇਖੋ। ਅਮਰੀਕਾ ਦਾ ਅਰਥਚਾਰਾ ਦਿਉਕੱਦ ਬਹੁਕੌਮੀ ਕੰਪਨੀਆਂ ਦੇ ਕਬਜ਼ੇ ਹੇਠ ਹੈ ਅਤੇ ਜੰਗ ਨਾਲ ਨੱਥੀ ਹੈ। ਜੰਗਾਂ ਭੜਕਾਉਣ ਅਤੇ ਲੋਕਾਂ ਨੂੰ ਕਾਬੂ ਰੱਖਣ ਲਈ ਮਸਨੂਈ ਦੁਸ਼ਮਣਾਂ ਅਤੇ ਖ਼ਤਰਿਆਂ ਦਾ ਭਰਮ ਬਣਾ ਕੇ ਲੋਕਾਂ ਨੂੰ ਭੰਬਲਭੂਸੇ ਵਿਚ ਪਾਇਆ ਜਾਂਦਾ ਹੈ।

ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਪਰਵਾਸੀਆਂ, ਨਾਬਰਾਂ ਅਤੇ ਕਮਿਊਨਿਸਟਾਂ ਤੋਂ ਵੱਡੇ ਖ਼ਤਰੇ ਦਾ ਭਰਮ ਪੈਦਾ ਕੀਤਾ ਗਿਆ ਸੀ ਜਿਸ ਬਾਰੇ 'ਸੈਕੋ ਐਂਡ ਵੈਂਜੈਟੀ' ਫ਼ਿਲਮ ਗੱਲ ਕਰਦੀ ਹੈ। ਸੈਕੋ ਅਤੇ ਵੈਂਜੈਟੀ ਨੂੰ ਪਹਿਲੀ ਵਾਰ ਅਦਾਲਤ ਵਿਚ ਪੇਸ਼ ਕਰਨ ਲਈ ਲਿਜਾਇਆ ਜਾਂਦਾ ਹੈ। ਅਦਾਲਤ ਦੇ ਬਾਹਰ ਬੈਨਰ ਲੈ ਕੇ ਖੜ੍ਹੇ ਲੋਕ ਨਾਅਰੇ ਮਾਰ ਰਹੇ ਹਨ। ਉਨ੍ਹਾਂ ਦੇ ਨਾਅਰੇ ਉਪਰ ਦਿੱਤੇ 'ਖ਼ਤਰੇ ਦੇ ਭਰਮ' ਦੀ ਪੁਸ਼ਟੀ ਕਰਦੇ ਹਨ। ਇਹ ਨਾਅਰੇ ਹਨ- 'ਸੁਰਖ਼ ਹਤਿਆਰੇ', 'ਅਮਰੀਕਾ ਅਮਰੀਕੀਆਂ ਲਈ', 'ਸੁਰਖ਼ਿਆਂ ਨੂੰ ਮੁਲਕ ਵਿਚੋਂ ਕੱਢੋ', 'ਪਰਵਾਸੀ ਗ਼ੱਦਾਰ', 'ਕਮਿਊਨਿਸਟਾਂ ਨੂੰ ਫ਼ਾਹੇ ਟੰਗੋ', 'ਅਸਭਿਅਕ ਸੁਰਖ਼ਿਆਂ ਨੂੰ ਭੁੰਨ ਦਿਉ' ਵਗੈਰਾ।

ਸ਼ੁਰੂ ਵਿਚ ਬਚਾਅ ਪੱਖ ਦਾ ਵਕੀਲ ਅਤੇ ਸੈਕੋ ਹੋਰਾਂ ਦੇ ਸਾਥੀ ਮੁਕੱਦਮੇ ਨੂੰ ਸਿਆਸੀ ਰੰਗਤ ਦੇਣ ਤੋਂ ਬਚਦੇ ਹਨ। ਸਰਕਾਰੀ ਵਕੀਲ ਗ਼ਰੀਬ ਪਰਵਾਸੀਆਂ ਉਤੇ ਸਿੱਧੇ ਹਮਲੇ ਕਰਦਾ ਹੈ। ਉਹਦਾ ਕਹਿਣਾ ਹੈ ਕਿ ਪਰਵਾਸੀ ਸਾਡੀਆਂ ਕਦਰਾਂ ਕੀਮਤਾਂ ਦੇ ਹਾਣੀ ਨਹੀਂ ਹਨ ਅਤੇ ਉਹ ਦੂਜੇ ਦਰਜੇ ਦੇ ਮਨੁੱਖ ਹਨ ਜੋ ਸਾਡੀ ਜੀਵਨ ਸ਼ੈਲੀ ਅਤੇ ਵਿਚਾਰਾਂ ਲਈ ਖਤਰਾ ਹਨ। ਉਹ ਜਿਊਰੀ ਨੂੰ ਭੜਕਾਉਂਦਾ ਹੈ ਕਿ ਬਚਾਅ ਪੱਖ ਦਾ ਵਕੀਲ ਜਦੋਂ ਉਹਨੂੰ ਨਸਲਵਾਦੀ ਕਹਿੰਦਾ ਹੈ ਤਾਂ ਅਸਲ 'ਚ ਉਹ ਮਾਣਯੋਗ ਅਮਰੀਕੀ ਗਵਾਹਾਂ ਨੂੰ ਛੁਟਿਆ ਰਿਹਾ ਹੈ। ਉਹ ਸਾਡੇ ਮਹਾਨ ਅਮਰੀਕੀ ਅਸੂਲਾਂ ਅਤੇ ਲੋਕਾਂ ਦੀ ਬੇਜ਼ਤੀ ਕਰ ਰਿਹਾ ਹੈ। ਇਹ ਸਭ ਕੁਝ ਉਹ ਗ਼ੈਰ-ਜ਼ਿੰਮੇਵਾਰ, ਅਨਪੜ੍ਹ ਅਤੇ ਭੁੱਖੇ ਨੰਗੇ ਪਰਵਾਸੀਆਂ ਦਾ ਪੱਖ ਪੂਰਨ ਲਈ ਕਰਦਾ ਹੈ ਜਿਨ੍ਹਾਂ ਨੂੰ ਸਾਡੇ ਕੌਮੀ ਸਿਧਾਂਤਾਂ ਬਾਰੇ ਪਤਾ ਨਹੀਂ ਹੈ। ਬਚਾਅ ਪੱਖ ਦੇ ਵਕੀਲ ਦਾ ਕਹਿਣਾ ਹੈ ਕਿ ਇਹ ਸਾਰੇ ਵਿਚਾਰ ਨਸਲਵਾਦੀ ਗੋਰਿਆਂ ਦੀ ਜੱਥੇਬੰਦੀ ਕੂ-ਕਲਕਸ-ਕਲੇਨ ਦੇ ਹਨ। ਇਹ ਜੱਥੇਬੰਦੀ ਪਰਵਾਸੀਆਂ ਅਤੇ ਗ਼ੈਰ-ਗੋਰੇ ਲੋਕਾਂ ਨੂੰ ਕਤਲ ਕਰਨ ਅਤੇ ਉਨ੍ਹਾਂ ਦੇ ਘਰ ਜਲਾਉਣ ਲਈ ਬਦਨਾਮ ਰਹੀ ਹੈ। ਸਰਕਾਰੀ ਵਕੀਲ ਬਚਾਅ ਪੱਖ 'ਚ ਭੁਗਤੇ ਸੱਚੇ ਗਵਾਹਾਂ ਨੂੰ ਇਤਾਲਵੀ ਮੂਲ ਦੇ ਹੋਣ ਕਰ ਕੇ ਭਰੋਸੇਯੋਗ ਗਵਾਹ ਨਾ ਮੰਨਣ 'ਤੇ ਜ਼ੋਰ ਦਿੰਦਾ ਹੈ। ਇਸ ਝੂਠ ਨੂੰ 'ਮਾਣਯੋਗ' ਜੱਜ ਪ੍ਰਵਾਨਗੀ ਦੇ ਰਿਹਾ ਹੈ। ਉਲਟਾ, ਜੱਜ ਆਪਣੀ ਮਰਿਆਦਾ ਤੋਂ ਬਾਹਰ ਜਾ ਕੇ ਸਰਕਾਰੀ ਵਕੀਲ ਦੇ ਹੱਕ ਵਿਚ ਪੈਂਤੜਾ ਲੈਂਦਾ ਹੈ। ਬਚਾਅ ਪੱਖ ਦਾ ਵਕੀਲ ਇਹ ਨੂੰ ਖ਼ਾਲਸ ਨਸਲਵਾਦ ਦੀ ਸੰਗਿਆ ਦਿੰਦਾ ਹੈ।

***ਬੰਦ ਕਮਰੇ 'ਚ ਰਹਿਮ ਦੀ ਅਪੀਲ ਬਾਰੇ ਗਵਰਨਰ, ਸਰਕਾਰੀ ਵਕੀਲ ਅਤੇ ਵੈਂਜੈਟੀ ਦੀ ਆਪਸੀ ਬਹਿਸ ਸਰਕਾਰੀ ਧਿਰ ਨੂੰ ਧੁਰ ਅੰਦਰ ਤੱਕ ਨੰਗਾ ਕਰ ਦਿੰਦੀ ਹੈ। ਵੈਂਜੈਟੀ ਮੁਤਾਬਕ ਉਹ ਰਹਿਮ ਨਹੀਂ, ਇਨਸਾਫ਼ ਚਾਹੁੰਦੇ ਹਨ। ਸੈਕੋ ਆਖ਼ਰੀ ਚਿੱਠੀ 'ਚ ਪੁੱਤ ਨੂੰ ਲਿਖਦਾ ਹੈ, "ਸਾਰੀਆਂ ਖ਼ੁਸ਼ੀਆਂ ਸਿਰਫ਼ ਆਪਣੇ ਲਈ ਨਾ ਮੰਗੀਂ। ਆਲੇ ਦੁਆਲੇ ਨਿਮਾਣਿਆਂ ਅਤੇ ਨਿਤਾਣਿਆਂ ਵੱਲ ਵੀ ਦੇਖੀਂ। ਯਾਦ ਰੱਖ ਕਿ ਡਾਢੇ ਸਾਨੂੰ ਮਾਰ ਸਕਦੇ ਹਨ ਪਰ ਸਾਡੇ ਵਿਚਾਰਾਂ ਨੂੰ ਨਹੀਂ।"***

ਮਜਬੂਰੀਵਸ, ਬਚਾਅ ਪੱਖ ਮੁਕੱਦਮੇ ਨੂੰ ਸਿਆਸੀ ਰੰਗਤ ਦੇਣ ਦਾ ਫ਼ੈਸਲਾ ਕਰਦਾ ਹੈ। ਇਸ ਤੋਂ ਬਾਅਦ ਸੈਕੋ ਅਤੇ ਵੈਂਜੈਟੀ ਨਾਬਰੀ, ਮਜ਼ਦੂਰਾਂ ਅਤੇ ਸਮਕਾਲੀ ਹਾਲਤ ਬਾਰੇ ਖੁੱਲ੍ਹ ਕੇ ਬੋਲਦੇ ਹਨ। ਵੈਂਜੈਟੀ ਦੱਸਦਾ ਹੈ ਕਿ ਉਹ ਇਟਲੀ 'ਚ ਬਦਤਰ ਜ਼ਿੰਦਗੀ ਤੋਂ ਤੰਗ ਆ ਕੇ ਨਾਬਰ ਬਣ ਗਿਆ। ਅਮਰੀਕਾ 'ਚ ਪਰਵਾਸੀਆਂ ਲਈ ਹਾਲਾਤ ਉਹੀ ਸਨ ਪਰ ਇੱਥੇ ਉਹ ਵਿਚਾਰਧਾਰਕ ਪੱਖੋਂ ਹੋਰ ਪੱਕਾ ਹੋਇਆ। ਨਾਬਰ ਹੋਣਾ ਕੋਈ ਬੁਰੀ ਗੱਲ ਜਾਂ ਤਮਾਸ਼ਾ ਨਹੀਂ ਹੈ। ਪੁਲਿਸ ਉਨ੍ਹਾਂ ਦੇ ਮਜ਼ਦੂਰ ਸਾਥੀਆਂ ਨੂੰ ਸ਼ਰੇਆਮ ਮਾਰ ਰਹੀ ਸੀ। ਇਸ ਕਰ ਕੇ ਉਨ੍ਹਾਂ ਨੇ ਹਥਿਆਰ ਰੱਖੇ ਪਰ ਉਹ ਹਥਿਆਰ ਚਲਾਉਣਾ ਨਹੀਂ ਜਾਣਦਾ। ਇਸ ਮੁਲਕ ਸਮੇਤ ਸਾਰੇ ਆਲਮੀ ਮੁਲਕਾਂ 'ਚ ਨਾਬਰਾਂ ਨੂੰ ਹਥਿਆਰ ਦਾ ਲਾਇਸੰਸ ਨਹੀਂ ਮਿਲਦਾ। ਆਤਮ-ਰੱਖਿਆ ਲਈ ਗ਼ੈਰ-ਕਨੂੰਨੀ ਹਥਿਆਰ ਰੱਖਣੇ ਪਏ। ਉਹ ਤਾਂ ਹਥਿਆਰਾਂ ਨੂੰ ਖ਼ਤਰਨਾਕ ਸਮਝ ਕੇ ਸੁੱਟਣਾ ਚਾਹੁੰਦੇ ਸਨ ਪਰ ਪਹਿਲਾਂ ਹੀ ਗ੍ਰਿਫਤਾਰੀ ਹੋ ਗਈ।

ਦੋਹਾਂ ਨਾਬਰਾਂ 'ਤੇ ਇਲਜ਼ਾਮ ਹੈ ਕਿ ਉਹ ਮਈ 1917 'ਚ ਪਹਿਲੀ ਆਲਮੀ ਜੰਗ 'ਚ ਭਰਤੀ ਹੋਣ ਤੋਂ ਡਰਦੇ ਮਾਰੇ ਮੈਕਸੀਕੋ ਭੱਜ ਗਏ ਸਨ ਅਤੇ ਟਿਕ-ਟਿਕਾਅ ਹੋਣ 'ਤੇ ਵਾਪਸ ਆਏ। ਸਰਕਾਰੀ ਵਕੀਲ ਲਈ ਮੁਲਕਪ੍ਰਸਤੀ ਸਾਬਤ ਕਰਨ ਲਈ ਜੰਗ 'ਚ ਸ਼ਾਮਲ ਹੋਣਾ ਜ਼ਰੂਰੀ ਹੈ ਪਰ ਮਜ਼ਦੂਰਾਂ ਲਈ ਆਲਮ ਬਿਨਾਂ ਹੱਦਾਂ ਸਰਹੱਦਾਂ ਤੋਂ ਹੈ। ਸਰਕਾਰੀ ਵਕੀਲ ਲਈ ਅਮਰੀਕੀ ਸਰਕਾਰ ਨੂੰ ਪਿਆਰ ਕਰਨਾ ਮੁਲਕਪ੍ਰਸਤੀ ਦਾ ਸਬੂਤ ਬਣਦਾ ਹੈ ਪਰ ਨਾਬਰ ਸਰਕਾਰ ਨੂੰ ਪਿਆਰ ਨਹੀਂ ਕਰਦੇ। ਉਹ ਨਾਬਰੀ 'ਚ ਯਕੀਨ ਰੱਖਦੇ ਹਨ ਜਿਸ ਦਾ ਅਰਥ ਹੈ ਪੂਰਨ ਆਜ਼ਾਦੀ; ਉਨ੍ਹਾਂ ਸਮਾਜਾਂ ਦੀ ਤਬਾਹੀ ਜੋ ਜਮਾਤਾਂ ਨੇ ਵੰਡੇ ਹੋਏ ਹਨ। ਇਸ ਚਰਚਾ ਦੌਰਾਨ ਸਰਕਾਰੀ ਵਕੀਲ ਜਿਊਰੀ ਮੈਂਬਰਾਂ ਨੂੰ ਭੰਨ ਤੋੜ ਅਤੇ ਦੰਗੇ ਦੀਆਂ ਫੋਟੋਆਂ ਵੰਡਦਾ ਹੈ। ਬਚਾਅ ਪੱਖ ਦਾ ਵਕੀਲ ਰੌਲਾ ਪਾਉਂਦਾ ਹੈ ਕਿ ਅਸਲ 'ਚ ਇਸ ਮੁਕੱਦਮੇ ਦਾ ਮੁੱਖ ਮੰਤਵ ਇਹੀ ਹੈ; ਮਜ਼ਦੂਰਾਂ, ਪਰਵਾਸੀਆਂ ਅਤੇ ਯੂਨੀਅਨਾਂ ਨੂੰ ਬਦਨਾਮ ਕਰਨਾ ਅਤੇ ਸੈਕੋ ਤੇ ਵੈਂਜੈਟੀ ਨੂੰ ਮਿਸਾਲੀ ਸਜ਼ਾ ਦੇ ਕੇ ਹੋਰਨਾਂ ਲਈ ਸਬਕ ਪੈਦਾ ਕਰਨਾ। ਉਂਝ, ਜਿਊਰੀ ਸੋਚੀ ਸਮਝੀ ਸਾਜ਼ਿਸ਼ ਤਹਿਤ ਫ਼ੈਸਲਾ ਪਹਿਲਾਂ ਹੀ ਲੈ ਚੁੱਕੀ ਹੈ।

ਸੈਕੋ ਅਤੇ ਵੈਂਜੈਟੀ ਦਾ ਵਕੀਲ, ਸਰਕਾਰੀ ਵਕੀਲ ਦੇ ਹਰ ਦੋਸ਼ ਦੀਆਂ ਧੱਜੀਆਂ ਉਡਾਉਂਦਾ ਹੈ। ਆਖ਼ਰਕਾਰ, 9 ਅਪਰੈਲ 1927 ਦੇ ਦਿਨ ਦੋਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਵੈਂਜੈਟੀ ਦੇ ਅਦਾਲਤ 'ਚ ਆਖਰੀ ਸ਼ਬਦ ਸਨ, "ਅਸੀਂ ਨਿਰਦੋਸ਼ ਹਾਂ ਤੇ ਕਦੇ ਕੋਈ ਬੰਦਾ ਨਹੀਂ ਮਾਰਿਆ ਤੇ ਨਾ ਡਕੈਤੀ ਕੀਤੀ ਹੈ। ਅਸੀਂ ਮਨੁੱਖ ਦੀ ਬਿਹਤਰ ਜ਼ਿੰਦਗੀ ਲਈ ਲੜੇ ਹਾਂ। ਇਸੇ ਕਰ ਕੇ ਸਾਨੂੰ ਫਾਂਸੀ ਮਿਲੀ ਹੈ। ਸਾਨੂੰ ਸਜ਼ਾ ਮਿਲੀ ਕਿਉਂਕਿ ਅਸੀਂ ਨਾਬਰ ਹਾਂ ... ਹਾਂ ਅਸੀਂ ਨਾਬਰ ਹਾਂ।"

ਫ਼ਿਲਮ ਵਿਚ ਸੈਕੋ ਦੀ ਮਾਨਸਿਕਤਾ ਕਈ ਥਾਂਈਂ ਦਵੰਦ ਦਾ ਸ਼ਿਕਾਰ ਹੁੰਦੀ ਹੈ। ਜੁਰਮ 'ਸਾਬਤ' ਹੋਣ ਉਤੇ ਉਹ ਅਦਾਲਤ ਦੇ ਬਾਹਰ ਰੌਲਾ ਪਾਉਂਦਾ ਹੈ ਕਿ ਉਹ ਸਿਆਸੀ ਸ਼ਹੀਦ ਨਹੀਂ ਬਣਨਾ ਚਾਹੁੰਦਾ, ਉਹ ਜਿਉਣਾ ਚਾਹੁੰਦਾ ਹੈ। ਆਖ਼ਰੀ ਦਿਨਾਂ 'ਚ ਉਹ ਮੁੜ ਸੁਰਤ ਸੰਭਾਲਦਾ ਹੈ। ਵੈਂਜੈਟੀ ਗਵਰਨਰ ਨੂੰ ਭੇਜੀ ਰਹਿਮ ਦੀ ਅਪੀਲ 'ਤੇ ਦਸਤਖ਼ਤ ਕਰ ਦਿੰਦਾ ਹੈ ਪਰ ਸੈਕੋ ਮਨਾਂ ਕਰ ਦਿੰਦਾ ਹੈ। ਬੰਦ ਕਮਰੇ 'ਚ ਰਹਿਮ ਦੀ ਅਪੀਲ ਬਾਰੇ ਗਵਰਨਰ, ਸਰਕਾਰੀ ਵਕੀਲ ਅਤੇ ਵੈਂਜੈਟੀ ਦੀ ਆਪਸੀ ਬਹਿਸ ਸਰਕਾਰੀ ਧਿਰ ਨੂੰ ਧੁਰ ਅੰਦਰ ਤੱਕ ਨੰਗਾ ਕਰ ਦਿੰਦੀ ਹੈ। ਗਵਰਨਰ ਕਹਿੰਦਾ ਹੈ ਕਿ ਨਾਬਰ ਉਸ ਪ੍ਰਬੰਧ ਤੋਂ ਰਹਿਮ ਦੀ ਆਸ ਕਿਵੇਂ ਰੱਖ ਸਕਦਾ ਹੈ ਜਿਸ ਪ੍ਰਬੰਧ ਨੂੰ ਉਹ ਤਬਾਹ ਕਰਨਾ ਚਾਹੁੰਦਾ ਹੈ? ਵੈਂਜੈਟੀ ਮੁਤਾਬਕ ਉਹ ਰਹਿਮ ਨਹੀਂ, ਇਨਸਾਫ਼ ਚਾਹੁੰਦੇ ਹਨ। ਸੈਕੋ ਆਖ਼ਰੀ ਚਿੱਠੀ 'ਚ ਪੁੱਤ ਨੂੰ ਲਿਖਦਾ ਹੈ, "ਸਾਰੀਆਂ ਖ਼ੁਸ਼ੀਆਂ ਸਿਰਫ਼ ਆਪਣੇ ਲਈ ਨਾ ਮੰਗੀਂ। ਆਲੇ ਦੁਆਲੇ ਨਿਮਾਣਿਆਂ ਅਤੇ ਨਿਤਾਣਿਆਂ ਵੱਲ ਵੀ ਦੇਖੀਂ। ਯਾਦ ਰੱਖ ਕਿ ਡਾਢੇ ਸਾਨੂੰ ਮਾਰ ਸਕਦੇ ਹਨ ਪਰ ਸਾਡੇ ਵਿਚਾਰਾਂ ਨੂੰ ਨਹੀਂ।" ਇਹ ਸ਼ਬਦ ਫ਼ਿਲਮ ਦੇ ਅੰਤ 'ਚ ਕਈ ਵਾਰ ਦੁਹਰਾਏ ਜਾਂਦੇ ਹਨ ਜਦੋਂ ਦੋਹਾਂ ਨਾਬਰਾਂ ਨੂੰ ਕਤਲ ਕੀਤਾ ਜਾ ਰਿਹਾ ਹੈ।








ਖੱਬਿਉਂ- ਫਿਲਮ 'ਸੈਕੋ ਐਂਡ ਵੈਂਜੈਟੀ' ਦਾ ਟਾਈਟਲ, ਫਿਲਮ ਦੇ ਨਾਇਕਾਂ ਸੈਕੋ ਤੇ ਵੈਂਜੈਟੀ ਦੀਆਂ ਅਸਲ ਤਸਵੀਰਾਂ ਅਤੇ ਫਿਲਮਸਾਜ਼ ਗਿਲੀਆਨੋ ਮੌਂਤਾਲਦੋ।







Listen for free:
1. Punjabi Radio USA LIVE!
2. Gurbani Radio
3. Non-Stop Punjabi Songs
4. Non-Stop Hindi Songs

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

DOWNLOAD THE NEW FREE IPHONE and ANDROID APP (Search for "Punjabi Radio USA" in App store and Google Play)

# KHALSA
## INSURANCE AGENCY, INC.

## WE NOW INSURE IN 33 STATES

LARGEST INDEPENDENT INSURANCE BROKERS
REPRESENTING OVER 100 A+ RATED COMPANIES




## TAXI-CABS LIMOUSINES
## COMMERCIAL AUTO

CALL TO CHECK OUR LOWEST RATES FOR
## AUTO • HOME • HEALTH • LIFE

WWW.KHALSAINSURANCE.COM

LICENSED IN : Alabama • Arkansas • Arizona • California • Colorado • Connecticut • DC • Georgia • Florida • Idaho • Iowa • Indiana • Illinois • Kansas • Louisiana • Maryland • Mississippi Michigan • Minnesota • Nevada • New Jersey • New York • New Mexico • Oregon • Ohio • Oklahoma • Pennsylvania • Texas • Utah • Virginia • Vermont • Washington • Wisconsin

3750 McKee Road, Suite A • San Jose, CA 95127 • Fax 408.493.4552 California License # 0F89805

408-272-2500 • 1-800-954-5409




COMMERCIAL GRADE
SECURITY SOLUTIONS
MORE THAN SECURITY
- LICENCE PLATE READER
- BILL READER
- LONG RANGE
- CASH REGISTER INTERFACE
- HD SERIES CAMERAS

SPECIAL OFFER 4 CAMERAS WITH 4 CH DVR LED MONITOR INCLUDED $1349 +Tax
SPECIAL OFFER 8 CAMERAS INSTALLATION INCLUDED LED MONITOR INCLUDED $2349 +Tax
SPECIAL OFFER 12 CAMERAS INSTALLATION INCLUDED LED MONITOR INCLUDED $3749 +Tax

Buy Online : www.ezchase.com
Email : commvision@sbcglobal.net
vista CCTV TECHNOLOGY
Call Sukhpal
661-586-5080

The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁੱਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

WRONGFUL DEATH | AUTO | PEDESTRIAN | BICYCLE | DOG BITES | TRUCK ACCIDENTS




LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www.markcohenlaw.com or call us at 510.792.4008

ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

# Janta India Restaurant

369 Lytton Ave, Palo Alto, CA, 94301

ਵੀਹ ਸਾਲ ਤੋਂ ਤੁਹਾਡੀ ਸੇਵਾ ਵਿਚ



ਜਨਮ ਦਿਨ, ਗਰੈਜੂਏਸ਼ਨ, ਵਿਆਹ-ਸ਼ਾਦੀ ਜਾਂ ਫਿਰ ਵਿਆਹ ਦੀ ਵਰ੍ਹੇਗੰਢ, ਪਾਰਟੀ ਵੱਡੀ ਹੋਵੇ ਜਾਂ ਛੋਟੀ, ਕੈਟਰਿੰਗ ਲਈ ਸੰਪਰਕ ਕਰੋ

ਅਸੀਂ ਤੁਹਾਡੀ ਪਾਰਟੀ ਨੂੰ ਸੁਆਦਲੇ ਭੋਜਨ ਨਾਲ ਹੋਰ ਵੀ ਸੁਆਦਲੀ ਬਣਾਉਂਦੇ ਹਾਂ

ਫੋਨ: 650-462-5903

# A & I Transport

123 E Lee Rd., Watsonville, CA, 95076

Ph:831-763-7805

ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

*11 ਵੈਸਟਰਨ ਸਟੇਟਾਂ ਅਤੇ ਲੋਕਲ (ਕੈਲੀਫੋਰਨੀਆ) ਵਾਸਤੇ*

> ਅਸੀਂ 1990 ਤੋਂ ਕੁਆਲਿਟੀ ਸੇਵਾਵਾਂ ਦੇ ਰਹੇ ਹਾਂ

> 22 ਸਾਲਾਂ ਤੋਂ ਸਮੇਂ ਸਿਰ ਪੇਮੈਂਟ

**Weekly Pay Roll**




ਹੋਰ ਜਾਣਕਾਰੀ ਲਈ ਸੰਪਰਕ ਕਰੋ

ਫੋਨ: 1-888-664-4004

Fax: 831-724-2010 e-mail: aa@aitruckingllc.com

ਏ. ਐਂਡ ਆਈ. ਟਰਾਂਸਪੋਰਟ

ਵਾਟਸਨਵਿਲ, ਕੈਲੀਫੋਰਨੀਆ



ਗੋਲਡਨ ਪੰਜਾਬ ਕਲੱਬ ਵਲੋਂ ਪੇਸ਼ ਹੈ

# ਰੂਪ ਪੰਜਾਬਣ ਦਾ

**Oct. 19th, 2013** (3pm to 7pm)

**Union City Sports Center**

31224 Union City Blvd, Union City CA 94587

Golden Punjab Club

Tickets: $10

- ਕੇਵਲ ਬੱਚੀਆਂ, ਮੁਟਿਆਰਾਂ ਅਤੇ ਔਰਤਾਂ ਲਈ
- ਗੀਤ-ਸੰਗੀਤ, ਗਿੱਧਾ, ਬੋਲੀਆਂ ਅਤੇ ਡੀ.ਜੇ.
- ਪੰਜਾਬੀ ਸੂਟਾਂ ਵਿਚ ਸਜੀਆਂ ਤਿੰਨ ਪੰਜਾਬਣਾਂ ਦੀ ਚੋਣ
- ਖਾਣ-ਪੀਣ ਦੇ ਨਾਲ ਨਾਲ ਜਿਊਲਰੀ, ਮਹਿੰਦੀ ਅਤੇ ਔਰਤਾਂ ਦੇ ਮਨਭਾਉਂਦੇ ਹਰ ਤਰ੍ਹਾਂ ਦੇ ਸਟਾਲ ਲਗਾਏ ਜਾਣਗੇ






*Stage Host: Neelam Saini*



*Dr. Baljit Jammu*







**For More Info., Contact: Neelam Saini, Ph: 510-502-0551 or Dr. Baljit Jammu, Ph: 510-343-4162**



# Indo American Cultural & Sports Association (USA) and Gopio









# ਗਦਰੀ ਮੇਲਾ

**100 Year Centennial Celebration**

## ਐਤਵਾਰ, 6 ਅਕਤੂਬਰ, 2013

ਸਵੇਰੇ 7 ਵਜੇ ਤੋਂ ਸ਼ਾਮ 7 ਵਜੇ ਤੱਕ

## James Logan High School

**1800 H Street, Union City, CA**

**Speaker:**

**Richard Valle -Supervisor of Alameda**
**Bill Quark - Assemblyman**
**Carol Dutra -Union City Mayor**
**Ellan Corbett -Congresswomen**
**Michael Sueeney - Mayor of Hayward**
**Gurdeep Singh Ankhi**




ਗਾਇਕ: ਜਤਿੰਦਰ ਜਰਗੀਆ, ਅਨੂਪ ਚੀਮਾ
ਤੇ ਕੈਲੀਫੋਰਨੀਆ ਸੰਗੀਤ
ਢਾਡੀ ਜਥਾ ਭਾਈ ਸਰਬਜੀਤ ਸਿੰਘ ਸਾਜਨ

ਇਸ ਮੌਕੇ ਗਦਰੀ ਬਾਬਿਆਂ ਬਾਰੇ ਵਿਸ਼ਾਲ ਫੋਟੋ ਨੁਮਾਇਸ਼ ਵੀ ਲਾਈ ਜਾਵੇਗੀ।

**ਗਿੱਧਾ ਅਤੇ ਭੰਗੜਾ**

ਮੰਚ ਸੰਚਾਲਨ: ਆਸ਼ਾ ਸ਼ਰਮਾ



ਖਾਣੇ ਦੀ ਸੇਵਾ ਭਾਈ ਕਨ੍ਹਈਆ ਸੁਸਾਇਟੀ ਵਲੋਂ

**ਖੇਡਾਂ:** ਕਬੱਡੀ, ਹਾਕੀ, ਸੌਕਰ ਤੇ ਵਾਲੀਬਾਲ

ਗੋਲਡਨ ਹਾਕ ਇੰਸ਼ੋਰੈਂਸ ਦੇ ਮਾਲਕ ਜਸਵੀਰ ਸਿੰਘ ਥਾਂਦੀ ਅਤੇ ਰਾਜ ਭਨੋਟ ਨੂੰ ਗਦਰ ਲਹਿਰ ਦੀ ਸ਼ਤਾਬਦੀ 'ਤੇ ਸਨਮਾਨਤ ਕੀਤਾ ਜਾਵੇਗਾ।

ਸਟਾਲਾਂ ਲਈ ਸੰਪਰਕ ਕਰੋ:
ਅਵਤਾਰ ਸਿੰਘ ਤਾਰੀ
ਫੋਨ: 510-750-5152







**ਹੋਰ ਜਾਣਕਾਰੀ ਲਈ** ਕਸ਼ਮੀਰ ਸਿੰਘ ਧੁੱਗਾ 510-816-9044, ਮਹਿੰਗਾ ਸਿੰਘ ਸਰਪੰਚ 510-755-0767, ਜੀਵਨ ਜ਼ੁਤਸ਼ੀ 510-589-3702

**ਪ੍ਰਬੰਧਕ ਕਮੇਟੀ:** Mehnga Singh Sarpanch, Kashmir Singh Dhugga, Avtar Singh Tari, Manjit S. Virk, Santokh Takhar, Sukhwant Dhillon, Kamaljit Atwal, Avininder Singh, Manjit Gill, Darshan Aujla, Baljinder Singh, Jeevan Zutshi, Inder Singh, Johnpal Singh, Kulwinder (Kinda), Jagwinder Jandiala, Manjit Sandhu, Lahmber Sandhu, Bhupinder Parmar, Hardev Malhi, Arjun Malhi, Amar Singh Malhi, Kamaljit S. Dhami, Satnam Bal, Charan Singh Judg, Ajit Bal, Davinder Singh, Kuldeep Shergill, Harbhajan Phull, Parkash Singh, Ravinder Sandhu, Harjinder Ladhar, Kam Gill, Arvind Sindh, Sarpanch Avtar Sindh, Sucha Ram Bharta, Kulwant S Jagga, Ajmer Singh, Major Gakhal, Sohan Singh, Rajpal Singh

New India Bazar

ਸਹਿਯੋਗੀ:
ਇੰਡੋ-ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ (ਕੈਲੀਫੋਰਨੀਆ)
ਗਦਰ ਮੈਮੋਰੀਅਲ ਫਾਊਂਡੇਸ਼ਨ-ਅਮਰੀਕਾ
ਅਤੇ ਮੱਖਣ ਬਾਸੀ ਯੂਬਾ ਸਿਟੀ।

**ਗਰੈਂਡ ਸਪਾਂਸਰ: ਨਿਊ ਇੰਡੀਆ ਬਾਜ਼ਾਰ**

**Sponsors:** Tut Brothers, Chaat Bhavan, Kumar Jewellers, Lali Tire, Prime Properties (Nick), Rana Kahlon-Subway, Garry, Hardeep Aulakh, Lachhman Singh Mangat, Gurcharan Mann-Farmers Insurance, Jagdeep Nagra, Dr. Jagtar Singh Sandhu, Chaana Construction Co., Harbhajan Dosanjh, Chatha Bros., Mehta Entertainment, Global Hawk Insurance, Jasvir Singh Thandi, Raj Bhanot, Dr. Bhupinder Bhandari, Dr. Sarabjit Hundal, Dr. Harpreet Dhillon, Dr. Romesh K Japre, Pardeep Grewal Attorney, Jaspreet Singh Attorney, Dr. Dalvir Pannu, Kashmir Hundal, Satwant Singh Broadway Landscaping, Randhir Gill (Manila), Jasvir Powar, Sarbjot Swaddi, Sukhjit Sandhu, Sandhu Brothers, San Jose Trucking School, Bhandal Trucking, A&I Trucking, Balvir Singh (Kaka), Bhaji Rana ji Santa Rosa & members, Raja Sweets & Catering, Sohal Brothers, Tandoor Restaurant, Bombay Garden, Kabila Restaurant, Moon Light Restaurant, Favorite Restaurant, Teerth Sal & Sons, Kulwant Nijjar & Brothers (PC Micro), Serai Trucking & Body Shop, Economy Trucking, Surinder Dhanoa & Team, Mountain Mike's Pizza Hayward (Kurt), Mountain Mike's Pizza Freemont, MILPITAS (Goldi), Mountain Mike's Pizza Alum Rock, Kuldeep Singh Atwal, Swijit S Atwal, Sarbjit Atwal, Travel for Less, Kuldeep Dhariwal Attoreny, Dr. Charanjit Singh Uppal DDS, West Coast Auto Repair, Radio Chardi Kala, Punjab Radio USA, Satish Kumar (Wells Fargo), Avininder All State Insurance, Inder Dosanjh, Santokh Judge, Sansar Restaurant, Amrik Chand (CPA), AI Interior Decorating Inc., GNC Rental, Bhogal Dental Group, Preet Fabric & Appliance, Security Corners, Bhindi Jewellers, Mehfil Indian Cuisine, Legend Travels, Truck & Bus Driving School, New India Bazar, Nuts & Spice Company, Anil Sikka, Indian Cash & Curry, Punkaj, Balwant S. Banka, Harpal Sangha Yuba City, Amarjeet Sangha, Lakhbir Singh Lucki, Dharam Pal Jhamat, Baldev Suman, Amritpal Pathlawa, Karnail Singh, Amrik Singh Randhawa, Bob Dhillon, Makhan Bains, Kirpal Singh, Randhawa Trucking & Randhawa Limos, Kash Fabrics, All Star Auto Repair.